
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



11ਵਾਂ ਸਾਲ

# ਦੇਸ਼ ਦੁਆਬਾ

ਹਫਤਾਵਾਰੀ

VOL -11 ISSUE - 26
October 5, 2022

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com




Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ

ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਪ੍ਰੀਨਿਰਵਾਣ ਦਿਵਸ 'ਤੇ ਅਦਾਰਾ 'ਅੰਬੇਦਕਰ ਟਾਈਮਜ਼' ਅਤੇ 'ਦੇਸ਼ ਦੁਆਬਾ' ਭਾਵ-ਭਿੰਨੀ ਸ਼ਰਧਾਂਜਲੀ ਭੇਂਟ ਕਰਦਾ ਹੈ।

**(ਸਬੰਧਤ ਸੰਪਾਦਕੀ ਅਤੇ 'ਬਾਮਸੇਫ ਇਕ ਜਾਣਕਾਰੀ' ਅੰਦਰ ਪੜ੍ਹੋ)**



ਸੈਕਰਾਮੈਂਟੋ ਵਿੱਚ ਕਰਵਾਏ ਗਏ ਇੰਟਰਨੈਸ਼ਨਲ ਕਬੱਡੀ ਕੱਪ 'ਚ 25 ਹਜਾਰ ਡਾਲਰ ਦਾ ਇਨਾਮ ਕਨੇਡਾ ਟੀਮ ਨੇ ਜਿੱਤਿਆ।

**(ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 35 'ਤੇ)**

## ਭੌਤਿਕ ਵਿਗਿਆਨ ਵਿਚ ਤਿੰਨ ਵਿਗਿਆਨੀਆਂ ਨੂੰ ਸਾਂਝਾ ਨੋਬੇਲ




**ਸਟਾਕਹੋਮ (ਬਿਊਰੋ)–** ਭੌਤਿਕ ਵਿਗਿਆਨ ਵਿਚ ਇਸ ਸਾਲ ਦਾ ਨੋਬੇਲ ਪੁਰਸਕਾਰ ਤਿੰਨ ਵਿਗਿਆਨੀਆਂ ਨੂੰ ਸਾਂਝੇ ਤੌਰ 'ਤੇ ਦਿੱਤਾ ਗਿਆ ਹੈ। ਇਹ ਸਨਮਾਨ ਇਨ੍ਹਾਂ ਨੂੰ ਕੁਆਂਟਮ ਸੂਚਨਾ ਵਿਗਿਆਨ ਵਿਚ ਕੀਤੇ ਖੋਜ ਕਾਰਜ ਲਈ ਦਿੱਤਾ ਗਿਆ ਹੈ ਜਿਸ ਨੂੰ ਕਈ ਖੇਤਰਾਂ ਵਿਚ ਵਰਤਿਆ ਜਾ ਸਕਦਾ ਹੈ। ਉਦਾਹਰਨ ਦੇ ਤੌਰ 'ਤੇ ਇਨਕ੍ਰਿਪਸ਼ਨ ਦੇ ਖੇਤਰ ਵਿਚ ਵੀ ਇਸ ਦਾ ਇਸਤੇਮਾਲ ਹੋ ਸਕਦਾ ਹੈ। ਰੌਇਲ ਸਵੀਡਸ਼ ਅਕੈਡਮੀ ਆਫ਼ ਸਾਇੰਸਿਜ਼ ਮੁਤਾਬਕ 'ਕੁਆਂਟਮ ਇਨਫਰਮੇਸ਼ਨ ਸਾਇੰਸ' ਵਿਚ ਮਹੱਤਵਪੂਰਨ ਖੋਜ ਕਾਰਜਾਂ ਲਈ ਇਹ ਪੁਰਸਕਾਰ ਐਲੇਨ ਆਸਪੈਕਟ, ਜੌਹਨ ਐਫ। ਕਲੌਜ਼ਰ ਤੇ ਐਂਟਨ ਜ਼ੀਲਿੰਗਰ ਨੂੰ ਦਿੱਤਾ ਜਾ ਰਿਹਾ ਹੈ। ਨੋਬੇਲ ਕਮੇਟੀ ਦੀ ਮੈਂਬਰ ਈਵਾ ਓਲਸਨ ਨੇ ਕਿਹਾ ਕਿ ਕੁਆਂਟਮ ਵਿਗਿਆਨ ਉੱਭਰਦਾ ਹੋਇਆ ਖੇਤਰ ਹੈ। ਸੁਰੱਖਿਅਤ ਸੂਚਨਾ ਤਬਾਦਲੇ, ਕੁਆਂਟਮ ਕੰਪਿਊਟਿੰਗ ਤੇ ਸੈਂਸਿੰਗ ਤਕਨੀਕ ਵਿਚ ਇਸ ਦੀ ਭੂਮਿਕਾ ਮਹੱਤਵਪੂਰਨ ਹੈ। ਇਸ ਦਾ ਆਧਾਰ ਕੁਆਂਟਮ ਮਕੈਨਿਕਸ ਹੈ। ਜ਼ਿਕਰਯੋਗ ਹੈ ਕਿ ਸੋਮਵਾਰ ਮੈਡੀਸਨ ਖੇਤਰ ਵਿਚ ਸਵੀਡਿਸ਼ ਵਿਗਿਆਨੀ ਸਵਾਂਤੇ ਪਾਬੋ ਨੂੰ ਨੋਬੇਲ ਪੁਰਸਕਾਰ ਦਿੱਤਾ ਗਿਆ ਸੀ। ਭਲਕੇ ਰਸਾਇਣ ਵਿਗਿਆਨ (ਕੈਮਿਸਟਰੀ) ਵਿਚ ਨੋਬੇਲ ਪੁਰਸਕਾਰ ਦਾ ਐਲਾਨ ਕੀਤਾ ਜਾਵੇਗਾ।

## ਪਰਾਲੀ ਸਾੜਨ ਕਾਰਨ ਪੰਜਾਬ ਵਿਚ ਪ੍ਰਦੂਸ਼ਣ ਵਧਣਾ ਆਰੰਭ ਹੋਇਆ

### ਅਗਲੇਰੇ ਦਿਨਾਂ 'ਚ ਧੂੰਏ ਦੇ ਬੱਦਲ ਛਾ ਜਾਣ ਦਾ ਡਰ, ਬੱਚਿਆਂ ਅਤੇ ਬਜ਼ੁਰਗਾਂ ਲਈ ਘਾਤਕ



**ਨਵੀਂ ਦਿੱਲੀ (ਬਿਊਰੋ)–** ਪਰਾਲੀ ਸਾੜਨ ਦੀਆਂ ਘਟਨਾਵਾਂ ਦੇ ਸਾਹਮਣੇ ਆਉਣ ਮਗਰੋਂ ਕੇਂਦਰ ਨੇ ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼ ਸਮੇਤ ਇਸ ਦੀ ਰੋਕਥਾਮ 'ਚ ਸਾਰੀਆਂ ਏਜੰਸੀਆਂ ਤੇ ਕੇਂਦਰੀ ਮੰਤਰਾਲਿਆਂ 'ਤੇ ਮੁੜ ਸ਼ਿਕੰਜਾ ਕੱਸਿਆ ਹੈ। ਨਾਲ ਹੀ ਕਿਹਾ ਕਿ ਉਹ ਇਸ ਨਾਲ ਨਜਿੱਠਣ ਲਈ ਸਾਰੇ ਜ਼ਰੂਰੀ ਕਦਮ ਚੁੱਕਣ, ਕਿਉਂਕਿ ਲੋਕਾਂ ਦੇ ਜੀਵਨ ਨੂੰ ਖ਼ਤਰੇ 'ਚ ਪਾਉਣ ਦਾ ਕਿਸੇ ਕੋਲ ਕੋਈ ਅਧਿਕਾਰ ਨਹੀਂ ਹੈ। ਸੂਬਿਆਂ ਦੀ ਇਸ 'ਤੇ ਰੋਕਥਾਮ ਲਈ ਇਕ ਵਿਆਪਕ ਯੋਜਨਾ ਤਿਆਰ ਕਰ ਕੇ ਅਜਿਹੇ ਲੋਕਾਂ 'ਚ ਜਾਗਰੂਕਤਾ ਮੁਹਿੰਮ ਚਲਾਉਣ ਦੇ ਵੀ ਨਿਰਦੇਸ਼ ਦਿੱਤੇ ਹਨ। ਇਸ ਦੇ ਨਾਲ ਹੀ ਕੇਂਦਰ ਨੇ ਖੇਤੀ ਮੰਤਰਾਲੇ ਤੇ ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਨੂੰ ਵੀ ਨਿਰਦੇਸ਼ ਦਿੱਤਾ ਹੈ ਕਿ ਉਹ ਸੀਨੀਅਰ ਅਧਿਕਾਰੀਆਂ ਨੂੰ ਇਸ 'ਤੇ ਨਿਗਰਾਨੀ ਰੱਖਣ ਲਈ ਮੈਦਾਨ 'ਚ ਉਤਾਰੇ। ਇਸ ਤੋਂ ਬਾਅਦ ਖੇਤੀ ਮੰਤਰਾਲੇ ਨੇ ਆਪਣੇ ਸੀਨੀਅਰ ਅਧਿਕਾਰੀਆਂ ਨੂੰ ਤੁਰੰਤ ਪੰਜਾਬ ਤੇ ਹਰਿਆਣਾ ਰਵਾਨਾ ਕੀਤਾ ਹੈ, ਜਿਹੜੇ ਇਨ੍ਹਾਂ ਸੂਬਿਆਂ 'ਚ ਕਿਸਾਨਾਂ ਨੂੰ ਪਰਾਲੀ ਸਾੜਨ ਦੀ ਥਾਂ ਉਸ ਦਾ ਸੰਗ੍ਰਹਿ ਕਰ ਕੇ ਥਰਮਲ ਪਾਵਰ ਪਲਾਂਟਾਂ ਤੇ ਇੰਡਸਟਰੀਆਂ ਨੂੰ ਦੇਣ ਦੀ ਸਲਾਹ ਦੇਣਗੇ। ਨਾਲ ਹੀ ਇਹ ਵੀ ਦੱਸਣਗੇ ਕਿ ਇਸ ਨਾਲ ਉਨ੍ਹਾਂ ਨੂੰ ਆਰਥਿਕ ਲਾਭ ਵੀ ਮਿਲੇਗਾ। ਹਾਲੇ ਕਿਸਾਨ ਪਰਾਲੀ ਨੂੰ ਫਾਲਤੂ ਮੰਨ ਕੇ ਖੇਤਾਂ ਨੂੰ ਸਾਫ਼ ਕਰਨ ਲਈ ਤੁਰੰਤ ਹੀ ਸਾੜ ਦਿੰਦੇ ਹਨ। ਹਾਲਾਂਕਿ ਇਸ ਨਾਲ ਉਨ੍ਹਾਂ ਦੇ ਖੇਤ ਤਾਂ ਸਾਫ਼ ਹੋ ਜਾਂਦੇ ਹਨ, ਪਰ ਇਸ ਨਾਲ ਦਿੱਲੀ ਤੇ ਐੱਨਸੀਆਰ 'ਚ ਹਵਾ ਜ਼ਹਿਰੀਲੀ ਹੋ ਜਾਂਦੀ ਹੈ। ਲੋਕਾਂ ਦਾ ਜਿਊਣਾ ਮੁਸ਼ਕਲ ਹੋ ਜਾਂਦਾ ਹੈ। ਜੰਗਲਾਤ ਤੇ ਵਾਤਾਵਰਨ ਮੰਤਰਾਲੇ ਨੇ ਇਸ ਦੇ ਨਾਲ ਹੀ ਖੇਤੀ ਮੰਤਰਾਲੇ ਨੂੰ ਅਜਿਹੇ ਸਾਰੇ ਕੇਂਦਰਾਂ ਦੀ ਵੀ ਜਾਂਚ ਕਰਨ ਦੇ ਨਿਰਦੇਸ਼ ਦਿੱਤੇ ਹਨ, ਜਿਨ੍ਹਾਂ ਨੂੰ ਅਜਿਹੀਆਂ ਖ਼ਾਸ ਮਸ਼ੀਨਾਂ ਮੁਹੱਈਆ ਕਰਾਈਆਂ ਸਨ, ਜਿਨ੍ਹਾਂ ਨਾਲ ਪਰਾਲੀ ਨੂੰ ਹਟਾਏ ਬਗੈਰ ਹੀ ਬਿਜਾਈ ਕੀਤੀ ਜਾ ਸਕਦੀ ਹੈ। ਕੋਈ ਵੀ ਇਨ੍ਹਾਂ ਮਸ਼ੀਨਾਂ ਨੂੰ ਕਿਰਾਏ 'ਤੇ ਲੈ ਸਕਦਾ ਹੈ। ਖ਼ਾਸ ਗੱਲ ਇਹ ਹੈ ਕਿ ਪੰਜਾਬ, ਹਰਿਆਣਾ ਤੇ ਉੱਤਰ ਪ੍ਰਦੇਸ਼ 'ਚ ਕਿਸਾਨਾਂ ਨੂੰ ਪਰਾਲੀ ਦੀ ਸਮੱਸਿਆ ਨਾਲ ਨਜਿੱਠਣ ਲਈ ਵੱਡੇ ਪੱਧਰ 'ਤੇ ਉਪਲਬਧ ਕਰਾਈਆਂ ਗਈਆਂ ਸੀ।



SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
MANDEEP SANDHU
All Kinds of Immigration Forms/Petitions/Visa
WE OPEN 7-DAYS A WEEK
ਵੀਜ਼ਾ
Note: I am not an Immigration Attorney.
3222 PENELOPE DR. STOCKTON, CA- 95212 (NEAR HWY 99 ON MORADA LANE)
(209-373-3562) msandhu2014@gmail.com


DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM - 4:00 PM & Sunday closed

Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

BAGGA JEWELERS
916-912-8842, 916-329-8772
SINCE 1996
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

Sandeep Jony Bagga
6930 65TH STREET # 115 SACRAMENTO CA 95823


MAJESTIC HOMES
RAMESH SUMAN
Broker Realtor
RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY

Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)

Phone : 510-490-8200
Fax : 510-490-8202
Email : achand@pacbell.net
Income Tax Preparation (Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

ਸੋਹੰ

# SRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355





## ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ ਦੇ ਅਕਤੂਬਰ-ਨਵੰਬਰ ਮਹੀਨੇ ਦੇ ਪ੍ਰੋਗਰਾਮ

**October 7-8-9,2022**

**82nd Barsi of Hazoor Shri Nabh Kanwal Raja Sahib**

Dedicated families will be hosting Akhand Path Sahib and Langar Sewa in the loving memory of Braham Giani Bhagwan Dass "Raja Sahib" on the occasion of his 82nd. Barsi. Akhand path recitals will begin on Friday 10-07-2022 at 10:00 AM, and conclude on Sunday 10-09-2022. Raggi Jatha of Bhai Bhupinder Singh from San Jose and Gurughar Jatha will delight Sangat with Shabad Kirtan. Sangat is cordially invited to come on all three days. May Waheguru bless HIS devotees.

**October 21-22-23, 2022**

**Akhand Path Sewa by New Committee**

Newly elected Board of Directors and Managing Committee of the GURUGHAR will host the Akhand path and Langar Sewa. Akhand Path will start on Friday, October 21, 2022 at 10:00 AM and will conclude with Bhog ceremony on Sunday morning October 23, 2022. Sangat is requested to come and participate in this program for the Chardi Kala of GURUGHAR.

**Diwali Celeberations.**
**October 24, 2022**

Diwali will be celebrated in the GURUGHAR at 6:00 PM. Sukhmani sahib path and Langar sewa will be hosted by Ramesh & Gyan Suman and family. Please come and enjoy festivities and join Gurbani Kirtan and Ardas for the Chardi Kala of the entire Sangat.

**November 11-12-13, 2022**
**Sri Guru Nanak Dev Ji's "Parkash Utsav"**
**Satguru Nanak Pargateya – Miti Dund Jag Chanan Hoya**

Sri Guru Nanak Dev Ji's Parkash Utsav will be celebrated at Gurughar on November 13, 2022. Akhand path will start on Friday 11/11/22, at 10:00 AM and will conclude with Bhog ceremony on Sunday morning 11/13/2022. Late Pt. Kewal Krishan Sudhir and Nirmal Devi Sudhir's son Varinder Kumar Sudhir with his wife Renu Bala Sudhir, sons Puneet Sudhir and Ankush Sudhir, will host the Akhand Path and Langar Sewa. Sudhir family is requesting Sangat to come and get Guru Sahib's blessings. May Baba ji keep Sudhir Family in Chardi Kala.

**Hoisting of NISHAN SAHIB ( Nishan Sahib Sewa)**

Nishan Sahib Hoisting Ceremony will be held on November 12 (Saturday) at 11:00 AM. Bhai Hardial Singh Banga and Bibi Kulwant Banga will be doing the Nishan Sahib Chola Sewa and Langar sewa. The entire Sangat and the Managing Committee is thankful to Banga family for their Sewa of getting new hydraulic Nishan Sahib installed. May Waheguru bless the dedicated Banga family for their cherished desires.

**www.sriguru${}$ravidasstemple.com**

## Sangat Sewadars

| Chairperson | President | General Secretary | Treasurer |
|---|---|---|---|
| Kulwant Kaur Banga | Vinod Kumar | Dharam Pal Chonkria | Sunita Bangar |

# ਹਜ਼ੂਰ ਸ੍ਰੀ ਨਾਭ ਕੰਵਲ ਰਾਜਾ ਸਾਹਿਬ ਜੀ ਦੀ 82ਵੀਂ ਬਰਸੀ



ਹਜ਼ੂਰ ਸ੍ਰੀ ਨਾਭ ਕੰਵਲ ਰਾਜਾ ਸਾਹਿਬ ਜੀ ਦੀ 82ਵੀਂ ਬਰਸੀ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ 9 ਅਕਤੂਬਰ 2022 (ਦਿਨ ਐਤਵਾਰ) ਨੂੰ ਮਨਾਈ ਜਾ ਰਹੀ ਹੈ। ਇਸ ਸਬੰਧਤ ਸ੍ਰੀ ਅਖੰਡ ਪਾਠ ਸਾਹਿਬ ਜੀ 7 ਅਕਤੂਬਰ 2022 ਨੂੰ ਸਵੇਰੇ 10 ਵਜੇ ਆਰੰਭ ਹੋਣਗੇ ਅਤੇ 9 ਅਕਤੂਬਰ 2022 ਦਿਨ ਐਤਵਾਰ ਨੂੰ ਸਵੇਰੇ ਭੋਗ ਪਾਏ ਜਾਣਗੇ। ਇਸ ਮੌਕੇ ਗੁਰੂ ਘਰ ਦਾ ਹਜ਼ੂਰੀ ਰਾਗੀ ਜਥਾ ਤੇ ਸੈਨਹੋਜ਼ੇ ਗੁਰੂ ਘਰ ਤੋਂ ਭਾਈ ਭੁਪਿੰਦਰ ਸਿੰਘ ਜੀ ਦਾ ਜਥਾ ਰਸਭਿੰਨਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕਰਨਗੇ। ਆਓ ਆਪਾਂ ਸਾਰੇ ਗੁਰੂ ਘਰ ਵਿਖੇ ਹਾਜ਼ਰੀਆਂ ਭਰ ਕੇ ਗੁਰੂ ਘਰ ਦਾ ਮਾਣ ਵਧਾਈਏ।

**ਹਜ਼ੂਰ ਸ੍ਰੀ ਨਾਭ ਕੰਵਲ ਰਾਜਾ ਸਾਹਿਬ ਜੀ ਦੇ ਅਨਿਨ ਸੇਵਕ**


SKY TRANSPORT SOLUTIONS

STRIVE FOR MORE

WE PROVIDE ALL TRUCKING RELATED PERMITS AND SERVICES

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540


Email: skytransportsolution@gmail.com


Give us a chance to provide you best services

121 E 11th St. Tracy, CA 95376

ਕੈਲੀਫੋਰਨੀਆ ਤੋਂ ਲਿਖਦੇ : ਹੁਸਨ ਲੜੋਆ ਬੰਗਾ

# ਅਮਰੀਕਾ ਵਿਚ ਸਮੁੰਦਰੀ ਤੂਫਾਨ ਨੇ ਫਲੋਰਿਡਾ ਨੂੰ ਝੰਬਿਆ, ਹਜਾਰਾਂ ਲੋਕ ਹੋਏ ਘਰੋਂ ਬੇਘਰ, ਬਿਜਲੀ ਸਪਲਾਈ ਠੱਪ






**ਸੈਕਰਾਮੈਂਟੋ 30 ਸਤੰਬਰ–** ਅਮਰੀਕਾ ਦੇ ਇਤਿਹਾਸ ਵਿਚ ਖਤਰਨਾਕ ਸਮੁੰਦਰੀ ਤੂਫਾਨਾਂ ਵਿਚੋਂ ਇਕ ਤੂਫਾਨ ਨੇ ਫਲੋਰਿਡਾ ਖੇਤਰ ਨੂੰ ਬੁਰੀ ਤਰਾਂ ਝੰਬ ਸੁੱਟਿਆ ਹੈ। ਭਾਰੀ ਬਾਰਿਸ਼ ਤੇ ਤੇਜ ਹਵਾਵਾਂ ਨੇ ਜਨ ਜੀਵਨ ਉਪਰ ਵਿਆਪਕ ਅਸਰ ਪਾਇਆ ਹੈ। ਖੇਤਰ ਵਿਚਲੇ ਹਜਾਰਾਂ ਲੋਕ ਆਪਣਾ ਘਰ ਬਾਹਰ ਛੱਡ ਕੇ ਸੁਰ-ਖਿਅਤ ਥਾਵਾਂ ਉਪਰ ਪਨਾਹ ਲੈਣ ਲਈ ਮਜਬੂਰ ਹੋਏ ਹਨ। ਮੌਸਮ ਵਿਭਾਗ ਨੇ ਭਵਿੱਖਬਾਣੀ ਕੀਤੀ ਹੈ ਕਿ ਤੂਫਾਨ ਦੇ ਕਾਰੋਲੀਨਾ ਤੇ ਜਾਰਜੀਆ ਵੱਲ ਵਧਣ ਦੀ ਸੰਭਾਵਨਾ ਹੈ। ਇਸ ਖੇਤਰ ਚ 75 ਮੀਲ ਪ੍ਰਤੀ ਘੰਟਾ ਦੀ ਰਫਤਾਰ ਨਾਲ ਹਵਾਵਾਂ ਚੱਲ ਰਹੀਆਂ ਹਨ।

ਨੈਸ਼ਨਲ ਹੁਰੀਕੇਨ ਸੈਂਟਰ ਅਨੁਸਾਰ ਖਤਰਨਾਕ ਹੜ ਆਉਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਫਲੋਰਿਡਾ ਦੇ ਗਵਰਨਰ ਰੌਨ ਡੇਸਨਟਿਸ ਨੇ ਕਿਹਾ ਹੈ ਕਿ ਕੋਸਟ ਗਾਰਡ ਹੈਲੀਕਾਪਟਰ ਤੂਫਾਨ ਵਿਚ ਫਸੇ ਲੋਕਾਂ ਨੂੰ ਕੱਢਣ ਦਾ ਕੰਮ ਕਰ ਰਹੇ ਹਨ।

ਹੜ ਦੇ ਪਾਣੀ ਤੋਂ ਬਚਣ ਲਈ ਲੋਕ ਆਪਣੇ ਘਰਾਂ ਦੀਆਂ ਛੱਤਾਂ ਉਪਰ ਚੜੇ ਹੋਏ ਹਨ। ਉਨਾਂ ਕਿਹਾ ਹੈ ਕਿ ਤੂਫਾਨ ਦਾ ਅਸਰ ਬਹੁਤ ਵੱਡੀ ਪੱਧਰ ਉਪਰ ਹੋਇਆ ਹੈ ਜਿਸ ਕਾਰਨ ਨੁਕਸਾਨ ਵੀ ਬਹੁਤ ਵੱਡੀ ਪੱਧਰ 'ਤੇ ਹੋਇਆ ਹੈ। ਗਵਰਨਰ ਅਨੁਸਾਰ ਇਸ ਤਰਾਂ ਦਾ ਭਿਆਨਕ ਤੂਫਾਨ ਤੇ ਹੜ ਅਸੀਂ ਪਹਿਲਾਂ ਕਦੇ ਨਹੀਂ ਵੇਖਿਆ। ਹੁਣ ਤੱਕ ਤੂਫਾਨ ਤੇ ਹੜ ਕਾਰਨ 14 ਲੋਕਾਂ ਦੀ ਮੌਤ ਹੋ ਚੁੱਕੀ ਹੈ। ਫਲੋਰਿਡਾ ਵਿਚ 19 ਲੱਖ ਤੋਂ ਵਧ ਘਰ ਤੇ ਕਾਰੋਬਾਰੀ ਅਦਾਰਿਆਂ ਨੂੰ ਬਿਜਲੀ ਦੀ ਸਪਲਾਈ ਠੱਪ ਪਈ ਹੈ।

# ਕੈਲੀਫੋਰਨੀਆ ਵਾਸੀਆਂ ਨੂੰ ਸੜਕ ਪਾਰ ਕਰਨ ਦੀ ਹੋਵੇਗੀ ਖੁੱਲ, ਗਵਰਨਰ ਨੇ " ਦ ਫਰੀਡਮ ਟੂ ਵਾਕ ਐਕਟ" ਤੇ ਕੀਤੇ ਦਸਤਖਤ

**ਸੈਕਰਾਮੈਂਟੋ 4 ਅਕਤੂਬਰ–** ਕੈਲੀਫੋਰਨੀਆ ਵਿਚ ਇਕ ਅਜਿਹਾ ਕਾਨੂੰਨ ਹੋਂਦ ਵਿਚ ਆ ਗਿਆ ਹੈ ਜਿਸ ਤਹਿਤ ਕੈਲੀਫੋਰਨੀਆ ਵਾਸੀਆਂ ਨੂੰ ਸੜਕਾਂ ਪਾਰ ਕਰਨ ਦੀ ਖੁਲ ਦਿੱਤੀ ਗਈ ਹੈ ਤੇ ਜੁਰਮਾਨਾ ਵਸੂਲਣ ਲਈ ਛੇਤੀ ਕੀਤਿਆਂ ਉਨਾਂ ਦੀ ਟਿਕਟ ਨਹੀਂ ਕੱਟੀ ਜਾਵੇਗੀ। ਪੁਲਿਸ ਅਧਿਕਾਰੀ ਮਾੜੀ ਮੋਟੀ ਕੁਤਾਹੀ 'ਤੇ ਜੁਰਮਾਨਾ ਨਹੀਂ ਵਸੂਲ ਸਕਣਗੇ। ਗਵਰਨਰ ਗੈਵਿਨ ਨਿਊਸੋਮ ਨੇ " ਦ ਫਰੀਡਮ ਟੂ ਵਾਕ ਐਕਟ" ਉਪਰ ਦਸਤਖਤ ਕਰ ਦਿੱਤੇ ਹਨ। ਇਹ ਜਾਣਕਾਰੀ ਅਸੈਂਬਲੀ ਮੈਂਬਰ ਫਿਲ ਟਿੰਗ ਵੱਲੋਂ ਦਿੱਤੀ ਗਈ ਹੈ ਜਿਨਾਂ ਨੇ ਇਹ ਬਿੱਲ ਸਪਾਂਸਰ ਕੀਤਾ ਸੀ। ਇਹ ਨਵਾਂ ਕਾਨੂੰਨ 1 ਜਨਵਰੀ,2023 ਤੋਂ ਲਾਗੂ ਹੋ



ਜਾਵੇਗਾ ਜਿਸ ਤਹਿਤ ਕੋਈ ਵੀ ਪੁਲਿਸ ਅਧਿਕਾਰੀ ਓਦੋਂ ਤੱਕ ਕਿਸੇ ਕੋਲੋਂ ਜੁਰਮਾਨਾ ਵਸੂਲਣ ਦਾ ਫੁਰਮਾਨ ਜਾਰੀ ਨਹੀਂ ਕਰ ਸਕੇਗਾ ਜਦੋਂ ਤੱਕ ਪੈਦਲ ਜਾ ਰਿਹਾ ਵਿਅਕਤੀ ਫੌਰੀ ਕਿਸੇ ਸੰਭਾਵੀ ਹਾਦਸੇ ਲਈ ਖਤਰਾ ਨਾ ਖੜਾ ਕਰੇ। ਟਿੰਗ ਨੇ ਕਿਹਾ ਹੈ ਕਿ 'ਜੈਵਾਕਿੰਗ ਲਾਅ' ਜਬਰਦਸਤੀ ਕੈਲੀਫੋਰਨੀਆ ਵਿਚ ਥੋਪਿਆ ਗਿਆ ਸੀ ਜਿਸ ਤਹਿਤ ਜੇਕਰ ਕੋਈ ਵਿਅਕਤੀ ਲਾਲ ਬੱਤੀ ਤੋਂ ਪਹਿਲਾਂ ਲਾਈਟ ਦੇ ਜਗਣ-ਬੁਝਣ ਸਮੇ ਸੜਕ ਪਾਰ ਕਰਦਾ ਹੈ ਤਾਂ ਉਸ ਦੀ ਟਿਕਟ ਕੱਟੀ ਜਾ ਸਕਦੀ ਹੈ ਅਰਥਾਤ ਉਸ ਕੋਲੋਂ ਜੁਰਮਾਨਾ ਲਿਆ ਜਾਂਦਾ ਹੈ। ਟਿੰਗ ਨੇ ਕਿਹਾ ਹੈ ਕਿ ਨਵਾਂ ਕਾਨੂੰਨ ਪੁਲਿਸ ਨੂੰ ਵਧੀਕੀ ਕਰਨ ਤੋਂ ਰੋਕੇਗਾ। ਉਨਾਂ ਕਿਹਾ ਹੈ ਕਿ ਪੁਲਿਸ ਟਿਕਟ ਕੱਟਣ ਲੱਗਿਆਂ ਸਿਆਹਫਿਆਮ ਲੋਕਾਂ ਨਾਲ ਵਿਤਕਰਾ ਕਰਦੀ ਹੈ । ਉਨਾਂ ਕਿਹਾ ਹੈ ਕਿ 'ਕੈਲੀਫੋਰਨੀਆ ਰੇਸੀਕਲ ਐਂਡ ਆਈਡੈਂਟਿਟੀ ਪ੍ਰੋਫਾਲਿੰਗ ਐਕਟ' ਤੋਂ ਪਤਾ ਲੱਗਦਾ ਹੈ ਕਿ 2018 2020 ਦਰਮਿਆਨ ਕਾਲੇ ਲੋਕਾਂ ਕੋਲੋਂ ਗੋਰਿਆਂ ਦੀ ਤੁਲਨਾ ਵਿਚ ਸਾਢੇ 4 ਗੁਣਾਂ ਵਧ ਜੁਰਮਾਨਾ ਵਸੂਲਿਆ ਗਿਆ ਹੈ।

# ਓਕਲੈਂਡ ਦੇ ਇਕ ਸਕੂਲ ਵਿਚ ਹੋਈ ਗੋਲੀਬਾਰੀ ਗੈਂਗ ਹਿੰਸਾ ਦਾ ਸਿੱਟਾ-ਪੁਲਿਸ ਦਾ ਦਾਅਵਾ



**ਸੈਕਰਾਮੈਂਟੋ 30 ਸਤੰਬਰ–** ਓਕਲੈਂਡ (ਕੈਲੀਫੋਰਨੀਆ) ਦੇ ਇਕ ਸਕੂਲ ਵਿਚ ਹੋਈ ਗੋਲੀਬਾਰੀ ਜਿਸ ਵਿਚ 2 ਵਿਦਿਆਰਥੀਆਂ ਸਮੇਤ 6 ਲੋਕ ਜਖਮੀ ਹੋ ਗਏ ਸਨ, ਦੇ ਮਾਮਲੇ ਵਿਚ ਪੁਲਿਸ ਅਜੇ ਤੱਕ ਦੋਸ਼ੀਆਂ ਦੀ ਸ਼ਨਾਖਤ ਨਹੀਂ ਕਰ ਸਕੀ ਜਦ ਕਿ ਉਸ ਨੇ ਦਾਅਵਾ ਕੀਤਾ ਹੈ ਕਿ ਇਹ ਗੋਲੀਬਾਰੀ ਗੈਂਗ ਹਿੰਸਾ ਦਾ ਸਿੱਟਾ ਹੈ। ਪੂਰਬੀ ਓਕਲੈਂਡ ਦੇ ਕਿੰਗ ਇਸਟੇਟ ਕੈਂਪਸ ਵਿਚ ਬੀਤੇ ਦਿਨ ਹੋਈ ਗੋਲੀਬਾਰੀ ਵਿਚ 30 ਤੋਂ ਵਧ ਗੋਲੀਆਂ ਚਲਾਈਆਂ ਗਈਆਂ ਸਨ। ਮਾਮਲੇ ਦੀ ਜਾਂਚ ਕਰ ਰਹੇ ਅਧਿਕਾਰੀਆਂ ਨੇ ਕਿਹਾ ਹੈ ਕਿ ਵੀਡੀਓ ਦੀ ਜਾਂਚ ਪੜਤਾਲ ਉਪਰੰਤ ਘੱਟੋ ਘੱਟ 2 ਹਮਲਾਵਰ ਗੋਲੀਆਂ ਚਲਾਉਂਦੇ ਹੋਏ ਨਜਰ ਆਏ ਹਨ ਪਰੰਤੂ ਇਨਾਂ ਦੀ ਅਜੇ ਸ਼ਨਾਖਤ ਨਹੀਂ ਹੋ ਸਕੀ।

# ਫਲੋਰਿਡਾ ਵਿਚ ਸਮੁੰਦਰੀ ਤੂਫਾਨ ਨੇ ਮਚਾਈ ਭਾਰੀ ਤਬਾਹੀ, 32 ਮੌਤਾਂ ਦੀ ਪੁਸ਼ਟੀ





**ਸੈਕਰਾਮੈਂਟੋ 2 ਅਕਤੂਬਰ–** ਅਮਰੀਕਾ ਦੇ ਫਲੋਰਿਡਾ ਰਾਜ ਚ ਆਏ ਸਮੁੰਦਰੀ ਤੂਫਾਨ ਨੇ ਭਾਰੀ ਤਬਾਹੀ ਮਚਾਈ ਹੈ ਤੇ ਹੁਣ ਤੱਕ ਤੂਫਾਨ ਦੀ ਲਪੇਟ ਵਿਚ ਆ ਕੇ 32 ਲੋਕਾਂ ਦੇ ਮਾਰੇ ਜਾਣ ਦੀ ਪੁਸ਼ਟੀ ਹੋ ਚੁੱਕੀ ਹੈ। ਫਲੋਰਿਡਾ ਵਿਚ 28 ਤੇ ਉਤਰੀ ਕਾਰੋਲੀਨਾ ਵਿਚ 4 ਜਣਿਆਂ ਦੀ ਮੌਤ ਹੋਈ ਹੈ। ਅਜੇ ਤੂਫਾਨ ਕਾਰਨ ਹੋਏ ਨੁਕਸਾਨ ਦਾ ਸਰਵੇ ਕੀਤਾ ਜਾਣਾ ਹੈ ਪਰੰਤੂ ਮਿਲੀ ਜਾਣਕਾਰੀ ਅਨੁਸਾਰ ਤੂਫਾਨ ਕਾਰਨ ਭਾਰੀ ਆਰਥਕ ਨੁਕਸਾਨ ਹੋਇਆ ਹੈ। ਨੈਸ਼ਨਲ ਗਾਰਡ ਦੇ ਮੁੱਖੀ ਡੈਨੀਏਲ ਹੋਕਾਨਸਨ ਨੇ ਕਿਹਾ ਹੈ ਕਿ ਫਲੋਰਿਡਾ ਦੇ ਦੱਖਣ ਪੱਛਮੀ ਕੰਢੇ 'ਤੇ ਫੱਸੇ 1000 ਤੋਂ ਵਧ ਲੋਕਾਂ ਨੂੰ ਬਚਾਇਆ ਗਿਆ ਹੈ । ਫਲੋਰਿਡਾ ਵਿਚ 10 ਲੱਖ ਤੋਂ ਵਧ ਲੋਕਾਂ ਦੇ ਘਰਾਂ ਦੀ ਬਿਜਲੀ ਗੁੱਲ ਹੈ ਜਦ ਕਿ ਉੱਤਰੀ ਕਾਰੋਲੀਨਾ ਵਿਚ 64000 ਤੋਂ ਵਧ ਤੇ ਵਿਰਜੀਨੀਆ ਵਿਚ 21000 ਤੋਂ ਵਧ ਘਰਾਂ ਵਿਚ ਬਿਜਲੀ ਨਹੀਂ ਹੈ। ਦੱਖਣੀ ਕਾਰੋਲੀਨਾ ਵਿਚ ਹਾਲਾਂ ਕਿ ਤੂਫਾਨ ਥਮ ਗਿਆ ਪਰੰਤੂ 7000 ਘਰ ਅਜੇ ਵਿਚ ਬਿਜਲੀ ਤੋਂ ਬਿਨਾਂ ਰਹਿ ਰਹੇ ਹਨ। ਗਵਰਨਰ ਹੈਨਰੀ ਮੈਕਮਾਸਟਰ ਨੇ ਕਿਹਾ ਹੈ ਕਿ ਦੱਖਣੀ ਕਾਰੋਲੀਨਾ ਵਿਚ ਤੂਫਾਨ ਕਾਰਨ ਮੌਤ ਦੀ ਕੋਈ ਸੂਚਨਾ ਨਹੀਂ ਹੈ ਤੇ ਹਾਲਾਂ ਕਿ ਕੁਝ ਥਾਵਾਂ 'ਤੇ ਭਾਰੀ ਤਬਾਹੀ ਹੋਈ ਹੈ ਪਰੰਤੂ ਕੁਲ ਮਿਲਾ ਕੇ ਇਥੇ ਨੁਕਸਾਨ ਘੱਟ ਹੋਇਆ ਹੈ।

# ਪਿਤਾ ਨੂੰ ਗੋਲੀ ਮਾਰਨ ਉਪਰੰਤ ਖੁਦ ਨੂੰ ਗੋਲੀ ਮਾਰਨ ਵਾਲੀ ਨਬਾਲਗ ਲੜਕੀ ਦੀ ਹੋਈ ਮੌਤ

**ਸੈਕਰਾਮੈਂਟੋ 2 ਅਕਤੂਬਰ–** ਟੈਕਸਾਸ ਵਿਚ ਇਕ 12 ਸਾਲਾਂ ਦੀ ਨਬਾਲਗ ਲੜਕੀ ਜਿਸ ਨੇ ਕੁਝ ਦਿਨ ਪਹਿਲਾਂ ਆਪਣੇ ਪਿਤਾ ਨੂੰ ਗੋਲੀ ਮਾਰਨ ਉਪਰੰਤ ਖੁਦ ਨੂੰ ਵੀ ਗੋਲੀ ਮਾਰ ਲਈ ਸੀ, ਦੀ ਮੌਤ ਹੋ ਗਈ ਹੈ। ਇਹ ਜਾਣਕਾਰੀ ਪਾਰਕਰ ਕਾਊਂਟੀ ਦੇ ਸ਼ੈਰਿਫ ਦਫਤਰ ਨੇ ਜਾਰੀ ਕੀਤੀ ਹੈ। ਪੁਲਿਸ ਅਧਿਕਾਰੀਆਂ ਅਨੁਸਾਰ ਇਹ ਘਟਨਾ ਉੱਤਰ ਪੱਛਮੀ ਪਾਰਕਰ ਕਾਊਂਟੀ ਵਿਚ ਵੈਦਰਫੋਰਡ, ਟੈਕਸਾਸ ਵਿਚ ਵਾਪਰੀ ਸੀ। ਜਾਂਚਕਾਰਾਂ ਦਾ ਵਿਸ਼ਵਾਸ਼ ਹੈ ਕਿ ਲੜਕੀ ਆਪਣੇ ਪਿਤਾ ਨੂੰ ਗੋਲੀ ਮਾਰਨ ਉਪਰੰਤ ਘਟਨਾ ਸਥਾਨ ਤੋਂ ਦੌੜ ਗਈ ਸੀ ਤੇ ਬਾਅਦ ਵਿਚ ਉਸ ਨੇ ਆਪਣੇ ਆਪ ਨੂੰ ਵੀ ਗੋਲੀ ਮਾਰ ਕੇ ਖੁਦਕੁੱਸ਼ੀ ਕਰਨ ਦਾ ਯਤਨ ਕੀਤਾ। ਜ਼ਖਮੀ ਹਾਲਤ ਵਿਚ ਮਿਲੀ ਲੜਕੀ ਦੇ ਹੇਠੋਂ ਹੈਂਡਗੰਨ ਬਰਾਮਦ ਹੋਈ ਸੀ। ਪੋਸਟ ਮਾਰਟਮ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਲੜਕੀ ਦੇ ਸਿਰ ਵਿਚ ਵੱਜੀ ਗੋਲੀ ਉਸ ਦੀ ਮੌਤ ਦਾ ਕਾਰਨ ਬਣੀ ਹੈ। 38 ਸਾਲਾ ਪਿਤਾ ਜਿਸ ਦੇ ਢਿੱਡ ਵਿਚ ਗੋਲੀ ਵੱਜੀ ਸੀ, ਦੀ ਹਾਲਤ ਵਿਚ ਸੁਧਾਰ ਹੋ ਰਿਹਾ ਹੈ।

# ਸਮੁੰਦਰੀ ਤੂਫਾਨ ਆਪਣੇ ਪਿੱਛੇ ਛੱਡ ਗਿਆ ਤਬਾਹੀ ਦਾ ਮੰਜਰ, ਫਲੋਰਿਡਾ ਵਿਚ 76 ਮੌਤਾਂ

**ਸੈਕਰਾਮੈਂਟੋ 3 ਅਕਤੂਬਰ–** ਈਆਨ ਸਮੁੰਦਰੀ ਤੂਫਾਨ ਆਪਣੇ ਪਿਛੇ ਤਬਾਹੀ ਛੱਡ ਗਿਆ ਹੈ। ਫਲੋਰਿਡਾ ਸਮੇਤ ਸਮੁੰ-ਦਰੀ ਤੂਫਾਨ ਨਾਲ ਪ੍ਰਭਾਵਿਤ ਹੋਰ ਖੇਤਰਾਂ ਵਿਚ ਜਿਧਰ ਵੀ ਨਜਰ ਮਾਰੋ, ਤਬਾਹ ਹੋਏ ਮਕਾਨ, ਤਬਾਹ ਹੋਏ ਕਾਰੋਬਾਰੀ ਅਦਾਰੇ ਤੇ ਟੁੱਟੇ ਭੱਜੇ ਸਮਾਨ ਤੋਂ ਇਲਾਵਾ ਹੋਰ ਕੁਝ ਨਜਰ ਨਹੀਂ ਆਉਂਦਾ। ਬੇਘਰੇ ਹੋਏ ਲੋਕ ਆਪਣੀ ਜਿੰਦਗੀ ਮੁੜ ਸ਼ੁਰੂ ਕਰਨ ਲਈ ਜਦੋ-ਜਹਿਦ ਕਰ ਰਹੇ ਹਨ। ਫਲੋਰਿਡਾ ਵਿਚ ਹੁਣ ਤੱਕ 76 ਮੌਤਾਂ ਦੀ ਪੁਸ਼ਟੀ ਹੋ ਚੁੱਕੀ ਹੈ। ਉੱਤਰੀ ਕਾਰੋਲੀਨਾ ਵਿਚ 4 ਲੋਕਾਂ ਦੀ ਮੌਤ ਹੋਈ ਹੈ। ਫਿਜ਼ੀਸੀਅਨ ਡਾ ਬੇਨ ਅਬੋ ਜੋ ਬਚਾਅ ਮਿਸ਼ਨ ਵਿਚ ਸ਼ਾਮਿਲ ਹਨ, ਨੇ ਕਿਹਾ ਹੈ ਕਿ ਪਾਈਨ ਟਾਪੂ 'ਤੇ ਕੁਝ ਲੋਕ ਆਪਣਾ ਸਭ ਕੁਝ ਗਵਾ ਚੁੱਕੇ ਹਨ ਪਰੰਤੂ ਉਹ ਉਨਾਂ ਦੀ ਮਦਦ ਲਈ ਹਰ ਸੰਭਵ ਯਤਨ ਕਰ ਰਹੇ ਹਨ। ਉਨਾਂ ਕਿਹਾ ਹੈ ਕਿ ਸਮੁੰਦਰੀ ਤੂਫਾਨ ਸੈਨੀਬੈਲ ਟਾਪੂ ਨੂੰ ਫਲੋਰਿਡਾ ਨਾਲ ਜੋੜਦੀ ਇਕੋ ਇਕ



ਸੜਕ ਨੂੰ ਆਪਣੇ ਨਾਲ ਵਹਾਅ ਕੇ ਲੈ ਗਿਆ ਹੈ ਜਿਸ ਕਾਰਨ ਰਾਹਤ ਕਾਰਜਾਂ ਵਿਚ ਮੁਸ਼ਕਿਲ ਆ ਰਹੀ ਹੈ। ਇਸੇ ਦੌਰਾਨ ਗਵਰਨਰ ਰੌਨ ਡੇਸੇਨਟਿਸ ਦੇ ਦਫਤਰ ਨੇ ਕਿਹਾ ਹੈ ਕਿ ਦੱਖਣ-ਪੱਛਮੀ ਤੇ ਕੇਂਦਰੀ ਫਲੋਰਿਡਾ ਵਿਚੋਂ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਭੇਜਿਆ ਗਿਆ ਹੈ। ਇਕੱਲੀ ਲੀ ਕਾਊਂਟੀ ਵਿਚੋਂ 800 ਤੋਂ ਵਧ ਲੋਕਾਂ ਨੂੰ ਬਚਾਇਆ ਗਿਆ ਹੈ। ਬਚ ਗਏ ਲੋਕਾਂ ਦੀ ਭਾਲ ਕੀਤੀ ਜਾ ਰਹੀ ਹੈ ਜਦ ਕਿ ਰਾਹਤ ਟੀਮਾਂ ਨੂੰ ਹੋਰ ਲਾਸ਼ਾਂ ਮਿਲੀਆਂ ਹਨ। ਫਲੋਰਿਡਾ ਵਿਚ ਤਕਰੀਬਨ 7 ਲੱਖ ਘਰਾਂ, ਕਾਰੋਬਾਰੀ ਅਦਾਰਿਆਂ ਤੇ ਹੋਰ ਖਪਤਕਾਰਾਂ ਦੀ ਬਿਜਲੀ ਬਹਾਲੀ ਲਈ ਯਤਨ ਕੀਤੇ ਜਾ ਰਹੇ ਹਨ। ਲੋਕਾਂ ਨੂੰ ਸਾਫ ਪੀਣ ਵਾਲਾ ਪਾਣੀ ਨਹੀਂ ਮਿਲ ਰਿਹਾ।

# ਸੈਕਰਾਮੈਂਟੋ ਵਿੱਚ ਕਰਵਾਏ ਗਏ ਇੰਟਰਨੈਸ਼ਨਲ ਕਬੱਡੀ ਕੱਪ 'ਚ 25 ਹਜਾਰ ਡਾਲਰ ਦਾ ਇਨਾਮ ਕਨੇਡਾ ਟੀਮ ਨੇ ਜਿੱਤਿਆ








**ਸੈਕਰਾਮੈਂਟੋ (ਹੁਸਨ ਲੜੋਆ ਬੰਗਾ)–** ਕਈ ਮਹੀਨਿਆਂ ਤੋਂ ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ ਸਕਰਾਮੈਂਟੋ ਵਲੋਂ ਕੀਤੀਆ ਤਿਆਰੀਆਂ ਨੂੰ ਸਫਲਤਾ ਉਸ ਵੇਲੇ ਮਿਲੀ ਜਦੋਂ ਬਰਾਡਸ਼ਾਅ ਰੋਡ ਸਥਿਤ ਰੋਡ ਗੁਰਦੁਆਰਾ ਸਾਹਿਬ ਦੀਆਂ ਗਰਾਊਂਡਾ ਵਿੱਚ ਇਤਿਹਾਸਕ ਇਕੱਠ ਦੇਖਣ ਨੂੰ ਮਿਲਿਆ। ਇਸ ਵੇਰਾਂ ਇੰਟਰਨੈਸ਼ਨਲ ਕਬੱਡੀ ਕੱਪ ਕਨੇਡਾ ਨੇ 42-34 ਦੇ ਫਰਕ ਨਾਲ ਜਿੱਤਿਆ ਤੇ ਵੱਡੀ ਰਕਮ 25 ਹਜਾਰ ਡਾਲਰ ਦਾ ਇਨਾਮ ਜਿੱਤਿਆ ਜਿਸ ਨੂੰ ਚੜਦਾ ਪੰਜਾਬ ਰੋਜਵਿਲ ਨੇ ਸਪੌਂਸਰ ਕੀਤਾ ਸੀ, ਇਸ ਦੌਰਾਨ ਅਮਰੀਕਾ ਦੀ ਟੀਮ ਨੂੰ ਦੂਜੇ ਥਾਂ ਸਬਰ ਕਰਨਾ ਪਿਆ ਜਿਸਦਾ 22 ਹਜਾਰ ਡਾਲਰ ਦਾ ਇਨਾਮ ਸਿਲਾਨੋ ਕਾਊਂਟੀ ਬ੍ਰਦਰਜ ਨੇ ਸਪੌਂਸਰ ਕੀਤਾ ਸੀ , ਅਤੇ ਪੰਜਾਬ ਦੀ ਤੀਜੇ ਵਾਲੀ ਟੀਮ ਨੂੰ 18 ਹਜਾਰ ਦਾ ਇਨਾਮ ਜਿਸਨੂੰ ਮਨੀਤ ਦਿਓਲ ਤੇ ਚੌਥੇ ਥਾਂ ਤੇ ਰਹਿਣ ਵਾਲੀ ਟੀਮ ਨਾਰਵੇ ਨੂੰ 16 ਹਜਾਰ ਡਾਲਰ ਦਾ ਇਨਾਮ ਸੁਖਚੈਨ ਗਿੱਲ ਤੇ ਰਾਜਾ ਕੂਨਰ ਵਲੋਂ ਸਪੌਂਸਰ ਕੀਤਾ ਗਿਆ ਸੀ। ਇਸ ਕਬੱਡੀ ਕੁੰਭ ਦੌਰਾਨ ਅੰਡਰ 21 ਨੌਜੁਆਨਾ ਦੇ ਕਬੱਡੀ ਮੈਚ ਮੈਚ ਵੀ ਹੋਏ। ਕੁੜੀਆਂ ਦੇ ਕਬੱਡੀ ਸ਼ੋਅ ਮੈਚ ਅਮਰੀਕਾ ਤੇ ਨਾਰਵੇ ਦੀਆਂ ਟੀਮਾਂ ਦਰਮਿਆਨ ਹੋਇਆ ਇਸ ਦੌਰਾਨ ਅਮਰੀਕਾ ਦੀ ਟੀਮ ਜੇਤੂ ਰਹੀ। ਕਬੱਡੀ ਦੌਰਾਨ ਬੈਸਟ ਰੇਡਰ ਕਮਲ ਨਵਾਂ ਪਿੰਡ ਅਤੇ ਬੈਸਟ ਜਾਫੀ ਅਰਸ਼ ਚੋਹਲਾ ਸਾਹਿਬ, ਤੇ ਹੁਸ਼ਿਆਰ ਬਾਓਂਪੁਰ ਦੋਨੋਂ ਰਹੇ। ਇਸ ਮੌਕੇ ਕਰੀਬ 20 ਸਰਕਰਦਾ ਖਿਡਾਰੀਆਂ ਤੇ ਨਾਮਵਰ ਸਖਸ਼ੀਅਤਾਂ ਨੂੰ ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ ਸਕਰਾਮੈਂਟੋ ਵਲੋਂ ਸਨਮਾਨਿਤ ਕੀਤਾ ਗਿਆ। ਇਸ ਮੌਕੇ ਕਬੱਡੀ ਫੈਡਰੇਸ਼ਨ ਵਲੋਂ ਪਹੁੰਚੇ ਸੁਰਿੰਦਰ ਸਿੰਘ ਅਟਵਾਲ, ਕਨੇਡਾ ਤੋਂ ਕਬੱਡੀ ਦੇ ਸਪੌਂਸਰ, ਉੱਘੇ ਬਿ-ਜਨਸਮੈਨ ਅਮੋਲਕ ਗਾਖਲ, ਇਕਬਾਲ ਗਾਖਲ, ਮੱਖਣ ਸਿੰਘ



ਬੈਂਸ ਮੱਲਾ ਬੇਦੀਆਂ, ਤੀਰਥ ਗਾਖਲ ਨਰਿੰਦਰ ਥਾਂਦੀ ਚਾਰਟਰ ਅਮਰੀਕਾ, ਅਟਾਰਨੀ ਜਸਪ੍ਰੀਤ ਸਿੰਘ, ਜਸਪਾਲ ਸੈਣੀ ਤੇ ਹੋਰ ਸੈਂਕੜੈ ਸਖਸ਼ੀਅਤਾਂ ਹਾਜਰ ਸਨ ਜਿਨਾਂ ਨੇ ਆਪਣਾ ਬਣਦਾ ਯੋਗਦਾਨ ਪਾਇਆ । ਹਜਾਰਾਂ ਦੀ ਤਦਾਦ ਵਿੱਚ ਪਹੁੰਚੇ ਦਰਸ਼ਕਾਂ ਨੇ ਕਬੱਡੀ ਮੈਚਾਂ ਦਾ ਖੂਬ ਅਨੰਦ ਲਿਆ। ਇਸ ਕਬੱਡੀ ਟੂਰਨਾਮੈਂਟ ਖਿਡਾਉਣ ਚ ਇੰਟਰਨੈਸ਼ਨਲ ਰੈਫਰੀਆਂ ਤੋ ਇਲਾਵਾ ਕੁਮੈਂਟੇਟਰਾਂ ਚ ਸਟੇਜ ਤੋ ਬੀਬੀ ਆਸ਼ਾ ਸ਼ਰਮਾਂ ਨੇ ਅਦਬ ਨਾਲ ਇਨਾਮਾਂ ਦੀ ਵੰਡ, ਸਨਮਾਨਾਂ ਦਾ ਸਿਲਸਿਲਾ ਸੰਭ-ਾਲਿਆ ਤੇ ਗਰਾਊਂਡ ਦਾ ਮੱਖਣ ਅਲੀ, ਸੁਰਜੀਤ ਕਕਰਾਲੀ, ਲੱਖਾ ਸਿਧਵਾਂ, ਰਾਜਵਿੰਦਰ ਰੰਡਿਆਲਾ, ਸਵਰਨਾ ਮੱਲ੍ਹਾ, ਇਕਬਾਲ ਗਾਲਿਬ ਨੇ ਕੁਮੈਂਟਰੀ ਕੀਤੀ। ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ ਸਕਰਾਮੈਂਟੋ ਦੇ ਪ੍ਰਬੰਧਕਾਂ ਚ ਮੁੱਖ ਤੌਰ ਤੇ ਪ੍ਰਗਟ ਸਿੰਘ ਸੰਧੂ, ਗੁਰਮੀਤ ਵੜੈਚ, ਰਣਧੀਰ ਸਿੰਘ ਨਿੱਝਰ, ਬਿੱਟੂ ਰੰਧਾਵਾ, ਨਰਿੰਦਰ ਥਾਂਦੀ, ਤਰਲੋਚਨ ਅਟਵਾਲ, ਗੋਲਡੀ ਲਾਲੀ, ਸ਼ੇਰੂ ਭਾਟੀਆ, ਭੁਪਿੰਦਰ ਸੰਘੇੜਾ, ਹੈਪੀ ਔਲਖ, ਗੁਰਜੀਤ ਦਿਓਲ, ਪਿੰਦੀ ਸੰਧੂ, ਹੈਪੀ ਬਰਿਆਨਾ,ਲਾਡਾ ਢਿਲੋਂ, ਪੰਮਾ ਲੱਧੜ, ਪਿਆਰਾ ਸੰਧੂ, ਬਲਵਿੰਦਰ ਸੰਧੂ ਆਦਿ ਵਲੋਂ ਕਈ ਮਹੀਨਿਆਂ ਤੋਂ ਕੀਤੀ ਗਈ ਮਿਹਨਤ ਵਰ ਆਈ। ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ ਸਕਰਾਮੈਂਟੋ ਵਲੋਂ ਅਗਲੇ ਵਰ੍ਹੇ ਇਸੇ ਸਥਾਨ ਤੇ 1 ਅਕਤੂਬਰ ਨੂੰ ਇੰਟਰਨੈਸ਼ਲ ਕਬੱਡੀ ਕੱਪ ਕਰਵਾਉਣ ਦਾ ਐਲਾਨ ਕੀਤਾ ਗਿਆ। ਇਸ ਮੌਕੇ ਕਬੱਡੀ ਨੂੰ ਦੇਖਣ ਲਈ ਬੀਬੀਆਂ ਦੀ ਵੀ ਭਾਰੀ ਗਿਣਤੀ ਚ ਹਾਜਰੀ ਦੇਖੀ ਗਈ।

ਗੁਰਦੁਆਰਾ ਸਾਹਿਬ ਦੀਆਂ ਗਰਾਉਂਡਾਂ ਹੋਣ ਕਰਕੇ ਪ੍ਰਬੰਧਕਾਂ ਵਲੋਂ ਇਸ਼ਤਿਹਾਰਾਂ ਚ ਨਸ਼ਿਆਂ ਤੋਂ ਸਖਤ ਵਰਜਿਤ ਕੀਤਾ ਗਿਆ ਸੀ ਪਰ ਸ਼ਾਮ ਢਲਦੇ ਹੀ ਕਾਫੀ ਪੀਆਕਰ ਆਪਣੀਆਂ ਕਾਰਾਂ ਦੀਆਂ ਡਿੱਗੀਆਂ ਨਾਲ ਚਿੰਬੜੇ ਨਜਰੀਂ ਆਏ। ਪ੍ਰਬੰਧਕਾਂ ਵਲੋਂ ਮੁਫਤ ਲੰਗਰ, ਪੀਜੇ ਤੇ ਸੋਢੇ ਪਾਣੀ ਦਾ ਪ੍ਰਬੰਧ ਸਲਾਹੁਣਯੋਗ ਸੀ। ਇਸ ਮੌਕੇ ਆਉਣ ਵਾਲੇ ਸਮੇਂ 'ਚ ਇਸ ਗਰਾਉਂਡ ਨੂੰ ਸਟੇਡੀਅਮ ਵਿੱਚ ਬਦਲਣ ਦਾ ਸ਼ੁਭ ਮਹੂਰਤ ਗੁਬਾਰੇ ਛੱਡ ਕੇ ਕੀਤਾ ਗਿਆ।




## ਕਪੂਰਥਲਾ ਵਿਧਾਇਕ ਰਾਣਾ ਗੁਰਜੀਤ ਸਿੰਘ ਦੀ ਅਮਰੀਕਾ ਫੇਰੀ



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਪੰਜਾਬ ਰਾਜ ਦੇ ਸਾਬਕਾ ਮੰਤਰੀ ਕਪੂਰਥਲਾ ਵਿਧਾਇਕ ਰਾਣਾ ਗੁਰਜੀਤ ਸਿੰਘ ਜੋ ਕਿ ਹਾਲ ਹੀ ਵਿੱਚ ਅਮਰੀਕਾ ਦੇ ਦੌਰੇ 'ਤੇ ਆਏ। ਉਨਾਂ ਨੇ ਕੈਲੀਫੋਰਨੀਆ ਵਿੱਚ ਭਾਰਤੀ ਭਾਈਚਾਰੇ ਦੀਆਂ ਪ੍ਰਮੁੱਖ ਸ਼ਖਸੀਅਤਾਂ ਨਾਲ ਮੁਲਾਕਾਤ ਕੀਤੀ ਅਤੇ ਭਾਈਚਾਰੇ ਵੱਲੋਂ ਉਨ੍ਹਾਂ ਦਾ ਸਵਾਗਤ ਕੀਤਾ ਗਿਆ। ਉਨਾਂ ਪਰਵਾਸੀ ਭਾਰਤੀਆਂ ਨਾਲ ਮਜ਼ਬੂਤ ਸਬੰਧ ਬਣਾਉਣ ਲਈ ਕਈ ਚਰਚਾਵਾਂ ਵੀ ਕੀਤੀਆਂ ਤੇ ਭਾਈਚਾਰੇ ਨੇ ਪੰਜਾਬ ਅਤੇ ਭਾਰਤ ਦੇ ਵਿਗੜ ਰਹੇ ਹਾਲਾਤਾਂ ਬਾਰੇ ਆ-ਪਣੀਆਂ ਚਿੰਤਾਵਾਂ 'ਤੇ ਵੀ ਚਰਚਾ ਕੀਤੀ। ਵਿਧਾਇਕ ਨੇ ਮੁੱਦਿਆਂ 'ਤੇ ਚਰਚਾ ਕਰਨ ਤੋਂ ਗੁਰੇਜ਼ ਕੀਤਾ ਅਤੇ ਕਿਸੇ ਵੀ ਵਿਵਾਦ ਤੋਂ ਦੂਰੀ ਬਣਾ ਲਈ ਅਤੇ ਉਨ੍ਹਾਂ ਦੀਆਂ ਮੀਟਿੰਗਾਂ ਜ਼ਿਆਦਾਤਰ ਨਿੱਜੀ ਰਹੀਆਂ।

## ਘਰ ਉਪਰ ਛੋਟਾ ਜਹਾਜ਼ ਡਿੱਗ ਕੇ ਤਬਾਹ, 3 ਵਿਅਕਤੀਆਂ ਦੀ ਮੌਤ



**ਸੈਕਰਾਮੈਂਟੋ 4 ਅਕਤੂਬਰ (ਹੁਸਨ ਲੜੋਆ ਬੰਗਾ) –** ਮਿਨੇਸੋਟਾ ਦੇ ਇਕ ਘਰ ਉਪਰ ਇਕ ਛੋਟਾ ਜਹਾਜ਼ ਡਿੱਗ ਕੇ ਤਬਾਹ ਹੋ ਗਿਆ ਜਿਸ ਵਿਚ ਸਵਾਰ ਸਾਰੇ 3 ਵਿਅਕਤੀਆਂ ਦੀ ਮੌਤ ਹੋ ਗਈ। ਹਰਮਨਟਾਊਨ ਦੀ ਪੁਲਿਸ ਨੇ ਕਿਹਾ ਹੈ ਕਿ ਡੂਲੂਥ ਇੰਟਰਨੈਸ਼ਨਲ ਹਵਾਈ ਅੱਡੇ ਦੇ ਕੰਟਰੋਲ ਟਾਵਰ ਤੋਂ ਜਹਾਜ਼ ਅੱਧੀ ਰਾਤ ਤੋਂ ਪਹਿਲਾਂ ਗਾਇਬ ਹੋ ਗਿਆ ਤੇ ਹਵਾਈ ਅੱਡੇ ਦੇ ਦਖਣ ਵਿਚ ਤਕਰੀਬਨ ਇਕ ਕਿਲੋਮੀਟਰ ਦੀ ਦੂਰੀ 'ਤੇ ਇਕ ਘਰ ਉਪਰ ਤਬਾਹ ਹੋ ਕੇ ਆ ਡਿੱਗਾ। ਜਹਾਜ਼ ਐਰੋਵੀਡ ਰੋਡ ਦੇ 5100 ਬਲਾਕ ਵਿਚ ਮਕਾਨ ਦੀ ਦੂਸਰੀ ਮੰਜਿਲ ਨਾਲ ਟਕਰਾ ਕੇ ਪਿਛਲੇ ਪਾਸੇ ਜਾ ਡਿੱਗਾ। ਹਾਦਸੇ ਕਾਰਨ ਘਰ ਵਿਚ ਮੌਜੂਦ ਦੋ ਲੋਕ ਜ਼ਖਮੀ ਵੀ ਹੋਏ ਹਨ। ਹਾਦਸੇ ਵਿਚ ਮਾਰੇ ਗਏ ਵਿਅਕਤੀਆਂ ਦੀ ਪਛਾਣ 32 ਸਾਲਾ ਐਲੀਸਾ ਸ਼ਮਿਡਟ, ਉਸ ਦਾ ਭਰਾ 31 ਸਾਲਾ ਮੈਥੀਉ ਸ਼ਮਿਡਟ ਤੇ 32 ਸਾਲਾ ਟਾਈਲਰ ਫਰੈਟਲੈਂਡ ਵਜੋਂ ਹੋਈ ਹੈ।

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

ਦੇਸ਼ ਦੁਆਬਾ

# ਬਾਮਸੇਫ ਇਕ ਜਾਣਕਾਰੀ: ਦੋ ਸ਼ਬਦ

### ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੂੰ ਯਾਦ ਕਰਦਿਆਂ

14 ਅਕਤੂਬਰ 1981 ਨੂੰ 'ਬਾਮਸੇਫ' ਦੇ ਚੰਡੀਗੜ੍ਹ ਵਿਖੇ ਹੋਏ ਪੰਜ ਰੋਜ਼ਾ ਤੀਜੇ ਰਾਸ਼ਟਰੀ ਸੰਮੇਲਨ ਵਿਚ ਸਾਹਿਬ ਕਾਂਸ਼ੀ ਰਾਮ ਜੀ ਲਿਖਤ ਇਕ ਕਿਤਾਬਚਾ ਨੁਮਾ ਛੋਟੀ ਪੁਸਤਕ *ਬਾਮਸੇਫ ਇਕ ਜਾਣਕਾਰੀ* ਅੰਗਰੇਜ਼ੀ, ਹਿੰਦੀ, ਪੰਜਾਬੀ ਤਿੰਨ ਭਾਸ਼ਾਵਾਂ ਵਿਚ ਰਿਲੀਜ਼ ਕੀਤੀ ਗਈ ਤਾਂ ਇਹ ਉਸ ਵੇਲੇ ਭਾਵੇਂ ਕੋਈ ਬਹੁਤੀ ਵੱਡੀ ਘਟਨਾ ਨਹੀਂ ਸੀ ਜਾਪ ਰਹੀ ਪਰ ਆਕਾਰ ਵਿਚ ਜਿੰਨੀ ਛੋਟੀ ਇਹ ਪੁਸਤਕ ਸੀ, ਬਾਅਦ ਵਿਚ ਇਹ ਉਸ ਤੋਂ ਕਿਤੇ ਵੱਡੀ ਸ਼ਕਤੀਸ਼ਾਲੀ ਵਿਚਾਰਧਾਰਾ ਦੀ ਵਾਹਕ ਸਾਬਤ ਹੋਈ। ਸਦੀਆਂ ਤੋਂ ਲਿਤਾੜਿਆ ਅਤੇ ਪਛਾੜਿਆ ਸਮਾਜ ਜੋ ਹੁਣ ਤੱਕ ਵੱਖ—ਵੱਖ ਰਾਜਸੀ ਪਾਰਟੀਆਂ ਦਾ ਪਿਛਲੱਗ ਬਣ ਕੇ ਧੱਕੇ ਖਾਂਦਾ ਆ ਰਿਹਾ ਸੀ, ਉਸ ਵਿਚ ਇਕ ਨਵੀਂ ਰੂਹ ਫੂਕ ਕੇ ਇਸ ਪੁਸਤਕ ਨੇ ਇਸ ਸਮਾਜ ਨੂੰ ਕੁਝ ਸਾਲਾਂ ਵਿਚ ਹੀ ਦੇਸ਼ ਦੇ ਰਾਜਨੀਤਿਕ ਨਕਸ਼ੇ 'ਤੇ ਉਭਾਰ ਕੇ ਖਾਨਦਾਨੀ ਰਾਜਨੀਤਿਕ ਨੇਤਾਵਾਂ ਨੂੰ ਹੈਰਾਨ ਕਰ ਦਿੱਤਾ ਸੀ। ਕਾਂਸ਼ੀ ਰਾਮ ਜੀ ਵੱਲੋਂ ਇਸ ਪੁਸਤਕ ਵਿਚ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਦੇ ਸੰਪੂਰਨ ਸੰਘਰਸ਼ ਨੂੰ ਇਕ ਨਵੇਂ ਰੂਪ ਵਿਚ ਢਾਲ ਕੇ ਨਿਵੇਕਲੀ ਵਿਧੀ ਅਨੁਸਾਰ ਅਮਲ ਵਿਚ ਲਿਆਉਣ ਦੇ ਗੁਰ ਸੰਖੇਪ ਵਿਚ ਦਿੱਤੇ ਗਏ ਸਨ। ਉਹ ਇਸਤੇ ਇਕ ਵੱਡੀ ਪੁਸਤਕ ਲਿਖਣ ਦੇ ਚਾਹਵਾਨ ਵੀ ਸਨ ਜੋ ਬਾਅਦ ਵਿਚ ਕੰਮ ਵੱਧ ਜਾਣ ਕਾਰਨ ਇਸਨੂੰ ਉਹ ਸਮਾਂ ਨਹੀਂ ਦੇ ਸਕੇ।

ਭਾਰਤ ਦੇ ਜਾਤਪਾਤੀ ਪ੍ਰਬੰਧ ਨੇ ਮਨੁੱਖਾਂ ਵਿਚ ਵੰਡੀਆਂ ਪਾ ਕੇ ਜਿਸ ਸਮਾਜ ਨੂੰ ਇਕ ਲੰਬੇ ਸਮੇਂ ਤੋਂ ਅਧਿਕਾਰ ਰਹਿਤ ਅਤੇ ਭੁੱਖੇ ਨੰਗੇ ਰੱਖ ਕੇ ਪਸ਼ੂਆਂ ਤੋਂ ਵੀ ਹੇਠਲੇ ਦਰਜੇ ਤੇ ਲਿਆ ਖੜ੍ਹਾ ਕੀਤਾ ਸੀ, ਉਸ ਸਮਾਜ ਨੂੰ ਬਾਬਾ ਸਾਹਿਬ ਸਦਕਾ ਭਾਰਤੀ ਸੰਵਿਧਾਨ ਵਿਚ ਵਿੱਦਿਆ, ਨੌਕਰੀਆਂ ਅਤੇ ਸਿਆਸੀ ਖੇਤਰ ਵਿਚ ਰਾਖਵਾਂਕਰਨ ਮਿਲਿਆ ਤਾਂ ਪੜ੍ਹੇ-ਲਿਖੇ ਨੌਕਰੀਪੇਸ਼ਾ ਲੋਕਾਂ ਦੀ ਇਕ ਜਮਾਤ ਹੋਂਦ ਵਿਚ ਆਈ। ਇਸ ਜਮਾਤ ਤੋਂ ਬਾਬਾ ਸਾਹਿਬ ਨੂੰ ਆਪਣੇ ਸਮਾਜ ਨੂੰ ਜਾਗਰਿਤ ਕਰਨ ਦੀਆਂ ਬਹੁਤ ਉਮੀਦਾਂ ਸਨ ਪਰ ਉਮੀਦਾਂ ਤੇ ਪੂਰਾ ਨਾ ਉਤਰਨ ਕਾਰਨ ਉਹ ਬਹੁਤ ਨਿਰਾਸ਼ ਹੋਏ ਅਤੇ ਇਹ ਆਖ ਕੇ ਇਕ ਵਾਰੀ ਉਹ ਰੋ ਵੀ ਪਏ ਸਨ ਕਿ "ਮੇਰੇ ਪੜ੍ਹੇ ਲਿਖੇ ਸਮਾਜ ਨੇ ਮੈਨੂੰ ਧੋਖਾ ਦਿੱਤਾ ਹੈ।" ਬਾਬਾ ਸਾਹਿਬ ਦੇ ਜਾਣ ਤੋਂ ਇਕ ਦਹਾਕਾ ਬਾਅਦ ਹੀ ਇਸੇ ਜਮਾਤ ਵਿਚੋਂ ਸਾਹਿਬ ਕਾਂਸ਼ੀ ਰਾਮ ਦਾ ਉਭਾਰ ਹੋਇਆ, ਜਿਸਨੇ ਇਸੇ ਜਮਾਤ ਵਿਚੋਂ ਸਮਾਜ ਨੂੰ ਸਮਰਪਿਤ ਲੋਕਾਂ ਦਾ ਇਕ ਕਾਫਲਾ ਲੱਭਣ ਦਾ ਬੀੜਾ ਚੁੱਕ ਲਿਆ। ਉਹਨਾਂ ਨੇ ਹੋਕਾ ਦਿੱਤਾ ਕਿ ਇਹਨਾਂ ਪੜ੍ਹੇ-ਲਿਖੇ ਕਰਮਚਾਰੀਆਂ ਨੇ ਸਮਾਜ ਦੇ ਨਾਂ ਤੇ ਵਿੱਦਿਆ ਜਾਂ ਨੌਕਰੀਆਂ ਵਿਚ ਜੋ ਲਾਭ ਲਿਆ ਹੈ, ਉਸਦੇ ਇਵਜ਼ ਵਿਚ ਉਨ੍ਹਾਂ ਨੂੰ ਸਮਾਜ ਨੂੰ ਵੀ ਕੁਝ ਮੋੜਨਾ (ਪੇ ਬੈਕ) ਚਾਹੀਦਾ ਹੈ। ਜਿਹਨਾਂ ਨੂੰ ਗੱਲ ਦੀ ਸਮਝ ਲੱਗੀ ਉਹ ਹੁੰਮਾ ਹੁੰਮਾ ਕੇ ਆਏ ਤਾਂ ਕਾਂਸ਼ੀ ਰਾਮ ਜੀ ਨੇ ਉਹਨਾਂ ਨੂੰ *ਬਾਮਸੇਫ* ਦੇ ਨਾਂ ਹੇਠ ਸੰਗਠਿਤ ਕਰ ਲਿਆ ਤੇ ਆਪਣਾ ਇਕ ਕਾਫਲਾ ਤਿਆਰ ਕਰ ਲਿਆ।

'ਬਾਮਸੇਫ' ਕੀ ਹੈ, ਇਹ ਕਿਵੇਂ ਕੰਮ ਕਰੇਗੀ, ਕੀ-ਕੀ ਔਕੜਾਂ ਆਉਣਗੀਆਂ ਇਹ ਸੰਖੇਪ ਵਿਚ *ਬਾਮਸੇਫ ਇਕ ਜਾਣਕਾਰੀ' ਵਿਚ ਦਰਜ ਹੈ। 'ਬਾਮਸੇਫ' ਕਾਂਸ਼ੀ ਰਾਮ ਜੀ ਦੀ ਨਿਵੇਕਲੀ ਖੋਜ ਹੈ ਜਿਸਨੂੰ ਉਹ ਸਮਾਜ ਦਾ ਦਿਮਾਗ ਜਾਂ ਅਲਾਦੀਨ ਦਾ ਚਿਰਾਗ ਆਖਿਆ ਕਰਦੇ ਸਨ। ਉਹ ਇਹ ਵੀ ਆਖਦੇ ਹੁੰਦੇ ਸਨ ਕਿ ਜਦੋਂ ਕਦੇ ਉਹਨਾਂ ਕੋਲ 50 ਐਮ। ਪੀ। ਹੋ ਗਏ ਤਾਂ ਉਹ 5 ਐਮ। ਪੀ। ਦੀ ਡਿਊਟੀ ਬਾਮਸੇਫ ਨੂੰ ਤਕੜੀ ਤੇ ਵਿਆਪਕ ਬਣਾਉਦ ਲਈ ਲਾਉਣਗੇ। ਇਕ ਵਾਰੀ ਜਦੋਂ ਉਹ ਜਾਪਾਨ ਇਕ ਕਾਨਫਰੰਸ ਵਿਚ ਗਏ ਸਨ ਤਾਂ ਇਹ ਕਿਤਾਬਚਾ ਉਥੇ ਛਾਪ ਕੇ ਵੰਡਿਆ ਗਿਆ। ਲੋਕਾਂ ਵੱਲੋਂ ਬਹੁਤ ਸਲਾਹਿਆ ਗਿਆ। ਇਸਦੀ ਜਿਲਦ ਲਾਲ ਹੋਣ ਕਾਰਨ ਇਹ ਉਥੇ 'ਰੈਡ ਬੁੱਕ ਆਫ ਕਾਂਸ਼ੀ ਰਾਮ' ਕਰਕੇ ਮਸ਼ਹੂਰ ਹੋ ਗਈ ਸੀ।

'ਬਾਮਸੇਫ' 6-12-1978 ਨੂੰ ਹੋਂਦ ਵਿਚ ਆਈ ਅਤੇ ਠੀਕ ਤਿੰਨ ਸਾਲਾਂ ਬਾਅਦ 6-12-1981 ਨੂੰ ਇਕ ਸੰਘਰਸ਼ਾਤਮਕ ਜਥੇਬੰਦੀ ਡੀ ਐਸ ਫੋਰ ਅਤੇ ਉਸ ਤੋਂ ਠੀਕ 2 ਸਾਲ 4 ਮਹੀਨਿਆਂ ਦੇ ਵਕਫੇ ਬਾਅਦ ਹੀ 14-4-1984 ਨੂੰ ਇਕ ਪੂਰੀ ਸੂਰੀ ਰਾਜਨੀਤਿਕ ਪਾਰਟੀ 'ਬਹੁਜਨ ਸਮਾਜ ਪਾਰਟੀ' ਹੋਂਦ ਵਿਚ ਆ ਗਈ। ਇਹਨਾਂ ਵਿਚ ਬਾਮਸੇਫ ਦਾ ਵੱਡਾ ਰੋਲ ਸੀ। ਬਹੁਜਨ ਸਮਾਜ ਪਾਰਟੀ ਨੇ 4 ਵਾਰੀ ਯੂ। ਪੀ। ਵਰਗੇ ਸਭ ਤੋਂ ਵੱਡੇ ਸੂਬੇ ਉਤੇ ਇਕ ਦਲਿਤ ਸ਼ਕਤੀਸ਼ਾਲੀ ਇਸਤਰੀ ਰਾਹੀਂ ਰਾਜ ਕਰਤਾ ਅਤੇ ਇਹ ਦੇਸ਼ ਦੀ ਤੀਜੇ ਨੰਬਰ ਦੀ ਵੱਡੀ ਮਾਨਤਾ ਪ੍ਰਾਪਤ ਰਾਜਨੀਤਿਕ ਪਾਰਟੀ ਬਣੀ।

ਮੈਨੂੰ ਖੁਸ਼ੀ ਹੈ ਕਿ ਇਸ ਮਹੱਤਵਪੂਰਨ ਦਸਤਾਵੇਜ਼ ਨੂੰ ਰਿਲੀਜ਼ ਕਰਨ ਵੇਲੇ ਅੰਗਰੇਜ਼ੀ ਤੋਂ ਪੰਜਾਬੀ ਵਿਚ ਅਨੁਵਾਦ ਕਰਨ ਦਾ ਮੌਕਾ ਮੈਨੂੰ ਪ੍ਰਾਪਤ ਹੋਇਆ ਸੀ। ਹੁਣ ਫਿਰ ਜਦੋਂ ਪੀ ਕੇ ਚੁੰਬਰ ਜੀ ਨੇ ਅਜੋਕੇ ਸਮੇਂ ਵੀ ਇਸਦੀ ਮਹੱਤਤਾ ਸਮਝਦਿਆਂ ਇਸਨੂੰ ਮੁੜ ਛਾਪਣ ਦਾ ਮਨ ਬਣਾਇਆ ਅਤੇ ਮੈਨੂੰ ਦੋ ਸ਼ਬਦ ਲਿਖਣ ਅਤੇ ਖਰੜਾ ਵਾਚਣ ਲਈ ਆਖਿਆ ਤਾਂ ਮੈਂ ਖੁਸ਼ੀ ਖੁਸ਼ੀ ਸਵੀਕਾਰ ਕਰ ਲਿਆ। ਅੰਬੇਡਕਰੀ ਵਿਚਾਰਧਾਰਾ ਨੂੰ ਪਰਨਾਏ ਚੁੰਬਰ ਜੀ ਅਮਰੀਕਾ ਦੀ ਧਰਤੀ ਤੇ ਕੈਲੇਫੋਰਨੀਆ ਤੋਂ ਦੋ ਸਪਤਾਹਿਕ ਪੇਪਰ ਆਪਣੀ ਸੰਪਾਦਕੀ ਹੇਠ ਲੰਮੇ ਸਮੇਂ ਤੋਂ ਕੱਢ ਰਹੇ ਹਨ। ਇਕ ਅੰਗਰੇਜ਼ੀ ਵਿਚ 'ਅੰਬੇਦਕਰ ਟਾਈਮਜ਼' ਜੋ ਭਾਰਤ ਦੇ ਸੰਵਿਧਾਨਦਾਤਾ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਜੀ ਨੂੰ ਸਮਰਪਿਤ ਹੈ ਅਤੇ ਦੂਜਾ ਪੰਜਾਬੀ ਵਿਚ 'ਦੇਸ਼ ਦੁਆਬਾ' ਜੋ ਬਾਬਾ ਸਾਹਿਬ ਦੀ ਲਹਿਰ ਦੇ ਸਮਰਥਕ ਅਤੇ ਮਹਾਂ ਪੰਜਾਬ ਦੇ ਦਲਿਤਾਂ ਵਿਚ ਜਾਗਰਤੀ ਦੀ ਚਿਣਗ ਲਗਾਉਣ ਵਾਲੇ ਬਾਬੂ ਮੰਗੂ ਰਾਮ ਮੁੱਗੋਵਾਲੀਆ ਨੂੰ ਸਮਰਪਿਤ ਹੈ।

ਚੁੰਬਰ ਜੀ ਇਹਨਾਂ ਦੋਹਾਂ ਮਹਾਂਪੁਰਸ਼ਾਂ ਦੀ ਵਿਚਾਰਧਾਰਾ ਨੂੰ ਪ੍ਰਫੁੱਲਿਤ ਕਰਨ ਲਈ ਬੜੀ ਖੋਜ ਭਰਪੂਰ ਸਮੱਗਰੀ ਲਗਾਤਾਰ ਪ੍ਰਦਾਨ ਕਰਦੇ ਆ ਰਹੇ ਹਨ। ਆਪਣੀ ਨੌਕਰੀ ਦੇ ਨਾਲ ਨਾਲ ਦੋਹਾਂ ਪੇਪਰਾਂ ਦਾ ਕੰਮਕਾਜ ਉਹ ਡੇਢ ਦਹਾਕੇ ਤੋਂ ਵੀ ਵੱਧ ਸਮੇਂ ਤੋਂ ਦਿਨ ਰਾਤ ਦੀ ਕੜੀ ਮਿਹਨਤ ਨਾਲ ਨਿਭਾਅ ਰਹੇ ਹਨ। ਇਸਦੇ ਸਿੱਟੇ ਵਜੋਂ ਹੀ ਇਹ ਪੇਪਰ ਅਮਰੀਕਾ ਅਤੇ ਭਾਰਤ ਤੋਂ ਇਲਾਵਾ ਹੋਰ ਵੀ ਕਈ ਦੇਸ਼ਾਂ ਵਿਚ ਵੱਡੀ ਗਿਣਤੀ ਵਿਚ ਪੜ੍ਹੇ ਜਾਂਦੇ ਹਨ। ਇਹਨਾਂ ਦੇ ਵੱਡੇ ਭਾਈ ਸਾਹਿਬ ਸ੍ਰੀ ਸੀ. ਐਲ. ਚੁੰਬਰ (ਹੁਣ ਨਹੀਂ ਰਹੇ) ਵੀ ਲੰਬੇ ਸਮੇਂ ਤੱਕ ਸਾਹਿਬ ਕਾਂਸ਼ੀ ਰਾਮ ਨਾਲ ਕੰਧੇ ਨਾਲ ਕੰਧਾ ਮਿਲਾ ਕੇ ਵੱਧ ਚੜ੍ਹ ਕੇ ਕੰਮ ਕਰਦੇ ਰਹੇ ਹਨ। ਇਹ ਪੇਪਰ ਬਹੁਜਨ ਸਮਾਜ ਨਾਲ ਜੁੜੇ ਮੇਰੇ ਸਮੇਤ ਕਿੰਨੇ ਹੀ ਲੇਖਕਾਂ ਨੂੰ ਮੰਚ ਪ੍ਰਦਾਨ ਕਰਨ ਦਾ ਕੰਮ ਕਰ ਰਹੇ ਹਨ। ਮੈਨੂੰ ਆਸ ਹੈ ਕਿ ਸ੍ਰੀ ਪੀ. ਕੇ. ਚੁੰਬਰ ਦੀਆਂ ਕੋਸ਼ਿਸ਼ਾਂ ਨਾਲ ਛਪੀ "ਬਾਮਸੇਫ ਇਕ ਜਾਣਕਾਰੀ" ਨਵੀਂ ਪੀੜ੍ਹੀ ਨੂੰ ਪਹਿਲਾਂ ਵਾਂਗ ਹੀ ਆਪਣੇ ਅਣਲਿਖਤ, ਅਣਗੌਲੇ ਇਤਿਹਾਸ ਵੱਲ ਪ੍ਰੇਰਿਤ ਕਰਕੇ ਇਕ ਨਵੀਂ ਦਿਸ਼ਾ ਵੱਲ ਸੇਧਿਤ ਕਰਨ ਵਿਚ ਸਹਾਈ ਹੋਵੇਗੀ ਜੋ ਨਿਸ਼ਚੇ ਹੀ ਸਮਾਜ ਦੇ ਉਥਾਨ ਵਿਚ ਯੋਗਦਾਨ ਪਾਉਣ ਦਾ ਕੰਮ ਹੋਵੇਗਾ। ਸਹੀ ਇਤਿਹਾਸ ਜਾਣੇ ਬਿਨਾਂ ਇਤਿਹਾਸ ਬਣਾਇਆ ਵੀ ਤਾਂ ਨਹੀਂ ਜਾ ਸਕਦਾ।

– ਫਤਿਹਜੰਗ ਸਿੰਘ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥

ਲੜੀ ਨੰਬਰ-191

## ਜੈਦੇਵ ਤਿਆਗਿਓ ਅਹੰਮੇਵ॥



ਅਵਤਾਰ ਸਿੰਘ ਮਿਸ਼ਨਰੀ
510-432-5827

ਕਨੌਜ ਨਿਵਾਸੀ ਭੋਜਦੇਵ ਬ੍ਰਾਹਮਣ ਦਾ ਪੁਤ੍ਰ ਜੋ ਰਮਾਦੇਵੀ ਦੇ ਉਦਰ ਤੋਂ ਕੇਂਦੂਲੀ (ਜਿਲਾ ਬੀਰਭੂਮਿ ਬੰਗਾਲ) ਵਿਚ ਪੈਦਾ ਹੋਇਆ ਪਹਿਲੇ ਜਯਦੇਵ ਵੈਸ਼ਨਵ ਮਤਧਾਰੀ ਕ੍ਰਿਸ਼ਨ ਉਪਾਸ਼ਕ ਸੀ ਪਰ ਤਤਵੇਤਾ ਸਾਧੂਆਂ (ਵਿਦਵਾਨ ਗਿਆਨੀਆਂ) ਦੀ ਸੰਗਤ ਕਰਕੇ ਕਰਤਾਰ ਦਾ ਅਨੰਨ ਸੇਵਕ ਬਣਿਆਂ। ਇਹ ਸੰਸਕ੍ਰਿਤ ਅਤੇ ਪ੍ਰਾਕ੍ਰਿਤ ਦਾ ਪੂਰਨ ਪੰਡਿਤ ਸੀ। ਇਸ ਦਾ ਰਚਿਆ "ਗੀਤਗੋਬਿੰਦ" ਮਨੋਹਰ ਕਾਵਯ ਹੈ। ਜੈਦੇਵ ਰਾਗ ਵਿਦਿਆ ਦਾ ਪ੍ਰੇਮੀ ਅਤੇ ਆਪਣੀ ਇਸਤ੍ਰੀ ਪਦਮਾਵਤੀ ਨਾਲ ਮਿਲ ਕੇ ਮਨੋਹਰ ਸੁਰ ਨਾਲ ਆਪਣੇ ਰਚੇ ਪਦੇ ਗਾਇਆ ਕਰਦਾ ਸੀ। ਇਸ ਨੇ ਆਪਣੀ ਉਮਰ ਦਾ ਬਹੁਤਾ ਹਿੱਸਾ ਬੰਗਾਲ ਦੇ ਰਾਜਾ ਬੱਲਾਲਸੇਨ ਦੇ ਪੁੱਤ੍ਰ ਰਾਜਾ ਲਕਛਮਣਸੇਨ ਦੇ ਪਾਸ ਰਹਿਕੇ ਬਤਾਇਆ। ਇਸ ਦੇ ਦੋ ਸ਼ਬਦ "ਸ਼ਬਦ ਗੁਰੂ ਗ੍ਰੰਥ ਸਾਹਿਬ" ਵਿਖੇ ਹਿੰਦੀ ਅਤੇ ਪ੍ਰਾਕ੍ਰਿਤ ਭਾਸ਼ਾ ਵਿੱਚ ਹਨ। (ਮਹਾਨਕੋਸ਼)

ਭਗਤ ਜੈਦੇਵ ਇੱਕ ਵੈਸ਼ਣਵ ਭਗਤ ਅਤੇ ਸੰਤ ਦੇ ਰੂਪ ਵਿੱਚ ਸਨਮਾਨਿਤ ਸੀ। ਇਨ੍ਹਾ ਦਾ ਜਨਮ ਦਖਣੀ ਬੰਗਾਲ ਦੇ ਬੀਰ-ਭੂਮ, ਜ਼ਿਲੇ ਕਿੰਦੂ ਵਿਲਵ ਨਾਂ ਦੇ ਪਿੰਡ ਹੋਇਆ ਦਸਿਆ ਜਾਂਦਾ ਹੈ। ਇਥੇ ਹਰ ਸਾਲ ਮਾਘੀ ਵਾਲੇ ਦਿਨ ਭਾਰੀ ਇੱਕਠ ਹੁੰਦਾ ਹੈ ਤੇ ਗੀਤ ਗੋਬਿੰਦ ਦੇ ਪੱਦ ਗਏ ਜਾਂਦੇ ਹਨ। ਕੁਝ ਵਿਦਵਾਨ ਉਨ੍ਹਾ ਨੂੰ ਉੜੀਸਾ ਦੇ ਨੇੜੇ ਪੁਰੀ ਦੇ ਕਿਸੇ ਪਿੰਡ ਦਾ ਨਿਵਾਸੀ ਮੰਨਦੇ ਤੇ ਉਸ ਪਿੰਡ ਵਿਚ ਉਨ੍ਹਾ ਦੀ ਬੜੀ ਮਾਨਤਾ ਦਸਦੇ ਹਨ। ਇਹ ਹੋ ਸਕਦਾ ਹੈ ਕੀ ਉਹ ਉੜੀਸਾ ਤੋਂ ਬੰਗਾਲ ਚਲੇ ਗਏ ਹੋਣ ਜਾਂ ਬੰਗਾਲ ਤੋ ਉੜੀਸਾ ਆ ਗਏ ਹੋਣ। ਦਸਿਆਂ ਜਾਂਦਾ ਹੈ ਕਿ ਉਹ ਕਨੋਜ ਨਿਵਾਸੀ ਭੋਜਦੇਵ ਬ੍ਰਾਹਮਣ ਅਤੇ ਰਮਾਦੇਵੀ ਦੇ ਪੁੱਤ੍ਰ ਸਨ ਪਰ ਗੀਤ ਗੋਬਿੰਦ ਦੇ ਅੰਤ ਵਿਚ ਉਹ ਆਪਣੇ ਪਿਤਾ ਦਾ ਨਾਂ ਤਾਂ ਭੋਜਦੇਵ ਤੇ ਮਾਤਾ ਦਾ ਨਾਂ ਰਾਧਾਦੇਵੀ ਲਿਖਦੇ ਹਨ। ਇਨ੍ਹਾ ਦਾ ਜੀਵਨ ਕਾਲ ਬਾਰਵੀਂ-ਤੇਰਵੀਂ ਸਦੀ ਦਾ ਅੰਕਿਤ ਹੈ।

ਉਹ ਜਾਤ ਦੇ ਬ੍ਰਾਹਮਣ ਸਨ ਪਰ ਉਨ੍ਹਾਂ ਵਿੱਚ ਜਾਤੀ ਅਭਿਮਾਨ ਬਿਲਕੁਲ ਹੀ ਨਹੀਂ ਸੀ। ਆਪ ਬੰਗਾਲ ਦੇ ਰਾਜਾ ਲਛਮਣ ਸੈਨ ਦੇ ਪੰਜ ਰਤਨਾਂ ਵਿਚੋਂ ਇਕ ਸਨ। ਭਗਤ ਬਾਣੀ ਦੇ ਰਚੈਤਾ ਵਿੱਚੋਂ ਭਗਤ ਜੈਦੇਵ ਜੀ ਸਭ ਤੋਂ ਵਡੇਰੀ ਉਮਰ ਦੇ ਸਨ। ਆਪ ਸੰਸਕ੍ਰਿਤ ਦੇ ਮਹਾਕਵੀ ਗੀਤ ਗੋਬਿੰਦ ਅਤੇ ਰਤੀਮੰਜਰੀ ਦੇ ਰਚੇਤਾ ਸਨ। ਨਾਭਦਾਸ ਨੇ ਆਪਣੀ ਭਗਤਮਾਲ ਜਿਸ ਜੈਦੇਵ ਦਾ ਪ੍ਰਸੰਗ ਦਿਤੈ ਉਹ ਗੀਤ-ਗੋਬਿੰਦ ਨਾਲ ਮੇਲ ਖਾਂਦੇ ਹਨ। ਗੁਰੂ ਅਰਜਨ ਸਾਹਿਬ ਨੇ ਵੀ ਇਸ ਗਲ ਵਲ ਸੰਕੇਤ ਕੀਤਾ ਹੈ। ਸੰਸਕ੍ਰਿਤ ਕਵੀਆਂ ਦੀ ਪਰੰਪਰਾ ਵਿੱਚ ਵੀ ਉਹ ਅੰਤਮ ਕਵੀ ਸੀ ਜਿਸ ਨੇ 'ਗੀਤ ਗੋਵਿੰਦ' ਦੇ ਰੂਪ ਵਿੱਚ ਸੰਸਕ੍ਰਿਤ ਭਾਸ਼ਾ ਦੇ ਮਧੁਰਤਮ ਗੀਤਾਂ ਦੀ ਰਚਨਾ ਕੀਤੀ।

ਉਹ ਪਿੰਡ ਦੇ ਬਾਹਰ ਕਖਾਂ ਦੀ ਕੁਲੀ ਵਿਚ ਰਹਿੰਦੇ ਸੀ। ਇਨ੍ਹਾ ਦਿਨਾਂ ਵਿਚ ਹੀ ਉਨ੍ਹਾ ਨੇ ਗੀਤ ਗੋਬਿੰਦ ਦੀ ਰਚਨਾ ਕੀਤੀ। "ਗੀਤ ਗੋਵਿੰਦ" ਆਪ ਜੀ ਦੁਆਰਾ ਸੰਸਕਿਤ ਵਿੱਚ ਰਚੀ ਗਈ ਪ੍ਰਸਿੱਧ ਰਚਨਾ ਹੈ। ਕੁਝ ਇਤਿਹਾਸਕਾਰ ਇਨ੍ਹਾ ਨੂੰ ਗੀਤ-ਗੋਬਿੰਦ ਦਾ ਰਚੈਤਾ ਮੰਨਦੇ ਹਨ ਤੇ ਕੁਝ ਇਨ੍ਹਾ ਨੂੰ ਕੋਈ ਹੋਰ ਸਾਧ ਦਸਦੇ ਹਨ ਪਰ ਨਾਭ ਦਾਸ ਨੇ ਆਪਣੀ ਭਗਤਮਾਲ ਜਿਸ ਜੈਦੇਵ ਦਾ ਜ਼ਿਕਰ ਕੀਤਾ ਹੈ ਉਹ ਭਗਤ ਜੈਦੇਵ ਨਾਲ ਮੇਲ ਖਾਂਦਾ ਹੈ। ਸਿਖ ਧਰਮ ਸਬੰਧੀ ਜਿਨ੍ਹਾ ਰਚਨਾਵਾਂ ਦਾ ਜ਼ਿਕਰ ਆਉਦਾ ਹੈ ਉਹ ਵੀ ਇਸੀ ਜੈਦੇਵ ਨਾਲ ਮੇਲ ਖਾਂਦੀਆਂ ਹਨ। ਇਸ ਕਰਕੇ ਇਹ ਸਪਸ਼ਟ ਹੈ ਕਿ ਜਿਸ ਜੈਦੇਵ ਦੇ ਦੋ ਸ਼ਬਦ ਸ੍ਰੀ ਗੁਰੂ ਗਰੰਥ ਸਾਹਿਬ ਵਿਚ ਦਰਜ਼ ਨੇ ਉਹ ਗੀਤ ਗੋਬਿੰਦ ਦਾ ਹੀ ਰਚੈਤਾ ਹੈ। ਇਸ ਵਿਚ ਸ਼ਬਦਾਂ ਦੀ ਚੋਣ, ਅਲੰਕਾਰ ਦੀ ਸਜਾਵਟ, ਸੰਗੀਤ ਦੀ ਮਧੁਰਤਾ,ਅਤੇ ਭਾਵਾਂ ਦੀ ਤੀਬਰਤਾ ਅਦੁਤੀ ਹੈ। ਇਸ ਲੇਖਣੀ ਦਾ ਪ੍ਰਚਾਰ ਇਸ ਕਦਰ ਹੋਇਆ ਹੈ ਕਿ ਉੜੀਸਾ ਦੇ ਰਾਜਾ ਨੇ ਆਦੇਸ਼ ਜਾਰੀ ਕਰ ਦਿਤਾ ਕਿ ਰਘੁਨਾਥ ਦੇ ਮੰਦਰਾਂ ਵਿਚ ਸ਼ਾਮ ਨੂੰ ਗੀਤ ਗੋਬਿੰਦ ਦੇ ਪੜ੍ਹੇ ਜਾਣ।

ਸ਼ਬਦ ਗੁਰੂ ਗ੍ਰੰਥ ਸਾਹਿਬ ਵਿਖੇ ਦਰਜ ਇਨ੍ਹਾ ਦੇ ਦੋ ਪਦ ਅੰਕਿਤ ਹਨ ਇਕ ਰਾਗ ਗੂਜਰੀ ਤੇ ਦੂਸਰਾ ਰਾਗ ਮਾਰੂ ਵਿਚ। ਪਹਿਲਾ ਪਦ ਰਾਗ ਗੂਜਰੀ ਦੇ ਅੰਤ ਵਿਚ ਆਉਂਦਾ ਹੈ। ਇਹ ਦੋਵੇਂ ਸ਼ਬਦ ਬਾਬਾ ਮੋਹਨ ਵਾਲੀਆਂ ਪੋਥੀਆਂ ਵਿਚ ਵੀ ਦਰਜ਼ ਹਨ। ਇਸ ਤੋ ਪਤਾ ਚਲਦੈ ਕਿ ਇਹ ਸ਼ਬਦ ਉਦਾਸੀਆਂ ਵਕਤ ਗੁਰੂ ਨਾਨਕ ਸਾਹਿਬ ਨੇ ਇੱਕਠੀਆਂ ਕੀਤੀਆਂ ਸਨ। ਇਹ ਰਚਨਾ ਨਿਰਗੁਣ ਭਗਤੀ ਦੀਆਂ ਸਿਧਾਂਤਕ ਰੁਚੀਆਂ ਨਾਲ ਸੁਮੇਲ ਰੱਖਦੀ ਅਤੇ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਲ ਹੋਣ ਕਰਕੇ ਗੁਰਮਤਿ ਕਾਵਿ-ਧਾਰਾ ਦਾ ਅਨਿਖੜਵਾਂ ਅੰਗ ਹੈ।

ਭਗਤ ਜੈ ਦੇਵ ਦੀ ਬਾਣੀ ਅਨੁਸਾਰ ਪ੍ਰਭੂ ਦੀ ਪ੍ਰਾਪਤੀ ਵਿੱਚ ਦੁਨਿਆਵੀ ਅਉਗੁਣ ਜਾ ਹਉਮੈ ਰੋੜਾ ਬਣਦੇ ਅਤੇ ਇਸ ਤੋਂ ਨਵਿਰਤੀ ਦਾ ਇੱਕੋ-ਇੱਕ ਰਾਹ ਮਨ ਬਚਨ ਕਰਮ ਦੀ ਸ਼ੁੱਧਤਾ ਹੈ-ਭਗਤ ਜੈਦੇਉ ਕਰਿ ਗੀਤ ਗੋਬਿੰਦ ਸਹਜੁ ਧੁਨਿ ਗਾਵੈ॥ਲੀਲਾ ਚਲਿਤ ਵਖਾਣਦਾ ਅੰਤਰਿਜਾਮੀ ਠਾਕੁਰ ਭਾਵੈ॥(ਕਵਿਤਾ)

ਕ੍ਰਾਂਤੀਕਾਰੀ ਭਗਤ ਕਬੀਰ ਨੇ ਮਨ ਨੂੰ ਖੋਜਣ ਵਿਚ ਭਗਤ ਜੈਦੇਵ ਨੂੰ ਨਿਪੁੰਨ ਦੱਸਿਆ-ਇਸ ਮਨ ਕਉ ਖੋਜਹੁ ਭਾਈ, ਤਨ ਛੂਟੇ ਮਨੁ ਕਹਾ ਸਮਾਈ॥ਗੁਰਪਰਸਾਦੀ ਜੇਦੇਉ ਨਾਮਾ ਭਗਤਿ ਕੇ ਪ੍ਰੇਮਿ ਇਨ ਹੀ ਹੈ ਜਾਨਾ॥ ਇਸ ਵਿਚ ਜੈਦੇਵ ਨੇ ਪ੍ਰਭੂ ਨਾਮ ਸਿਮਰਨ ਤੇ ਜੋਰ ਦਿਤੈ ਜਿਸ ਨਾਲ ਇਨਸਾਨ ਨੂੰ ਬੁਢੇਪੇ ਦਾ ਦੁਖ,ਮਰਨ ਦਾ ਭੈ, ਕਰਮਕਾਂਡਾਂ ਦੀ ਜਰੂਰਤ ਤੇ ਲੋਭ-ਲਾਲਚ ਨਹੀਂ ਸਤਾਂਦੀ। ਰਾਮ ਨਾਮ ਦੇ ਸਿਮਰਨ ਤੇ ਸਦਾਚਾਰ ਦੇ ਨਾਲ ਨਾਲ ਪ੍ਰਮਾਤਮਾ ਦਾ ਜਾਪ, ਗੁਣ-ਗਾਨ ਤੇ ਭਜਨ ਸਾਰੀਆਂ ਸਿਧੀਆਂ ਦਾ ਖਜਾਨਾ ਹੈ।ਦੂਸਰੇ ਪਦ ਵਿਚ ਉਨ੍ਹਾ ਨੇ ਯੋਗ ਤਪ,ਹਠ-ਸਾਧਨਾ ਤੋਂ ਹਟਾਕੇ ਨਾਮ ਸਿਮਰਨ ਵਿਚ ਮੰਨ ਦੀ ਇਕਾਗਰਤਾ ਦੀ ਗਲ ਕਹੀ ਹੈ। ਆਰੰਭ ਵਿੱਚ ਆਪ ਵੈਸ਼ਨਵ ਮਤਧਾਰੀ ਕ੍ਰਿਸ਼ਨ ਉਪਾਸਕ ਸਨ ਪਰ ਤਤਵੇਤਾ ਗੁਰਮੁਖਾਂ ਦੀ ਸੰਗਤ ਕਰ ਕੇ ਇੱਕ ਕਰਤਾਰ ਦੇ ਅਨਿੰਨ ਸੇਵਕ ਹੋ ਗਏ। ਇਨ੍ਹਾ ਦੀ ਬਾਣੀ ਵਿਚ ਵਿਕਾਸ ਹੁੰਦਾ ਗਿਆ ਤੇ ਸਾਰੀ ਸ੍ਰਿਸ਼ਟੀ 'ਚ ਵਿਆਪਕ ਪ੍ਰਭੂ ਗਿਆਨ ਵੱਲ ਉਨ੍ਹਾ ਦਾ ਮੰਨ ਲੀਨ ਹੋ ਗਿਆ। (ਡਾ ਰਤਨ ਸਿੰਘ ਜੱਗੀ)

ਗੁਰੂ ਨਾਨਕ ਸਾਹਿਬ ਦੇ ਆਗਮਨ ਤੋਂ ਪਹਿਲਾਂ ਹਿੰਦੁਸਤਾਨ ਵਿਚ ਇਕ ਵਿਚਾਰਧਾਰਾ ਜ਼ੋਰ ਪਕੜ ਰਹੀ ਸੀ ਕਿ ਰੀਤਾਂ, ਰਸਮਾਂ, ਸ਼ੰਕਿਆਂ ਅਤੇ ਵਹਿਮਾਂ ਤੋਂ ਉਤਾਂਹ ਉਠ ਕੇ ਇੱਕ ਪ੍ਰਭੂ ਦੀ ਯਾਦ ਦ੍ਰਿੜ੍ਹ ਕੀਤੀ ਜਾਏ। ਜਦ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਗੁਰੂ ਅਰਜਨ ਸਾਹਿਬ ਨੇ 17ਵੀਂ ਸਦੀ ਦੇ ਪਹਿਲੇ ਦਹਾਕੇ ਕੀਤੀ ਤਾਂ ਐਸੇ 15 ਭਗਤਾਂ ਦੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਦਰਯੋਗ ਥਾਂ ਦਿੱਤੀ ਜੋ ਆਮ ਲੋਕਾਂ ਨੂੰ ਇੱਕ ਅਕਾਲ ਪੁਰਖ ਦੇ ਨਾਮ ਨਾਲ ਜੁੜਨ ਲਈ ਪ੍ਰੇਰਦੇ ਸਨ। ਉਨ੍ਹਾਂ ਭਗਤਾਂ ਦੀ ਕਰਣੀ ਅਤੇ ਕਰਤੱਵ ਨੂੰ ਵੀ ਗੁਰੂ ਅਰਜਨ ਸਾਹਿਬ ਨੇ ਆਪਣੀ ਬਾਣੀ ਵਿਚ ਸਲਾਹਿਆ। ਐਸੇ ਹੀ ਇਕ ਸਤਿਕਾਰੇ ਹੋਏ ਭਗਤ ਜੈ ਦੇਵ ਜੀ ਹਨ।

ਬਸੰਤ ਰਾਗ ਵਿਚ ਭਗਤ ਜੀ ਨੇ ਜਿਵੇਂ ਪ੍ਰਭੂ ਨੂੰ ਰੀਝਾਇਆ ਉਸ ਦਾ ਵਰਣਨ ਕੀਤਾ ਹੈ। ਗੁਰੂ ਅਰਜਨ ਸਾਹਿਬ ਫ਼ਰਮਾਉਂਦੇ ਹਨ ਕਿ ਭਗਤ ਧੰਨਾ ਜੀ ਨੇ ਨਿਰਵੈਰ ਬਾਲ-ਬੁੱਧ ਨਾਲ ਪ੍ਰਭੂ ਭਗਤੀ ਕੀਤੀ। ਭਗਤ ਤ੍ਰਿਲੋਚਨ ਜੀ ਨੇ ਗੁਰ-ਸ਼ਬਦ ਦੁਆਰਾ ਆਤਮਿਕ ਉਚਾਈਆਂ ਨੂੰ ਛੋਹਿਆ। ਭਗਤ ਬੇਣੀ ਜੀ ਨੇ ਸਰੀਰ ਦਾ ਖ਼ਿਆਲ ਛੱਡ ਆਤਮਿਕ ਜੀਵਨ ਦਾ ਚਾਨਣਾ ਪਾ ਲਿਆ। ਭਗਤ ਜੈਦੇਵ ਜੀ ਬੇਸ਼ੱਕ ਆਪ ਅਖੌਤੀ ਉੱਚੀ ਜਾਤ ਦੇ ਬ੍ਰਾਹਮਣ ਸਨ ਪਰ ਉੱਚੀ ਜਾਤ ਦਾ ਮਾਣ ਛੱਡ ਕੇ ਪ੍ਰਭੂ ਦੀ ਭਗਤੀ ਦ੍ਰਿੜ੍ਹ ਕੀਤੀ ਅਤੇ ਉਨ੍ਹਾਂ 'ਤੇ ਕਿਰਪਾ ਹੋਈ। ਭ

ਗਤ ਸੈਣ ਜੀ ਦਾ ਮਨ ਅਡੋਲ ਹੋ ਗਿਆ। ਮਨ ਕਿਸੇ ਵੀ ਥਾਂ ਮਾਇਆ ਦੇ ਠੇਡਿਆਂ ਨਾਲ ਡਿੱਗ ਕੇ ਨਾ ਡੋਲਿਆ ਅਤੇ ਉਹ ਸੰਸਾਰ-ਸਮੁੰਦਰ ਪਾਰ ਲੰਘ ਗਏ। ਗੁਰੂ ਅਰਜਨ ਸਾਹਿਬ ਦੇ ਸ਼ਬਦ ਹਨ-ਧੰਨੈ ਸੇਵਿਆ ਬਾਲ ਬੁਧਿ॥ ਤ੍ਰਿਲੋਚਨ ਗੁਰ ਮਿਲਿ ਭਈ ਸਿਧਿ॥ ਬੇਣੀ ਕਉ ਗੁਰਿ ਕੀਓ ਪ੍ਰਗਾਸੁ॥ ਰੇ ਮਨ ਤੂ ਭੀ ਹੋਹਿ ਦਾਸੁ॥5॥ ਜੈਦੇਵ ਤਿਆਗਿਓ ਅਹੰਮੇਵ॥ ਨਾਈ ਉਧਰਿਓ ਸੈਨੁ ਸੇਵ॥ ਮਨੁ ਡੀਗਿ ਨ ਡੋਲੈ ਕਹੂੰ ਜਾਇ॥ ਮਨ ਤੂ ਭੀ ਤਰਸਹਿ ਸਰਣਿ ਪਾਇ॥ (1192) ਭਗਤ ਕਬੀਰ ਜੀ ਨੇ ਰਾਗ ਬਿਲਾਵਲ ਵਿਚ ਇਸ ਗੱਲ ਵੱਲ ਵਿਸ਼ੇਸ਼ ਇਸ਼ਾਰਾ ਕੀਤਾ ਹੈ ਕਿ ਭਗਤ ਜਦੇਵ ਜੀ, ਭਗਤ ਨਾਮਦੇਵ ਜੀ ਅਤੇ ਸ੍ਰੀ ਸੁਦਾਮਾ ਜੀ 'ਤੇ ਪ੍ਰਭੂ ਦੀ ਬਖਸ਼ਿਸ਼ ਹੋਈ ਤੇ ਉਹ ਉਸੇ ਦੇ ਹੋ ਗਏ-ਜੈਦੇਉ ਨਾਮਾ ਬਿਪ ਸੁਦਾਮਾ ਤਿਨ ਕਉ ਕ੍ਰਿਪਾ ਭਈ ਹੈ ਅਪਾਰ॥ (856) ਭਗਤ ਜੈਦੇਵ ਜੀ ਛੋਟੀ ਉਮਰੇ ਹੀ ਰਮਤੇ ਬਣ ਫਿਰਨ ਲੱਗੇ ਅਤੇ ਵਿੱਦਿਆ ਵਿਦਵਾਨਾਂ ਪਾਸੋਂ ਪ੍ਰਾਪਤ ਕੀਤੀ। ਆਪ ਜੀ ਨੂੰ ਗੀਤ-ਰਸ ਦਾ ਅਵਤਾਰ ਕਹਿਆ ਜਾਣ ਲੱਗ ਪਿਆ। ਤਿਆਗੀ ਇਤਨੇ ਸਨ ਕਿ ਸਫਰ ਵਿਚ ਇਕ ਗੜਵਾ ਅਤੇ ਗੋਦੜੀ ਹੀ ਰੱਖਦੇ ਅਤੇ ਇਤਨੀ ਇਹਤਿਆਤ ਵਰਤਦੇ ਕਿ ਦੋ ਰਾਤਾਂ ਵੀ ਇਕ ਦਰੱਖ਼ਤ ਹੇਠਾਂ ਨਾ ਗੁਜ਼ਾਰਦੇ, ਮਤੇ ਥਾਂ ਦਾ ਹੀ ਮੋਹ ਜਾਗ ਪਏ ਪਰ ਆਪ ਜੀ ਨੇ ਤਾਂ ਕੋਈ ਬਹੁਤ ਵੱਡਾ ਕਾਰਜ ਕਰਨਾ ਸੀ। ਆਪ ਜੀ ਗ੍ਰਿਹਸਤੀ ਬਣ ਜਦ ਜਗਨ ਨਾਥ ਪੁਰੀ ਪੁੱਜੇ ਤਾਂ ਉਥੇ ਇਹ ਦੇਖ ਦ੍ਰਵ ਗਏ ਕਿ ਇਕ ਅਗਨੀ ਹੋਤ੍ਰੀ ਬ੍ਰਾਹਮਣ ਆਪਣੀ ਅਤਿ ਸੁੰਦਰ ਲੜਕੀ ਨੂੰ ਬਲੀ ਚੜ੍ਹਾਉਣ ਲਈ ਲਿਆਇਆ ਹੈ। ਕਿਸੇ ਸਿਆਣੇ ਨੇ ਕਿਹਾ ਕਿ ਕੰਨਿਆਂ ਮਾਰਨ ਦੇ ਪਾਪ ਨਾਲੋਂ ਲੜਕੀ ਨੂੰ ਭਗਤ ਜੈਦੇਵ ਜੀ ਨਾਲ ਪ੍ਰਨਾ ਦਿੱਤਾ ਜਾਏ। ਇਵੇਂ ਭਗਤ ਜੀ ਨੇ ਬਲੀ ਕੀਤੀ ਜਾਣ ਵਾਲੀ ਲੜਕੀ ਦਾ ਉਸੇ ਵੇਲੇ ਹੱਥ ਪਕੜ ਲਿਆ ਅਤੇ ਆਪਣਾ ਟਿਕਾਣਾ ਬੀਰਭੂਮ ਹੀ ਕਰ ਲਿਆ। ਬੰਗਾਲ ਦੇ ਰਾਜਾ ਲਕਸ਼ਮਣ ਸੈਨ ਨੇ ਆਪਣਾ ਰਤਨ ਥਾਪਿਆ। ਰਾਜ- ਦਰਬਾਰ ਵਿਚ ਚਾਰ ਰਤਨ ਹੋਰ ਸਨ- ਭਗਤ ਜੈ ਦੇਵ ਜੀ ਨੇ ਆਪ ਹੀ ਉਨ੍ਹਾਂ ਚਹੁੰ ਰਤਨਾਂ ਬਾਰੇ ਲਿਖਿਆ ਹੈ ਕਿ 'ਉਮਾਪਤੀਧਾਰ' ਦੀ ਸ਼ਬਦ ਚਿਤ੍ਰਕਾਰੀ, 'ਸਰਨਾ' ਦੀ ਖੜ੍ਹੇ-ਖਲੋਤੇ ਕਵਿਤਾ ਰਚਨਾ ਦੀ ਯੋਗਤਾ, 'ਗੋਵਰਧਨ' ਦਾ ਬਿਰਹੇ ਬਿਆਨ, 'ਧੋਈ' ਦਾ ਇਕ ਵਾਰ ਕੋਈ ਪਾਠ ਸੁਣ ਕੇ ਹੀ ਸੁਣਾ ਦੇਣਾ ਅਤੇ 'ਜੈ ਦੇਵ' ਦੀ ਨਿਵੇਕਲੀ ਲਿਖਣ-ਸ਼ੈਲੀ ਨੂੰ ਕੋਈ ਵਿਰਲਾ ਹੀ ਪੁੱਜ ਸਕਦਾ ਹੈ। ਸਭ ਤੋਂ ਪਹਿਲਾਂ ਭਗਤ ਜੈਦੇਵ ਜੀ ਨੇ 'ਰਸਨ ਰਾਘਵ' ਲਿਖਿਆ ਪਰ ਉਨ੍ਹਾਂ ਦੀ ਬਹੁਤੀ ਪ੍ਰਸਿੱਧੀ 'ਗੀਤ ਗੋਵਿੰਦ' ਲਿਖਣ ਕਰਕੇ ਹੋਈ। ਹਿੰਦੂ ਮੁਸਲਮਾਨ ਸਭ 'ਗੀਤ ਗੋਵਿੰਦ' ਗਾ ਕੇ ਰਸ ਮਾਣਦੇ ਹਨ। ਇਸ ਵਿਚ ਕ੍ਰਿਸ਼ਨ, ਰਾਧਾ ਅਤੇ ਸਾਖੀਆਂ ਦੇ ਪ੍ਰਤੀਕ ਵਰਤ ਕੇ ਆਤਮਾ ਨੂੰ ਪਰਮਾਤਮਾ ਨਾਲ ਲੀਨ ਹੋਣ ਦਾ ਰਾਹ ਦਰਸਾਇਆ ਹੈ। ਤੀਜੀ ਪ੍ਰਸਿੱਧ ਪੁਸਤਕ 'ਚੰਦਰਲੋਕ' ਹੈ ਜਿਸ ਵਿਚ ਲਿਖਣ-ਸ਼ੈਲੀ ਦੇ ਅੰਦਾਜ਼ ਦਰਜ ਹਨ।

ਸਭ ਕੁਝ ਪਾ ਕੇ ਵੀ ਜੈਦੇਵ ਜੀ ਦਾ ਸੁਭਾਅ ਉਸੇ ਤਰ੍ਹਾਂ ਤਿਆਗੀ ਅਤੇ ਖੁਲ੍ਹ-ਦਿਲਾ ਰਿਹਾ। ਇਕ ਵਾਰੀ ਠੱਗਾਂ ਦੇ ਵੱਸ ਪੈ ਗਏ ਤਾਂ ਸਭ ਕੁਝ ਆਪ ਹੀ ਦੇ ਦਿੱਤਾ ਅਤੇ ਕਿਹਾ, ਭਲੇ ਲੋਕੋ! ਇਹ ਮਾਇਆ ਦੀ ਪਕੜ ਹੀ ਪਾਪ ਦਾ ਮੂਲ ਹੈ, ਬੇਸੰਜਮੇ ਨੂੰ ਹੀ ਰੋਗ ਗ੍ਰਸਦੇ ਅਤੇ ਸੰਸਾਰਕ ਮੋਹ ਹੀ ਦੁੱਖ ਦਾ ਕਾਰਨ ਹੈ। ਇਨ੍ਹਾਂ ਤਿੰਨਾਂ ਨੂੰ ਤਿਆਗਣ ਨਾਲ ਹੀ ਸੁਖ-ਸ਼ਾਂਤੀ ਮਿਲਦੀ ਹੈ। ਥੋੜ੍ਹੇ ਹੀ ਸਮੇਂ ਉਪ੍ਰੰਤ ਆਪ ਜੀ ਲਕਸ਼ਮਣ ਸੈਨ ਦਾ ਦਰਬਾਰ ਛੱਡ ਆਪਣੇ ਜਨਮ-ਅਸਥਾਨ ਕੇਂਦੂਲੀ ਆ ਗਏ ਅਤੇ ਉਥੇ ਹੀ ਅੰਤਮ ਸਵਾਸਾਂ ਤਕ ਲੋਕਾਂ ਨੂੰ ਸ਼ਰਧਾ ਭਗਤੀ ਵਿਚ ਲਗਾਉਂਦੇ ਰਹੇ। ਆਪ ਜੀ ਦਾ ਦੇਹਾਂਤ 72 ਕੁ ਸਾਲ ਦੀ ਉਮਰ ਵਿਚ ਹੋਇਆ। ਗੁਰੂ ਗ੍ਰੰਥ ਸਾਹਿਬ ਵਿਚ ਆਪ ਜੀ ਦੇ ਦੋ ਸ਼ਬਦ ਨੇ ਇਕ ਰਾਗ ਗੂਜਰੀ ਤੇ ਦੂਜਾ ਰਾਗ ਮਾਰੂ ਵਿਚ ਦਰਜੈ ਜੋ ਅੱਗੇ ਅਰਥਾਂ ਸਮੇਤ ਇਹ ਹਨ-

ੴ ਸਤਿਗੁਰ ਪ੍ਰਸਾਦਿ॥ ਗੂਜਰੀ ਸ੍ਰੀ ਜੈਦੇਵ ਜੀਉ ਕਾ ਪਦਾ ਘਰੁ ੪॥ਪਰਮਾਦਿ ਪੁਰਖਮਨੋਪਿਮੰ ਸਤਿ ਆਦਿ ਭਾਵ ਰਤੰ॥ਪਰਮਦਭੁਤੰ ਪਰਕ੍ਰਿਤਿ ਪਰੰ ਜਦਿਚਿੰਤਿ ਸਰਬ ਗਤੰ॥੧॥ਕੇਵਲ ਰਾਮ ਨਾਮ ਮਨੋਰਮੰ॥ਬਦਿ ਅੰਮ੍ਰਿਤ ਤਤ ਮਇਅੰ॥ਨ ਦਨੋਤਿ ਜਸਮਰਣੇਨ ਜਨਮ ਜਰਾਧਿ ਮਰਣ ਭਇਅੰ॥੧॥ਰਹਾਉ॥ਇਛਸਿ ਜਮਾਦਿ ਪਰਾਭਯੰ ਜਸੁ ਸ੍ਵਸਤਿ ਸੁਕ੍ਰਿਤ ਕ੍ਰਿਤੰ॥ਭਵ ਭੂਤ ਭਾਵ ਸਮਬ੍ਯਿਅੰ ਪਰਮੰ ਪ੍ਰਸੰਨਮਿਦੰ॥੨॥ਲੋਭਾਦਿ ਦ੍ਰਿਸਟਿ ਪਰ ਗ੍ਰਿਹੰ ਜਦਿਬਿਧਿ ਆਚਰਣੰ॥ਤਜਿ ਸਕਲ ਦੁਹਕ੍ਰਿਤ ਦੁਰਮਤੀ ਭਜੁ ਚਕ੍ਰਧਰ ਸਰਣੰ॥੩॥ਹਰਿ ਭਗਤ ਨਿਜ ਨਿਹਕੇਵਲਾ ਰਿਦ ਕਰਮਣਾ ਬਚਸਾ॥ਜੋਗੇਨ ਕਿੰ ਜਗੇਨ ਕਿੰ ਦਾਨੇਨ ਕਿੰ ਤਪਸਾ॥੪॥ਗੋਬਿੰਦ ਗੋਬਿੰਦੇਤਿ ਜਪਿ ਨਰ ਸਕਲ ਸਿਧਿ ਪਦੰ॥ਜੈਦੇਵ ਆਇਉ ਤਸ ਸਫੁਟੰ ਭਵ ਭੂਤ ਸਰਬ ਗਤੰ॥੫॥੧॥(੫੨੬)

ਅਰਥ-ਕੇਵਲ ਪ੍ਰਭੂ ਦਾ ਸੁੰਦਰ ਨਾਮ ਸਿਮਰ, ਜੋ ਅੰਮ੍ਰਿਤ-ਭਰਪੂਰ ਹੈ,ਜੋ ਅਸਲੀਅਤ-ਰੂਪ ਹੈ, ਅਤੇ ਜਿਸ ਦੇ ਸਿਮਰਨ ਨਾਲ ਜਨਮ ਮਰਨ, ਬੁਢੇਪਾ,ਚਿੰਤਾ, ਫ਼ਿਕਰ ਅਤੇ ਮੌਤ ਦਾ ਡਰ ਦੁੱਖ ਨਹੀਂ ਦੇਂਦਾ।੧।ਰਹਾਉ।ਉਹ ਪਰਮਾਤਮਾ ਸਭ ਤੋਂ ਉੱਚੀ ਹਸਤੀ ਹੈ, ਸਭ ਦਾ ਮੂਲ ਹੈ, ਸਭ ਵਿਚਵਿਆਪਕ ਹੈ, ਉਸ ਵਰਗਾ ਹੋਰ ਕੋਈ ਨਹੀਂ, ਉਸ ਵਿਚ ਥਿਰਤਾ ਆਦਿਕ(ਸਾਰੇ) ਗੁਣ ਮੌਜੂਦ ਹਨ; ਉਹ ਪ੍ਰਭੂ ਬਹੁਤ ਹੀ ਅਸਚਰਜ ਹੈ, ਮਾਇਆਤੋਂ ਪਰੇ ਹੈ, ਉਸ ਦਾ ਮੁਕੰਮਲ ਸਰੂਪ ਸੋਚ-ਮੰਡਲ ਵਿਚ ਨਹੀਂ ਆ ਸਕਦਾ,ਅਤੇ ਉਹ ਹਰ ਥਾਂ ਅੱਪੜਿਆ ਹੋਇਆ ਹੈ।੧।ਜੇ ਤੂੰ ਜਮ ਆਦਿਕ ਨੂੰ ਜਿੱਤਣਾ ਚਾਹੁੰਦਾ ਹੈਂ, ਜੇ ਤੂੰ ਸੋਭਾ ਤੇ ਸੁਖ ਚਾਹੁੰਦਾਹੈਂ ਤਾਂ ਲੋਭ ਆਦਿਕ ਛੱਡ ਦੇਹ, ਪਰਾਏ ਘਰ ਵਲ ਤੱਕਣਾ ਛੱਡ ਦੇ, ਉਹ ਆਚਰਨ ਤਜ ਦੇਹ ਜੋ ਮਰਯਾਦਾ ਦੇ ਉਲਟ ਹੈ ਸਾਰੇ ਮੰਦੇ ਕੰਮ ਛੱਡ ਦੇਹ,ਦੁਰਮਤਿ ਤਿਆਗ ਦੇਹ, ਅਤੇ ਉਸ ਪ੍ਰਭੂ ਦੀ ਸਰਨ ਪਉ ਜੋ ਸਭ ਨੂੰ ਨਾਸ ਕਰਨ ਦੇ ਸਮਰੱਥ ਹੈ, ਜੋ ਹੁਣ ਪਿਛਲੇ ਸਮੇ ਤੇ ਅਗਾਂਹ ਲਈ ਸਦਾ ਹੀ ਪੂਰਨ ਤੌਰ ਤੇ ਨਾਸ-ਰਹਿਤ ਹੈ ਜੋ ਸਭ ਤੋਂ ਉੱਚੀ ਹਸਤੀ ਹੈ, ਤੇ ਜੋ ਸਦਾ ਖਿੜਿਆ ਰਹਿੰਦਾ ਹੈ।੨,੩। ਪ੍ਰਭੂ ਦੇ ਪਿਆਰੇ ਭਗਤ ਮਨ ਬਚਨ ਅਤੇ ਕਰਮ ਤੋਂ ਪਵਿਤ੍ਰ ਹੁੰਦੇ ਹਨ। ਉਨ੍ਹਾਂ ਨੂੰ ਜੋਗ ਨਾਲ ਕੀਹ ਵਾਸਤਾ? ਉਨ੍ਹਾਂ ਨੂੰ ਜੱਗ ਨਾਲ ਕੀਹ ਪ੍ਰਯੋਜਨ? ਉਨ੍ਹਾਂ ਨੂੰ ਦਾਨ ਅਤੇ ਤਪ ਨਾਲ ਕੀਹ?।੪।ਗੋਬਿੰਦ ਦਾ ਭਜਨ ਕਰ, ਗੋਬਿੰਦ ਨੂੰ ਜਪ, ਉਹੀ ਸਾਰੀਆਂ ਸਿੱਧੀਆਂ ਦਾ ਖ਼ਜ਼ਾਨਾ ਹੈ। ਜੈਦੇਵ ਭੀ ਹੋਰ ਆਸਰੇ ਸਾਰੇ ਛੱਡ ਕੇ ਉਸੇ ਦੀ ਸਰਨ ਆਇਆ ਹੈ, ਉਹ ਹੁਣ ਭੀ, ਪਿਛਲੇ ਸਮੇ ਭੀ ਅਗਾਂਹ ਨੂੰ ਭੀ ਹਰ ਵੇਲੇ ਹਰ ਥਾਂ ਮੌਜੂਦ ਹੈ।੫।੧।

ੴ ਸਤਿਗੁਰ ਪ੍ਰਸਾਦਿ॥ ਰਾਗੁ ਮਾਰੂ ਬਾਣੀ ਜੈਦੇਉ ਜੀਉ ਕੀ॥ ਚੰਦ ਸਤ ਭੇਦਿਆ ਨਾਦ ਸਤ ਪੂਰਿਆ ਸੂਰ ਸਤ ਖੋੜਸਾ ਦਤੁ ਕੀਆ॥ਅਬਲ ਬਲੁ ਤੋੜਿਆ ਅਚਲ ਚਲੁ ਥਪਿਆ ਅਘੜੁ ਘੜਿਆ ਤਹਾ ਅਪਿਉ ਪੀਆ॥੧॥ਮਨ ਆਦਿ ਗੁਣ ਆਦਿ ਵਖਾਣਿਆ॥ਤੇਰੀ ਦੁਬਿਧਾ ਦ੍ਰਿਸਟਿ ਸੰਮਾਨਿਆ॥੧॥ਰਹਾਉ॥ ਅਰਧਿ ਕਉ ਅਰਧਿਆ ਸਰਧਿ ਕਉ ਸਰਧਿਆ ਸਲਲ ਕਉ ਸਲਲਿ ਸੰਮਾਨਿ ਆਇਆ ॥ਬਦਤਿ ਜੈਦੇਉ ਜੈਦੇਵ ਕਉ ਰੰਮਿਆ ਬ੍ਰਹਮੁ ਨਿਰਬਾਣੁ ਲਿਵ ਲੀਣੁ ਪਾਇਆ॥੨॥੧॥(੧੧੦੬)

ਅਰਥ-ਹੇ ਮਨ! ਜਗਤ ਦੇ ਮੂਲ-ਪ੍ਰਭੂ ਦੀ ਸਿਫ਼ਤਿ-ਸਾਲਾਹ ਕੀਤਿਆਂ ਤੇਰਾ ਵਿਤਕਰੇ ਵਾਲਾ ਸੁਭਾਉ ਪੱਧਰਾ ਹੋ ਗਿਆ ਹੈ ॥੧॥ਰਹਾਉ॥ਸਿਫ਼ਤਿ-ਸਾਲਾਹ ਦੀ ਬਰਕਤਿ ਨਾਲ ਹੀ ਖੱਬੀ ਸੁਰ ਵਿਚ ਪ੍ਰਾਣ ਚੜ੍ਹ ਭੀ ਗਏ ਹਨ,ਸੁਖਮਨਾ ਵਿਚ ਅਟਕਾਏ ਭੀ ਗਏ ਹਨ, ਤੇ ਸੱਜੀ ਸੁਰ ਰਸਤੇ ਸੋਲਾਂ ਵਾਰੀ 'ਓਂ' ਆਖ ਕੇ (ਉਤਰ) ਭੀ ਆਏ ਹਨ (ਭਾਵ, ਪ੍ਰਾਣਾਯਾਮ ਦਾ ਸਾਰਾ ਉੱਦਮ ਸਿਫ਼ਤਿ-ਸਾਲਾਹ ਵਿਚ ਹੀ ਆ ਗਿਆ ਹੈ, ਸਿਫ਼ਤਿ-ਸਾਲਾਹ ਦੇ ਟਾਕਰੇ ਤੇ ਪ੍ਰਾਣ ਚਾੜ੍ਹਨ, ਟਿਕਾਣ ਅਤੇਉਤਾਰਨ ਵਾਲੇ ਸਾਧਨ ਪ੍ਰਾਣਾਯਾਮ ਦੀ ਲੋੜ ਹੀ ਨਹੀਂ ਰਹਿ ਗਈ। ਇਸ ਦਾ ਸਦਕਾ ਕਮਜ਼ੋਰ ਹੋਏ ਮਨ ਦਾ 'ਦੁਬਿਧਾ ਦ੍ਰਿਸਟਿ' ਵਾਲਾ ਬਲ ਟੁੱਟ ਗਿਆ ਹੈ, ਅਮੋੜ ਮਨ ਦਾ ਚੰਚਲ ਸੁਭਾਉ ਰੁਕ ਗਿਆ ਹੈ, ਇਹ ਅਲ੍ਹੜ ਮਨ ਹੁਣ ਸੋਹਣੀ ਘਾੜਤ ਵਾਲਾ ਹੋ ਗਿਆ ਹੈ, ਇਥੇ ਅੱਪੜ ਕੇ ਇਸ ਨੇ ਨਾਮ-ਅੰਮ੍ਰਿਤ ਪੀ ਲਿਆ ਹੈ।੧।

ਜੈਦੇਉ ਆਖਦਾ ਹੈ-ਜੇ ਆਰਾਧਣ-ਜੋਗ ਪ੍ਰਭੂ ਦੀ ਆਰਾਧਨਾ ਕਰੀਏ, ਜੇ ਸਰਧਾ-ਜੋਗ ਪ੍ਰਭ ਵਿਚ ਸਿਦਕ ਧਾਰੀਏ, ਤਾਂ ਉਸ ਨਾਲ ਇਕ-ਰੂਪ ਹੋ ਜਾਈਦਾ ਹੈ, ਜਿਵੇਂ ਪਾਣੀ ਨਾਲ ਪਾਣੀ। ਜੇਦੈਵ-ਪ੍ਰਭੂ ਦਾ ਸਿਮਰਨ ਕੀਤਿਆਂ ਉਹ ਵਾਸ਼ਨਾਂ-ਰਹਿਤ ਬੇ-ਪਰਵਾਹ ਪ੍ਰਭੂ ਮਿਲ ਪੈਂਦਾ ਹੈ।੨।੧। ਭਗਤ ਜੀ ਰੱਬੀ ਗਿਆਨ ਪ੍ਰਾਪਤ ਕਰ ਕ੍ਰਿਸ਼ਨ ਭਗਤੀ ਛੱਡ ਗਿਆਨ ਵਾਲੀ ਪ੍ਰਭੂ ਭਗਤੀ 'ਚ ਲੀਨ ਹੋ ਗਏ ਸਨ। ਭਗਤ ਜੈਦੇਵ ਜੀ ਦਾ ਰਾਗ ਗੂਜਰੀ ਵਾਲਾ ਪਦਾ ਅੱਜ ਵੀ ਬਹੁਤੇ ਪਾਠੀ, ਗੁਣੀ ਗਿਆਨੀ ਮੁਸ਼ਕਲ ਨਾਲ ਉਚਾਰਦੇ ਹਨ। ਸ਼੍ਰੋਮਣੀ ਕਮੇਟੀ ਟੈਸਟ ਪਾਸ ਲਈ ਇਹ ਪਦਾ ਲਾਜਮੀ ਸੁਣਦੀ ਹੈ। ਨੋਟ-ਸ਼ਬਦ ਗੁਰੂ ਗ੍ਰੰਥ ਵਿਖੇ ਕਿਸੇ ਵੀ ਪੱਥਰ, ਮੂਰਤੀ ਅਤੇ ਦੇਵੀ ਪੂਜ ਆਦਿਕ ਦੀ ਰਚਨਾ ਦਰਜ ਨਹੀਂ ਸਗੋਂ ਸਾਰੇ ਸਿਧਾਂਤਕ ਗਿਆਨੀਆਂ ਦੀ ਬਾਣੀ ਦਰਜ ਹੈ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਸਤਿਗੁਰੂ ਵਾਲਮੀਕ ਜੀ ਦਾ ਪਰਗਟ ਦਿਵਸ 23 ਅਕਤੂਬਰ ਨੂੰ ਮਨਾਇਆ ਜਾਵੇਗਾ



ਵਲੇਹੋ ਅਤੇ ਬੇ ਏਰੀਆ ਦੀ ਸੰਗਤ ਵਲੋ ਸਤਿਗੁਰੂ ਵਾਲਮੀਕ ਜੀ ਦਾ ਪਰਗਟ ਦਿਵਸ 23 ਅਕਤੂਬਰ 2022 ਦਿਨ ਐਤਵਾਰ ਨੂੰ ਵਲੈਹੋ 1461 N Camino Alto Vallejo CA 94589 ਵਿਖੇ ਮਨਾਇਆ ਜਾ ਰਿਹਾ ਹੈ ਆਪ ਸਭ ਨੇ ਪਰਿਵਾਰ ਸਮੇਤ ਪਹੁੰਚਣ ਦੀ ਕਿਰਪਾਲਤਾ ਕਰਨੀ ਤੁਹਾਡਾ ਧੰਨਵਾਦ ਜੀ।

ਧੰਨਵਾਦ ਸਹਿਤ

(ਹੋਰ ਜਾਣਕਾਰੀ ਲਈ ਸੰਪਰਕ ਕਰੋ)

**707-704-3869 (Kewal Singh Sidhu)**
**707-704-5216 (Sodhi Nahar )**
**916-873-0311 (Gurpal Singh)**
**916-613-3311 (Bhupinder Bhinda )**
**408-394-6729 (Baljiwan Das)**

# ਫਰਿਜ਼ਨੋ ਵਿਖੇ ਔਰਤਾਂ ਨੇ ਰਲ ਕੇ ਲਾਈ ਸੰਗੀਤਕ ਮਹਿਫਲ ਅਤੇ ਲੱਗੀਆਂ ਰੌਣਕਾਂ



**ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਮਿਹਨਤੀ ਲੋਕਾਂ ਕਲਈ ਵਿਦੇਸ਼ਾਂ ਦੀ ਜ਼ਿੰਦਗੀ ਤੇਜ਼ ਅਤੇ ਬੜੀ ਰੁਝੇਵਿਆਂ ਭਰੀ ਹੈ। ਜਿੱਥੇ ਹਰ ਕਿਸੇ ਨੂੰ ਆਪਣੇ ਲਈ ਵਕਤ ਕੱਢਣਾ ਵੀ ਬਹੁਤ ਹੁੰਦਾ ਹੈ। ਆਮ ਤੌਰ 'ਤੇ ਦੇਖਿਆ ਜਾਂਦਾ ਹੈ ਕਿ ਆਦਮੀ ਅਕਸਰ ਆਪਣੇ ਕੰਮਾਂ ਕਾਰਾ ਵਿੱਚੋਂ ਸਮਾਂ ਨਿਕਲਦਿਆਂ ਆਪਣੇ ਮਾਨਸਿਕ ਤਨਾਅ ਨੂੰ ਘੱਟ ਕਰਨ ਲਈ ਇਕੱਠੇ ਹੋ ਪਾਰਟੀਆਂ ਜਾਂ ਮਹਿਫ਼ਲਾਂ ਸਜ਼ਾ ਲੈਂਦੇ ਹਨ। ਪਰ ਔਰਤਾਂ ਕੰਮ ਤੋਂ ਘਰ ਆਉਂਦਿਆਂ ਹੀ ਘਰ ਦੀ ਰਸੋਈ, ਸਾਫ-ਸੁਫਾਈ, ਬੱਚਿਆਂ ਦੀ ਦੇਖ-ਭਾਲ ਅਤੇ ਹੋਰ ਕੰਮਾਂ ਕਾਰਾ ਵਿੱਚ ਉਲਝ ਕੇ ਰਹਿ ਜਾਂ-ਦੀਆਂ ਹਨ। ਉਨ੍ਹਾਂ ਦਾ ਸਾਰਾ ਸਮਾਂ ਪਰਿਵਾਰ ਲਈ ਹੁੰਦਾ ਹੈ। ਜੋ ਚਾਹੁੰਦੇ ਹੋਏ ਵੀ ਆਪਣੇ ਲਈ ਸਮਾਂ ਨਹੀਂ ਕੱਢ ਪਾਉਂਦੀਆਂ।

ਇਸ ਰੁਝੇਵਿਆਂ ਭਰੀ ਜ਼ਿੰਦਗੀ ਦੇ ਵਿੱਚੋਂ ਕੁਝ ਸਮਾਂ ਆਪਣੇ ਲਈ ਕੱਢ ਸੁਹਾਵਣਾ ਬਣਾਉਣ ਲਈ ਫਰਿਜ਼ਨੋ ਨਿਵਾਸੀ ਰਾਣੀ ਸੰਧੂ ਅਤੇ ਪਰਦੀਪ ਕੌਰ ਨੇ ਆਪਣੀਆਂ ਸਹੇਲੀਆਂ ਨਾਲ ਰਲ ਕੇ ਇਕ ਔਰਤਾਂ ਦੀ ਪਲੇਠੀ ਪੰਜਾਬੀ ਸੱਭਿਆਚਾਰ ਦੇ ਰੰਗ ਵਿੱਚ ਰੰਗੀ ਇਕ ਪਰਿਵਾਰਕ ਮਿਲਣੀ ਰੱਖੀ। ਘਰ ਦੇ ਘਰੇਲੂ ਕੰਮਾਂ ਕਾਰਾ ਤੋਂ ਬਾਹਰ ਆਉਂਦੇ ਹੋਏ, ਇਸ ਸਮੇਂ ਸੱਭਿਆਚਾਰ ਨਾਲ ਸੰਬੰਧਤ ਬਹੁਤ ਸਾਰੀਆਂ ਰਵਾਇਤੀ ਵਸਤਾਂ, ਜਿੰਨਾਂ ਵਿੱਚ ਖਾਸ ਤੌਰ 'ਤੇ ਚਰਖਾ, ਮਧਾਣੀ, ਪੱਖੀਆਂ, ਜਾਗੋ ਅਤੇ ਹੋਰ ਬਹੁਤ ਵਸਤਾਂ ਵੀ ਰੱਖੀਆਂ ਗਈਆਂ। ਬੀਬੀਆਂ ਨੇ ਗੀਤ ਮੁਕਾਬਲੇ ਵੀ ਕੀਤੇ। ਇਸ ਪ੍ਰੋਗਰਾਮ ਵਿੱਚ ਰੰਗ-ਬਰੰਗੀਆਂ ਪੁਸ਼ਾਕਾਂ ਪਾ ਸਜ-ਧਜ ਕੇ ਪਹੁੰਚੀਆਂ ਔਰਤਾਂ ਨੇ ਗੀਤ-ਸੰਗੀਤ, ਗਿੱਧਾ ਅਤੇ ਹੋਰ ਸੱਭਿਆਚਾਰਕ ਵੰਨਗੀਆਂ ਪੇਸ਼ ਕੀਤੀਆਂ। ਇਹ ਕੋਈ ਦਿਨ ਤਿਉਹਾਰ ਜਾਂ ਮੇਲਾ ਨਹੀਂ ਸੀ, ਪਰ ਇਸ ਪਲੇਠੇ ਪ੍ਰੋਗਰਾਮ ਦੀ ਰੌਣਕ ਅਤੇ ਮਹੌਲ ਬੜਾ ਸੋਹਣਾ ਇਕ ਮੇਲੇ ਵਰਗਾ ਸਿਰਜਿਆ ਹੋਇਆ ਸੀ। ਜਿੱਥੇ ਹਾਜ਼ਰ ਔਰਤਾਂ ਨੇ ਆਪਣੇ ਦੁੱਖ-ਸੁੱਖ ਦੀ ਸਾਂਝ ਦੇ ਨਾਲ-ਨਾਲ ਖੁੱਲ ਕੇ ਮਨ-ਪਰਚਾਵਾ ਵੀ ਕੀਤਾ। ਇਸ ਸਮੇਂ ਸੁਆਦਿਸਟ ਖਾਣਿਆਂ ਦਾ ਵੀ ਸਭ ਨੇ ਰਲ ਕੇ ਅਨੰਦ ਮਾਣਿਆ। ਸਮੁੱਚੇ ਪ੍ਰੋਗਰਾਮ ਦੀ ਸਫਲਤਾ ਲਈ ਰਾਣੀ ਸੰਧੂ ਅਤੇ ਸਮੂੰਹ ਸਹੇਲੀਆਂ ਵਧਾਈ ਦੀਆਂ ਪਾਤਰ ਹਨ।

# ਸਿੱਖ ਕੌਸ਼ਲ ਆਫ ਸੈਂਟਰਲ ਕੈਲੇਫੋਰਨੀਆਂ ਨੇ ਵਿਸ਼ੇਸ਼ ਮੀਟਿੰਗ ਰਾਹੀ ਪਾਲ ਸਿੰਘ ਪੁਰੇਵਾਲ ਨੂੰ ਦਿੱਤੀ ਸਰਧਾਂਜਲੀ

## "ਸਿੱਖ ਕੌਸ਼ਲ ਵੱਲੋਂ ਦਸੰਬਰ ਵਿੱਚ ਹੋਵੇਗਾ ਵਿਸ਼ੇਸ਼ ਪ੍ਰੋਗਰਾਮ"

**ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਸਿੱਖ ਕੌਂਸਲ ਆਫ ਸੈਂਟਰਲ ਕੈਲੇਫੋਰਨੀਆਂ ਦੇ ਮੁੱਖ ਮੈਂਬਰਾਂ ਦੀ ਇਕ ਵਿਸ਼ੇਸ਼ ਮੀਟਿੰਗ "ਗੁਰਦੁਆਰਾ ਗੁਰੂ ਰਵਿਦਾਸ ਜੀ" ਸੈਲਮਾਂ ਵਿਖੇ ਸੰਸਥਾ ਦੇ ਜਨਰਲ ਸਕੱਤਰ ਸ ਸੁਖਦੇਵ ਸਿੰਘ ਚੀਮਾਂ ਦੀ ਪ੍ਰਧਾਨਗੀ ਹੇਠ ਹੋਈ। ਜਿਸ ਦੀ ਸੁਰੂਆਤ ਮੂਲ ਮੰਤਰ ਦੇ ਜਾਪ ਨਾਲ ਹੋਈ। ਇਸ ਉਪਰੰਤ ਸੁਖਦੇਵ ਸਿੰਘ ਚੀਮਾ ਨੇ ਮੂਲ ਨਾਨਕਸ਼ਾਹੀ ਸਿੱਖ ਕੈਲੰਡਰ ਦੇ ਸਿਰਜਣਹਾਰ / ਲੇਖਕ / ਆਰਕੀਟੈਕਟ ਅਤੇ 1999 ਵਿੱਚ ਸ਼੍ਰੋਮਣੀ ਕਮੇਟੀ ਵੱਲੋਂ ਅਪਣਾਏ ਗਏ ਸ। ਪਾਲ ਸਿੰਘ ਪੁਰੇਵਾਲ ਦੀ22 ਸਤੰਬਰ 2022 ਨੂੰ ਅਚਾਨਕ ਹੋਈ ਮੌਤ ਦੀ ਜਾਣਕਾਰੀ ਸਾਂਝੀ ਕੀਤੀ। ਜਿਸ 'ਤੇ ਦੁੱਖ ਦਾ ਪ੍ਰਗਟਾ ਕੀਤਾ ਗਿਆ ਅਤੇ ਸਿੱਖ ਕੌਸ਼ਲ ਵੱਲੋਂ ਸਵਰਗੀ ਸ। ਪਾਲ ਸਿੰਘ ਪੁਰੇਵਾਲ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ ਵਾਹਿਗੁਰੂ ਜਾਪ ਕੀਤਾ ਗਿਆ। ਇਸ ਉਪਰੰਤ ਸੈਂਟਰਲ ਕੈਲੇਫੋਰਨੀਆਂ ਦੇ ਗੁਰੂ ਘਰਾਂ ਨਾਲ ਸੰਬੰਧਤ ਏਜੰਡਿਆਂ 'ਤੇ ਵਿਚਾਰਾ ਅਤੇ ਸੁਝਾਵਾਂ ਦਾ ਸੈਸ਼ਨ




ਚੱਲਿਆ। ਇਸੇ ਦੌਰਾਨ ਆਉਣ ਵਾਲੇ ਦਿਨਾਂ ਵਿੱਚ ਗੁਰਪੁਰਬ ਮਨਾਉਣ ਅਤੇ ਸਮੁੱਚੇ ਅਮੈਰੀਕਨ ਭਾਈਚਾਰੇ ਨੂੰ ਸਿੱਖ ਇਤਿਹਾਸ ਬਾਰੇ ਜਾਣਕਾਰੀ ਦੇਣ ਲਈ ਪ੍ਰਸਤਾਵ ਵੀ ਰੱਖਿਆ ਗਿਆ। ਇਸ ਸਮੇਂ ਇਹ ਪ੍ਰਸਤਾਵ ਸਭ ਦੀ ਸਹਿਮਤੀ ਨਾਲ ਪਾਸ ਕੀਤਾ ਗਿਆ ਕਿ ਸਿੱਖ ਕੌਸ਼ਲ ਆਫ ਕੈਲੇਫੋਰਨੀਆਂ ਵੱਲੋਂ ਇਸ ਸਾਲ ਦਸੰਬਰ ਮਹੀਨੇ ਵਿੱਚ ਵਿਸ਼ੇਸ਼ ਪ੍ਰੋਗਰਾਮ ਕਰਵਾਇਆ ਜਾਵੇਗਾ। ਜਿਸ ਵਿੱਚ ਸਿੱਖ ਕੌਮ ਦੇ ਮਹਾਨ ਬੁਲਾਰਿਆਂ ਨੂੰ ਬੁਲਾਇਆ ਜਾਵੇਗਾ।

ਮੀਟਿੰਗ ਵਿੱਚ ਕੌਂਸਲ ਦੇ ਨਿਯਮਤ ਕੰਮਕਾਜ ਤੋਂ ਇਲਾਵਾ ਆਗਾਮੀ ਗੁਰਪੁਰਬਾਂ ਬਾਰੇ ਵੀ ਵਿਚਾਰ ਵਟਾਂਦਰਾ ਕੀਤਾ ਗਿਆ। ਇਸੇ ਮੀਟਿੰਗ ਦੌਰਾਨ ਸੰਸਥਾ ਦੇ ਮੈਂਬਰ ਸ ਅਮਰੀਕ ਵਿਰਕ ਦੀ ਸਿਹਤ ਸੁਧਾਰ ਦੇ ਲਈ ਅਰਦਾਸ ਕੀਤੀ ਗਈ। ਅੰਤ ਮੈਂਬਰਸ਼ਿਪ ਅਤੇ ਸੰਸਥਾ ਦੇ ਲੇਖੇ-ਜੋਖੇ ਬਾਅਦ ਇਹ ਮੀਟਿੰਗ ਸਰਬੱਤ ਦੇ ਭਲੇ ਦੀ ਅਰਦਾਸ ਨਾਲ ਸਮਾਪਤ ਹੋਈ।

# 84 ਦੇ ਦਿੱਲੀ ਦੰਗਿਆਂ ਵਰਗਾ ਕਿਤੇ ਨਾ ਵਾਪਰੇ-ਪੈਟ ਟੂਮੀ

**ਵਾਸ਼ਿੰਗਟਨ-** ਭਾਰਤ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਵਾਪਰੇ ਦੰਗਿਆਂ ਬਾਰੇ ਇੱਕ ਅਮਰੀਕੀ ਸੈਨੇਟਰ ਨੇ ਤਿੱਖਾ ਬਿਆਨ ਦਿੱਤਾ ਹੈ। 1984 ਦੇ ਸਿੱਖ ਵਿਰੋਧੀ ਦੰਗਿਆਂ ਨੂੰ ਆਧੁਨਿਕ ਭਾਰਤੀ ਇਤਿਹਾਸ ਦੇ 'ਸਭ ਤੋਂ ਕਾਲੇ' ਸਾਲਾਂ ਵਿੱਚੋਂ ਇੱਕ ਕਰਾਰ ਦਿੰਦਿਆਂ ਅਮਰੀਕੀ ਸੈਨੇਟਰ ਪੈਟ ਟੂਮੀ ਨੇ ਸਿੱਖਾਂ 'ਤੇ ਹੋਏ ਅੱਤਿਆਚਾਰਾਂ ਨੂੰ ਯਾਦ ਰੱਖਣ ਦੀ ਲੋੜ 'ਤੇ ਜ਼ੋਰ ਦਿੱਤਾ ਹੈ ਤਾਂ ਜੋ ਇਸ ਲਈ ਜ਼ਿੰਮੇਵਾਰ ਲੋਕਾਂ ਨੂੰ ਜਵਾਬਦੇਹ ਠਹਿਰਾਇਆ ਜਾ ਸਕੇ। ਭਾਰਤ ਵਿੱਚ, 31 ਅਕਤੂਬਰ, 1984 ਨੂੰ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਉਸਦੇ ਸਿੱਖ ਅੰਗ ਰੱਖਿਅਕਾਂ ਦੁਆਰਾ ਕਤਲ ਕੀਤੇ ਜਾਣ ਤੋਂ ਬਾਅਦ ਦਿੱਲੀ ਅਤੇ ਦੇਸ਼ ਦੇ ਹੋਰ ਹਿੱਸਿਆਂ ਵਿੱਚ ਹਿੰਸਾ ਭੜਕ ਗਈ ਸੀ। ਇਸ ਹਿੰਸਾ ਵਿੱਚ ਪੂਰੇ ਭਾਰਤ ਵਿੱਚ 3,000 ਤੋਂ ਵੱਧ ਸਿੱਖਾਂ ਦੀ ਜਾਨ ਚਲੀ ਗਈ ਸੀ। ਸੈਨੇਟਰ ਪੈਟ ਟੂਮੀ ਨੇ ਸੈਨੇਟ ਵਿੱਚ ਆਪਣੇ ਭਾਸ਼ਣ ਵਿੱਚ ਕਿਹਾ, 'ਸਾਲ 1984 ਆਧੁਨਿਕ ਭਾਰਤੀ ਇਤਿਹਾਸ ਵਿੱਚ ਸਭ ਤੋਂ ਕਾਲੇ ਸਾਲਾਂ ਵਿੱਚੋਂ ਇੱਕ ਹੈ। ਦੁਨੀਆ ਨੇ ਭਾਰਤ ਵਿੱਚ ਨਸਲੀ ਸਮੂਹਾਂ ਵਿਚਕਾਰ ਬਹੁਤ ਸਾਰੀਆਂ ਹਿੰਸਕ ਘਟਨਾਵਾਂ ਦੇਖੀਆਂ ਹਨ, ਜਿਨ੍ਹਾਂ ਵਿੱਚੋਂ ਬਹੁਤ ਸਾਰੀਆਂ ਖਾਸ ਤੌਰ 'ਤੇ ਸਿੱਖ ਭਾਈਚਾਰੇ ਨੂੰ ਨਿਸ਼ਾਨਾ ਬਣਾਉਂਦੀਆਂ ਹਨ। ਉਨ੍ਹਾਂ ਕਿਹਾ, "ਅੱਜ ਅਸੀਂ ਇੱਥੇ ਉਸ ਦੁਖਾਂਤ ਨੂੰ ਯਾਦ ਕਰ ਰਹੇ ਹਾਂ ਜੋ 1 ਨਵੰਬਰ 1984 ਨੂੰ ਭਾਰਤ ਦੇ ਪੰਜਾਬ ਸੂਬੇ ਵਿੱਚ ਸਿੱਖਾਂ ਅਤੇ ਕੇਂਦਰ ਸਰਕਾਰ ਦਰਮਿਆਨ ਕਈ ਦਹਾਕਿਆਂ ਦੇ ਨਸਲੀ ਤਣਾਅ ਤੋਂ ਬਾਅਦ ਵਾਪਰੀ ਸੀ।" ਪੈਨਸਿਲਵੇਨੀਆ ਤੋਂ ਸੈਨੇਟਰ ਨੇ ਕਿਹਾ ਕਿ ਅਕਸਰ ਅਜਿਹੇ ਮਾਮਲਿਆਂ ਵਿੱਚ, ਅਧਿਕਾਰਤ



ਅਨੁਮਾਨ ਪੂਰੀ ਕਹਾਣੀ ਨਹੀਂ ਦੱਸ ਸਕਦੇ, ਪਰ ਇਹ ਅੰਦਾਜ਼ਾ ਲਗਾਇਆ ਗਿਆ ਹੈ ਕਿ 30,000 ਤੋਂ ਵੱਧ ਸਿੱਖ ਮਰਦਾਂ, ਔਰਤਾਂ ਅਤੇ ਬੱਚਿਆਂ ਨੂੰ ਭਾਰਤ ਭਰ ਵਿੱਚ ਭੀੜ ਦੁਆਰਾ ਜਾਣਬੁੱਝ ਕੇ ਨਿਸ਼ਾਨਾ ਬਣਾਇਆ ਗਿਆ, ਬਲਾਤਕਾਰ ਕੀਤਾ ਗਿਆ, ਕਤਲ ਕੀਤਾ ਗਿਆ ਅਤੇ ਉਜਾੜਨ ਲਈ ਮਜਬੂਰ ਕੀਤਾ ਗਿਆ। ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਮਨੁੱਖੀ ਅਧਿਕਾਰਾਂ ਦੇ ਘਾਣ ਨੂੰ ਰੋਕਣ ਲਈ ਸਾਨੂੰ ਇਨ੍ਹਾਂ ਦੇ ਪੁਰਾਣੇ ਰੂਪਾਂ ਨੂੰ ਪਛਾਣਨਾ ਹੋਵੇਗਾ। ਸਾਨੂੰ ਸਿੱਖਾਂ ਵਿਰੁੱਧ ਹੋਏ ਅੱਤਿਆਚਾਰਾਂ ਨੂੰ ਯਾਦ ਰੱਖਣਾ ਚਾਹੀਦਾ ਹੈ ਤਾਂ ਜੋ ਜ਼ਿੰਮੇਵਾਰ ਲੋਕਾਂ ਨੂੰ ਜਵਾਬਦੇਹ ਠਹਿਰਾਇਆ ਜਾ ਸਕੇ ਅਤੇ ਸਿੱਖ ਕੌਮ ਜਾਂ ਦੁਨੀਆ ਭਰ ਦੇ ਹੋਰ ਭਾਈਚਾਰਿਆਂ ਵਿਰੁੱਧ ਅਜਿਹੀ ਦੁਖਾਂਤ ਮੁੜ ਨਾ ਵਾਪਰੇ। ਟੂਮੀ ਅਮਰੀਕਨ ਸਿੱਖ ਕਾਂਗਰੇਸ਼ਨਲ ਕਾਕਸ ਦੀ ਮੈਂਬਰ ਵੀ ਹੈ। ਉਨ੍ਹਾਂ ਕਿਹਾ ਕਿ ਭਾਰਤ ਦੇ ਪੰਜਾਬ ਖੇਤਰ ਵਿੱਚ ਸਿੱਖ ਧਰਮ ਦੀਆਂ ਜੜ੍ਹਾਂ ਲਗਭਗ 600 ਸਾਲ ਪੁਰਾਣੀਆਂ ਹਨ। ਦੁਨੀਆ ਦੇ ਪ੍ਰਮੁੱਖ ਧਰਮਾਂ ਵਿੱਚੋਂ ਇੱਕ, ਸਿੱਖ ਧਰਮ ਦੀ ਦੁਨੀਆ ਭਰ ਵਿੱਚ ਲਗਭਗ 30 ਮਿਲੀਅਨ ਲੋਕ ਹਨ। ਅਮਰੀਕਾ ਵਿਚ ਇਨ੍ਹਾਂ ਦੀ ਗਿਣਤੀ ਲਗਭਗ 700,000 ਹੈ। ਉਨ੍ਹਾਂ ਕਿਹਾ ਕਿ ਇਤਿਹਾਸ 'ਤੇ ਨਜ਼ਰ ਮਾਰਦਿਆਂ ਸਿੱਖਾਂ ਨੇ ਸਾਰੇ ਧਾਰਮਿਕ, ਸੱਭਿਆਚਾਰਕ ਅਤੇ ਨਸਲੀ ਪਿਛੋਕੜ ਵਾਲੇ ਲੋਕਾਂ ਦੀ ਸੇਵਾ ਕਰਨ ਲਈ ਡੂੰਘੀ ਵਚਨਬੱਧਤਾ ਦਿਖਾਈ ਹੈ, ਜੋ ਉਨ੍ਹਾਂ ਦੀ ਉਦਾਰਤਾ ਅਤੇ ਭਾਈਚਾਰੇ ਦੀ ਭਾਵਨਾ ਨੂੰ ਦਰਸਾਉਂਦੀ ਹੈ। ਟੂਮੀ ਨੇ ਕਿਹਾ ਕਿ ਕੋਵਿਡ-19 ਮਹਾਂਮਾਰੀ ਦੌਰਾਨ, ਪੈਨਸਿਲਵੇਨੀਆ ਅਤੇ ਸੰਯੁਕਤ ਰਾਜ ਵਿੱਚ ਸਿੱਖ ਭਾਈਚਾਰਿਆਂ ਨੇ ਹਜ਼ਾਰਾਂ ਪਰਿਵਾਰਾਂ ਨੂੰ ਕਰਿਆਨੇ, ਮਾਸਕ ਅਤੇ ਹੋਰ ਸਮਾਨ ਦੀ ਸਪਲਾਈ ਕੀਤੀ, ਅਤੇ ਫਿਰ ਉਨ੍ਹਾਂ ਲਈ ਜਾਤ, ਲਿੰਗ, ਧਰਮ ਜਾਂ ਨਸਲ ਕੋਈ ਮਾਇਨੇ ਨਹੀਂ ਰੱਖਦੀ ਸੀ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਨਿੱਜੀ ਤੌਰ 'ਤੇ ਸਿੱਖਾਂ ਦੀ ਭਾਵਨਾ ਨੂੰ ਦੇਖਿਆ ਹੈ ਅਤੇ ਬਰਾਬਰਤਾ, ਸਤਿਕਾਰ ਅਤੇ ਸ਼ਾਂਤੀ ਦੀ ਸਿੱਖ ਪਰੰਪਰਾ ਨੂੰ ਚੰਗੀ ਤਰ੍ਹਾਂ ਸਮਝਿਆ ਹੈ। ਉਨ੍ਹਾਂ ਕਿਹਾ ਕਿ ਇਹ ਸਪੱਸ਼ਟ ਹੈ ਕਿ ਸਿੱਖ ਭਾਈਚਾਰਿਆਂ ਦੀ ਮੌਜੂਦਗੀ ਅਤੇ ਯੋਗਦਾਨ ਨੇ ਨਾ ਸਿਰਫ਼ ਦੇਸ਼ ਨੂੰ ਸਗੋਂ ਉਨ੍ਹਾਂ ਦੇ ਆਂਢ-ਗੁਆਂਢ ਨੂੰ ਵੀ ਅਮੀਰ ਕੀਤਾ ਹੈ।

# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੋਫਰਨੀਆ)

ਜਿਵੇਂ ਕਿ ਆਪ ਜਾਣਦੇ ਹੋ ਕਿ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਦੀ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਟੈਂਪਲ ਬੇ-ਏਰੀਆ ਦੀ ਉਸਾਰੀ ਦਾ ਕੰਮ ਆਰੰਭ ਹੋ ਚੁੱਕਾ ਹੈ। ਅਸੀਂ ਉਹਨਾਂ ਸਾਰੇ ਦਾਨੀ ਪਰਿਵਾਰਾਂ ਦੇ ਬਹੁਤ ਦਿਲੀ ਧੰਨਵਾਦੀ ਹਾਂ, ਜਿਹਨਾਂ ਨੇ ਗੁਰੂ ਘਰ ਦੀ ਬਿਲਡਿੰਗ ਦੀ ਉਸਾਰੀ ਵਾਸਤੇ ਮਾਇਆ ਦਾ ਸਹਿਯੋਗ ਕੀਤਾ ਅਤੇ ਕਰ ਰਹੇ ਹਨ। ਇੱਥੇ ਅਸੀਂ ਵਿਸ਼ੇਸ਼ ਤੌਰ ਤੇ ਕੁਝ ਪਰਿਵਾਰਾਂ ਦਾ ਜ਼ਿਕਰ ਅਤੇ ਧੰਨਵਾਦ ਕਰਦੇ ਹਾਂ, ਜਿਹਨਾਂ ਨੇ ਬਿਨਾਂ ਕਿਸੇ ਵਿਆਜ ਦੇ ਮਾਇਆ ਦਾ ਸਹਿਯੋਗ ਕੀਤਾ ਹੈ। ਉਹਨਾਂ ਵਿਚ –

| | | | |
|---|---|---|---|
| Sukhraj Singh Chopra | **$ 250,000.00** | Vinod Kumar Chumber | **$ 175,000.00** |
| Sukhdev Singh Chopra | **$ 100,000.00** | Gurmail Singh Maman | **$ 100,000.00** |
| Ram Lubhaya | **$ 50,000.00** | Harmesh Modhara | **$ 50,000.00** |
| Malkit Singh Bangar | **$ 10,000.00.** | | |



Vinod Kumar Chumber (Chairman) 510-953-9800



Ram Lubhaya (President) 408-449-1105




ਪ੍ਰਬੰਧਕ ਕਮੇਟੀ, ਗੁਰੂ ਪਿਆਰੀ ਸਾਧ ਸੰਗਤ ਦੀ ਅਤੀ ਧੰਨਵਾਦੀ ਹੈ, ਜਿਹਨਾਂ ਨੇ ਮਾਇਕ ਤੌਰ ਤੇ ਇਸ ਸ਼ੁਭ ਕਾਰਜ ਲਈ ਸੇਵਾ ਕੀਤੀ ਹੈ। ਵਾਹਿਗੁਰੂ ਉਹਨਾਂ ਸਾਰੇ ਪਰਿਵਾਰਾਂ ਨੂੰ ਤੰਦਰੁਸਤੀ ਅਤੇ ਖੁਸ਼ਹਾਲੀ ਬਖਸ਼ਣ, ਜਿਹਨਾਂ ਖਜਾਨਿਆਂ 'ਚੋਂ ਇਹ ਮਾਇਆ ਆਈ ਹੈ, ਵਾਹਿਗੁਰੂ ਉਹਨਾਂ ਨੂੰ ਹੋਰ ਪ੍ਰਫੁੱਲਿਤ ਕਰੇ। ਇਸ ਦੇ ਨਾਲ ਹੀ ਅਸੀਂ ਬਾਕੀ ਸਾਰੀ ਗੁਰੂ ਪਿਆਰੀ ਸਾਧ ਸੰਗਤ ਨੂੰ ਸਨਿਮਰ ਬੇਨਤੀ ਕਰਦੇ ਹਾਂ ਕਿ ਆਪ ਜੀ ਵੀ ਆਪਣੀ ਸ਼ਰਧਾ ਅਤੇ ਵਿੱਤ ਅਨੁਸਾਰ ਇਸ ਸ਼ੁਭ ਕਾਰਜ ਲਈ ਜ਼ਰੂਰ ਯੋਗਦਾਨ ਪਾਓ ਜੀ।

ਧੰਨਵਾਦ ਸਹਿਤ ਸਮੂਹ ਪ੍ਰਬੰਧਕ ਕਮੇਟੀ

**ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੋਫਰਨੀਆ)**



Naresh Kumar (Secretary) 510-857-4551



Sohan Singh Dhanda (Treasurer) 510-200-6649





## ਸ੍ਰੀ ਗੁਰੂ ਰਵਿਦਾਸ ਟੈਂਪਲ ਬੇ-ਏਰੀਆ (ਕੈਲੇਫੋਰਨੀਆ) ਗੁਰੂ ਘਰ ਦੀ ਉਸਾਰੀ ਲਈ ਗਾਖਲ ਭਰਾਵਾਂ ਅਤੇ ਕਮਲਦੇਵ ਅਤੇ ਪਰਿਵਾਰ ਵੱਲੋਂ ਗੁਰੂ ਘਰ ਲਈ ਮਾਇਆ ਦਾ ਸਹਿਯੋਗ



ਬੀਤੇ ਦਿਨੀਂ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਨੂੰ ਗੁਰੂ ਘਰ ਦੀ ਉਸਾਰੀ ਜਾ ਰਹੀ ਬਿਲਡਿੰਗ ਲਈ ਗਾਖਲ ਭਰਾਵਾਂ (ਅਮੋਲਕ ਸਿੰਘ ਗਾਖਲ, ਇਕਬਾਲ ਸਿੰਘ ਗਾਖਲ ਅਤੇ ਪ੍ਰਮਿੰਦਰ ਸਿੰਘ ਗਾਖਲ) ਵੱਲੋਂ 11 ਹਜ਼ਾਰ ਡਾਲਰ ਸਭਾ ਦੇ ਚੇਅਰਮੈਨ ਸ੍ਰੀ ਵਿਨੋਦ ਕੁਮਾਰ ਚੁੰਬਰ ਨੂੰ ਭੇਂਟ ਕੀਤੇ। ਇਸ ਮੌਕੇ ਨਾਮਵਰ ਸ਼ਖਸੀਅਤ ਸ੍ਰੀ ਅਮਰੀਕ ਚੰਦ ਲਾਖਾ, ਸ੍ਰੀ ਰਾਮ ਲੁਭਾਇਆ (ਪ੍ਰਧਾਨ) ਅਤੇ ਸ੍ਰੀ ਸੋਹਣ ਸਿੰਘ ਢੰਡਾ (ਖਜਾਨਚੀ), ਸ੍ਰੀ ਅਸ਼ੋਕ ਭੌਰਾ ਆਦਿ ਹਾਜ਼ਰ ਸਨ।




ਗੁਰੂ ਘਰ ਦੇ ਪਰਮ ਸੇਵਕ ਸ੍ਰੀ ਕਮਲਦੇਵ ਅਤੇ ਉਹਨਾਂ ਦੇ ਪਰਿਵਾਰ ਵੱਲੋਂ ਗੁਰੂ ਘਰ ਦੀ ਉਸਾਰੀ ਲਈ ਚੇਅਰਮੈਨ ਸ੍ਰੀ ਵਿਨੋਦ ਕੁਮਾਰ ਚੁੰਬਰ ਨੂੰ 5 ਹਜ਼ਾਰ ਡਾਲਰ ਦਾ ਚੈਕ ਭੇਂਟ ਕਰਦੇ ਹੋਏ। ਉਹਨਾਂ ਦੇ ਨਾਲ ਖੜ੍ਹੇ ਹਨ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਦੇ ਉਪ ਪ੍ਰਧਾਨ ਸ੍ਰੀ ਰਕੇਸ਼ ਕੁਮਾਰ, ਸ੍ਰੀ ਨਰੇਸ਼ ਕੁਮਾਰ ਗੱਡੂ (ਜਨਰਲ ਸਕੱਤਰ), ਮੋਹਿੰਦਰ ਮਦਾਰਾ ਅਤੇ ਮਹਿੰਦਰ ਸਰੋਆ ਆਦਿ।












# ਚੰਡੀਗੜ੍ਹ ਯੂਨੀਵਰਸਿਟੀ ਵਿਖੇ ਦੋ ਰੋਜ਼ਾ ਗਲੋਬਲ ਐਜੂਕੇਸ਼ਨ ਸਮਿੱਟ ਦਾ ਹੋਇਆ ਆਗ਼ਾਜ਼






ਨਵੀਨਤਮ ਅਧਿਆਪਨ ਵਿਧੀਆਂ ਅਤੇ ਅਕਾਦਮਿਕ ਮਾਡਲਾਂ ਦੀ ਗਲੋਬਲ ਸਥਿਰਤਾ ਲਈ ਉਚੇਰੀ ਸਿੱਖਿਆ ਵਿੱਚ ਅੰਤਰ-ਰਾਸ਼ਟਰੀ ਅਕਾਦਮਿਕ ਸਹਿਯੋਗ ਨੂੰ ਮਜ਼ਬੂਤ ਕਰਨ 'ਤੇ ਧਿਆਨ ਕੇਂਦਰਿਤ ਕਰਦੇ ਹੋਏ, ਚੰਡੀਗੜ੍ਹ ਯੂਨੀਵਰਸਿਟੀ ਘੜੂੰਆਂ ਵਿਖੇ ਦੋ ਰੋਜ਼ਾ ਗਲੋਬਲ ਐਜੂਕੇਸ਼ਨ ਸਮਿਟ-2022 ਦਾ ਆਗਾਜ਼ ਹੋਇਆ। ਇਸ ਸੰਮੇਲਨ ਦਾ ਵਿਸ਼ਾ ਇਨੋਵੇਸ਼ਨ ਅਤੇ ਵਿਸ਼ਵ ਸਥਿਰਤਾ ਲਈ ਉੱਚ ਸਿੱਖਿਆ ਵਿੱਚ ਅੰਤਰਰਾਸ਼ਟਰੀ ਅਕਾਦਮਿਕ ਸਹਿਯੋਗ 'ਤੇ ਆਧਾਰਿਤ ਰਿਹਾ।ਦੋ ਦਿਨ ਚੱਲਣ ਵਾਲੇ ਇਸ ਸੰਮੇਲਨ 'ਚ ਦੌਰਾਨ ਅਮਰੀਕਾ, ਆਸਟ੍ਰੇਲੀਆ, ਕੈਨੇਡਾ, ਆਇਰਲੈਂਡ, ਰੂਸ, ਮਲੇਸ਼ੀਆ ਅਤੇ ਯੂ.ਕੇ ਸਮੇਤ ਵੱਖ-ਵੱਖ 27 ਦੇਸ਼ਾਂ ਦੀਆਂ 50 ਦੇ ਕਰੀਬ ਯੂਨੀਵਰਸਿਟੀਆਂ ਤੋਂ ਵਾਈਸ ਚਾਂਸਲਰ ਇੱਕ ਮੰਚ 'ਤੇ ਆ ਕੇ ਆਪਣੇ ਵਿਚਾਰਾਂ ਦੀ ਸਾਂਝ ਪਾ ਰਹੇ ਹਨ।

ਸੰਮੇਲਨ ਦਾ ਉਦਘਾਟਨ ਸਨਵੇ ਯੂਨੀਵਰਸਿਟੀ ਮਲੇਸ਼ੀਆ ਦੇ ਪ੍ਰੈਜੀਡੈਂਟ ਪ੍ਰੋ. (ਡਾ.) ਸਿਬਰਾਂਡੇਸ ਪੋਪੇਮਾ, ਕੁਮਾਸੀ ਟੈਕਨੀਕਲ ਯੂਨੀਵਰਸਿਟੀ ਘਾਨਾ ਦਾ ਵਾਈਸ ਚਾਂਸਲਰ ਪ੍ਰੋ. (ਡਾ.) ਓਸੇਈ ਵੂਸੂ ਅਚਾਵ, ਬਰੂਨੇਈ ਯੂਨੀਵਰਸਿਟੀ ਆਫ਼ ਟੈਕਨਾਲੋਜੀ ਦੇ ਵਾਈਸ ਚਾਂਸਲਰ ਪ੍ਰੋ. (ਡਾ.) ਹਾਜਾ ਜ਼ੋਹਰਾਹ ਬਿਨਤੀ ਹਾਜੀ ਸੁਲੇਮਾਨ ਵੱਲੋਂ ਕੀਤਾ ਗਿਆ।ਉਦਘਾਟਨੀ ਅਤੇ ਤਕਨੀਕੀ ਸੈਸ਼ਨਾਂ ਦੌਰਾਨ ਭਾਰਤ ਦੀਆਂ ਵੱਖ-ਵੱਖ ਵਿਦਿਅਕ ਸੰਸਥਾਵਾਂ ਤੋਂ ਸਿੱਖਿਆ ਸ਼ਾਸ਼ਤਰੀ, ਵਿਦਿਆਰਥੀ, ਬੁੱਧੀਜੀਵੀਆਂ ਤੋਂ ਇਲਾਵਾ ਚੰਡੀਗੜ੍ਹ ਯੂਨੀਵਰਸਿਟੀ ਦੇ ਪ੍ਰੋ-ਚਾਂਸਲਰ ਡਾ. ਆਰ.ਐਸ ਬਾਵਾ ਅਤੇ ਵਾਈਸ ਚਾਂਸਲਰ ਡਾ. ਆਨੰਦ ਅਗਰਵਾਲ ਉਚੇਚੇ ਤੌਰ 'ਤੇ ਹਾਜ਼ਰ ਸਨ।

ਉਦਘਾਟਨੀ ਸਮਾਗਮ ਨੂੰ ਸੰਬੋਧਨ ਕਰਦਿਆਂ ਪ੍ਰੋ. (ਡਾ.) ਸਿਬਰਾਂਡੇਸ ਪੋਪੇਮਾ ਨੇ ਕਿਹਾ ਕਿ ਸਿੱਖਿਆ ਦਾ ਮਤਲਬ ਸਿਰਫ਼ ਆਪਣੀ ਪ੍ਰਤਿਭਾ ਨੂੰ ਚੰਗੇਰੇ ਕੰਮਾਂ ਲਈ ਲੱਭਣਾ ਅਤੇ ਵਰਤਣਾ ਹੀ ਨਹੀਂ ਹੈ, ਸਗੋਂ ਦੂਜਿਆਂ ਨੂੰ ਵੀ ਆਪਣੀ ਪ੍ਰਤਿਭਾ ਵਿਕਸਿਤ ਕਰਨ ਦੇ ਯੋਗ ਬਣਾਉਣਾ ਹੈ। ਇਸ ਸੰਦਰਭ ਵਿੱਚ ਦੁਨੀਆ ਭਰ ਦੀਆਂ ਸਾਰੀਆਂ ਯੂਨੀਵਰਸਿਟੀਆਂ ਇੱਕ-ਦੂਜੇ ਤੋਂ ਸਿੱਖ ਸਕਦੀਆਂ ਹਨ। ਉਨ੍ਹਾਂ ਕਿਹਾ ਕਿ ਗਲੋਬਲ ਐਜੂਕੇਸ਼ਨ ਸਮਿਟ ਹਿੱਸਾ ਲੈਣ ਵਾਲੀਆਂ ਯੂਨੀਵਰਸਿਟੀਆਂ ਲਈ ਉਨ੍ਹਾਂ ਚੁਣੌਤੀਆਂ ਬਾਰੇ ਚਰਚਾ ਕਰਨ ਦਾ ਇੱਕ ਵਧੀਆ ਮੌਕਾ ਹੈ ਜਿਨ੍ਹਾਂ ਦਾ ਉਹ ਸਭ ਸਾਹਮਣਾ ਕਰ ਰਹੇ ਹਨ।ਅਜੋਕੇ ਸਮੇਂ ਵਿੱਚ ਵਿਸ਼ਵ ਭਰ ਦੀਆਂ ਸਿੱਖਿਆ ਸੰਸਥਾਵਾਂ ਨੇ ਸਹਿਯੋਗ ਦੀ ਮਹੱਤਤਾ ਨੂੰ ਜਾਣ ਲਿਆ ਹੈ। ਯੂਨੀਵਰਸਿਟੀਆਂ ਵਿਚਕਾਰ ਭਾਈਵਾਲੀ ਸਾਨੂੰ ਸਾਰਿਆਂ ਨੂੰ ਆਪਣੇ ਵਿਦਿਆਰਥੀਆਂ ਨੂੰ ਬਿਹਤਰ ਪੇਸ਼ਕਸ਼ ਕਰਨ ਦੀ ਇਜਾਜ਼ਤ ਦੇਵੇਗੀ। ਉਨ੍ਹਾਂ ਕਿਹਾ ਕਿ ਅਜੋਕੇ ਸਮੇਂ 'ਚ ਸਿਰਫ਼ ਹੁਨਰ, ਗਿਆਨ ਅਤੇ ਯੋਗਤਾ ਹੀ ਨਹੀਂ ਸਗੋਂ ਕਦਰਾਂ-ਕੀਮਤਾਂ ਅਤੇ ਮਾਨਸਿਕਤਾ ਨੂੰ ਵੀ ਸਾਂਝਾ




ਕਰਨ ਦੀ ਹੈ।

ਜ਼ਿਕਰਯੋਗ ਹੈ ਕਿ ਇਸ ਦੌਰਾਨ ਸਿੱਖਿਆ ਦੇ ਵਿਸ਼ਵੀਕਰਨ ਨੂੰ ਪ੍ਰਫੁੱਲਿਤ ਕਰਨ ਦੇ ਉਦੇਸ਼ ਨਾਲ ਚੰਡੀਗੜ੍ਹ ਯੂਨੀਵਰਸਿਟੀ ਵੱਲੋਂ ਦੋ ਸਮਝੌਤਿਆਂ 'ਤੇ ਹਸਤਾਖਰ ਵੀ ਕੀਤੇ ਗਏ।ਇਸ ਸਬੰਧੀ ਚੰਡੀਗੜ੍ਹ ਯੂਨੀਵਰਸਿਟੀ ਦੇ ਪ੍ਰੋ. ਚਾਂਸਲਰ ਡਾ. ਆਰ ਐਸ ਬਾਵਾ ਵੱਲੋਂ ਇਲੋਇਲੋ ਸਾਇੰਸ ਐਂਡ ਟੈਕਨਾਲੋਜੀ ਯੂਨੀਵਰਸਿਟੀ, ਫਿਲੀਪੀਨਜ਼ ਦਾ ਐਕਸਟਰਨਲ ਅਫੇਅਰਜ਼ ਦੇ ਵਾਈਸ ਪ੍ਰੈਜੀਡੈਂਟ ਪ੍ਰੋ. ਨੇਮੀਆ ਐਚ ਮਾਬਾਕੀਆਓ ਅਤੇ ਬੁਗੇਮਾ ਯੂਨੀਵਰਸਿਟੀ ਯੂਗਾਂਡਾ ਦੇ ਵਾਈਸ ਚਾਂਸਲਰ ਪ੍ਰੋ. ਪਾਲ ਕਟੰਬਾ ਦੀ ਹਾਜ਼ਰੀ ਵਿੱਚ ਸਮਝੌਤਾ ਪੱਤਰ 'ਤੇ ਹਸਤਾਖਰ ਕੀਤੇ ਗਏ।

ਇਸ ਮੌਕੇ ਪ੍ਰੋ. ਓਸੇਈ-ਵੂਸੂ ਅਚਾਵ ਨੇ ਕਿਹਾ ਕਿ ਕੋਵਿਡ ਮਹਾਂਮਾਰੀ ਤੋਂ ਪਹਿਲਾਂ ਵੀ ਮਿਸ਼ਰਤ ਸਿਖਲਾਈ ਵਿਦਿਆ ਦਾ ਹਿੱਸਾ ਸੀ ਅਤੇ ਮਹਾਂਮਾਰੀ ਦੇ ਖ਼ਤਮ ਹੋਣ ਤੋਂ ਬਾਅਦ ਵੀ ਇਸ ਨੂੰ ਜਾਰੀ ਰੱਖਣਾ ਲਾਜ਼ਮੀ ਹੈ। ਉਨ੍ਹਾਂ ਕਿਹਾ ਕਿ ਦੁਨੀਆਂ ਦੀਆਂ ਬਹੁਤ ਸਾਰੀਆਂ ਯੂਨੀਵਰਸਿਟੀਆਂ ਕੋਵਿਡ-19 ਦੇ ਦੌਰ ਤੋਂ ਪਹਿਲਾਂ ਹੀ ਮਿਸ਼ਰਤ ਸਿਖਲਾਈ ਦਾ ਅਭਿਆਸ ਕਰਦੀਆਂ ਹਨ। ਉਨ੍ਹਾਂ ਕੋਲ ਅਜਿਹਾ ਕਰਨ ਦੇ ਬਹੁਤ ਸਾਰੇ ਕਾਰਨ ਸਨ ਜਿਨ੍ਹਾਂ ਵਿੱਚ ਸਿੱਖਿਆ ਦਾ ਖਰਚਾ ਵੀ ਸ਼ਾਮਲ ਸੀ।ਵਿਦਿਆਰਥੀਆਂ ਦੀ ਗਿਣਤੀ ਹਰ ਸਾਲ ਵੱਧ ਰਹੀ ਹੈ ਅਤੇ ਸੀਮਤ ਸਿੱਖਿਆ ਦੇ ਬੁਨਿਆਦੀ ਢਾਂਚੇ ਦੇ ਨਾਲ, ਮਿਸ਼ਰਤ ਸਿੱਖਿਆ ਇੱਕ ਵਧੀਆ ਤਰੀਕਾ ਹੈ।ਉਨ੍ਹਾਂ ਕੋਵਿਡ ਮਹਾਂਮਾਰੀ ਦੇ ਖਤਮ ਹੋਣ ਤੋਂ ਬਾਅਦ ਵੀ ਮਿਸ਼ਰਤ ਸਿਖਲਾਈ ਜਾਰੀ ਰੱਖਣ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਇਹ ਜੋੜਿਆ ਕਿ ਸੰਮੇਲਨ ਇੱਕ ਚੁਣੇ ਹੋਏ ਮਿਸ਼ਰਤ ਸਿਖਲਾਈ ਮਾਡਲ ਲਈ ਸਥਿਰਤਾ ਪ੍ਰਾਪਤ ਕਰਨ ਦੇ ਤਰੀਕਿਆਂ ਨੂੰ ਲੱਭਣ ਬਾਰੇ ਵਿਚਾਰ ਵਟਾਂਦਰੇ ਨੂੰ ਸਮਰੱਥ ਕਰੇਗਾ।

ਇਸ ਮੌਕੇ ਪ੍ਰੋ. ਸੁਲੇਮਾਨ ਨੇ ਕਿਹਾ ਕਿ ਜਿੱਥੇ ਕੋਵਿਡ-19 ਵਿਸ਼ਵ ਭਰ ਵਿੱਚ ਹਰ ਸਿੱਖਿਆ ਸੰਸਥਾਨ ਲਈ ਇੱਕ ਸੰਘਰਸ਼ ਰਿਹਾ ਹੈ, ਉੱਥੇ ਹੀ ਇਸ ਨੇ ਸੰਸਥਾਵਾਂ ਨੂੰ ਮਹਾਂਮਾਰੀ ਕਾਰਨ ਹੋਣ ਵਾਲੀਆਂ ਤਬਦੀਲੀਆਂ ਨੂੰ ਅਨੁਕੂਲ ਬਣਾਉਣ ਲਈ ਵਧੇਰੇ ਸਮਰੱਥ ਬਣਾਇਆ ਹੈ। ਉਨ੍ਹਾਂ ਉਮੀਦ ਜਤਾਈ ਕਿ ਸਿਖਰ ਸੰਮੇਲਨ ਯੂਨੀਵਰਸਿਟੀਆਂ ਨੂੰ ਆਪਸ ਵਿੱਚ ਨਵੇਂ ਨੈੱਟਵਰਕ ਅਤੇ ਸਹਿਯੋਗ ਸਥਾਪਤ ਕਰਨ ਦਾ ਮੌਕਾ ਪ੍ਰਦਾਨ ਕਰੇਗਾ।

ਚੰਡੀਗੜ੍ਹ ਯੂਨੀਵਰਸਿਟੀ ਦੇ ਪ੍ਰੋ-ਚਾਂਸਲਰ ਡਾ. ਆਰ.ਐਸ ਬਾਵਾ ਨੇ ਕਿਹਾ ਕਿ ਇਹ ਸੰਮੇਲਨ ਮਾਨਯੋਗ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਭਾਰਤ ਦੀ ਨਵੀਂ ਸਿੱਖਿਆ ਨੀਤੀ ਦੇ ਵਿਜ਼ਨ ਨੂੰ ਅੱਗੇ ਵਧਾਉਣ ਦੀ ਸਾਡੀ ਕੋਸ਼ਿਸ਼ ਹੈ, ਜਿਸ ਵਿੱਚ ਉੱਚ ਸਿੱਖਿਆ ਦੇ ਮਿਆਰਾਂ ਵਿੱਚ ਸੁਧਾਰ ਕਰਕੇ ਸਿੱਖਿਆ ਦੇ ਅੰਤਰਰਾਸ਼ਟਰੀਕਰਨ 'ਤੇ ਜ਼ੋਰ ਦਿੱਤਾ ਗਿਆ ਹੈ। ਭਾਰਤੀ ਯੂਨੀਵਰਸਿਟੀਆਂ ਅਤੇ ਵਿਸ਼ਵ ਦੀਆਂ ਸਰਵੋਤਮ ਅੰਤਰ-ਰਾਸ਼ਟਰੀ ਯੂਨੀਵਰਸਿਟੀਆਂ ਨਾਲ ਭਾਈਵਾਲੀ ਸਥਾਪਤ ਕਰਨ ਲਈ ਭਾਰਤੀ ਸੰਸਥਾਵਾਂ ਨੂੰ ਉਤਸ਼ਾਹਤ ਕਰਕੇ ਅਤੇ ਗਲੋਬਲ ਮਾਪਦੰਡਾਂ ਨਾਲ ਮੇਲ ਖਾਂਦੀਆਂ ਹਨ। ਸਿਖਰ ਸੰਮੇਲਨ ਸਿੱਖਿਆ ਦੇ ਅੰਤਰਰਾਸ਼ਟਰੀਕਰਨ ਨੂੰ ਹੁਲਾਰਾ ਦੇਣ ਅਤੇ ਵਿਸ਼ਵ ਭਰ ਦੀਆਂ ਅੰਤਰਰਾਸ਼ਟਰੀ ਸੰਸਥਾਵਾਂ ਦੇ ਨਾਲ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ ਲਈ ਇੱਕ ਵੱਡਾ ਕਦਮ ਹੋਵੇਗਾ।

ਕਿਬਾਬੀ ਯੂਨੀਵਰਸਿਟੀ, ਕੀਨੀਆ ਦੇ ਵਾਈਸ ਚਾਂਸਲਰ ਪ੍ਰੋ (ਡਾ.) ਆਈਜ਼ੈਕ ਇਪਾਰਾ ਓਡੀਓ ਦੀ ਪ੍ਰਧਾਨਗੀ ਵਿੱਚ ਹੋਏ ਪਹਿਲੇ ਤਕਨੀਕੀ ਸੈਸ਼ਨ ਦੌਰਾਨ 'ਜੀਵਨ ਦੀ ਗੁਣਵੱਤਾ ਵਿੱਚ ਸੁਧਾਰ ਲਈ ਨਵੀਨਤਾ ਦੀ ਵਰਤੋਂ" ਵਿਸ਼ੇ 'ਤੇ ਵਿਚਾਰ ਵਟਾਂਦਰੇ ਹੋਏ।ਇਸ ਦੌਰਾਨ ਪ੍ਰੋ (ਡਾ.) ਜ਼ਾਈਲਡਿਜ਼ ਓਰੋਜ਼ੋਬੇਕ ਕੀਜ਼ੀ ਨੇ ਕਿਹਾ ਅੱਜ ਦੇ ਸੰਸਾਰ ਵਿੱਚ ਜੋ ਅਜੇ ਵੀ ਸੰਕਟ ਤੋਂ ਜੂਝ ਰਿਹਾ ਹੈ ਅਤੇ ਅੱਗੇ ਵਧਣ ਲਈ ਨਵੇਂ, ਮਜ਼ਬੂਤ, ਵਧੇਰੇ ਸੰਮਲਿਤ ਅਤੇ ਟਿਕਾਊ ਤਰੀਕਿਆਂ ਦੀ ਤਲਾਸ਼ ਕਰ ਰਿਹਾ ਹੈ।ਉਨ੍ਹਾਂ ਕਿਹਾ ਕਿ ਨਵੀਨਤਾ ਨੂੰ ਉਤਸ਼ਾਹਤ ਕਰਨ ਦੀਆਂ ਨੀਤੀਆਂ ਪਹਿਲਾਂ ਨਾਲੋਂ ਵਧੇਰੇ ਪ੍ਰਸੰਗਿਕ ਹਨ। ਸਾਨੂੰ ਵਿਦਿਅਕ ਪਹੁੰਚਯੋਗਤਾ ਦੁਆਰਾ ਤੇਜ਼, ਇੱਕ ਬਿਹਤਰ ਭਲਕੇ ਦੀਆਂ ਸੰਭਾਵਨਾਵਾਂ ਨੂੰ ਸਿਰਜਣ ਲਈ ਸਿੱਖਿਆ ਜਗਤ ਵਿੱਚ ਨਵੀਆਂ ਪ੍ਰਕਿਰਿਆਵਾਂ ਅਤੇ ਵਿਧੀਆਂ ਵਿੱਚ ਨਵੇਂ ਅਤੇ ਪੁਰਾਣੇ ਨੂੰ ਫੈਲਾਉਣ ਦੀ ਜ਼ਰੂਰਤ ਹੈ।

ਨਿਊ ਵਰਲਡ ਇਕਨਾਮਿਕ ਫੋਰਮ ਦੀ ਰਿਪੋਰਟ ਦਾ ਹਵਾਲਾ ਦਿੰਦੇ ਹੋਏ, ਉਨ੍ਹਾਂ ਸਿੱਖਿਆ ਵਿੱਚ ਤਕਨੀਕੀ ਤਰੱਕੀ ਨੂੰ ਸ਼ਾਮਲ ਕਰਨ 'ਤੇ ਜ਼ੋਰ ਦਿੰਦੇ ਹੋਏ ਕਿਹਾ ਕਿ 2022 ਤੱਕ ਲਗਭਗ 133 ਮਿਲੀਅਨ ਨਵੀਆਂ ਨੌਕਰੀਆਂ ਪੈਦਾ ਹੋਣਗੀਆਂ, ਜਦੋਂ ਕਿ 75 ਮਿਲੀਅਨ ਨੌਕਰੀਆਂ ਨੂੰ ਆਰਟੀਫੀਸ਼ੀਅਲ ਇੰਟੈਲੀਜੈਂਸ, ਆਟੋਮੇਸ਼ਨ ਅਤੇ ਰੋਬੋਟਿਕਸ ਦੁਆਰਾ ਬਦਲਿਆ ਜਾਵੇਗਾ। ਸੈਪੀਅਨਜ਼ਾ ਯੂਨੀਵਰਸਿਟੀ ਆਫ਼ ਰੋਮ ਦੇ ਵਾਈਸ ਰੈਕਟਰ ਪ੍ਰੋ.(ਡਾ.) ਲੂਸੀਆਨੋ ਸਾਸੋ ਨੇ ਕਿਹਾ ਕਿ ਡਿਜੀਟਲਾਈਜ਼ੇਸ਼ਨ ਕੋਵਿਡ-19 ਮਹਾਂਮਾਰੀ ਤੋਂ ਬਾਹਰ ਨਿਕਲਣ ਲਈ ਕੁਝ ਸਕਾਰਾਤਮਕ ਤੱਤਾਂ ਵਿੱਚੋਂ ਇੱਕ ਸੀ ਅਤੇ ਇਹ ਲਾਜ਼ਮੀ ਸੀ ਕਿ ਵਿਸ਼ਵ ਭਰ ਦੀਆਂ ਯੂਨੀਵਰਸਿਟੀਆਂ ਤਕਨੀਕ ਦੀ ਵਰਤੋਂ ਕਰਦਿਆਂ ਵਿਸ਼ਵ ਨੂੰ ਦਰਪੇਸ਼ ਆਉਂਦੀਆਂ ਸਮੱਸਿਆਵਾਂ ਦੇ ਸਥਾਈ ਹੱਲਾਂ ਲਈ ਇਨੋਵੇਸ਼ਨ 'ਚ ਆਪਸੀ ਸਹਿਯੋਗ ਵਧਾਉਣ।

# ਹਿਮਾਚਲ ਚੋਣਾਂ ਨੂੰ ਲੈ ਕੇ ਪਠਾਨਕੋਟ ਪ੍ਰੀਟਿੰਗ ਪ੍ਰੈਸਾਂ ਦੇ ਮਾਲਿਕਾਂ ਨੂੰ ਡਿਪਟੀ ਕਮਿਸਨਰ ਪਠਾਨਕੋਟ ਨੇ ਕੀਤੀ ਅਪੀਲ

**ਪਠਾਨਕੋਟ: 4 ਅਕਤੂਬਰ-** ਸ਼ ਹਰਬੀਰ ਸਿੰਘ (ਆਈਏਐਸ) ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ, ਪਠਾਨਕੋਟ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਹਿਮਾਚਲ ਪ੍ਰਦੇਸ਼ ਰਾਜ ਵਿਧਾਨ ਸਭਾ ਦੀਆਂ ਆਮ ਚੋਣਾ-2022 ਜੋ ਕਿ ਆਉਂਦੇ ਮਹੀਨਿਆਂ ਵਿੱਚ ਹੋਣ ਜਾ ਰਹੀਆਂ ਹਨ। ਜਿਸ ਦੇ ਸਬੰਧ ਵਿੱਚ ਹਿਮਾਚਲ ਪ੍ਰਦੇਸ਼ ਸੂਬੇ ਦੇ ਜਿਲ੍ਹਾ ਚੰਬਾ ਅਤੇ ਕਾਂਗੜਾ ਦੀਆਂ ਹੱਦਾ ਨਾਲ ਪੰਜਾਬ ਰਾਜ ਦੀ ਸਰਹੱਦ ਨਾਲ ਲੱਗਦੇ ਜਿਲ੍ਹਾ ਪਠਾਨਕੋਟ ਅਤੇ ਹੁਸ਼ਿਆਰਪੁਰ ਦੇ ਡਿਪਟੀ ਕਮਿਸ਼ਨਰ, ਸੀਨੀਅਰ ਪੁਲਿਸ ਕਪਤਾਨਾਂ ਅਤੇ ਐਕਸਾਈਜ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਨਾਲ ਵਿਸੇਸ ਮੀਟਿੰਗ ਕੀਤੀ ਗਈ। ਜਿਸ ਵਿੱਚ ਹਿਮਾਚਲ ਪ੍ਰਦੇਸ਼ ਰਾਜ ਦੇ ਜਿਲ੍ਹਾ ਚੰਬਾ ਅਤੇ ਕਾਂਗੜਾ ਦੇ ਸੀਨੀਅਰ ਅਧਿਕਾਰੀਆਂ ਵੱਲੋਂ ਹਿਮਾਚਲ ਪ੍ਰਦੇਸ਼ ਵਿਧਾਨ ਸਭਾ ਦੀਆਂ ਅਗਾਮੀ ਚੋਣਾਂ-2022 ਨੂੰ ਮੁੱਖ ਰੱਖਦਿਆਂ ਹੋਇਆਂ ਅਡਵਾਂਸ ਵਿੱਚ ਕੀਤੇ ਜਾਣ ਵਾਲੇ ਚੋਣ ਬੰਦੋਬਸਤਾਂ ਦੇ ਸਬੰਧ ਵਿੱਚ ਚਰਚਾ ਕੀਤੀ ਗਈ।

ਉਨ੍ਹਾਂ ਦੱਸਿਆ ਕਿ ਮੀਟਿੰਗ ਵਿੱਚ ਹੋਏ ਵਿਚਾਰ ਵਟਾਂਦਰੇ ਉਪਰੰਤ ਜਿਲ੍ਹਾ ਪਠਾਨਕੋਟ ਵਿਚਲੀਆਂ ਸਮੁੱਚੀਆਂ ਪ੍ਰਿੰਟਿੰਗ ਪ੍ਰੈਸਾਂ ਦੇ ਮਾਲਕਾਂ/ਪ੍ਰਬੰਧਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਇਨ੍ਹਾਂ ਚੋਣਾਂ ਨੂੰ ਮੁੱਖ ਰੱਖਦਿਆਂ ਹੋਇਆਂ ਕਿਸੇ ਵੀ



ਕਿਸਮ ਦਾ ਚੋਣ ਮਟੀਰਿਅਲ ਪ੍ਰਿੰਟ ਕਰਨ ਤੋਂ ਪਹਿਲਾਂ ਮਾਨਯੋਗ ਭਾਰਤ ਚੋਣ ਕਮਿਸ਼ਨ ਜੀ ਦੀਆਂ ਹਦਾਇਤਾਂ (ਰੂਲ 127-ੳ, Annexure-A&B) ਅਨੁਸਾਰ ਪ੍ਰਿੰਟਿੰਗ ਕਰਨੀ ਯਕੀਨੀ ਬਣਾਈ ਜਾਵੇ। ਕਿਸੇ ਵੀ ਕਿਸਮ ਦੀ ਕੁਤਾਹੀ ਦੀ ਸੂਰਤ ਵਿੱਚ ਸਬੰਧਤ ਦੇ ਖਿਲਾਫ ਚੋਣ ਨਿਯਮਾਂ ਤਹਿਤ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਇਕ ਵੱਖਰੇ ਬਿਆਨ ਵਿੱਚ ਸ। ਹਰਬੀਰ ਸਿੰਘ (ਆਈ।ਏ।ਐਸ।) ਜਿਲਾ ਮੈਜਿਸਟਰੇਟ, ਪਠਾਨਕੋਟ ਨੇ ਹੁਕਮ ਜਾਰੀ ਕਰਦਿਆਂ ਕਿਹਾ ਕਿ ਧਿਆਨ ਵਿੱਚ ਆਇਆ ਹੈ ਕਿ ਆਮ ਤੌਰ ਤੇ ਝੋਨੇ ਦੀ ਕਟਾਈ ਤੋਂ ਬਾਅਦ ਬੱਚ ਗਈ ਰਹਿੰਦ ਖੂੰਹਦ/ ਪਰਾਲੀ/ ਨਾੜ ਨੂੰ ਖੇਤਾਂ ਵਿੱਚ ਅੱਗ ਲਗਾ ਦਿੰਦੇ ਹਨ। ਜਿਸ ਨਾਲ ਵਾਤਾਵਰਣ, ਜੀਵ ਜੰਤੂਆਂ, ਲਾਗੇ ਖੜੀ ਫਸਲ, ਸੜਕ ਦੇ ਕਿਨਾਰੇ ਲਗਾਏ ਬੂਟੇ/ਦਰਖਤਾਂ ਨੂੰ ਨੁਕਸਾਨ ਹੋਣ ਦਾ ਵੀ ਡਰ ਰਹਿੰਦਾ ਹੈ।

ਉਨ੍ਹਾਂ ਕਿਹਾ ਕਿ ਫੌਜਦਾਰੀ ਜਾਬਤਾ ਸੰਘਤਾ 1973 ਦੀ ਧਾਰਾ 144 ਦੇ ਤਹਿਤ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜਿਲ੍ਹਾ ਪਠਾਨਕੋਟ ਦੀ ਹੱਦ ਅੰਦਰ ਝੋਨੇ ਦੀ ਰਹਿੰਦ ਖੂੰਹਦ/ਪਰਾਲੀ/ਨਾੜ ਨੂੰ ਅੱਗ ਲਗਾਉਣ ਤੇ ਪਾਬੰਦੀ ਲਗਾਈ ਜਾਂਦੀ ਹੈ। ਉਨ੍ਹਾਂ ਕਿਹਾ ਕਿ ਇਹ ਹੁਕਮ ਮਿਤੀ 3 ਅਕਤੂਬਰ ਤੋਂ 20 ਨਵੰਬਰ 2022 ਤੱਕ ਲਾਗੂ ਰਹਿਣਗੇ।

# ਡੈਡੀਕੇਟਿਡ ਬ੍ਰਦਰਜ ਗਰੁੱਪ ਵੱਲੋਂ ਅਧਿਆਪਕਾਂ ਦਾ ਸਨਮਾਨ

**ਪਟਿਆਲਾ, 4 ਅਕਤੂਬਰ (ਚਮਨਦੀਪ ਸ਼ਰਮਾ)** ਸ਼ਹਿਰ ਦਾ ਡੈਡੀਕੇਟਿਡ ਬ੍ਰਦਰਜ ਗਰੁੱਪ (ਰਜਿ ਜ਼);ਮਾਜ ਕਲਿਆਣ ਦੇ ਕੰਮਾਂ ਵਿੱਚ ਪਿਛਲੇ ਤੀਹ ਸਾਲਾਂ ਤੋਂ ਮੋਹਰੀ ਭੂਮਿਕਾ ਅਦਾ ਕਰ ਰਿਹਾ ਹੈ। ਬੀਤੇ ਦਿਨੀ ਇਸ ਗਰੁੱਪ ਵੱਲੋਂ ਆਪਣੀ 283ਵੀਂ ਮਾਸਿਕ ਮਿਲਣੀ ਦੌਰਾਨ ਸਨਮਾਨ ਸਮਾਰੋਹ ਦਾ ਆਯੋਜਨ ਗਰੁੱਪ ਦੇ ਸੰਸਥਾਪਕ ਡਾ ਵਰਮੀ ਦੀ ਪ੍ਰਧਾਨਗੀ ਹੇਠ ਭਾਸ਼ਾ ਭਵਨ ਵਿਖੇ ਕੀਤਾ ਗਿਆ। ਜਿਸ ਵਿੱਚ ਸਿੱਖਿਆ ਦੇ ਖੇਤਰ ਵਿੱਚ ਚੰਗੀਆਂ ਸੇਵਾਵਾਂ ਦੇਣ ਵਾਲੇ 35 ਅਧਿਆਪਕਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਸਨਮਾਨ ਸਮਾਰੋਹ ਵਿੱਚ ਡਾ ਸਿੰਘ ਵਿਧਾਇਕ (ਦਿਹਾਤੀ) ਪਟਿਆਲਾ ਬਤੌਰ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ। ਮੁੱਖ ਮਹਿਮਾਨ ਡਾ ਸਿੰਘ ਨੇ ਮਹਾਤਮਾ ਗਾਂਧੀ ਅਤੇ ਲਾਲ ਬਹਾਦਰ ਸ਼ਾਸਤਰੀ ਜੀ ਦੀ ਜੈਂਯਤੀ ਮੌਕੇ ਉਹਨਾਂ ਦੀਆਂ ਇਤਿਹਾਸਕ ਪ੍ਰਾਪਤੀਆਂ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ। ਸਟੇਜ਼ ਸਕੱਤਰ ਦੀ ਭੂਮਿਕਾ ਮਨਜੀਤ ਕੌਰ ਆਜਾਦ ਨੇ ਅਦਾ ਕੀਤੀ। ਇਸ ਪ੍ਰੋਗਰਾਮ ਬਾਰੇ ਜਾਣਕਾਰੀ ਦਿੰਦੇ ਹੋਏ ਫਕੀਰ ਚੰਦ ਮਿੱਤਲ




ਪਬਲਿਕ ਰਿਲੇਸ਼ਨ ਅਫਸਰ ਡੀ ਨੇ ਦੱਸਿਆ ਕਿ ਇਸ ਮੌਕੇ ਤੇ ਸਾਗਰ ਸੂਦ ਰਾਸ਼ਟਰੀ ਕਵੀ ਨੇ ਸੁੰਦਰ ਅੰਦਾਜ ਵਿੱਚ ਆਪਣੀ ਰਚਨਾ ਪੇਸ਼ ਕੀਤੀ। ਇਸ ਤੋਂ ਇਲਾਵਾ ਬਜਿੰਦਰ ਠਾਕੁਰ, ਡਾ ਦੀਪ ਸਿੰਘ, ਸ਼ੀਤਲ ਖੰਨਾ, ਜਗਦੀਸ਼ ਫਗਵਾੜੀਆ ਅਤੇ ਸ਼ਹਿਰ ਦੇ ਮਸੂਹਰ ਕਵੀਆਂ ਨੇ ਆਪਣੀਆਂ ਕਵਿਤਾਵਾਂ, ਰਚਨਾਵਾਂ ਨਾਲ ਦਰਸ਼ਕਾਂ ਦਾ ਮਨ ਮੋਹ ਲਿਆ। ਛੋਟੀ ਜਿਹੀ ਬੇਟੀ ਭਵਨਦੀਪ ਕੌਰ ਨੇ ਅੱਗੇ ਅੱਗੇ ਵੱਧਦੇ ਜਾਓ ਪ੍ਰੇਰਣਾਦਾਇਕ ਕਵਿਤਾ ਸੁਣਾਈ। ਸਮਿਸ ਤੇਜਾਂ ਦੀ ਪੰਜਾਬੀ ਅਧਿਆਪਕਾ ਮਿਸ ਅਰੁਣਦੀਪ ਕੌਰ ਨੇ ਗਰੁੱਪ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ। ਹਰਪ੍ਰੀਤ ਸਿੰਘ ਨੇ ਸਮੂਹ ਅਧਿਆਪਕਾਂ ਵੱਲੋਂ ਗਰੁੱਪ ਨੂੰ ਆਪਣੇ ਅਧਿਆਪਨ ਵਿੱਚ ਹੋਰ ਵਧੇਰੇ ਮਿਹਨਤ ਦਾ ਭਰੋਸਾ ਦਿਵਾਇਆ। ਇਸ ਸਮਾਰੋਹ ਦੀ ਸਫਲਤਾ ਵਿੱਚ ਅਮਨਇੰਦਰ ਸਿੰਘ ਸੈਣੀ, ਬੀ ਬੇਦੀ, ਵਿਕਾਸ ਗੋਇਲ, ਸੁਨੀਤਾ ਕੁਮਾਰੀ, ਫਕੀਰ ਚੰਦ ਮਿੱਤਲ, ਸਨੀ, ਚਮਨ ਲਾਲ, ਦੀਪਕ ਮਿਤਲ, ਮਨਜੀਤ ਕੌਰ ਆਜਾਦ ਦਾ ਵਿਸ਼ੇਸ ਸਹਿਯੋਗ ਰਿਹਾ।

# ਪਟਿਆਲਾ ਦੇ ਮੇਅਰ ਅਤੇ 27 ਮੌਜੂਦਾ ਕੌਂਸਲਰਾਂ ਸਮੇਤ ਪੰਜਾਬ ਦੀਆਂ ਵੱਖ-ਵੱਖ ਵਿਧਾਨ ਸਭਾਵਾਂ ਦੇ ਅਹਿਮ ਆਗੂ ਅਤੇ ਸੈਂਕੜੇ ਵਰਕਰ ਭਾਜਪਾ ਵਿੱਚ ਹੋਏ ਸ਼ਾਮਲ

**ਚੰਡੀਗੜ੍ਹ–** ਪੰਜਾਬ ਵਿੱਚ ਭਾਰਤੀ ਜਨਤਾ ਪਾਰਟੀ ਲਗਾਤਾਰ ਮਜ਼ਬੂਤ ਹੋ ਰਹੀ ਹੈ ਅਤੇ ਇਸ ਪਿੱਛੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਦੇਸ਼ ਅਤੇ ਦੇਸ਼ ਦੇ ਲੋਕਾਂ ਲਈ ਸ਼ੁਰੂ ਕੀਤੀਆਂ ਭਲਾਈ ਸਕੀਮਾਂ ਅਤੇ ਠੋਸ ਤੇ ਨਿਰਣਾਇਕ ਫੈਸਲੇ ਅਹਿਮ




ਭੂਮਿਕਾ ਨਿਭਾਅ ਰਹੇ ਹਨ। ਸੂਬਾ ਭਾਜਪਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਸੂਬਾ ਭਾਜਪਾ ਹੈਡਕੁਆਰਟਰ 'ਚ ਆਯੋਜਿਤ ਪ੍ਰੈਸ ਕਾਨਫਰੰਸ ਦੌਰਾਨ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ 'ਚ ਭਾਜਪਾ ਪਰਿਵਾਰ 'ਚ ਲਗਾਤਾਰ ਹੋ ਰਿਹਾ ਵਾਧਾ ਆਉਣ ਵਾਲੀਆਂ ਚੋਣਾਂ 'ਚ ਜਨਤਾ ਵਲੋਂ ਭਾਜਪਾ ਨੂੰ ਮਿਲਣ ਵਾਲੀ ਹਮਾਇਤ ਦਾ ਪ੍ਰਤੱਖ ਸਬੂਤ ਹੈ।

ਅਸ਼ਵਨੀ ਸ਼ਰਮਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਆਪਣੇ 'ਡਿਜੀਟਲ ਇੰਡੀਆ' ਨਾਅਰੇ ਤਹਿਤ 'ਇੰਟਰਨੈਟ ਸਭ ਲਈ' ਦੇ ਟੀਚੇ ਨੂੰ ਲੈ ਕੇ ਦੇਸ਼ 'ਚ 5ਜੀ ਇੰਟਰਨੈਂਟ ਸੇਵਾ ਸ਼ੁਰੂ ਕਰਨ 'ਤੇ ਸਮੂਹ ਦੇਸ਼ ਵਾਸੀਆਂ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਦੇਸ਼ ਦੇ 10 ਵੱਡੇ ਸ਼ਹਿਰਾਂ 'ਚ 5% ਇੰਟਰਨੈਟ ਸੇਵਾ ਸ਼ੁਰੂ ਕਰਕੇ ਇੱਕ ਬਹੁਤ ਹੀ ਸ਼ਾਨਦਾਰ ਤੋਹਫ਼ਾ ਦਿੱਤਾ ਗਿਆ ਹੈ। ਇਸ ਨਾਲ ਦੇਸ਼ ਵਿੱਚ ਤਰੱਕੀ ਦਾ 'ਇਨਕਲਾਬ' ਵੀ ਆਵੇਗਾ ਅਤੇ ਦੇਸ਼ ਵਿੱਚ ਇੱਕ ਨਵੇਂ ਦੌਰ ਦੀ ਸ਼ੁਰੂਆਤ ਹੋਵੇਗੀ। ਸ਼ਰਮਾ ਨੇ ਭਾਜਪਾ ਪਰਿਵਾਰ ਵਿੱਚ ਸ਼ਾਮਲ ਹੋਏ ਸਾਰੇ ਨਵੇਂ ਵਰਕਰਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਨਵੇਂ ਵਰਕਰਾਂ ਦਾ ਵੀ ਸੰਗਠਨ ਵਿੱਚ ਪੁਰਾਣੇ ਵਰਕਰਾਂ ਵਾਂਗ ਹੀ ਅਧਿਕਾਰ ਹੈ।

ਪੰਜਾਬ ਦੀ ਮੌਜੂਦਾ ਸਰਕਾਰ ਦੇ 6 ਮਹੀਨਿਆਂ ਦੇ ਕਾਰਜਕਾਲ ਦੌਰਾਨ ਸੂਬੇ ਦੀ ਕਾਨੂੰਨ ਵਿਵਸਥਾ ਪੂਰੀ ਤਰ੍ਹਾਂ ਨਾਲ ਢਹਿ ਢੇਰੀ ਹੋ ਚੁੱਕੀ ਹੈ ਅਤੇ 'ਆਪ' ਸਰਕਾਰ ਪੰਜਾਬ ਨੂੰ ਕਾਲੇ ਦੌਰ 'ਚ ਧੱਕਣ 'ਤੇ ਤੁਲੀ ਹੋਈ ਹੈ, ਪਰ ਭਾਰਤੀ ਜਨਤਾ ਪਾਰਟੀ ਇਨ੍ਹਾਂ ਨੂੰ ਆਪਣੇ ਮਨਸੂਬੇ 'ਚ ਕਾਮਯਾਬ ਨਹੀਂ ਹੋਣ ਦੇਵੇਗੀ। ਜਦੋਂ ਤੋਂ ਪੰਜਾਬ ਵਿੱਚ 'ਆਪ' ਦੀ ਸਰਕਾਰ ਬਣੀ ਹੈ, ਪੰਜਾਬ ਨੂੰ ਕਮਜ਼ੋਰ ਕਰਨ ਲਈ ਤਿਆਰ ਵੱਖਵਾਦੀ ਤਾਕਤਾਂ ਸੂਬੇ ਵਿੱਚ ਸਰਗਰਮ ਹੋ ਗਈਆਂ ਹਨ।

ਸ਼ਰਮਾ ਨੇ ਕਿਹਾ ਕਿ ਪੰਜਾਬ ਦੀ ਸੰਵੇਦਨਸ਼ੀਲਤਾ, ਸੂਬੇ ਦੀਆਂ ਸਮੱਸਿਆਵਾਂ ਅਤੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਕੈਪਟਨ ਅਮਰਿੰਦਰ ਸਿੰਘ ਤੋਂ ਵੱਧ ਕੋਈ ਨਹੀਂ ਸਮਝ ਸਕਦਾ। ਕੈਪਟਨ ਅਮਰਿੰਦਰ ਸਿੰਘ ਦੇ ਰਾਜ ਚਲਾਉਣ ਅਤੇ ਲੋਕਾਂ ਨੂੰ ਸਮਝਣ ਦਾ ਅਨੁਭਵ ਭਾਜਪਾ ਲਈ ਬਹੁਤ ਲਾਹੇਵੰਦ ਹੋਵੇਗਾ। ਕੈਪਟਨ ਦੀ ਅਗਵਾਈ ਹੇਠ ਭਾਜਪਾ ਅਰਾਜਕਤਾਵਾਦੀ ਅਤੇ ਵੱਖਵਾਦੀ ਤੱਤਾਂ ਨਾਲ ਲੜਨ ਦੇ ਬਹੁਤ ਸਮਰੱਥ ਹੋਵੇਗੀ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਯੋਗ ਅਗਵਾਈ ਹੇਠ ਕੇਂਦਰ ਸਰਕਾਰ ਦੇਸ਼ ਦੇ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਪ੍ਰਦਾਨ ਕਰਨ ਲਈ ਦਿਨ ਰਾਤ ਮਿਹਨਤ ਕਰ ਰਹੀ ਹੈ, ਜਿਸ ਦਾ ਪ੍ਰਤੱਖ ਪ੍ਰਮਾਣ ਸਭ ਦੇ ਸਾਹਮਣੇ ਹੈ।

ਕੈਪਟਨ ਅਮਰਿੰਦਰ ਸਿੰਘ ਨੇ ਅਸ਼ਵਨੀ ਸ਼ਰਮਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਪੰਜਾਬ ਵਿੱਚ ਹਫੜਾ-ਦਫੜੀ ਅਤੇ ਹਾਲਾਤ ਵਿਗੜਨ ਪਿੱਛੇ ਪਾਕਿਸਤਾਨ ਦਾ ਹੱਥ ਹੈ। ਅੱਜ ਪਾਕਿਸਤਾਨ ਵੱਲੋਂ ਡਰੋਨਾਂ ਰਾਹੀਂ ਪੰਜਾਬ ਵਿੱਚ ਭਾਰੀ ਮਾਤਰਾ ਵਿੱਚ ਹਥਿਆਰ ਅਤੇ ਨਸ਼ੀਲੇ ਪਦਾਰਥ ਭੇਜੇ ਜਾ ਰਹੇ ਹਨ, ਜਿਸ ਨੂੰ ਰੋਕਿਆ ਜਾਣਾ ਚਾਹੀਦਾ ਹੈ।

ਪਰ ਭਗਵੰਤ ਮਾਨ ਸਰਕਾਰ ਇਸ ਨੂੰ ਰੋਕਣ ਵਿੱਚ ਪੂਰੀ ਤਰ੍ਹਾਂ ਫੇਲ੍ਹ ਸਾਬਤ ਹੋਈ ਹੈ। ਕੈਪਟਨ ਨੇ ਕਿਹਾ ਕਿ ਸਾਰਿਆਂ ਨੂੰ ਪਾਕਿਸਤਾਨ ਦੇ ਇਰਾਦਿਆਂ ਤੋਂ ਸੁਚੇਤ ਰਹਿਣਾ ਚਾਹੀਦਾ ਹੈ ਕਿਉਂਕਿ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਨੇ ਇੱਥੇ ਪੰਜਾਬ ਵਿਚ ਰਹਿਣਾ ਹੈ ਅਤੇ ਇਸ ਲਈ ਪੰਜਾਬ ਦੇ



ਭਵਿੱਖ ਨੂੰ ਸੰਵਾਰਨਾ ਅਤੇ ਸੰਭਾਲਣਾ ਸਾਡੀ ਸਭ ਦੀ ਜ਼ਿੰਮੇਵਾਰੀ ਹੈ। ਇਸ ਦੇ ਲਈ ਸਾਨੂੰ ਸਾਰਿਆਂ ਨੂੰ ਮਿਲ ਕੇ ਕੰਮ ਕਰਨਾ ਹੋਵੇਗਾ।

ਡਾ: ਸੁਭਾਸ਼ ਸ਼ਰਮਾ ਨੇ ਦੱਸਿਆ ਕਿ ਭਾਜਪਾ ਪਰਿਵਾਰ ਵਿੱਚ ਸ਼ਾਮਲ ਹੋਣ ਵਾਲਿਆਂ 'ਚ ਵਖ-ਵਖ ਹਲਕਿਆਂ ਤੋਂ ਆਏ ਦਿੱਗਜ ਆਗੂਆਂ 'ਚ ਪੰਜਾਬ ਯੂਥ ਕਾਂਗਰਸ ਦੇ ਮੀਤ ਪ੍ਰਧਾਨ ਸੁਰਿੰਦਰ ਸਿੰਘ (ਪਟਿਆਲਾ), ਤੇਜਿੰਦਰ ਸਿੰਘ ਰੰਧਾਵਾ (ਫਤਿਹਗੜ੍ਹ ਚੂੜੀਆਂ), ਸੰਤੋਖ ਸਿੰਘ (ਖਡੂਰ ਸਾਹਿਬ), ਅਮਨਦੀਪ ਸਿੰਘ ਗਿੱਲ (ਭੁਲੱਥ), ਸ਼ੰਮੀ ਕੁਮਾਰ ਕਲਿਆਣ (ਨਕੋਦਰ), ਜਗਦੀਸ਼ ਕੁਮਾਰ ਜੱਸਲ (ਆਦਮਪੁਰ), ਡਾ: ਦੀਪਕ ਜੋਤੀ (ਬੱਸੀ ਪਠਾਣਾ), ਜਗਮੋਹਨ ਸ਼ਰਮਾ (ਲੁਧਿਆਣਾ ਪੂਰਬੀ), ਸਤਿੰਦਰਪਾਲ ਸਿੰਘ (ਲੁਧਿਆਣਾ ਦੱਖਣੀ), ਦਮਨ-ਜੀਤ ਸਿੰਘ ਮੋਹੀ (ਦਾਖਾ), ਮੁਖਤਿਆਰ ਸਿੰਘ ( ਨਿਹਾਲ ਸਿੰਘ ਵਾਲਾ), ਰਵਿੰਦਰ ਸਿੰਘ ਗਰੇਵਾਲ (ਧਰਮਕੋਟ), ਜਸਵਿੰਦਰ ਸਿੰਘ (ਫ਼ਿਰੋਜ਼ਪੁਰ ਦਿਹਾਤੀ), ਓਮ ਪ੍ਰਕਾਸ਼ ਬੱਬਰ (ਗਿੱਦ-ੜਬਾਹਾ), ਕਰਨਵੀਰ ਸਿੰਘ ਇੰਦੌਰਾ (ਮਲੋਟ), ਦਰਗੇਸ਼ ਕੁਮਾਰ ਸ਼ਰਮਾ (ਕੋਟਕਪੂਰਾ), ਡਾ: ਅਮਰਜੀਤ ਸਿੰਘ ਸ਼ਰਮਾ (ਰਾਮਪੁਰ ਫੂਲ), ਪ੍ਰੋਫੈਸਰ ਜੀਵਨ ਦਾਸ ਬਾਵਾ (ਮਾਨਸਾ), ਸੂਬੇਦਾਰ ਭੋਲਾ ਸਿੰਘ (ਬੁਢਲਾਡਾ), ਧਰਮ ਸਿੰਘ ਫੌਜੀ (ਭਦੌੜ), ਸੰਜੀਵ ਸ਼ਰਮਾ (ਪਟਿਆਲਾ ਦਿਹਾਤੀ), ਬਿਕਰਮਜੀਤ ਇੰਦਰ ਸਿੰਘ (ਸਨੌਰ), ਨਰਾਇਣ ਸਿੰਘ (ਸ਼ੁਤਰਾਣਾ) ਆਪਣੇ ਹਜਾਰਾਂ ਵਰਕਰਾਂ ਨਾਲ ਭਾਜਪਾ ਪਰਿਵਾਰ ਵਿੱਚ ਸ਼ਾਮਲ ਹੋਏ ਹਨ।

ਇਨ੍ਹਾਂ ਤੋਂ ਇਲਾਵਾ ਪਟਿਆਲਾ ਦੇ ਮੇਅਰ ਸੰਜੀਵ ਸ਼ਰਮਾ ਅਤੇ ਉਨ੍ਹਾਂ ਦੇ ਨਾਲ 27 ਮੌਜੂਦਾ ਕੌਂਸਲਰ, ਬਠਿੰਡਾ ਦਿਹਾਤੀ ਤੋਂ ਜ਼ਿਲ੍ਹਾ ਪ੍ਰਧਾਨ ਪ੍ਰੋਫੈਸਰ ਭੁਪਿੰਦਰ ਸਿੰਘ, ਫ਼ਾਜ਼ਿਲਕਾ ਤੋਂ ਜ਼ਿਲ੍ਹਾ ਪ੍ਰਧਾਨ ਕੈਪਟਨ ਐਮਐਸ ਬੇਦੀ, ਲੁਧਿਆਣਾ ਸ਼ਹਿਰੀ ਤੋਂ ਜ਼ਿਲ੍ਹਾ ਪ੍ਰਧਾਨ ਜਗਮੋਹਨ ਸ਼ਰਮਾ, ਲੁਧਿਆਣਾ ਦਿਹਾਤੀ ਤੋਂ ਜ਼ਿਲ੍ਹਾ ਪ੍ਰਧਾਨ ਸਤਿੰਦਰਪਾਲ ਸਿੰਘ ਗਿੱਲ, ਮਾਨਸਾ ਤੋਂ ਜ਼ਿਲ੍ਹਾ ਪ੍ਰਧਾਨ ਜੀਵਨ ਦਾਸ ਬਾਵਾ, ਪਟਿਆਲਾ ਸ਼ਹਿਰੀ ਤੋਂ ਜ਼ਿਲ੍ਹਾ ਪ੍ਰਧਾਨ ਕੇ।ਕੇ। ਮਲਹੋਤਰਾ, ਪਟਿਆਲਾ ਦਿਹਾਤੀ ਦੇ ਜ਼ਿਲ੍ਹਾ ਪ੍ਰਧਾਨ ਹਰਮੇਸ਼ ਗੋਇਲ ਡਕਾਲਾ, ਬਰਨਾਲਾ ਜ਼ਿਲ੍ਹਾ ਪ੍ਰਧਾਨ ਗੁਰਦਰਸ਼ਨ ਸਿੰਘ ਬਰਾੜ, ਹੁਸ਼ਿਆਰਪੁਰ 'ਤੋਂ ਜ਼ਿਲ੍ਹਾ ਪ੍ਰਧਾਨ ਗੁਲਸ਼ਨ ਰਾਏ ਪਾਸੀ, ਅੰਮ੍ਰਿਤਸਰ ਸ਼ਹਿਰੀ ਤੋਂ ਜ਼ਿਲ੍ਹਾ ਪ੍ਰਧਾਨ ਰਾਜੀਵ ਭਗਤ, ਗੁਰਦਾਸਪੁਰ 1 ਤੋਂ ਜ਼ਿਲ੍ਹਾ ਪ੍ਰਧਾਨ ਬਘੇਲ ਸਿੰਘ, ਗੁਰਦਾਸਪੁਰ 2 ਤੋਂ ਜ਼ਿਲ੍ਹਾ ਪ੍ਰਧਾਨ ਤੇਜਿੰਦਰ ਸਿੰਘ ਰੰਧਾਵਾ ਆਪਣੇ ਸੈਕੜੇ ਸਾਥੀਆਂ ਸਮੇਤ ਭਾਜਪਾ ਪਰਿਵਾਰ ਸ਼ਾਮਲ ਹੋਏ ਹਨ। ਸ਼ਰਮਾ ਨੇ ਸਾਰਿਆਂ ਨੂੰ ਭਾਜਪਾ ਪਰਿਵਾਰ 'ਚ ਸ਼ਾਮਿਲ ਹੋਣ 'ਤੇ ਵਧਾਈ ਦਿੰਦੇ ਹੋਏ ਕਿਹਾ ਕਿ ਪਾਰਟੀ 'ਚ ਉਨ੍ਹਾਂ ਨੂੰ ਬਣਦਾ ਪੂਰਾ ਮਾਣ-ਸਨਮਾਨ ਦਿੱਤਾ ਜਾਵੇਗਾ। ਇਸ ਮੌਕੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਦੇ ਨਾਲ ਬੀਬਾ ਜੈਇੰਦਰ ਕੌਰ, ਕਮਲਦੀਪ ਸੈਣੀ, ਸੰਜੀਵ ਸ਼ਰਮਾ ਬਿੱਟੂ, ਸਚਿਨ ਸ਼ਰਮਾ, ਵਿਸ਼ਵਾਸ ਸ਼ਰਮਾ, ਕੇ।ਕੇ। ਮਲਹੋਤਰਾ, ਹਰਮੇਸ਼ ਡਕਾਲਾ, ਅਨੁਜ ਖੋਸਲਾ, ਸੁਰਿੰਦਰ ਘੁੰਮਣ ਅਤੇ ਕੇ।ਕੇ। ਸ਼ਰਮਾ ਆਦਿ ਹਾਜ਼ਰ ਸਨ।

# ਨਸ਼ਿਆਂ ਕਾਰਨ ਮਰਨ ਵਾਲੇ ਨੌਜਵਾਨ ਦੀ ਮੌਤ ਦੇ ਕਾਰਨਾਂ ਦੀ ਜਾਂਚ ਲਈ ਚਾਰ ਮੈਂਬਰੀ ਕਮੇਟੀ ਦਾ ਕੀਤਾ ਗਿਆ ਗਠਨ

**ਚੰਡੀਗੜ੍ਹ 3 ਅਕਤੂਬਰ–** ਭਾਰਤੀ ਜਨਤਾ ਪਾਰਟੀ ਪੰਜਾਬ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਤਲਵੰਡੀ ਸਾਬੋ ਦੇ ਸਰਕਾਰੀ ਸਕੂਲ ਵਿੱਚ ਨਸ਼ੇ ਦੀ ਓਵਰਡੋਜ਼ ਕਾਰਨ ਮਰਨ ਵਾਲੇ ਪਿੰਡ ਜੱਗਾ ਰਾਮਤੀਰਥ ਦੇ ਨੌਜਵਾਨ ਮਨਪ੍ਰੀਤ ਸਿੰਘ (22) ਦੀ ਮੌਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਇਸ ਲਈ ਮੁੱਖ ਮੰਤਰੀ ਭਗਵੰਤ ਮਾਨ ਅਤੇ ਉਨ੍ਹਾਂ ਦੀ ਸਰਕਾਰ ਨੂੰ ਜਿਮੇਵਾਰ ਠਹਿਰਾਉਂਦਿਆਂ ਇਸ ਦੀ ਕਰੜੇ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਅਸ਼ਵਨੀ ਸ਼ਰਮਾ ਵੱਲੋਂ ਤਲਵੰਡੀ ਸਾਬੋ ਵਿੱਚ ਨਸ਼ਿਆਂ ਕਾਰਨ ਆਪਣੀ ਜਾਨ ਗਵਾਉਣ ਵਾਲੇ ਨੌਜਵਾਨਾਂ ਦੇ ਪੀੜਤ ਪਰਿਵਾਰਾਂ ਨਾਲ ਮੁਲਾਕਾਤ ਕਰਕੇ ਉਹਨਾਂ ਦੀ ਮੌਤਾਂ ਦੇ ਕਾਰਨਾਂ ਦੀ ਜਾਂਚ ਲਈ ਚਾਰ ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ ਹੈ। ਅਸ਼ਵਨੀ ਸ਼ਰਮਾ ਨੇ ਕਿਹਾ ਕਿ ਨਸ਼ਿਆਂ ਕਾਰਨ ਜਾਨ ਗਵਾਉਣ ਵਾਲੇ ਨੌਜਵਾਨ ਹਲਕਾ ਤਲਵੰਡੀ ਸਾਬੋ ਦੇ ਆਮ





ਆਦਮੀ ਪਾਰਟੀ ਦੇ ਵਿਧਾਇਕ ਦੇ ਪਿੰਡ ਨਾਲ ਸਬੰਧਤ ਹਨ। ਜਿੱਥੇ ਪਿਛਲੇ ਚਾਰ ਦਿਨਾਂ ਵਿੱਚ ਨਸ਼ੇ ਕਾਰਨ ਤਿੰਨ ਨੌਜਵਾਨਾਂ ਦੀ ਮੌਤ ਹੋ ਚੁੱਕੀ ਹੈ, ਜਿਨ੍ਹਾਂ ਵਿੱਚ ਮਨਪ੍ਰੀਤ ਸਿੰਘ (22) ਪੁੱਤਰ ਕਾਲੂ ਰਾਮ ਵਾਸੀ ਪਿੰਡ ਜੱਗਾ ਰਾਮਤੀਰਥ, ਗਗਨਦੀਪ ਸਿੰਘ (21) ਪੁੱਤਰ ਕਾਲਾ ਸਿੰਘ ਵਾਸੀ ਪਿੰਡ ਜੱਗਾ ਰਾਮਤੀਰਥ ਅਤੇ ਮੰਗਾ ਸਿੰਘ ਸ਼ਾਮਲ ਹਨ।

ਜਦੋਂ ਕਿ ਮੁੱਖ ਮੰਤਰੀ ਭਗਵੰਤ ਮਾਨ ਅਤੇ ਕੇਜਰੀਵਾਲ ਇੱਕ ਮਹੀਨੇ ਵਿੱਚ ਪੰਜਾਬ ਵਿੱਚੋਂ ਨਸ਼ਾ ਖਤਮ ਕਰਨ ਦੇ ਦਾਅਵੇ ਕਰਦੇ ਸਨ। ਪਰ ਪੰਜਾਬ ਸਰਕਾਰ ਦੇ ਪਿਛਲੇ 6 ਮਹੀਨਿਆਂ ਦੇ ਕਾਰਜਕਾਲ ਦੌਰਾਨ ਸੂਬੇ ਵਿੱਚ ਨਸ਼ੇ ਨਾਲ ਹੋਣ ਵਾਲੀਆਂ ਮੌਤਾਂ ਵਿੱਚ ਭਾਰੀ ਵਾਧਾ ਹੋਇਆ ਹੈ। ਭਗਵੰਤ ਮਾਨ ਦੀ ਸਰਕਾਰ ਸੂਬੇ 'ਚ ਵਹਿ ਰਹੇ ਨਸ਼ਿਆਂ ਦੇ ਦਰਿਆ ਨੂੰ ਰੋਕਣ 'ਚ ਨਾਕਾਮ ਰਹੀ ਹੈ। ਪੰਜਾਬ ਸਰਕਾਰ ਸੂਬੇ ਵਿੱਚ ਨਸ਼ਿਆਂ, ਵਿਗੜਦੀ ਕਾਨੂੰਨ ਵਿਵਸਥਾ, ਮਾਫੀਆ ਅਤੇ ਗੈਂਗਸਟਰ ਰਾਜ ਨੂੰ ਨੱਥ ਪਾਉਣ ਵਿੱਚ ਪੂਰੀ ਤਰ੍ਹਾਂ ਫੇਲ ਸਾਬਤ ਹੋਈ ਹੈ।

ਜੀਵਨ ਗੁਪਤਾ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਭਾਜਪਾ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਵੱਲੋਂ ਇਸ ਚਾਰ ਮੈਂਬਰੀ ਕਮੇਟੀ ਵਿੱਚ ਸਾਬਕਾ ਮੰਤਰੀ ਗੁਰਪ੍ਰੀਤ ਕਾਂਗੜ, ਸੂਬਾ ਜਨਰਲ ਸਕੱਤਰ ਦਿਆਲ ਸਿੰਘ ਸੋਢੀ, ਸਰੂਪ ਚੰਦ ਸਿੰਗਲਾ ਅਤੇ ਰਵੀ ਪ੍ਰੀਤ ਸਿੱਧੂ ਨੂੰ ਨਿਯੁਕਤ ਕੀਤਾ ਗਿਆ ਹੈ। ਇਹ ਚਾਰ ਮੈਂਬਰੀ ਕਮੇਟੀ ਜ਼ਿਲ੍ਹਾ ਪ੍ਰਧਾਨ ਭਾਰਤ ਭੂਸ਼ਣ ਦੇ ਨਾਲ ਪੀੜਤ ਪਰਿਵਾਰਾਂ ਨਾਲ ਮੁਲਾਕਾਤ ਕਰੇਗੀ ਅਤੇ ਇਹ ਕਮੇਟੀ ਆਪਣੀ ਰਿਪੋਰਟ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਨੂੰ ਦੇਵੇਗੀ।


## "ਦੇਸ਼ ਦੁਆਬਾ"
### ਹਫਤਾਵਾਰੀ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

### ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

E-mail : deshdoaba@yahoo.com
(ਸੰਪਰਕ) 1-916-947-8920, (ਫੈਕਸ) 1-916-238-1393
www.deshdoaba.com www.ambedkartimes.com


ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ


## 'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# 'ਸਤਿਗੁਰੂ ਕਬੀਰ ਸੈਨਾ' ਵਲੋਂ ਚਾਹ-ਬਿਸਕੁਟ ਦਾ ਲੰਗਰ ਲਗਾਇਆ




ਮਹਾਤਮਾ ਗਾਂਧੀ ਜੀ ਦੇ ਜਨਮ ਦਿਹਾੜੇ ਦੇ ਮੌਕੇ 'ਤੇ ਸਤਿਗੁਰੂ ਸਵਾਮੀ ਕ੍ਰਿਸ਼ਨਾਨੰਦ ਜੀ ਮਹਾਰਾਜ ਵਲੋਂ ਬਣਾਈ ਸੰਸਥਾ 'ਸਤਿਗੁਰੂ ਕਬੀਰ ਸੈਨਾ' ਜਿਸ ਦਾ ਮੁੱਖ ਉਦੇਸ਼ ਧਰਮ, ਸੰਸਕ੍ਰਿਤੀ, ਸੱਭਿਆਚਾਰ ਅਤੇ ਸਮਾਜ ਸੇਵਾ ਹੈ, ਨੂੰ ਲੈ ਕੇ ਜਲੰਧਰ ਵਿਖੇ 02-10-2022 ਦਿਨ ਐਤਵਾਰ ਨੂੰ ਰੇਲਵੇ ਰੋਡ 'ਤੇ ਚਾਹ-ਬਿਸਕੁਟ ਦਾ ਲੰਗਰ ਲਗਾਇਆ ਗਿਆ, ਗੁਰੂ ਜੀ ਦੀ ਅਪਾਰ ਕ੍ਰਿਪਾ ਸਦਕਾ ਬਹੁਤ ਹੀ ਵਧੀਆ ਢੰਗ ਨਾਲ ਪੂਰਨ ਹੋਇਆ। ਇਸ ਮੌਕੇ ਗੁਰਪ੍ਰੀਤ ਸਿੰਘ ਸਿੱਧੂ (ਪ੍ਰਧਾਨ), ਜਸਪਾਲ ਸਿੰਘ (ਮੀਡੀਆ ਇੰਚਾਰਜ), ਰਮੇਸ਼ ਸ਼ਰਮਾ, ਨੰਦੀਸ਼ ਆਨੰਦ, ਰਾਜੀਵ ਸ਼ਰਮਾ, ਨਗਿੰਦਰ ਵਰਮਾ (ਪ੍ਰਬੰਧਕ), ਰੋਸ਼ਨ ਲਾਲ, ਗੁਰਪ੍ਰੀਤ ਸਿੰਘ, ਅਮਰਜੀਤ, ਰਮਾ ਸ਼ਰਮਾ, ਰਾਜ ਰਾਣੀ, ਇੰਦਰਜੀਤ ਕੌਰ, ਮੀਨਾਕਸ਼ੀ ਵਰਮਾ, ਅਮਨਦੀਪ ਆਦਿ ਹਾਜ਼ਰ ਸਨ।

## 'ਆਪ' ਸਰਕਾਰ ਦਲਿਤਾਂ ਦੇ ਮੁੱਦੇ ਚੁੱਕਣ ਵਾਲਿਆਂ ਉਤੇ ਮਾਰ ਰਹੀ ਡਿਜ਼ੀਟਲ ਡਾਕਾ : ਗੜ੍ਹੀ

**ਚੰਡੀਗੜ੍ਹ–** ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਵਿਧਾਨ ਸਭਾ 'ਚੋਂ ਦਿਖਾਏ ਜਾ ਰਹੇ ਲਾਈਵ ਵਿਚੋਂ ਵਿਰੋਧੀ ਧਿਰ ਦੇ ਵਿਧਾਇਕਾਂ ਨੂੰ ਲਾਈਵ ਦਿਖਾਉਣ ਤੋਂ ਕੀਤੇ ਜਾ ਰਹੇ ਪੱਖਪਾਤ ਦੀ ਸਖਤ ਨਿਖੇਧੀ ਕੀਤੀ। ਜਾਰੀ ਬਿਆਨ ਵਿੱਚ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਵਿਧਾਨ ਸਭਾ ਵਿੱਚ 'ਆਪ' ਸਰਕਾਰ ਸਿਰਫ ਸੱਤਾਧਾਰੀ ਵਿਧਾਇਕਾਂ ਨੂੰ ਹੀ ਇੰਝ ਦਿਖਾ ਰਹੀ ਹੈ ਜਿਵੇਂ ਸਾਰੇ ਵਿਧਾਇਕਾਂ ਨੂੰ ਦੋਹਰੇ ਦੋਹਰੇ ਵਿਆਹ ਕਰਨ ਲਈ ਸਗੁਨ ਪਾਉਣ ਲਈ ਚਿਕਨੇ ਚੋਪੜੇ ਮੂੰਹ ਦਿਖਾਏ ਜਾ ਰਹੇ ਹਨ।

ਮੁੰਡੇ ਕੁੜੀ ਦਾ ਚੇਹਰਾ ਇੰਨਾ ਪਰਚਾਰ ਦਾ ਮੇਟਰੋਮੋਨਿਅਲ ਏਜੇਂਸੀਆ ਨਹੀਂ ਕਰਦੀਆਂ ਜਿੰਨਾ ਵਿਧਾਨ ਸਭਾ ਦੇ ਕੈਮਰੇ ਕਰਦੇ ਹਨ 'ਆਪ' ਵਿਧਾਇਕਾਂ ਨੂੰ ਬੋਲਦੇ ਸਮੇਂ ਨੇੜੇ ਤੋਂ ਦਿਖਾਇਆ ਜਾਂਦਾ ਹੈ, ਦੂਜੀ ਪਾਰਟੀ ਦੇ ਵਿਧਾਇਕਾਂ ਨੂੰ ਨਹੀਂ। ਉਨ੍ਹਾਂ ਕਿਹਾ ਕਿ ਬਹੁਜਨ ਸਮਾਜ ਪਾਰਟੀ ਦੇ ਵਿਧਾਇਕ ਨਛੱਤਰ ਪਾਲ ਜਦੋਂ ਵਿਧਾਨ ਸਭਾ ਵਿੱਚ ਦਲਿਤਾਂ ਦੇ ਮੁੱਦੇ ਚੁੱਕ ਰਹੇ ਸਨ ਤਾਂ ਉਨ੍ਹਾਂ ਨੂੰ ਨਾ ਦਿਖਾਉਣ ਨਾਲ'ਆਪ' ਸਰਕਾਰ ਦਲਿਤ ਵਿਰੋਧੀ ਚੇਹਰਾ ਸਾਹਮਣੇ ਆਇਆ ਹੈ, ਜਦੋਂ ਕਿ ਬਸਪਾ ਵਿਧਾਇਕ ਲਗਾਤਾਰ ਚਾਰ ਮਿੰਟ ਬੋਲੇ ਸਨ। ਇਹਨਾ ਚਾਰ ਮਿੰਟਾਂ ਵਿਚ ਜਦੋਂ ਕੈਮਰਾ ਕੇਜਰੀਵਾਲ ਦੇ ਚੇਲਿਆ, ਸਪੀਕਰ ਤੇ ਕੈਬਨਿਟ ਮੰਤਰੀ ਤੇ ਘੁੰਮਦਾ ਹੈ, ਤਾਂ ਦਲਿਤ ਵਿਧਾਇਕ ਤੇ ਕਿਉਂ ਨਹੀਂ ਘੁੰਮ ਸਕਦਾ। ਸਪੀਕਰ ਸ਼੍ਰੀ ਕੁਲਤਾਰ ਸੰਧਵਾ ਜੀ ਦੱਸਣ ਕਿ ਦਲਿਤਾਂ ਦੇ ਚਿਹਰੇ ਦਿਖਾਉਣ ਤੋ ਕਿਆ ਵਿਧਾਨ ਸਭਾ ਦੇ ਕੈਮਰੇ ਭਿੱਟ ਹੋ ਜਾਣਗੇ।

ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਸਦਨ ਵਿੱਚ ਵੀ ਦਲਿਤਾਂ ਨਾਲ ਪੱਖਪਾਤ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸਿਰਫ ਉਨ੍ਹਾਂ ਦਲਿਤ ਵਿਧਾਇਕਾਂ ਨੂੰ ਹੀ ਦਿਖਾਇਆ ਜਾਂਦਾ ਹੈ ਜਿਹੜੇ 'ਆਪ' ਦੇ ਸੀਰੀ ਬਣਕੇ ਸਰਕਾਰ ਦੀ ਭਾਸ਼ਾ ਬੋਲਦੇ ਹਨ। ਉਨ੍ਹਾਂ ਕਿਹਾ ਕਿ ਜੇਕਰ 'ਆਪ' ਵਿਚੋਂ ਬਣੇ ਦਲਿਤ ਵਿਧਾਇਕ ਦਲਿਤ ਪੱਖੀ ਹੁੰਦੇ ਤਾਂ ਲਾਅ ਅਫਸਰਾਂ ਵਿੱਚ ਭਰਤੀ ਸਮੇਂ ਹੋਏ ਪੱਖਪਾਤ ਦਾ ਡਟਕੇ ਵਿਰੋਧ ਕਰਦੇ, ਪ੍ਰੰਤੂ ਮਾਲਕਾਂ ਦੇ ਇਸ਼ਾਰਿਆਂ ਉਤੇ ਚਲਦਿਆਂ ਚੁੱਪ ਰਹੇ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਆਪਣਾ ਦਲਿਤ ਵਿਰੋਧੀ ਨੀਤੀਆਂ ਦਾ ਤਿਆਗਕੇ ਕੰਮ ਕਰੇ। ਉਨ੍ਹਾਂ ਪੰਜਾਬ ਦੇ ਦਲਿਤ ਭਾਈਚਾਰੇ ਨੂੰ ਅਪੀਲ ਕੀਤੀ ਕਿ ਇਕਜੁੱਟ ਹੋਕੇ 'ਆਪ' ਦੀਆਂ ਦਲਿਤ ਵਿਰੋਧੀ ਨੀਤੀਆਂ ਦਾ ਮੂੰਹ ਤੋੜ ਜਵਾਬ ਦਿੱਤਾ 9 ਅਕਤੂਬਰ ਨੂੰ ਖੰਨਾ ਵਿਖੇ ਵਰਕਰ ਸਮੇਲਨ ਕਰਕੇ ਦਿੱਤਾ ਜਾਵੇਗਾ।

## ਸਪੀਕਰ ਤੇ ਸਰਕਾਰ ਝੂਠੀ, ਬਸਪਾ ਵਿਧਾਇਕ ਦੀ ਵੋਟ ਸਰਕਾਰ ਖਿਲਾਫ ਗਈ - ਜਸਵੀਰ ਸਿੰਘ ਗੜ੍ਹੀ

**ਚੰਡੀਗੜ੍ਹ–** ਬਹੁਜਨ ਸਮਾਜ ਪਾਰਟੀ ਪੰਜਾਬ ਦੇ ਸੂਬਾ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਨੇ ਪ੍ਰੈਸ ਨੋਟ ਜਾਰੀ ਕਰਦਿਆ ਕਿਹਾ ਕਿ ਆਮ ਆਦਮੀ ਪਾਰਟੀ ਦਾ



ਸਪੀਕਰ ਤੇ ਸਰਕਾਰ ਝੂਠਾ ਹੈ, ਜੋਕਿ ਪਿਛਲੇ 200 ਦਿਨਾਂ ਤੋਂ ਪੰਜਾਬੀਆਂ ਨਾਲ ਝੂਠ ਬੋਲ ਰਹੇ ਹਨ, ਜਿਸਦੀ ਤਾਜ਼ਾ ਉਦਾਹਰਨ ਉਦਾਹਰਣ ਅੱਜ ਵਿਧਾਨ ਸਭਾ ਦੀ ਵੋਟਿੰਗ ਵੇਲੇ ਹੋਈ। ਬਸਪਾ ਨੇ ਆਪਣੇ ਵਿਧਾਇਕ ਨੂੰ ਸਰਕਾਰ ਖ਼ਿਲਾਫ਼ ਵੋਟ ਪਾਉਣ ਦਾ ਨਿਰਦੇਸ਼ ਦਿੱਤਾ ਸੀ। ਸੂਬਾ ਪ੍ਰਧਾਨ ਸ ਗੜ੍ਹੀ ਨੇ ਅੱਜ ਬਸਪਾ ਦੇ ਇਕਲੌਤੇ ਵਿਧਾਇਕ ਡਾ ਨਛੱਤਰ ਪਾਲ ਨਾਲ ਹੋਈ ਮੋਬਾਈਲ ਚੈਟ ਵੀ ਨਸ਼ਰ ਕੀਤੀ, ਜਿਸ ਵਿਚ ਬਸਪਾ ਵਿਧਾਇਕ ਨੂੰ ਸਰਕਾਰ ਖ਼ਿਲਾਫ਼ ਵੋਟ ਪਾਉਣ ਦਾ ਨਿਰਦੇਸ਼ ਸੀ। ਬਸਪਾ ਵਿਧਾਇਕ ਨੇ ਸਦਨ ਵਿਚ ਪ੍ਰਸਤਾਵ ਦੇ ਵਿਰੋਧ ਵਿਚ ਭਾਸ਼ਣ ਕੀਤਾ, ਅਤੇ ਸਪੀਕਰ ਨੂੰ ਬਾਅਦ ਵਿਚ ਇਸ ਗੱਲ ਲਈ ਲਿਖਤੀ ਪੱਤਰ ਵੀ ਸਪੀਕਰ ਨੂੰ ਦਿੱਤਾ ਕਿ ਵਿਧਾਨ ਸਭਾ ਵਿਚ ਵੋਟ ਗਿਣਤੀ ਦਾ ਰਿਕਾਰਡ ਠੀਕ ਕੀਤਾ ਜਾਵੇ। ਸ ਗੜ੍ਹੀ ਨੇ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਸਰਕਾਰ ਨੇ ਬਸਪਾ ਦੀ ਵੋਟ ਨੂੰ ਸਰਕਾਰ ਦੇ ਪੱਖ ਵਿਚ ਗਿਣਿਆ ਤਾਂ ਦੁਸਹਿਰੇ ਵਾਲੇ ਦਿਨ ਸਰਕਾਰ ਦਾ ਪੁਤਲਾ ਬਸਪਾ ਫੂਕੇਗੀ।

## ਪਤੀ ਵਲੋਂ ਤਨਖਾਹ ਨਾ ਦੱਸਣ 'ਤੇ ਪਤਨੀ ਪੁੱਜੀ ਆਰਟੀਆਈ ਦਫਤਰ

**ਬਰੇਲੀ–** ਉੱਤਰ ਪ੍ਰਦੇਸ਼ ਦੇ ਬਰੇਲੀ ਤੋਂ ਪਤੀ-ਪਤਨੀ ਦੀ ਅਜੀਬੋ ਗਰੀਬ ਖਬਰ ਸਾਹਮਣੇ ਆਈ ਹੈ। ਪਤਨੀ ਨੇ ਪਤੀ ਤੋਂ ਉਸ ਦੀ ਤਨਖਾਹ ਜਾਣਨੀ ਚਾਹੀ, ਜੋ ਉਸ ਨੇ ਦੱਸਣ ਤੋਂ ਇਨਕਾਰ ਕਰ ਦਿੱਤਾ। ਪਤਨੀ ਵੀ ਚੁੱਪ ਕਰਕੇ ਬੈਠਣ ਵਾਲੀ ਨਹੀਂ ਸੀ, ਅਜਿਹੇ 'ਚ ਉਸ ਨੇ ਆਰਟੀਆਈ ਦਾਇਰ ਕਰਕੇ ਆਪਣੇ ਪਤੀ ਦੀ ਤਨਖਾਹ ਦੀ ਪੂਰੀ ਜਾਣਕਾਰੀ ਹਾਸਲ ਕੀਤੀ। ਇਹ ਘਟਨਾ ਉੱਤਰ ਪ੍ਰਦੇਸ਼ ਦੇ ਬਰੇਲੀ ਦੀ ਹੈ, ਜਿੱਥੇ ਪਤਨੀ ਨੇ ਆਪਣੇ ਹੀ ਪਤੀ ਤੋਂ ਕਾਨੂੰਨੀ ਬਦਲਾ ਲੈਂਦਿਆਂ ਅਜਿਹੀ ਜਾਣਕਾਰੀ ਹਾਸਲ ਕਰ ਲਈ, ਜੋ ਪਤੀ ਨਹੀਂ ਦੇਣਾ ਚਾਹੁੰਦਾ ਸੀ।



ਦਰਅਸਲ, ਕੇਂਦਰੀ ਸੂਚਨਾ ਕਮਿਸ਼ਨ ਨੇ ਇਹ ਜਾਣਕਾਰੀ ਸੁਪਰੀਮ ਕੋਰਟ ਅਤੇ ਹਾਈ ਕੋਰਟ ਦੇ ਫੈਸਲਿਆਂ 'ਤੇ ਵਿਚਾਰ ਕਰਨ ਤੋਂ ਬਾਅਦ ਦਿੱਤੀ ਹੈ। ਬਾਂਬੇ ਹਾਈ ਕੋਰਟ ਦੀ ਨਾਗਪੁਰ ਬੈਂਚ ਨੇ ਰਾਜੇਸ਼ ਰਾਮਚੰਦਰ ਕਿਡੀਲੇ ਬਨਾਮ ਮਹਾਰਾਸ਼ਟਰ ਐਸਆਈਸੀ ਅਤੇ ਓਆਰਐਸ ਵਿੱਚ ਕਿਹਾ ਸੀ ਕਿ ਪਤਨੀ ਦੇ ਰੱਖ-ਰਖਾਅ ਨਾਲ ਸਬੰਧਤ ਕੇਸ ਵਿੱਚ ਪਤੀ ਦੀ ਤਨਖਾਹ ਨਿੱਜੀ ਜਾਣਕਾਰੀ ਨਹੀਂ ਹੋ ਸਕਦੀ। ਅਜਿਹੇ 'ਚ ਤਨਖਾਹ ਬਾਰੇ ਜਾਣਨਾ ਉਸ ਦਾ ਅਧਿਕਾਰ ਹੋ ਸਕਦਾ ਹੈ। ਹੁਣ 15 ਦਿਨਾਂ ਦੇ ਅੰਦਰ, ਸੀਪੀਆਈਓ ਪਤਨੀ ਨੂੰ ਪਤੀ ਦੀ ਸ਼ੁੱਧ ਟੈਕਸਯੋਗ ਆਮਦਨ / ਕੁੱਲ ਆਮਦਨ ਦੀ ਜਾਣਕਾਰੀ ਪ੍ਰਦਾਨ ਕਰੇਗਾ। ਹਾਲਾਂਕਿ, ਪ੍ਰਾਪਰਟੀ, ਦੇਣਦਾਰੀਆਂ, ਟੈਕਸ ਰਿਟਰਨ, ਨਿਵੇਸ਼ ਅਤੇ ਲੋਨ ਵਰਗੀਆਂ ਜਾਣਕਾਰੀਆਂ ਨਹੀਂ ਦਿੱਤੀਆਂ ਜਾਣਗੀਆਂ, ਜੋ ਕਿ ਨਿੱਜੀ ਸ਼੍ਰੇਣੀ ਦੇ ਅਧੀਨ ਆਉਂਦੀਆਂ ਹਨ।

ਫਾਈਨਾਂਸ਼ੀਅਲ ਐਕਸਪ੍ਰੈਸ ਦੀ ਰਿਪੋਰਟ ਦੇ ਅਨੁਸਾਰ, ਸੰਜੂ ਗੁਪਤਾ ਨਾਮ ਦੀ ਇੱਕ ਔਰਤ ਨੇ ਆਰਟੀਆਈ ਅਰਜ਼ੀ ਦੇ ਕੇ ਆਪਣੇ ਹੀ ਪਤੀ ਦੀ ਤਨਖਾਹ ਜਾਣਨ ਦੀ ਬੇਨਤੀ ਦਾਇਰ ਕੀਤੀ ਅਤੇ ਸਾਲ 2018-19 ਅਤੇ 2019-20 ਦੌਰਾਨ ਆਪਣੇ ਪਤੀ ਦੀ ਤਨਖਾਹ ਦੇ ਸਾਰੇ ਵੇਰਵੇ ਪ੍ਰਾਪਤ ਕੀਤੇ। ਇਸ ਤੋਂ ਪਹਿਲਾਂ, ਪਤਨੀ ਨੇ ਇਨਕਮ ਟੈਕਸ ਦਫਤਰ ਦੀ ਤਰਫੋਂ ਸਿੱਧੇ ਤੌਰ 'ਤੇ ਇਹ ਵੇਰਵੇ ਮੰਗੇ ਸਨ, ਜਿਸ ਨੂੰ ਪਤੀ ਨੇ ਇਜਾਜ਼ਤ ਨਾ ਦੇਣ ਕਾਰਨ ਇਨਕਾਰ ਕਰ ਦਿੱਤਾ ਸੀ। ਇਸ ਤੋਂ ਬਾਅਦ ਉਸ ਨੂੰ ਕੇਂਦਰੀ ਸੂਚਨਾ ਕਮਿਸ਼ਨ ਰਾਹੀਂ ਇਹ ਜਾਣਕਾਰੀ ਮਿਲੀ। ਉਸ ਦੀ ਤਰਫੋਂ ਔਰਤ ਨੂੰ 15 ਦਿਨਾਂ ਦੇ ਅੰਦਰ ਇਹ ਜਾਣਕਾਰੀ ਦੇਣ ਲਈ ਕਿਹਾ ਗਿਆ ਸੀ।

## ਦਿੱਲੀ ਵਾਲਿਆਂ ਦੇ ਇਸ਼ਾਰੇ ਉਤੇ ਮੁੱਖ ਮੰਤਰੀ ਨੇ ਪੰਜਾਬ ਨੂੰ ਛੱਡਿਆ ਲਾਵਰਿਸ਼ : ਬਸਪਾ

**ਚੰਡੀਗੜ੍ਹ–** ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਪੰਜਾਬ ਵਿੱਚ ਦਿਨੋਂ ਦਿਨ ਖਰਾਬ ਹੋ ਰਹੀ ਕਾਨੂੰਨ ਵਿਵਸਥਾ ਉਤੇ ਚਿੰਤਾ ਪ੍ਰਗਟਾਈ ਤੰਜ ਕਸਿਆ ਕਿ ਰੋਮ ਸੜਨ ਉਤੇ ਜੇਕਰ ਬਾਦਸ਼ਾਹ ਨੀਰੋ ਬਾਂਸੁਰੀ ਵਜਾਉਂਦਾ ਸੀ, ਤਾਂ ਪੰਜਾਬ ਦੇ ਸੜਨ ਉਤੇ ਮੁੱਖ ਮੰਤਰੀ ਭਗਵੰਤ ਮਾਨ ਨਾਚ ਨਚਾਈਆਂ ਕਰ ਰਿਹਾ। ਜਾਰੀ ਪ੍ਰੈਸ ਬਿਆਨ ਵਿੱਚ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਸੂਬੇ ਵਿੱਚ ਦਿਨੋਂ ਦਿਨ ਕਾਨੂੰਨ ਵਿਵਸਥਾ ਖਰਾਬ ਹੁੰਦੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸੀਆਈਏ ਸਟਾਫ ਦੀ ਹਿਰਾਸਤ ਵਿਚੋਂ ਇਕ ਨਾਮੀ ਗੈਂਗਸਟਰ ਦਾ ਭਜ ਜਾਣਾ ਭਗਵੰਤ ਮਾਨ ਸਰਕਾਰ ਦੇ ਫੇਲ੍ਹ ਹੋਣ ਦਾ ਸਿੱਟਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਜਿਨ੍ਹਾਂ ਕੋਲ ਗ੍ਰਹਿ ਮੰਤਰਾਲਾ ਵੀ ਹੈ ਪੰਜਾਬ ਨੂੰ ਰੱਬ ਆਸਰੇ ਛੱਡ ਗੁਜਰਾਤ ਵਿੱਚ ਸਟੇਜ ਉਤੇ ਨੱਚ ਰਹੇ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਅਰਵਿੰਦ ਕੇਜਰੀਵਾਲ ਦੇ ਇਸ਼ਰਿਆਂ ਉਤੇ ਨੱਚਦੇ ਹੋਏ ਪੰਜਾਬ ਨੂੰ ਲਾਵਰਿਸ਼ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਦੂਜੇ ਸੂਬਿਆਂ ਵਿੱਚ ਪ੍ਰਚਾਰ ਕਰਨ ਦੀ ਬਜਾਏ ਪੰਜਾਬ ਵੱਲ ਧਿਆਨ ਦੇਣ। ਜਸਵੀਰ ਸਿੰਘ ਗੜ੍ਹੀ ਨੇ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਕਿ 'ਆਪ' ਸਰਕਾਰ ਤੋਂ ਆਸ ਛੱਡ ਖੁਦ ਲਾਮਬੰਦ ਹੋਣ ਅਤੇ ਪੰਜਾਬ ਦੇ ਖਰਾਬ ਹੋ ਰਹੇ ਮਾਹੌਲ ਨੂੰ ਠੀਕ ਕਰਨ ਲਈ ਅੱਗੇ ਆਉਣ।

## ਭਾਰਤ 'ਚ ਅਨਾਜ ਸੰਕਟ ਤੇ ਸੰਕਟਗ੍ਰਸਤ ਦੇਸ਼ਾਂ ਨੂੰ ਅਨਾਜ ਦੀ ਸਪਲਾਈ

**ਜਲੰਧਰ (ਜੇ। ਸਿੰਘ 'ਭਡਿਆਰ')–** ਦੁਨੀਆ ਭਰ 'ਚ ਗਰੀਬ ਦੇਸ਼ਾਂ ਅੰਦਰ ਅਨਾਜ ਦੀ ਪੈਦਾਵਾਰ ਘੱਟਣ ਕਾਰਨ ਭੁੱਖਮਰੀ, ਕੁਪੋਸ਼ਣ, ਬੇਰੁਜ਼ਗਾਰੀ, ਰਾਜਨੀਤਕ ਅਸਥਿਰਤਾ ਅਤੇ ਦਹਿਸ਼ਤਗਰਦੀ ਇਨ੍ਹਾਂ ਦੇਸ਼ਾਂ ਅੰਦਰ ਇਕ ਬਹੁਤ ਹੀ ਸੰਵੇਦਨਸ਼ੀਲ ਮੁੱਦਾ ਬਣ ਗਿਆ ਹੈ। ਇਕ ਪਾਸੇ ਦੁਨੀਆ ਵਿਚ ਕਾਰਪੋਰੇਟੀ ਮੁਨਾਫਿਆ ਕਾਰਨ ਤੇ ਖੇਤੀ ਸੰਕਟ ਦੇ ਸਿਟੇ ਕਾਰਨ, ਅਨਾਜ ਦੀ ਪੈਦਾਵਾਰ ਘੱਟ ਰਹੀ ਹੈ। ਦੂਸਰੇ ਪਾਸੇ ਹਾਕਮਾਂ ਦੀਆ ਅਣਗਹਿਲੀਆਂ ਕਾਰਨ ਪੈਦਾ ਹੋ ਰਹੇ ਅਨਾਜ ਨੂੰ ਸਾਂਭ-ਸੰਭਾਲ ਨਾ ਕਰਨ ਕਾਰਨ, ਤੀਸਰਾ ਹਿੱਸਾ ਤਾਂ ਸਿੱਧਾ ਹੀ ਬਰਬਾਦ ਹੋ ਜਾਂਦਾ ਹੈ।



ਭਾਰਤ ਸਰਕਾਰ ਨੇ ਪ੍ਰਧਾਨ ਮੰਤਰੀ ਗਰੀਬ ਕਲਿਆਣ ਅੰਨ ਯੋਜਨਾ ਨੂੰ ਤਿੰਨ ਮਹੀਨੇ ਵਧਾ ਦਿੱਤਾ ਹੈ, ਇਹ ਯਕੀਨੀ ਬਣਾਏਗਾ ਕਿ ਤਿਉਹਾਰਾਂ ਦੇ ਸੀਜ਼ਨ ਦੌਰਾਨ ਗਰੀਬਾਂ ਅਤੇ ਲੋੜਵੰਦਾਂ ਨੂੰ ਕਿਸੇ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ। ਮੰਤਰਾਲੇ ਨੇ ਕਿਹਾ ਕਿ ਕਣਕ ਅਤੇ ਚੌਲਾਂ ਦੀਆਂ ਪ੍ਰਚੂਨ ਅਤੇ ਥੋਕ ਕੀਮਤਾਂ ਵਿੱਚ ਗਿਰਾਵਟ ਦਰਜ ਕੀਤੀ ਗਈ ਹੈ ਅਤੇ ਪਿਛਲੇ ਹਫ਼ਤੇ ਦੌਰਾਨ ਆਟੇ ਦੀਆਂ ਕੀਮਤਾਂ ਸਥਿਰ ਰਹੀਆਂ ਹਨ। ਸਰਕਾਰ ਨੇ ਕਿਹਾ ਕਿ ਇਸ ਨੇ ਕੀਮਤਾਂ ਵਿੱਚ ਹੋਰ ਵਾਧੇ ਤੋਂ ਬਚਣ ਲਈ ਕਈ ਕਦਮ ਚੁੱਕੇ ਹਨ। ਕਣਕ ਅਤੇ ਚੌਲਾਂ ਦੇ ਮਾਮਲੇ 'ਚ ਬਰਾਮਦ ਲਈ ਨਵੇਂ ਨਿਯਮ ਲਾਗੂ ਕੀਤੇ ਗਏ ਹਨ।

ਇਸ ਦੌਰਾਨ ਕੇਂਦਰ ਸਰਕਾਰ ਨੇ ਲੋਕਾਂ ਦੀਆਂ ਚਿੰਤਾਵਾਂ ਨੂੰ ਦੂਰ ਕਰਦਿਆਂ ਕਿਹਾ ਕਿ ਦੇਸ਼ ਵਿੱਚ ਅਨਾਜ ਦਾ ਕਾਫੀ ਭੰਡਾਰ ਮੌਜੂਦ ਹੈ ਅਤੇ ਕਣਕ, ਆਟਾ ਅਤੇ ਚੌਲਾਂ ਦੀਆਂ ਕੀਮਤਾਂ ਕਾਬੂ ਹੇਠ ਹਨ। ਖਪਤਕਾਰ ਮਾਮਲੇ, ਖੁਰਾਕ ਅਤੇ ਜਨਤਕ ਵੰਡ ਮੰਤਰਾਲੇ ਨੇ ਕਿਹਾ ਕਿ ਸਰਕਾਰ ਨਿਯਮਿਤ ਤੌਰ 'ਤੇ ਜ਼ਰੂਰੀ ਵਸਤਾਂ ਦੀਆਂ ਕੀਮਤਾਂ ਦੀ ਨਿਗਰਾਨੀ ਕਰਦੀ ਹੈ ਅਤੇ ਲੋੜ ਪੈਣ 'ਤੇ ਸੁਧਾਰਾਤਮਕ ਉਪਾਅ ਵੀ ਕਰਦੀ ਹੈ। ਯੁੱਧ ਅਤੇ ਮਹਾਂਮਾਰੀ ਦੇ ਸਮੇਂ ਵੀ, ਭਾਰਤ ਨੇ ਅਜਿਹੇ ਸੰਕਟ ਦੌਰਾਨ ਵੀ ਅਫਗਾਨਿਸਤਾਨ, ਮਿਆਂਮਾਰ, ਸ਼੍ਰੀਲੰਕਾ, ਯਮਨ ਅਤੇ ਹੋਰ ਕਈ ਦੇਸ਼ਾਂ ਨੂੰ ਅਨਾਜ ਦੀ ਸਪਲਾਈ ਕੀਤੀ।

ਇਸ 'ਚ ਕਿਹਾ ਗਿਆ ਹੈ ਕਿ ਪਿਛਲੇ 2-3 ਸਾਲਾਂ ਦੌਰਾਨ ਘੱਟੋ-ਘੱਟ ਸਮਰਥਨ ਮੁੱਲ (ਐੱਮਐੱਸਪੀ) 'ਚ ਵਾਧੇ ਦੇ ਨਾਲ-ਨਾਲ ਕਣਕ ਅਤੇ ਚੌਲਾਂ ਦੀਆਂ ਕੀਮਤਾਂ 'ਚ ਵਾਧਾ ਹੋਇਆ ਹੈ। 2021-22 ਵਿੱਤੀ ਸਾਲ ਦੇ ਦੌਰਾਨ, ਕੀਮਤਾਂ ਤੁਲਨਾਤਮਕ ਤੌਰ 'ਤੇ ਘੱਟ ਸਨ ਕਿਉਂਕਿ ਕੀਮਤਾਂ ਨੂੰ ਨਿਯੰਤਰਿਤ ਕਰਨ ਲਈ ਇੱਕ ਖੁੱਲੀ ਮਾਰਕੀਟ ਵਿਕਰੀ ਯੋਜਨਾ ਦੁਆਰਾ ਲਗਭਗ 80 ਲੱਖ ਮੀਟ੍ਰਿਕ ਟਨ ਅਨਾਜ ਖੁੱਲੇ ਬਾਜ਼ਾਰ ਵਿੱਚ ਉਤਾਰਿਆ ਗਿਆ ਸੀ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# 90 ਮਿਲੀਅਨ ਡਾਲਰ ਦੀ ਲਾਗਤ ਨਾਲ ਬਣਾਇਆ ਗਿਆ ਹੈ ਰਾਜਧਾਨੀ ਵਾਲਾ ਦੂਤਾਵਾਸ ਦਫਤਰ




**ਆਕਲੈਂਡ (ਹਰਜਿੰਦਰ ਸਿੰਘ ਬਸਿਆਲਾ)**– ਵਲਿੰਗਟਨ ਸਥਿਤ ਭਾਰਤੀ ਦੂਤਾਵਾਸ ਜਿੱਥੇ ਆਪਣੇ 90 ਮਿਲੀਅਨ ਦੀ ਲਾਗਤ ਵਾਲੇ ਦਫਤਰ ਦੇ ਵਿਚ ਕੰਮਕਾਰ ਸੰਭਾਲ ਚੁੱਕਾ ਹੈ, ਉਥੇ ਇਸ ਦੀਆਂ ਰਸਮੀ ਕਾਰਵਾਈਆਂ ਅਜੇ ਵੀ ਜਾਰੀ ਹਨ। ਬੀਤੇ ਦਿਨੀਂ ਨਵੇਂ ਭਾਰਤੀ ਹਾਈ ਕਮਿਸ਼ਨਰ ਸ੍ਰੀਮਤੀ ਨੀਤਾ ਭੂਸ਼ਣ ਨੇ ਕੰਮ ਕਾਰ ਸੰਭਾਲ ਲਿਆ ਹੈ, ਉਥੇ ਭਾਰਤ ਦੇ ਵਿਦੇਸ਼ ਮੰਤਰੀ ਡਾ ਸੁਬਰਾਮਨੀਅਮ ਜੈਸ਼ੰਕਰ ਵੀ ਦਫਤਰ ਦੇ ਉਪਰ ਬਣੇ ਰਿਹਾਇਸ਼ੀ ਬਲਾਕ ਅਤੇ ਕੰਮ ਕਾਜੀ ਦਫਤਰਾਂ ਦਾ ਉਦਘਾਟਨ ਕਰਨ 9 ਅਕਤੂਬਰ ਨੂੰ ਪਹੁੰਚ ਰਹੇ ਹਨ। ਸਵੇਰੇ 9:30 ਵਜੇ ਉਦਘਾਟਨੀ ਪ੍ਰੋਗਰਾਮ ਰੱਖਿਆ ਗਿਆ ਹੈ ਅਤੇ ਸਮਾਗਮ ਦੇ ਲਈ ਸੱਦਾ ਪੱਤਰ ਭੇਜੇ ਜਾ ਰਹੇ ਹਨ।

ਸ੍ਰੀ ਜੈ ਸ਼ੰਕਰ ਇਸ ਵੇਲੇ ਵਿਦੇਸ਼ ਮੰਤਰੀ ਹਨ ਅਤੇ ਇਸ ਤੋਂ ਪਹਿਲਾਂ ਉਹ ਕਈ ਮੁਲਕਾਂ ਦੇ ਵਿਚ ਹਾਈ ਕਮਿਸ਼ਨਰ ਵੀ ਰਹਿ ਚੁੱਕੇ ਹਨ। ਉਹ ਕਾਫੀ ਉਚ ਸਿਖਿਆ ਪ੍ਰਾਪਤ ਹਨ ਅਤੇ ਪੀ ਐਚ ਡੀ ਹਨ। ਉਨ੍ਹਾਂ ਨੂੰ 2019 ਦੇ ਵਿਚ ਪਦਮ ਸ੍ਰੀ ਵੀ ਮਿਲ ਚੁੱਕਿਆ ਹੈ। 27 ਫਰਵਰੀ 2020 ਨੂੰ ਉਸ ਵੇਲੇ ਨਿਊਜ਼ੀਲੈਂਡ ਦੇ ਉਪ ਪ੍ਰਧਾਨ ਮੰਤਰੀ ਤੇ ਵਿਦੇਸ਼ ਮੰਤਰੀ ਸ੍ਰੀ ਵਿਨਸਨ ਪੀਟਰ ਉਨ੍ਹਾਂ ਨੂੰ ਭਾਰਤ ਫੇਰੀ ਸਮੇਂ ਮਿਲ ਕੇ ਆਏ ਸਨ। ਸ੍ਰੀ ਸਾਇਮਨ ਬ੍ਰਿਜਸ ਅਤੇ ਸ। ਕੰਵਲਜੀਤ ਸਿੰਘ ਬਖਸ਼ੀ ਹੋਰਾਂ ਵੀ ਉਨ੍ਹਾਂ ਨਾਲ ਆਪਣੀ ਭਾਰਤ ਫੇਰੀ ਉਤੇ ਮੀਟਿੰਗ ਕੀਤੀ ਸੀ। ਸੋ ਮਹਿਲ ਵਰਗੇ ਇਸ ਦਫਤਰ ਨੂੰ ਭਾਰਤ ਦੇ ਵਿਦੇਸ਼ ਮੰਤਰੀ ਦਾ ਵੇਖਣ ਆਉਣਾ ਤਾਂ ਬਣਦਾ ਹੀ ਸੀ, ਕਿਉਂਕਿ ਐਨੇ ਪੈਸੇ ਲਾ ਦਿੱਤੇ ਅਤੇ ਉਦਘਾਟਨ ਵੀ ਭਾਰਤ ਸਰਕਾਰ ਵੱਲੋਂ ਹੋਣਾ ਚਾਹੀਦਾ ਇਕ ਵਾਰ।

# ਭਾਰਤੀ ਵਿਦੇਸ਼ ਮੰਤਰੀ ਡਾ ਸੁਬਰਾਮਨੀਅਮ ਜੈ ਸ਼ੰਕਰ ਦਾ ਨਿਊਜ਼ੀਲੈਂਡ ਦੌਰਾ 5 ਤੋਂ 11 ਅਕਤੂਬਰ

**ਆਕਲੈਂਡ (ਹਰਜਿੰਦਰ ਸਿੰਘ ਬਸਿਆਲਾ)**– ਭਾਰਤ ਦੇ ਵਿਦੇਸ਼ ਮੰਤਰੀ ਡਾ: ਸੁਬਰਾਮਨੀਅਮ ਜੈਸ਼ੰਕਰ 5 ਤੋਂ 11 ਅਕਤੂਬਰ ਤੱਕ ਨਿਊਜ਼ੀਲੈਂਡ ਅਤੇ ਆਸਟਰੇਲੀਆ ਦੇ ਦੌਰੇ ਉਤੇ ਆ ਰਹੇ ਹਨ। ਇਹ ਭਾਰਤੀ ਕੈਬਨਿਟ ਪੱਧਰ ਦੇ ਵਿਦੇਸ਼ ਮੰਤਰੀ ਦੀ ਨਿਊਜ਼ੀਲੈਂਡ ਦੀ ਪਹਿਲੀ ਫੇਰੀ ਹੋਵੇਗੀ, ਇਸ ਤੋਂ ਪਹਿਲਾਂ ਸਤੰਬਰ 2011 ਦੇ ਵਿਚ ਵਿਦੇਸ਼ ਰਾਜ ਮੰਤਰੀ ਸ੍ਰੀਮਤੀ ਪ੍ਰਨੀਤ ਕੌਰ ਇਥੇ ਜਰੂਰ ਆ ਚੁੱਕੇ ਹਨ। ਭਾਰਤੀ ਵਿਦੇਸ਼ ਮੰਤਰੀ ਦਾ 6 ਅਕਤੂਬਰ ਨੂੰ ਵਿਸ਼ੇਸ਼ ਤੌਰ ਉਤੇ ਮਾਓਰੀ ਰਸਮੋ ਰਿਵਾਜਾਂ (ਪਾਹੁਰੀ) ਦੇ ਨਾਲ ਔਕਲੈਂਡ ਵਾਰ ਮੈਮੋਰੀਅਲ ਅਜਾਇਬ ਘਰ ਦੇ ਵਿਹੜੇ ਵਿਚ ਸਵਾਗਤ ਕੀਤਾ ਜਾਵੇਗਾ। ਇਸ ਉਪਰੰਤ ਨਿਊਜ਼ੀਲੈਂਡ ਦੀ ਵਿਦੇਸ਼ ਮੰਤਰੀ ਨੈਨੀਆ ਮਾਹੂਤਾ ਦੇ ਨਾਲ ਦੋਹਾਂ ਦੇਸ਼ਾਂ ਦੇ ਆਪਸੀ ਰਾਜਸੀ ਸਬੰਧਾਂ ਸਬੰਧੀ ਗੱਲਬਾਤ ਹੋਵੇਗੀ ਅਤੇ ਫਿਰ ਇਕ ਹੋਟਲ ਦੇ ਵਿਚ ਪ੍ਰੈਸ ਕਾਨਫਰੰਸ ਕੀਤੀ ਜਾ ਰਹੀ ਹੈ। ਉਹ ਏਥਨਿਕ ਮਾਮਲਿਆਂ ਦੀ ਭਾਰਤੀ ਮੂਲ ਦੀ ਪਹਿਲੀ ਮੰਤਰੀ ਸ੍ਰੀਮਤੀ ਪ੍ਰਿਯੰਕਾ ਰਾਧਾਕ੍ਰਿਸ਼ਨਨ ਨਾਲ ਵੀ ਗੱਲਬਾਤ ਕਰਨਗੇ। ਭਾਰਤੀ ਹਾਈ ਕਮਿਸ਼ਨ ਵਲਿੰਗਟਨ ਤੋਂ ਸ੍ਰੀਮਤੀ ਨੀਤਾ ਭੂਸ਼ਣ ਅਤੇ ਆਨਰੇਰੀ ਔਕਲੈਂਡ ਕੌਂਸਿਲ ਸ ਭਵਦੀਪ ਸਿੰਘ ਢਿੱਲੋਂ ਭਾਰਤ ਦੇ ਵਿਦੇਸ਼ ਮੰਤਰੀ ਦਾ ਨਿੱਘਾ ਸਵਾਗਤ ਕਰਨ ਵਾਸਤੇ ਸਾਰੀਆਂ ਤਿਆਰੀਆਂ ਵਿਚ ਲੱਗੇ ਹੋਏ ਹਨ।




ਸ਼ਾਮ ਨੂੰ ਇਕ ਭਾਰਤੀ ਮੂਲ ਦੀ ਅੰਗਰੇਜ਼ੀ ਅਖਬਾਰ 'ਇੰਡੀਅਨ ਵੀਕਐਂਡਰ' ਦੇ ਸਲਾਨਾ ਸਮਾਗਮ 'ਕੀਵੀ-ਇੰਡੀਅਨ ਹਾਲ ਆਫ ਫੇਮ' ਦੇ ਵਿਚ ਨਿਊਜ਼ੀਲੈਂਡ ਦੀ ਮਾਣਯੋਗ ਪ੍ਰਧਾਨ ਮੰਤਰੀ ਸ੍ਰੀਮਤੀ ਜੈਸਿੰਡਾ ਆਰਡਨ ਦੇ ਨਾਲ ਸ਼ਿਰਕਤ ਕਰਨਗੇ। ਇਸ ਸਮਾਗਮ ਵਿਚ ਭਾਰਤ ਦੀ ਆਜ਼ਾਦੀ ਦੇ 75ਵੀਂ ਸਾਲਗਿਰਾ ਸਬੰਧੀ 'ਆਜ਼ਾਦੀ ਕਾ ਅੰਮ੍ਰਿਤ ਮਹਾਂਉਤਸਵ' ਨੂੰ ਸਮਰਪਿਤ ਯਾਦਗਾਰੀ ਡਾਕ ਟਿਕਟ ਜਾਰੀ ਕੀਤੀ ਜਾਵੇਗੀ ਅਤੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਵੱਲੋਂ ਪ੍ਰਕਾਸ਼ਿਤ ਕਿਤਾਬ 'ਡ੍ਰੀਮਜ ਮੀਟ ਡਿਲਿਵਰੀ'(ਧਰeਅਮਸੰ ੲeਟ ਧeਲਵਿeਰੇ) ਅਤੇ ਸ੍ਰੀ ਮੋਦੀ ਦੇ ਸਿੱਖ ਭਾਈਚਾਰੇ ਨਾਲ ਵਿਸ਼ੇਸ਼ ਬੰਧਨ (ਖਾਸ ਰਿਸ਼ਤਿਆਂ) ਸਬੰਧੀ ਕਿਤਾਬ 'ਹਾਰਟਫੈਲਟ- ਦਾ ਲੈਗੇਸੀ ਆਫ ਫੇਥ' (Powihir, or welcome ceremoines, proivde a speical opportuinty for ivistors to expeirence Maoir traiditonsi n aciton.) ਵੀ ਜਾਰੀ ਕੀਤੀ ਜਾਵੇਗੀ। ਵਰਨਣਯੋਗ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਉਨ੍ਹਾਂ ਨੂੰ 'ਕੌਮੀ ਸੇਵਾ ਐਵਾਰਡ' ਵੀ ਦਿੱਤਾ ਜਾ ਚੁੱਕਾ ਹੈ। ਇਹ ਐਵਾਰਡ 9 ਨਵੰਬਰ 2019 ਨੂੰ ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਦੇ ਉਦਘਾਟਨ ਮੌਕੇ ਦਿੱਤਾ ਗਿਆ ਸੀ।

9 ਅਕਤੂਬਰ ਵਿਦੇਸ਼ ਮੰਤਰੀ ਵਲਿੰਗਟਨ ਸਥਿਤ ਭਾਰਤੀ ਦੂਤਾਵਾਸ ਦੇ ਦਫਤਰ ਅਤੇ ਰਿਹਾਇਸ਼ੀ ਬਲਾਕ ਦਾ ਉਦਘਾਟਨ ਕਰਨਗੇ। ਆਸਟਰੇਲੀਆ ਵਿਖੇ ਉਹ ਕੈਨਬਰਾ ਅਤੇ ਸਿਡਨੀ ਦਾ ਦੌਰਾ ਕਰਨਗੇ ਤੇ ਸਰਕਾਰ ਨਾਲ ਮੀਟਿੰਗਾਂ ਕਰਨਗੇ। ਵਰਨਣਯੋਗ ਹੈ ਕਿ ਜਿੱਥੇ ਨਿਊਜ਼ੀਲੈਂਡ ਦੇ ਮੰਤਰੀ ਭਾਰਤ ਜਾਂਦੇ ਰਹਿੰਦੇ ਹਨ ਉਥੇ ਭਾਰਤ ਦੇ ਮੰਤਰੀ ਵੀ ਇਥੇ ਆਉਂਦੇ ਰਹਿੰਦੇ ਹਨ। ਜੁਲਾਈ 2013 ਦੇ ਵਿਚ ਮਨੁੱਖੀ ਸ੍ਰੋਤਾਂ ਬਾਰੇ ਮੰਤਰੀ ਡਾ। ਐਮ। ਐਮ। ਪਾਲੱਮ ਵੀ ਇਥੇ ਆਏ ਸਨ। 2015 ਦੇ ਵਿਚ ਭਾਰਤੀ ਮੰਤਰੀ (ਸਕਿੱਲ ਡਿਵੈਲਪਮੈਂਟ ਐਂਡ ਇੰਟਰਪਰਨਿਓਰਸ਼ਿਪ' ਵੀ ਇਥੇ ਆ ਚੁੱਕੇ ਹਨ। ਅਪ੍ਰੈਲ 2016 ਦੇ ਵਿਚ ਭਾਰਤੀ ਰਾਸ਼ਟਰਪਤੀ ਸ੍ਰੀ ਪ੍ਰਣਬ ਮੁਖਰਜੀ ਇਥੇ ਆਏ ਸਨ।

# ਮਿਸ਼ਨਰੀ ਪ੍ਰੀਵਾਰ ਦੀ ਐਨਆਰਆਈਜ ਵਲੋਂ ਕੀਤੀ ਆਰਥਿਕ ਮਦਦ



**ਲਸਾੜਾ/ਉੜਾਪੜ (ਬੱਗਾ ਸੇਲਕੀਆਣਾ)**– ਬੜੇ ਲੰਬੇ ਸਮੇਂ ਤੋਂ ਬਹੁਜਨ ਸਮਾਜ ਪਾਰਟੀ ਤੇ ਸੀ.ਆਗੂ ਤੇ ਉਘੇ ਗੀਤਕਾਰ ਸਵ.ਪਰਮਜੀਤ ਗੋਸਲ ਦੇ ਪ੍ਰਿਵਾਰ ਦੀ ਮਾੜੀ ਆਰਥਿਕ ਹਾਲਤ ਨੂੰ ਦੇਖਦੇ ਹੋਏ ਐਨਆਰਆਈਜ ਤੇ ਸੰਗੀਤ ਸੰਸਥਾ ਵਲੋਂ ਉਨਾਂ ਦੇ ਪ੍ਰਿਵਾਰ ਨੂੰ 63ਹਜਾਰ ਰੁ.ਦੀ ਨਗਦ ਰਾਸ਼ੀ ਭੇਂਟ ਕੀਤੀ ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਬੇਗਪੁਰਾ ਇੰਟਰਨੈਸ਼ਨਲ ਸੰਗੀਤ ਸੰਸਥਾ ਦੇਪ੍ਰਧਾਨ ਰੂਪ ਲਾਲ ਧੀਰ ਅਤੇ ਬਸਪਾ ਦੇ ਸੀ.ਆਗੂ ਪ੍ਰਵੀਨ ਬੰਗਾ ਨੇ ਦੱਸਿਆ ਕਿ ਸਵ. ਪਰਮਜੀਤ ਗੋਸਲ ਪਿਛਲੇ ਲੰਬੇ ਸਮੇਂ ਤੋਂ ਆਪਣੇ ਮਹਾਨ ਰਹਿਬਰਾਂ ਦੇ ਮਿਸ਼ਨ ਨੂੰ ਘਰ ਘਰ ਤੱਕ ਪਹੁੰਚਾਉਣ ਲਈ ਬਹੁਤ ਸ਼ੰਘਰਸ਼ ਕੀਤਾ ਤਾਂ ਜੋ ਸਾਡੇ ਸਮਾਜ ਦੇ ਭੁੱਲੇ ਭਟਕੇ ਲੋਕ ਇੱਕ ਝੰਡੇ ਥੱਲੇ ਆਕੇ ਆਪਣੇ ਬਹੁਜਨ ਸਮਾਜ ਨੂੰ ਉਚਾ ਚੁਕ ਕੇ ਰਾਜ ਭਾਗ ਤੱਕ ਪਹੁੰਚ ਸਕੀਏ ਤੇ ਓਨਾਂ ਨੇ ਮਹਾਨ ਰਹਿਬਰਾਂ ਦੇ ਜੀਵਨ ਤੇ ਅਨੇਕਾਂ ਗੀਤ ਵੀ ਲ਼ਿਖੇ ਤੇ ਉਚ ਕੋਟੀ ਦੇ ਕਲਾਕਾਰਾਂ ਨੇ ਵੀ ਗਾਏ ਤੇ ਜੋਉਨਾ ਵਲੋਂ ਕੀਤਾ ਗਿਆ ਸ਼ੰਘਰਸ਼ ਇੱਕ ਦਿਨ ਜਰੂਰ ਸਫਲ ਹੋਵੇਗਾ ਉਨਾਂ ਦੱਸਿਆ ਕਿ ਆਪਣੇ ਸਮਾਜ ਦੀਆਂ ਅਨੇਕਾ ਸ਼ਖਸ਼ੀਅਤਾਂ ਦਾਨੀ ਸੱਜਣ ਜੋ ਵਿਦੇਸ਼ ਦੀ ਧਰਤੀ ਤੇ ਬੈਠੇ ਹਨ ਉਨਾਂ ਵਿੱਚ ਦੇਸ਼ ਰਾਜ ਜਰਮਨੀ ਤੇ ਇਟਲੀ ਚ ਵਸਦੇ ਮਿਸ਼ਨਰੀ ਸਾਥੀਆਂ ਵਲੋਂ ਇਹ ਆਰਥਿਕ ਮਦਦ ਕੀਤੀੋਂ ਗਈ ਹੈ ਵਿਦੇਸ਼ਾਂ ਵਿੱਚ ਬੈਠੇ ਜੋ ਮਿਸ਼ਨਰੀ ਸਾਥੀ ਹਨ ਉਹ ਲੋੜਬੰਦਾਂ ਦਾ ਸਹਿਜੋਗ ਕਰਨਾ ਆਪਣਾ ਫਰਜ ਸਮਝਦੇ ਹਨ ਤੇ ਸੰਗੀਤ ਸੰਸਥਾ ਵਲੋਂ ਇਹ ਉਪਰਾਲਾ ਆਉਣ ਵਾਲੇ ਚ ਨਿਰੰਤਰ ਜਾਰੀ ਰਹੇਗਾ ਇਸ ਮੋਕੇ ਪਰਿਵਾਰ ਵਲੋਂ ਦਾਨੀ ਸਖਸ਼ੀਅਤਾਂ ਦਾ ਤਹਿ ਦਿਲੋ ਧੰਨਵਾਦ ਕੀਤਾ ਗਿਆ ਇਸ ਮੋਕੇ ਨੰਬਰਦਾਰ ਰਾਜ ਦਦਰਾਲ, ਗਾਇਕ ਕਮਲ ਤੱਲਣ ਆਦਿ ਹਾਜਰ ਸਨ।

# ਭਾਰਤੀ ਹਾਕੀ ਸਟਾਰ ਪ੍ਰਗਟ ਸਿੰਘ ਨੇ ਨਿਊਜ਼ੀਲੈਂਡ ਸਿੱਖ ਖੇਡਾਂ-2022 ਦਾ ਪੋਸਟਰ ਜਾਰੀ ਕੀਤਾ

**ਆਕਲੈਂਡ, (ਹਰਜਿੰਦਰ ਸਿੰਘ ਬਸਿਆਲਾ)**– ਨਿਊਜ਼ੀਲੈਂਡ ਦੇ ਵਿਚ ਨਿਊਜ਼ੀਲੈਂਡ ਸਿੱਖ ਖੇਡਾਂ ਦਾ ਆਗਾਜ਼ 2019 ਦੇ ਵਿਚ ਬੜੇ ਜੋਸ਼ੋ-ਖਰੋਸ਼ ਨਾਲ ਕਰਕੇ ਇਸ ਨੂੰ ਇਥੇ ਵਸਦੇ ਭਾਰਤੀ ਭਾਈਚਾਰੇ ਦਾ ਸਭ ਤੋਂ ਵੱਡਾ ਖੇਡ ਤੇ ਸਭਿਆਚਾਰਕ ਮੇਲਾ ਬਣਾ ਦਿੱਤਾ ਗਿਆ ਸੀ। 2020 ਦੀਆਂ ਖੇਡਾਂ ਵੀ ਇਸਦੀ ਚਾਲ ਨੂੰ ਹੋਰ ਤੇਜ ਕਰ ਗਈਆਂ ਅਤੇ 2021 ਦੇ ਵਿਚ ਕਰੋਨਾ ਕਾਲ ਦੇ ਚਲਦਿਆਂ ਇਹ ਖੇਡਾਂ 2022 ਦੀਆਂ ਖੇਡਾਂ ਦੇ ਨਾਲ ਜਾ ਰਲੀਆਂ। ਨਿਊਜ਼ੀਲੈਂਡ ਸਿੱਖ ਖੇਡਾਂ ਦੀ ਮੈਨੇਜਮੈਂਟ ਵੱਲੋਂ ਅੱਜ ਤੀਜੀਆਂ ਅਤੇ ਚੌਥੀਆਂ ਨਿਊਜ਼ੀਲੈਂਡ ਸਿੱਖ ਖੇਡਾਂ ਦੇ ਸੰਗਮ (ਨਿਊਜ਼ੀਲੈਂਡ ਸਿੱਖ ਖੇਡਾਂ 26 ਤੋਂ 27 ਨਵੰਬਰ 2022' ) ਦਾ ਰੰਗਦਾਰ ਪੋਸਟਰ ਇਕ ਭਰਵੇਂ ਸਮਾਗਮ





ਵਿਚ ਜਾਰੀ ਕਰ ਦਿੱਤਾ ਗਿਆ। ਰੰਗਦਾਰ ਪੋਸਟਰ ਜਾਰੀ ਕਰਨ ਵਾਸਤੇ ਉਚੇਚੇ ਤੌਰ ਉਤੇ ਭਾਰਤ ਦੇ ਸਾਬਕਾ ਹਾਕੀ ਸਟਾਰ ਸ ਪ੍ਰਗਟ ਸਿੰਘ ਪਹੁੰਚੇ ਜਿਨ੍ਹਾਂ, ਹਾਕੀ ਦੀ ਜ਼ੋਰਦਾਰ ਸਟ੍ਰੋਕ ਵਾਂਗ ਇਨ੍ਹਾਂ ਖੇਡਾਂ ਨੂੰ ਹੁਲਾਰਾ ਦੇਣ ਲਈ ਅੱਜ ਆਪਣੇ ਕਰ ਕਮਲਾਂ ਨਾਲ ਇਸ ਪੋਸਟਰ ਨੂੰ ਜਾਰੀ ਕੀਤਾ। 'ਦਾ ਕੇਵ' ਪਾਰਟੀ ਹਾਲ ਦੇ ਵਿਚ ਹੋਏ ਇਕ ਫੰਡ ਰੇਜਿੰਗ ਸਮਾਗਮ ਦੇ ਵਿਚ ਸ। ਪ੍ਰਗਟ ਸਿੰਘ ਦਾ ਨਿੱਘਾ ਸਵਾਗਤ ਕੀਤਾ ਗਿਆ। ਸਟੇਜ ਦਾ ਪ੍ਰੋਗਰਾਮ ਪਿਛਲੇ ਸਾਲ ਦੀਆਂ ਖੇਡਾਂ ਦੀ ਇਕ ਝਲਕ ਵਿਖਾ ਕੇ ਕੀਤੀ ਗਈ, ਜਿਸ ਨੂੰ ਵੇਖ ਕੇ ਸ। ਪ੍ਰਗਟ ਸਿੰਘ ਬਹੁਤ ਪ੍ਰਭਾਵਿਤ ਹੋਏ। ਸਟੇਜ ਸੰਚਾਲਨ ਸ ਪਰਮਿੰਦਰ ਸਿੰਘ ਪਾਪਾਟੋਏਟੋਏ ਅਤੇ ਸ। ਸ਼ਰਨਜੀਤ ਸਿੰਘ ਨੇ ਕਰਦਿਆਂ ਸਿੱਖ ਖੇਡਾਂ ਦੀ ਕਮੇਟੀ ਦੇ ਚੇਅਰਮੈਨ ਸ। ਤਾਰਾ ਸਿੰਘ ਨੂੰ ਸਟੇਜ ਉਤੇ ਸਵਾਗਤੀ ਸ਼ਬਦ ਬੋਲਣ ਲਈ ਕਿਹਾ। ਸ। ਤਾਰਾ ਸਿੰਘ ਬੈਂਸ ਨੇ ਨਿਊਜ਼ੀਲੈਂਡ ਸਿੱਖ ਖੇਡਾਂ ਦੀ ਕਮੇਟੀ, ਆਈ। ਟੀ। ਸੈਲ ਅਤੇ ਯੰਗ ਟੀਮ ਨੂੰ ਸਾਰਿਆਂ ਦੇ ਰੂਬਰੂ ਕਰਵਾਇਆ। ਸਿੱਖ ਖੇਡਾਂ ਦੀ ਕਮੇਟੀ ਦੇ ਪ੍ਰਧਾਨ ਸ। ਦਲਜੀਤ ਸਿੰਘ ਨੇ ਆਪਣੇ ਸ਼ੁਰੂਆਤੀ ਭਾਸ਼ਣ ਦੇ ਵਿਚ ਸਿੱਖ ਖੇਡਾਂ ਦੀ ਆਰੰਭਤਾ ਸਬੰਧੀ ਸੰਖੇਪ ਜਾਣਕਾਰੀ ਪੇਸ਼ ਕੀਤੀ। ਸ। ਪ੍ਰਗਟ ਸਿੰਘ ਹੋਰਾਂ ਨੂੰ ਅਗਲੀਆਂ ਸਿੱਖ ਖੇਡਾਂ ਉਤੇ ਪਹੁੰਚਣ ਦਾ ਸੱਦਾ ਵੀ ਦਿੱਤਾ ਗਿਆ। ਸ। ਪ੍ਰਿਥੀਪਾਲ ਸਿੰਘ ਬਸਰਾ ਨੇ ਨਿਊਜ਼ੀਲੈਂਡ ਦੇ ਵਿਚ ਭਾਰਤੀਆਂ ਦੀ ਆਮਦ ਤੋਂ ਗੱਲ ਕਰਦਿਆਂ ਕਿਹਾ ਕਿ ਜਿਡਾ ਵੱਡਾ ਕਾਰਜ ਹੋਵੇ, ਓਨੇ ਵੱਡੇ ਸਰੋਤ ਹੋਣੇ ਜਰੂਰੀ ਹੋ ਜਾਂਦੇ ਹਨ। ਸ। ਪ੍ਰਗਟ ਸਿੰਘ ਹੋਰਾਂ ਆਪਣੇ ਦਮਦਾਰ ਭਾਸ਼ਣ ਵਿਚ ਕਿਹਾ ਕਿ ਪੰਜਾਬੀਓ ਪੰਜਾਬ ਨਾਲ ਜੁੜੇ ਰਹਿਓ, ਬਹੁਤ ਕੁਝ ਅਜੇ ਕਰਨ ਵਾਲਾ ਹੈ, ਤੁਹਾਡੇ ਸਹਿਯੋਗ ਦੀ ਹਮੇਸ਼ਾ ਲੋੜ ਰਹੇਗੀ। ਕਬੱਡੀ ਫੈਡਰੇਸ਼ਨਾਂ ਨੂੰ ਵੀ ਉਨ੍ਹਾਂ ਅਪੀਲ ਕੀਤੀ ਕਿ ਹੋਰ ਸੁਚਾਰੂ ਤਰੀਕੇ ਨਾਲ ਕੰਮ ਕਰਨ। ਕਬੱਡੀ ਨੂੰ ਓਲੰਪਿਕ ਤੱਕ ਲਿਜਾਉਣ ਦੀ ਗੱਲ ਕੀਤੀ। ਕਬੱਡੀ ਬਾਰੇ ਕਿਹਾ ਕਿ ਇਹ ਅਜਿਹੀ ਖੇਡ ਹੈ, ਜਿਸ ਦੇ ਲਈ ਕੋਈ ਸਾਮਾਨ ਦੀ ਲੋੜ ਨਹੀਂ, ਚੰਗੀ ਸਿਹਤ ਚੰਗੀ ਖੇਡ ਦਾ ਪ੍ਰਦਰਸ਼ਨ ਕਰਨ ਜਾਂਦੀ ਹੈ। ਨਿਊਜ਼ੀਲੈਂਡ ਸਿੱਖ ਖੇਡਾਂ ਦੇ ਇਤਿਹਾਸ ਸੁਣ ਕੇ ਉਨ੍ਹਾਂ ਇਸ ਨੂੰ ਦੂਜਿਆਂ ਲਈ ਉਦਾਹਰਣ ਦੱਸਿਆ। ਵਰਨਣਯੋਗ ਹੈ ਕਿ ਸ ਪ੍ਰਗਟ ਸਿੰਘ 1986 ਵਿਚ ਕਰਾਚੀ ਖੇਡਣ ਗਏ ਤੇ ਇੰਡੀਆ ਨੂੰ 3-2 ਨਾਲ ਜਿਤਾਇਆ। 1992 ਦੀ ਬਾਰਸੀਲੋਨਾ ਓਲੰਪਿਕ ਤੱਕ ਸ। ਪ੍ਰਗਟ ਸਿੰਘ ਕੈਪਟਨ ਬਣ ਗਿਆ ਸੀ ਤੇ ਝੰਡਾ ਲਹਿਰਾ ਕੇ ਦਾਖਲ ਹੋਇਆ ਸੀ ਅਤੇ ਫਿਰ 1996 ਦੀ ਅਟਲਾਂਟਾ ਓਲਿੰਪਕ ਦੇ ਵਿਚ ਵੀ ਕਪਤਾਨੀ ਕੀਤੀ। ਭਾਰਤ ਸਰਕਾਰ ਵੱਲੋਂ 1998 ਤੋਂ ਪਦਮ ਸ੍ਰੀ ਅਤੇ 1989 ਵਿਚ ਅਰਜਨ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਰਾਸ਼ਟਰੀ ਕੋਚ ਤੇ ਖੇਡ ਨਿਰਦੇਸ਼ਕ ਵੀ ਰਹਿ ਚੁੱਕੇ ਸ। ਪ੍ਰਗਟ ਸਿੰਘ 2012 ਦੇ ਵਿਚ ਸਿਆਸਤ 'ਚ ਸਰਗਰਮ ਹੋਏ ਅਤੇ ਜਲੰਧਰ ਕੈਂਟ ਤੋਂ ਵਿਧਾਇਕ ਜਿੱਤੇ। 2021-22 ਦੇ ਵਿਚ ਪੰਜਾਬ ਦੇ ਕੈਬਨਿਟ ਰੈਂਕ ਦੇ ਸਕੂਲ ਸਿਖਿਆ, ਉਚ ਸਿੱਖਿਆ ਤੇ ਭਾਸ਼ਾ, ਖੇਡਾਂ ਤੇ ਯੁਵਕ ਸੇਵਾਵਾਂ ਅਤੇ ਵਿਦੇਸ਼ੀ ਮਾਮਲਿਆਂ ਦੇ ਮੰਤਰੀ ਬਣੇ।

# ਸਕੂਲ ਬੋਰਡ ਮੈਂਬਰਜ਼' ਚੋਣ 'ਚ ਵਿਦਿਆਰਥੀ ਪ੍ਰਤੀਨਿਧ ਦੀ ਚੋਣ ਜਿੱਤ ਜੱਪਨ ਕੌਰ ਨੇ ਵਧਾਇਆ ਮਾਣ

**ਆਕਲੈਂਡ, (ਹਰਜਿੰਦਰ ਸਿੰਘ ਬਸਿਆਲਾ)**–ਸਕੂਲਾਂ ਦੇ ਵਿਚ ਪੜ੍ਹਾਈ ਤਾਂ ਹੁੰਦੀ ਹੀ ਹੈ, ਪਰ ਸਕੂਲਾਂ ਨੂੰ ਚਲਾਉਣ ਵਾਲੇ ਟ੍ਰਸਟਾਂ ਅਤੇ ਬੋਰਡ ਮੈਂਬਰਾਂ ਦਾ ਵੀ ਆਪਣਾ ਇਕ ਜ਼ਿੰਮਾ ਹੁੰਦਾ ਹੈ, ਜਿਹੜਾ ਸਕੂਲ ਦੇ ਪ੍ਰਬੰਧਨ ਅਤੇ ਉਚ ਪੜ੍ਹਾਈ ਮਾਪਦੰਡਾਂ ਨੂੰ ਬਰਕਰਾਰ ਰੱਖਣ ਲਈ ਆਪਣੀਆਂ ਦੂਰ ਅੰਦੇਸ਼ੀ ਸੇਵਾਵਾਂ ਦਿੰਦਾ ਹੈ। ਇਹ ਕਾਰਜ ਤਿੰਨ ਤਰ੍ਹਾਂ ਦੇ ਬੋਰਡ ਮੈਂਬਰ ਕਰਦੇ ਹਨ ਜਿਵੇਂ ਮਾਪਿਆਂ ਦੇ ਚੁਣੇ ਮੈਂਬਰ, ਸਟਾਫ ਦੇ ਚੁਣੇ ਮੈਂਬਰ ਅਤੇ ਵਿਦਿਆਰਥੀਆਂ ਦੇ ਚੁਣੇ ਮੈਂਬਰ (9ਵੇਂ ਸਾਲ ਦੀ ਪੜ੍ਹਾਈ ਤੋਂ ਉਪਰ ਵਾਲੇ)।

ਨਿਊਜ਼ੀਲੈਂਡ ਵਸਦੇ ਭਾਰਤੀ ਭਾਈਚਾਰੇ ਖਾਸ ਕਰ ਪੰਜਾਬੀ ਭਾਈਚਾਰੇ ਨੂੰ ਇਸ ਗੱਲ ਦੀ ਖੁਸ਼ੀ ਹੋਵੇਗੀ ਕਿ 'ਵੈਸਟਲੇਕ ਗਰਲਜ਼ ਹਾਈ ਸਕੂਲ' ਨੌਰਥ ਸ਼ੋਰ ਜਿੱਥੇ ਬਹੁ ਗਿਣਤੀ ਇਥੇ ਦੇ ਸਥਾਨਿਕ ਬੱਚਿਆਂ ਦੀ ਹੀ ਹੈ ਅਤੇ ਸਿਰਫ 2-3 ਪੰਜਾਬੀ ਲੜਕੀਆਂ ਹੀ ਇਥੇ ਪੜ੍ਹਦੀਆਂ ਹੋਣਗੀਆਂ, ਵਿਖੇ ਹੋਈਆਂ ਬੋਰਡ ਮੈਂਬਰ ਚੋਣਾਂ ਦੇ ਵਿਚ ਇਕ ਨਿਊਜ਼ੀਲੈਂਡ ਜਨਮੀ




ਦਸਤਾਰਧਾਰੀ ਸਿੱਖ ਬੱਚੀ ਜੱਪਨ ਕੌਰ ਨੇ ਵਿਦਿਆਰਥੀਆਂ ਦੇ ਵੱਡੇ ਵਰਗ ਦਾ ਵਿਸ਼ਵਾਸ਼ ਜਿੱਤਦਿਆਂ 47.32% ਵੋਟਾਂ ਦੇ ਨਾਲ ਜਿੱਤ ਹਾਸਿਲ ਕਰਕੇ ਇਕ ਤਰ੍ਹਾਂ ਨਾਲ ਇਤਿਹਾਸਕ ਪ੍ਰਾਪਤੀ ਕੀਤੀ ਹੈ। ਬੋਰਡ ਮੈਂਬਰ ਵਾਸਤੇ 4 ਵਿਦਿਆਰਥੀ ਮੈਦਾਨ ਵਿਚ ਸਨ ਅਤੇ ਜਪਨ ਕੌਰ ਨੇ ਇਹ ਜਿੱਤ ਹਾਸਿਲ ਕੀਤੀ ਹੈ। ਬੋਰਡ ਆਫ ਟ੍ਰਸਟੀਜ਼ ਦੇ ਵਿਚ ਇਹ ਸਕੂਲ ਦੇ ਬੱਚਿਆਂ ਦੀ ਨੁਮਾਇੰਦਗੀ ਕਰੇਗੀ, ਜੋ ਕਿ ਇਕ ਵੱਡੀ ਗੱਲ ਹੈ।

ਨਿਊਜ਼ੀਲੈਂਡ ਦੇ ਵਿਚ ਸ਼ਾਇਦ ਇਹ ਪਹਿਲੀ ਸਿੱਖੀ ਸਰੂਪ ਵਾਲੀ ਬੱਚੀ ਹੋਵੇਗੀ ਜੋ ਜਿੱਥੇ ਸਿੱਖੀ ਸਰੂਪ 'ਚ ਰਹਿੰਦਿਆ ਪੜ੍ਹਾਈ ਪੂਰੀ ਕਰ ਰਹੀ ਹੈ, ਉਥੇ ਇਸ ਸਕੂਲ ਦੇ ਲਗਪਗ 2200 ਵਿਦਿਆਰਥੀਆਂ ਦੇ ਵਿਚੋਂ ਵੱਡਾ ਵਿਸ਼ਵਾਸ਼ ਜਿੱਤਣ ਦੇ ਵਿਚ ਕਾਮਯਾਬ ਹੋਈ ਹੈ। ਉਹ ਇਸ ਵੇਲੇ ਸਕੂਲ ਦੇ 11ਵੇਂ ਸਾਲ ਦੀ ਪੜ੍ਹਾਈ ਕਰ ਰਹੀ ਹੈ। ਇਸ ਸਕੂਲ ਦੇ ਵਿਚ ਪਹਿਲੀ ਵਾਰ ਕੋਈ ਭਾਰਤੀ ਕੁੜੀ ਇਹ ਵਿਸ਼ਵਾਸ਼ ਹਾਸਿਲ ਕਰ ਸਕੀ ਹੈ। ਉਸਦੇ ਸਕੂਲ ਕੋਟ ਉਤੇ ਲੱਗੇ ਵੱਖ-ਵੱਖ ਪ੍ਰਾਪਤ ਬੈਜ ਦੱਸਦੇ ਹਨ ਕਿ ਉਸਨੂੰ ਐਨੇ ਵਿਦਿਆਰਥੀਆਂ ਨੇ ਕਿਉਂ ਵੋਟਾਂ ਪਾਈਆਂ ਅਤੇ ਵਿਸ਼ਵਾਸ਼ ਕੀਤਾ। ਬੱਚੀ ਜਪਨ ਕੌਰ ਦੇ ਸਤਿਕਾਰਤ ਪਿਤਾ ਸ। ਕਰਮਜੀਤ ਸਿੰਘ ਤਲਵਾੜ ਜਿੱਥੇ ਗੁਰਦੁਆਰਾ ਸਾਹਿਬ ਨੌਰਥ ਸ਼ੋਰ ਦੇ ਮੁੱਖ ਸੇਵਾਦਾਰ ਹਨ ਉਥੇ 'ਕੈਜਲੇ ਇੰਟਰਮੀਡੀਏਟ ਸਕੂਲ' ਪਾਪਾਟੋਏਟੋਏ ਦੇ ਵਿਚ ਤਿੰਨ ਵਾਰ ਬੋਰਡ ਟਰੱਸਟੀ ਵੀ ਰਹਿ ਚੁੱਕੇ ਹਨ। ਸਮੁੱਚੇ ਭਾਈਚਾਰੇ ਵੱਲੋਂ ਬੱਚੀ ਜੱਪਨ ਕੌਰ ਅਤੇ ਉਸਦੇ ਸਮੁਚੇ ਪਰਿਵਾਰ ਨੂੰ ਲੱਖ-ਲੱਖ ਵਧਾਈ।

# ਸਿਆਟਲ ਵਿਚ ਪਰਮਜੀਤ ਸਿੰਘ ਪੂਰੇਵਾਲ ਨੂੰ ਸੇਜਲ ਅੱਖਾਂ ਨਾਲ ਵਿਦਾਇਗੀ











**ਸਿਆਟਲ (ਗੁਰਚਰਨ ਸਿੰਘ ਢਿੱਲੋਂ)–** ਸਿਆਟਲ ਦੇ ਬੁੱਧੀਜੀਵੀ ਸਤਪਾਲ ਸਿੰਘ ਪੂਰੇਵਾਲ ਦੇ ਹੋਣਹਾਰ ਸਪੁੱਤਰ ਨੌਜਵਾਨ ਪਰਮਜੀਤ ਸਿੰਘ ਪੂਰੇਵਾਲ (41)ਦੀ ਅਚਨਚੇਤ ਐਕਸੀਡੈਂਟ ਵਿਚ ਮੌਤ ਹੋ ਗਈ ਸੀ, ਜਿਹਨਾਂ ਦੇ ਸਸਕਾਰ ਮੌਕੇ ਕੈਂਟ ਵਿਚ ਭਾਰੀ ਗਿਣਤੀ ਵਿਚ ਪੰਜਾਬੀ ਭਾਈਚਾਰੇ ਦੀਆਂ ਮਾਣਮੱਤੀਆਂ ਸ਼ਖਸੀਅਤਾਂ ਨੇ ਪਹੁੰਚ ਕੇ ਸੇਜਲ ਅੱਖਾਂ ਨਾਲ ਵਿਦਾਇਗੀ ਦਿੱਤੀ।

ਉਸ ਤੋਂ ਬਾਅਦ ਗੁਰਦੁਆਰਾ ਸਿੰਘ ਸਭਾ ਰੈਨਟਨ ਵਿਚ ਡਾ. ਅਮਰਜੀਤ ਸਿੰਘ ਵਾਸ਼ਿੰਗਟਨ ਡੀ. ਸੀ., ਬਲਵਿੰਦਰ ਸਿੰਘ ਚੱਠਾ ਵਰਜੀਨੀਆ, ਸੰਤੋਖ ਸਿੰਘ ਇੰਡੀਅਨ ਐਪਲਸ, ਗੁਰਦੇਵ ਸਿੰਘ ਮਾਨ, ਜਸਵੰਤ ਸਿੰਘ ਹੋਠੀ ਸੈਨਹੋਜ਼ੇ, ਬਲਦੇਵ ਸਿੰਘ ਛੀਨਾ, ਬਲਦੇਵ ਸਿੰਘ ਮਿਸ਼ੀਗਨ ਸਮੇਤ ਬੁੱਧੀਜੀਵੀਆਂ ਅਤੇ ਵੱਖ-ਵੱਖ ਜਥੇਬੰਦੀਆਂ ਨੇ ਸ਼ਰਧਾਂਜਲੀ ਭੇਂਟ ਕਰਦੇ ਹੋਏ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ। ਸਿਆਟਲ ਦੀਆਂ ਮਾਣਮ-ੱਤੀਆਂ ਸ਼ਖਸੀਅਤਾਂ, ਦੂਰ ਦੂਰ ਤੋਂ ਬੁਲਾਰਿਆਂ ਸਮੇਤ ਸੰਗਤ ਨੇ ਅੰਤਿਮ ਅਰਦਾਸ 'ਚ ਸ਼ਾਮਲ ਹੋ ਕੇ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ ਤੇ ਪਰਿਵਾਰ ਨੂੰ ਭਾਣਾ ਮੰਨਣ ਲਈ ਬਲ ਤੇ ਬੁੱਧੀ ਬਖਸ਼ਣ ਦੀ ਕਾਮਨਾ ਕੀਤੀ। ਇਸ ਮੌਕੇ ਗੁਰਨਾਮ ਸਿੰਘ ਬੰਗਲਾ ਸਾਹਿਬ ਦਿੱਲੀ ਦੇ ਕੀਰਤਨੀ ਜਥੇ ਨੇ ਵੈਰਾਗਮਈ ਕੀਰਤਨ ਕੀਤਾ।

## ਸਿਆਟਲ ਵਿਚ ਭੱਟੀ ਪਰਿਵਾਰ ਤੇ ਦੁੱਖਾਂ ਦਾ ਕਹਿਰ- ਪਿਤਾ ਮੇਹਰਬਾਨ ਸਿੰਘ ਦੀ ਮੌਤ



**ਸਿਆਟਲ (ਗੁਰਚਰਨ ਸਿੰਘ ਢਿੱਲੋਂ)–** ਸਿਆਟਲ ਦੀ ਜਾਣੀ ਪਛਾਣੀ ਸ਼ਖਸੀਅਤ ਪਰਮਿੰਦਰ ਸਿੰਘ ਭੱਟੀ ਨੂੰ 2 ਜੁਲਾਈ ਨੂੰ ਅਚਨਚੇਤ ਐਕਸੀਡੈਂਟ ਵਿਚ ਗੰਭੀਰ ਸੱਟਾਂ ਲੱਗ ਗਈਆਂ ਸਨ ਜੋ ਅਜੇ ਤੱਕ ਠੀਕ ਹੋ ਕੇ ਘਰ ਨਹੀਂ ਪਰਤੇ ਅਤੇ ਪਿਤਾ ਬਾਪੂ ਮੇਹਰਬਾਨ ਸਿੰਘ ਭੱਟੀ ਅਕਾਲ ਚਲਾਣਾ ਕਰ ਗਏ, ਜਿਹਨਾਂ ਦਾ ਸਸਕਾਰ ਤੇ ਅੰਤਿਮ ਅਰਦਾਸ 8 ਨਵੰਬਰ ਨੂੰ ਹੋਵੇਗੀ। ਪੰਜਾਬੀ ਭਾਈਚਾਰੇ ਨੇ ਖਬਰ ਸੁਣਦਿਆਂ ਗਹਿਰਾ ਦੁੱਖ ਪ੍ਰਗਟ ਕੀਤਾ ਅਤੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ। ਪਰਮਿੰਦਰ ਸਿੰਘ ਭੱਟੀ ਪੰਜਾਬੀ ਭਾਈਚਾਰੇ ਦੇ ਸਾਂਝੇ ਕੰਮਾਂ ਵਿਚ ਹਮੇਸ਼ਾ ਵਡਮੁੱਲਾ ਯੋਗਦਾਨ ਪਾਉਂਦੇ ਸਨ, ਜਿਹਨਾਂ ਦੀ ਸਿਹਤਯਾਬੀ ਲਈ ਅਰਦਾਸਾਂ ਕੀਤੀਆਂ ਜਾ ਰਹੀਆਂ ਹਨ।

## ਸਿਆਟਲ ਦੇ ਮੁੱਖ ਗੁਰਦੁਆਰਾ ਸਿੰਘ ਸਭਾ ਰੈਨਟਲ ਦੀ ਜਨਰਲ ਬਾਡੀ ਦੀ ਮੀਟਿੰਗ

**ਸਿਆਟਲ (ਗੁਰਚਰਨ ਸਿੰਘ ਢਿੱਲੋਂ)–** ਗੁਰਦੁਆਰਾ ਸਿੰਘ ਸਭਾ ਰੈਨਟਨ ਦੀ ਪ੍ਰਬੰਧਕ ਕਮੇਟੀ ਦੀ ਜਨਰਲ ਬਾਡੀ ਦੀ ਮੀਟਿੰਗ ਹੋਈ, ਜਿੱਥੇ ਪ੍ਰਬੰਧਕੀ ਢਾਂਚੇ 'ਚ ਸੁਧਾਰ ਲਿਆਉਣ ਲਈ ਤਰੁੱਟੀਆਂ ਨੂੰ ਦੂਰ ਕਰਨ ਲਈ ਸੁਝਾਅ ਦਿੱਤੇ ਅਤੇ ਵੱਖ ਵੱਖ ਬੁਲਾਰਿਆਂ ਨੇ ਆਪਣੇ ਵਿਚਾਰਾਂ ਨਾਲ ਸਾਂਝ ਪਾਈ। ਸਟੇਜ ਦੀ ਜ਼ਿੰਮੇਵਾਰੀ ਬਲਬੀਰ ਸਿੰਘ ਨੇ ਬੜੇ ਸੁਚੱਜੇ ਢੰਗ ਨਾਲ ਨਿਭਾਈ। ਸਭ ਤੋਂ ਪਹਿਲਾਂ ਖਜਾਨਚੀ ਮਨਿੰਦਰ ਸਿੰਘ ਨੇ ਲੇਖਾ-ਜੋਖਾ ਪੇਸ਼ ਕੀਤਾ। ਕੁੱਲ ਆਮਦਨ ਤੇ ਖਰਚੇ ਦੱਸੇ। ਸਟੇਜ ਤੋਂ ਮਿੱਤਰਪਾਲ ਸਿੰਘ, ਗੁਰਦੇਵ ਸਿੰਘ ਮਾਨ, ਜਰਨੈਲ ਸਿੰਘ ਪੰਨੂ, ਬੀਬੀ ਰਾਜਵਿੰਦਰ ਕੌਰ ਹੋਠੀ, ਬਲਵਿੰਦਰ ਸਿੰਘ ਗਿੱਲ ਨੇ ਸੁਝਾਅ ਤੇ ਪ੍ਰਬੰਧਕੀ ਢਾਂਚੇ ਨੂੰ ਸੁਧਾਰਨ ਲਈ ਵਿਚਾਰ ਪੇਸ਼ ਕੀਤੇ।



## 106,065 ਲੋਕਾਂ ਨੂੰ ਲੱਗ ਗਿਆ ਹੈ ਹੁਣ ਤੱਕ ਰੈਜ਼ੀਡੈਂਟ ਵੀਜ਼ਾ-107,702 ਹੋਰ ਲਾਈਨ 'ਚ

**ਆਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਇਮੀਗ੍ਰੇਸ਼ਨ ਨਿਊਜ਼ੀਲੈਂਡ '2021 ਰੈਜ਼ੀਡੈਂਟ ਵੀਜ਼ਾ' ਸ਼੍ਰੇਣੀ ਤਹਿਤ 1 ਦਸੰਬਰ ਤੋਂ 2021 ਤੋਂ ਅਰਜ਼ੀਆਂ ਲੈਣੀਆਂ ਸ਼ੁਰੂ ਕੀਤੀਆਂ ਸਨ ਅਤੇ ਪਹਿਲਾ ਵੀਜ਼ਾ 6 ਦਸੰਬਰ ਨੂੰ ਲਾ ਕੇ ਰੈਜ਼ੀਡੈਂਟ ਵੀਜ਼ਿਆਂ ਦੀਆਂ ਮੋਹਰਾਂ ਦੀ ਸ਼ਿਆਹੀ ਭਰ ਕੇ ਸਾਹਮਣੇ ਰੱਖ ਲਈਆਂ ਸਨ ਤੇ ਠਾਹ-ਠਾਹ ਜਾਰੀ ਹੈ। 04 ਅਕਤੂਬਰ 2022 ਤੱਕ ਜਾਰੀ ਅੰਕੜਿਆਂ ਅਨੁਸਾਰ ਹੁਣ ਤੱਕ ਕੁੱਲ 106,065 ਅਰਜ਼ੀਆਂ ਪ੍ਰਾਪਤ ਕੀਤੀਆਂ ਗਈਆਂ ਹਨ ਜਿਨ੍ਹਾਂ ਦੇ ਵਿਚੋਂ 57,489 ਅਰਜ਼ੀਆਂ ਪਾਸ ਕਰ ਦਿੱਤੀਆਂ ਗਈਆਂ ਹਨ ਅਤੇ 106,524 ਤੋਂ ਵੱਧ ਲੋਕ ਰੈਜੀਡੈਂਟ ਵੀਜ਼ਾ ਪ੍ਰਾਪਤ ਕਰ ਚੁੱਕੇ ਹਨ। ਕੁੱਲ ਪ੍ਰਾਪਤ ਅਰਜ਼ੀਆਂ ਦੇ ਵਿਚ 2,14,372 ਲੋਕ ਸ਼ਾਮਿਲ ਨੇ ਜਿਨ੍ਹਾਂ ਨੇ ਰੈਜੀਡੈਂਟ ਵੀਜ਼ੇ ਪ੍ਰਾਪਤ ਕਰਨੇ ਨੇ। 146 ਅਰਜ਼ੀਆਂ ਅਯੋਗ ਵੀ ਪਾਈਆਂ ਗਈਆਂ ਹਨ। ਇਹ ਸਾਰਾ ਕੁਝ ਇਮੀਗ੍ਰੇਸ਼ਨ ਨੇ 18 ਮਹੀਨਿਆਂ ਦੇ ਵਿਚ ਨਿਬੇੜਨਾ ਹੈ ਅਤੇ ਦਸੰਬਰ ਤੱਕ ਬਹੁਤਿਆਂ ਦੇ ਹੋਰ ਵੀਜ਼ੇ ਲੱਗ ਸਕਦੇ ਹਨ। ਦਿਤੇ ਵੇਰਵੇ ਅਨੁਸਾਰ ਅਜੇ 1,07, 702 ਹੋਰ ਲੋਕਾਂ ਦੇ ਪੱਕੇ ਹੋਣ ਦੀ ਆਸ ਬਣੀ ਹੋਈ ਹੈ। ਇਸ ਤੋਂ ਇਲਾਵਾ ਵਿਜ਼ਟਰ ਵੀਜ਼ੇ ਵੀ ਲਗਾਤਾਰ ਲੱਗ ਰਹੇ ਹਨ ਅਤੇ ਲੋਕ ਮਹਿੰਗੀਆਂ ਟਿਕਟਾਂ ਖਰੀਦ ਕੇ ਪਹੁੰਚ ਰਹੇ ਹਨ। ਕਈਆਂ ਨੂੰ ਬਿਨਾਂ ਮੰਗਿਆ ਵਾਧੂ ਸਮੇਂ ਵਾਲਾ ਵੀਜ਼ਾ ਦਿੱਤਾ ਜਾ ਰਿਹਾ ਹੈ।




ਵਰਨਣਯੋਗ ਹੈ ਕਿ ਜਿਨ੍ਹਾਂ ਵੀਜਾ ਧਾਰਕਾਂ ਦੇ ਵੀਜੇ ਕਰੋਨਾ ਕਾਲ ਦੇ ਚਲਦਿਆਂ ਖਤਮ ਹੋ ਗਏ ਸਨ ਉਨ੍ਹਾਂ ਦੇ ਨਾਲ ਸਰਕਾਰ ਵੱਲੋਂ ਕੋਈ ਅਨਿਆਂ ਨਹੀਂ ਕੀਤਾ ਗਿਆ। ਹੁਣ 12 ਅਕਤੂਬਰ ਨੂੰ ਇਕ ਵਿਚਾਰ ਗੋਸ਼ਠੀ ਹੋ ਰਹੀ ਹੈ, ਹੋ ਸਕਦਾ ਹੈ ਉਸ ਦਿਨ ਇਹ ਮਸਲਾ ਸੁਣਿਆ ਜਾਵੇ ਅਤੇ ਸਰਕਾਰ ਕੋਈ ਐਲਾਨ ਕਰ ਦੇਵੇ। ਲੋੜ ਹੈ ਇਸ ਸਬੰਧੀ ਆਪਣਾ ਪੱਖ ਰੱਖਣ ਦੀ ਤਾਂ ਕਿ ਮਸਲਾ ਨੂੰ ਗੰਭੀਰਤਾ ਨਾਲ ਸਰਕਾਰ ਲੈ ਸਕੇ। ਮਾਪਿਆਂ ਦੇ ਪੱਕੇ ਇਥੇ ਆਉਣ ਵਾਲੀ ਵੀ ਨੀਤੀ ਵੀ ਨੈਸ਼ਨਲ ਸਰਕਾਰ ਵੇਲੇ ਦੀ ਕਿਸੇ ਬਕਸੇ ਵਿਚ ਬੇਹੋਸ਼ ਕਰਕੇ ਰੱਖੀ ਹੋਈ ਹੈ, ਜਿਸ ਨੂੰ ਠੰਢੇ ਛਿੱਟੇ ਮਾਰ ਕੇ ਉਠਾਉਣ ਦੀ ਲੋੜ ਹੈ।

## ਕਈ ਕਿਸਾਨ ਆਗੂਆਂ ਦੇ ਸੋਸ਼ਲ ਮੀਡੀਆ ਅਕਾਊਂਟ ਬੰਦ

**ਚੰਡੀਗੜ੍ਹ–**ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਆਗੂਆਂ ਦੇ ਫੇਸਬੁੱਕ ਅਤੇ ਟਵਿਟਰ ਅਕਾਊਂਟ ਬੰਦ ਹੋਣੇ ਸ਼ੁਰੂ ਹੋ ਗਏ ਹਨ। ਇਸ ਕਾਰਨ ਜਥੇਬੰਦੀ ਦੇ ਆਗੂਆਂ ਨੂੰ ਹੁਣ ਆਪਣੀ ਆਵਾਜ਼ ਬੁਲੰਦ ਕਰਨੀ ਔਖੀ ਹੋ ਰਹੀ ਹੈ। ਕਿਸਾਨਾਂ ਨੇ ਸਿੱਧੇ ਤੌਰ 'ਤੇ ਦੋਸ਼ ਲਾਇਆ ਹੈ ਕਿ ਸੋਸ਼ਲ ਮੀਡੀਆ ਕੰਪਨੀਆਂ ਅਤੇ ਸਰਕਾਰ ਕਿਸਾਨਾਂ ਦੀ ਆਵਾਜ਼ ਬੁਲੰਦ ਕਰਨ ਦਾ ਸੰਵਿਧਾਨਕ ਹੱਕ ਖੋਹ ਰਹੀਆਂ ਹਨ, ਜੋ ਕਿ ਲੋਕਤੰਤਰ ਦਾ ਅਪਮਾਨ ਹੈ। ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜਨਰਲ ਸਕੱਤਰ ਸਰਵਣ ਸਿੰਘ ਪੰਧੇਰ ਨੇ ਦੱਸਿਆ ਕਿ ਫੇਸਬੁੱਕ ਨੇ ਉਨ੍ਹਾਂ ਦਾ ਖਾਤਾ ਤੀਜੀ ਵਾਰ ਬਲਾਕ ਕਰ ਦਿੱਤਾ ਹੈ।

ਜਦਕਿ ਟਵਿਟਰ 'ਤੇ ਉਨ੍ਹਾਂ ਦਾ ਅਕਾਊਂਟ ਵੀ ਦੂਜੀ ਵਾਰ ਬੰਦ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਉਹ ਸੋਸ਼ਲ ਮੀਡੀਆ ਦੇ ਇਨ੍ਹਾਂ ਖਾਤਿਆਂ ਦੀ ਵਰਤੋਂ ਕਿਸਾਨਾਂ ਦੇ ਹੱਕਾਂ ਦੀ ਆਵਾਜ਼ ਨੂੰ ਲੋਕਾਂ ਤੱਕ ਪਹੁੰਚਾਉਣ ਅਤੇ ਉਨ੍ਹਾਂ ਦੀਆਂ ਗਤੀਵਿਧੀਆਂ ਦੀ ਜਾਣਕਾਰੀ ਲੋਕਾਂ ਤੱਕ ਪਹੁੰਚਾਉਣ ਲਈ ਕਰ ਰਹੇ ਹਨ।ਇਸੇ ਤਰ੍ਹਾਂ ਉਸ ਦੀ ਸੰਸਥਾ ਦੇ ਕਰੀਬ ਅੱਧੀ ਦਰਜਨ ਹੋਰ ਮੈਂਬਰਾਂ ਦੇ ਖਾਤੇ ਵੀ ਬੰਦ ਕਰ ਦਿੱਤੇ ਗਏ ਹਨ। ਉਸ ਨੇ ਕਿਹਾ ਕਿ ਉਸ ਵੱਲੋਂ ਵਾਰ-ਵਾਰ ਖਾਤੇ ਤਿਆਰ ਕੀਤੇ ਜਾਂਦੇ ਹਨ। ਸੋਚੀ-ਸਮਝੀ ਸਿਆਸਤ ਤਹਿਤ ਇਨ੍ਹਾਂ ਨੂੰ ਵਾਰ-ਵਾਰ ਬੰਦ ਕੀਤਾ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਜਥੇਬੰਦੀ ਨੇ ਇਸ ਸਬੰਧੀ ਭਾਰਤ ਸਰਕਾਰ ਅਤੇ ਸੋਸ਼ਲ ਮੀਡੀਆ ਕੰਪਨੀਆਂ ਨੂੰ ਪੱਤਰ ਵੀ ਭੇਜੇ ਹਨ। ਉਨ੍ਹਾਂ ਸਪੱਸ਼ਟ ਕੀਤਾ ਹੈ ਕਿ ਭਾਰਤ ਵਰਗੇ ਲੋਕਤੰਤਰੀ ਦੇਸ਼ ਵਿੱਚ ਹਰ ਵਿਅਕਤੀ ਨੂੰ ਆਪਣੀ ਆਵਾਜ਼ ਉਠਾਉਣ ਦਾ ਅਧਿਕਾਰ ਹੈ। ਪਰ ਉਨ੍ਹਾਂ ਦੀ ਸੰਵਿਧਾਨ ਵਿਰੁੱਧ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

## ਪੁਲਿਸ ਦੀ ਰਾਈਫਲ ਲੈ ਕੇ ਭੱਜਿਆ ਨੌਜਵਾਨ ਕਾਬੂ

**ਧਾਰੀਵਾਲ–** ਥਾਣਾ ਧਾਰੀਵਾਲ ਵਿਖੇ ਡਿਊਟੀ ਕਰਦੇ ਸਮੇਂ ਸੰਤਰੀ ਕੋਲੋਂ ਇਕ ਨੌਜਵਾਨ ਵਲੋਂ ਰਾਈਫਲ ਖੋਹ ਕੇ ਰਫੂ ਚੱਕਰ ਹੋਣ ਉਪਰੰਤ ਆਪਣੀ ਫੇਸਬੁੱਕ ਆਈਡੀ 'ਤੇ ਲਾਈਵ ਹੋ ਕੇ ਵੀਡੀਓ ਵਾਇਰਲ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਬੇਸ਼ੱਕ ਪੁਲਿਸ ਨੇ ਮੁਸ਼ਤੈਦੀ ਵਰਤਦਿਆਂ ਪਿੰਡ ਕੋਟ ਧੰਦਲ ਤੋਂ ਰਾਈਫ਼ਲ ਸਮੇਤ ਨੌਜਵਾਨ ਨੂੰ ਗ੍ਰਿਫ਼ਤਾਰ ਕਰ ਲਿਆ ਹੈ । ਡੀ ਐਸ ਪੀ ਸੁਖਵਿੰਦਰ ਸਿੰਘ ਬਰਾੜ ਨੇ ਦੱਸਿਆ ਕਿ ਉਕਤ ਨੌਜਵਾਨ ਸਵੇਰੇ ਥਾਣਾ ਧਾਰੀਵਾਲ ਵਿਖੇ ਚਿੱਟੇ ਰੰਗ ਦੀ ਕਾਰ 'ਤੇ ਆਇਆ ਤਾਂ ਇਸ ਦੌਰਾਨ ਡਿਊਟੀ ਕਰ ਰਹੇ ਪੰਜਾਬ ਹੋਮਗਾਰਡ ਦੇ ਜਵਾਨ ਪ੍ਰਦੀਪ ਕੁਮਾਰ ਨੰਬਰ-114 ਵਾਸੀ ਸੋਹਲ ਨੇ ਜਸਵਿੰਦਰ ਸਿੰਘ ਨੂੰ ਪੁਛਿਆ ਕਿ ਕਿਸ ਨੂੰ ਮਿਲਣਾ ਹੈ, ਜਿਸ ਨੇ ਕਿਹਾ ਕਿ ਮੇਰਾ ਨਾਂਅ ਜਸਵਿੰਦਰ ਸਿੰਘ ਪਿੰਡ ਗੁਰਦਾਸਨੰਗਲ ਹੈ ਅਤੇ ਮੈਂ ਮੁਨਸ਼ੀ ਨੂੰ ਮਿਲਣਾ ਹੈ ਤਾਂ ਏਨਾ ਕਹਿ ਕੇ ਉਹ ਇਸ ਦੇ ਪਾਸ ਜੋ ਏਐਲਆਰ ਬਾਡੀ ਨੰਬਰ 33227 ਬੱਟ ਨੰਬਰ 27 ਸੀ, ਜਿਸ ਵਿਚ 15 ਰੋਂਦ ਸਨ, ਇਸ ਨੂੰ ਧੱਕਾ ਮਾਰ ਕੇ ਖੋਹ ਕੇ ਭੱਜ ਗਿਆ । ਪੁਲਿਸ ਵਲੋਂ ਨੌਜਵਾਨ ਦੇ ਮੋਬਾਈਲ ਦੀ ਲੋਕੇਸ਼ਨ ਰਾਹੀਂ ਉਸ ਨੂੰ ਪਿੰਡ ਕੋਟ ਧੰਦਲ ਦੇ ਟਿਊਬਵੈਲ 'ਤੇ ਘੇਰਾ ਪਾ ਲਿਆ। ਇਸੇ ਦੌਰਾਨ ਨੌਜਵਾਨ ਜਸਵਿੰਦਰ ਸਿੰਘ ਫੇਸਬੁੱਕ 'ਤੇ ਲਾਈਵ ਹੋ ਗਿਆ ਤੇ ਉਸ ਨੇ ਪਿੰਡ ਗੁਰਦਾਸ ਨੰਗਲ ਦੇ ਗੁਰਦੁਆਰਾ ਕਮੇਟੀ 'ਤੇ ਧੱਕੇਸ਼ਾਹੀ ਦੇ ਦੋਸ਼ ਲਗਾਏ।



## ਇਮੀਗ੍ਰੇਸ਼ਨ ਮੰਤਰੀ ਮਾਣਯੋਗ ਮਾਈਕਲ ਵੁੱਡ ਨੇ 12 ਅਕਤੂਬਰ ਨੂੰ 'ਖੁੱਲ੍ਹੀ ਇਮੀਗ੍ਰੇਸ਼ਨ ਵਿਚਾਰ ਗੋਸ਼ਠੀ' ਰੱਖੀ

**ਆਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਮਾਣਯੋਗ ਇਮੀਗ੍ਰੇਸ਼ਨ ਮੰਤਰੀ ਸ੍ਰੀ ਮਾਈਕਲ ਵੁੱਡ ਵੱਲੋਂ 12 ਅਕਤੂਬਰ ਨੂੰ ਰੱਖੀ ਗਈ ' 'ਖੁੱਲ੍ਹੀ ਇਮੀਗ੍ਰੇਸ਼ਨ ਵਿਚਾਰ ਗੋਸ਼ਟੀ' ਸਬੰਧੀ ਭੇਜੇ ਗਏ ਸੱਦਾ ਪੱਤਰਾਂ ਦੇ ਵਿਚ ਇਹ ਗੱਲ ਉਨ੍ਹਾਂ ਸਪਸ਼ਟ ਕੀਤੀ ਹੈ ਕਿ ਉਨ੍ਹਾਂ ਨੂੰ ਮਾਣਯੋਗ ਪ੍ਰਧਾਨ ਮੰਤਰੀ ਜੈਸਿੰਡਾ ਆਰਡਨ ਨੇ ਇਮੀ-ਗ੍ਰੇਸ਼ਨ ਵਿਭਾਗ ਦਾ ਮੰਤਰੀ ਪੱਦ ਦਿੱਤਾ ਸੀ। ਹੁਣ ਇਸ ਵਿਭਾਗ ਨੂੰ ਚੰਗੀ ਤਰ੍ਹਾਂ ਸਮਝ ਚੁੱਕੇ ਹਨ। ਉਨ੍ਹਾਂ ਕਿਹਾ ਕਿ "ਮੈਂ ਆਪਣੇ ਪੋਰਟਫੋਲੀਓ ਅਤੇ ਕਾਰੋਬਾਰੀ ਅਤੇ ਪ੍ਰਵਾਸੀ ਭਾਈਚਾਰਿਆਂ ਦੇ ਮੁੱਦਿਆਂ ਅਤੇ ਚੁਣੌਤੀਆਂ ਤੋਂ ਜਾਣੂ ਕਰ ਲਿਆ ਹੈ। ਹੁਣ ਮੈਂ ਤੁਹਾਡੇ ਨਾਲ, ਰੁਜ਼ਗਾਰ ਦਾਤਾਵਾਂ ਨਾਲ, ਪ੍ਰਵਾਸੀ ਭਾਈਚਾਰੇ ਨਾਲ ਗੱਲ ਕਰਨ ਵਾਸਤੇ ਉਤਸੁਕ ਹਾਂ। ਤੁਹਾਨੂੰ ਇੱਕ ਓਪਨ ਇਮੀਗ੍ਰੇਸ਼ਨ ਫੋਰਮ ਵਿੱਚ ਮੇਰੇ ਨਾਲ ਗੱਲਬਾਤ ਕਰਨ ਦੇ ਲਈ ਸੱਦਾ ਦਿੱਤਾ ਜਾਂਦਾ ਹੈ ਜਿੱਥੇ ਮੈਂ ਆਪਣਾ ਭਾਸ਼ਣ ਦੇਵਾਂਗਾ ਅਤੇ ਫਿਰ ਤੁਹਾਡੇ ਸਵਾਲ ਸੁਣਾਗਾਂ ਅਤੇ ਤੁਹਾਡੀਆਂ ਚਿੰਤਾਵਾਂ ਬਾਰੇ ਖੁੱਲ੍ਹ ਕੇ ਚਰਚਾ ਕਰਾਂਗੇ। ਕਿਰਪਾ ਕਰਕੇ ਨੋਟ ਕਰੋ ਕਿ ਮੈਂ ਵਿਅਕਤੀਗਤ ਮਾਮਲਿਆਂ ਬਾਰੇ ਸਵਾਲਾਂ ਦੇ ਜਵਾਬ ਨਹੀਂ ਦੇ ਸਕਾਂਗਾ ਪਰ ਨੀਤੀਗਤ ਮਾਮਲਿਆਂ ਬਾਰੇ ਸਵਾਲ ਸੁਣ ਕੇ ਖੁਸ਼ ਹੋਵਾਂਗਾ।" ਵਰਨਣਯੋਗ ਹੈ ਕਿ ਇਹ ਵਿਚਾਰ ਗੋਸ਼ਠੀ 12 ਅਕਤੂਬਰ ਨੂੰ 1 ਵਜੇ ਤੋਂ 2।30 ਵਜੇ ਤੱਕ ਮਾਊਂਟ ਰੌਸਕਿਲ ਵਿਖੇ ਕਰਵਾਈ ਜਾ ਰਹੀ ਹੈ। ਇਸਦੇ ਲਈ ੍ਰੰਝਫ ਲਈਆਂ ਜਾ ਰਹੀਆਂ ਹਨ। ਇਮੀਗ੍ਰੇਸ਼ਨ ਸਲਾਹਕਾਰ ਸੰਨੀ ਸਿੰਘ ਨੇ ਇਮੀਗ੍ਰੇਸ਼ਨ ਮੰਤਰੀ ਦੇ ਇਸ ਉਦਮ ਦੀ ਸ਼ਲਾਘਾ ਕੀਤੀ ਹੈ ਅਤੇ ਉਹ ਵੀ ਇਸ ਮੌਕੇ ਪਹੁੰਚ ਕੇ ਕੁਝ ਮੁੱਦੇ ਮੰਤਰੀ ਸਾਹਿਬ ਦੇ ਧਿਆਨ ਵਿਚ ਲਿਆਉਣਗੇ।

# ਸਿਨਸਿਨਾਟੀ ਵਿਖੇ 20ਵਾਂ ਸਲਾਨਾ ਤਿੰਨ ਦਿਨਾਂ ਕੀਰਤਨ ਸਮਾਗਮ ਕਰਵਾਇਆ ਗਿਆ, ਅਮਰੀਕਾ ਅਤੇ ਕੈਨੇਡਾ ਤੋਂ ਵੀ ਸਿੱਖ ਸੰਗਤ ਨੇ ਕੀਤੀ ਸ਼ਮੂਲੀਅਤ





**ਸਿਨਸਿਨਾਟੀ, 2 ਅਕਤੂਬਰ (ਰਾਜ ਗੋਗਨਾ)—** ਬੀਤੇਂ ਦਿਨ ਅਮਰੀਕਾ ਦੇ ਸੂਬੇ ਓਹਾਇਓ ਦੇ ਸ਼ਹਿਰ ਸਿਨਸਿਨਾਟੀ ਵਿਖੇ 20ਵਾਂ ਸਲਾਨਾ ਤਿੰਨ ਦਿਨਾਂ ਕੀਰਤਨ ਸਮਾਗਮ ਗੁਰੂ ਨਾਨਕ ਸੋਸਾਇਟੀ ਆਫ ਗ੍ਰੇਟਰ ਸਿਨਸਨਾਟੀ ਗੁਰਦੁਆਰਾ ਸਾਹਿਬ ਵਿਖੇ ਕਰਵਾਇਆ ਗਿਆ।

ਹਰ ਸਾਲ ਵਾਂਗ, ਇਸ ਵਾਰ ਵੀ ਅਮਰੀਕਾ ਅਤੇ ਕੈਨੇਡਾ ਤੋਂ ਗੁਰਸਿੱਖ ਪਰਿਵਾਰ ਅਨੰਦਮਈ ਕੀਰਤਨ ਅਤੇ ਪ੍ਰੇਰਨਾਦਾਇਕ ਸੰਗਤ ਲਈ ਕਈ ਘੰਟਿਆਂ ਦੀ ਯਾਤਰਾ ਕਰਕੇ ਪਹੁੰਚੇ।ਸਿਨਸਿਨਾਟੀ ਦੀ ਸੰਗਤ ਇਸ ਸਾਲਾਨਾ ਸਮਾਗਮ ਦੀ ਬੇਸਬਰੀ ਨਾਲ ਉਡੀਕ ਕਰਦੀ ਹੈ ਅਤੇ ਗੁਰੂ ਸਾਹਿਬ ਤੇ ਗੁਰੂ ਜੀ ਦੇ ਪਿਆਰੇ ਸਿੱਖਾਂ ਦੀ ਸੰਗਤ ਵਿੱਚ ਤਿੰਨ ਦਿਨ ਬਿਤਾਉਣ ਲਈ ਉਤਸੁਕ ਰਹਿੰਦੀ ਹੈ। ਸਮਾਗਮ ਵਿੱਚ ਭਾਗ ਲੈਣ ਲਈ ਭਾਈ ਅਨੰਤਵੀਰ ਸਿੰਘ ਜੀ ਲੋਸ ਏਂਜੀਲੇਸ, ਭਾਈ ਸਵਿੰਦਰ ਸਿੰਘ ਜੀ ਮੈਰੀਲੈਂਡ ਅਤੇ ਭਾਈ ਗੁਰਸੇਵ ਸਿੰਘ ਜੀ ਟੋਰਾਂਟੇ ਤੋਂ ਵਿਸ਼ੇਸ਼ ਤੌਰ 'ਤੇ ਪੁੱਜੇ। ਇਹਨਾਂ ਸਭਨਾਂ ਅਤੇ ਗੁਰਦੁਆਰਾ ਸਾਹਿਬ ਦੇ ਹੈੱਡ ਗ੍ਰੰਥੀ ਭਾਈ ਅਮਰੀਕ ਸਿੰਘ ਜੀ ਨੇ ਵੀ ਰੱਸ ਭਿੰਨੇ ਸ਼ਬਦ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ।ਤਿੰਨ ਦਿਨ ਕੀਰਤਨੀਆਂ ਵੱਲੋਂ, ਕੁੱਲ 20 ਘੰਟੇ, ਜਿਸ ਵਿੱਚ ਬੱਚੇ ਅਤੇ ਨੌਜਵਾਨ ਵੀ ਸ਼ਾਮਲ ਸਨ ਨੇ ਗੁਰਬਾਣੀ ਦਾ ਮਨੋਹਰ ਕੀਰਤਨ ਕੀਤਾ। ਕੀਰਤਨ ਦੌਰਾਨ ਕੋਈ ਘੋਸ਼ਣਾ ਨਹੀਂ ਕੀਤੀ ਗਈ ਅਤੇ ਸਾਰੇ ਕੀਰਤਨ ਕਰਨ ਵਾਲੇ ਸੇਵਾਦਾਰਾਂ ਨੂੰ ਪਹਿਲਾਂ ਹੀ ਵਾਰੀ ਅਤੇ ਸਮਾਂ ਦਿੱਤਾ ਗਿਆ ਸੀ।

ਹੋਰ ਕਿਸੇ ਨੇ ਕੀਰਤਨ ਕਰਨ ਲਈ ਵਾਰੀ ਮੰਗਣ ਬਾਰੇ ਸੋਚਿਆ ਵੀ ਨਹੀਂ ਕਿਉਂਕਿ ਸਾਰੇ ਕੀਰਤਨ ਦੋਰਾਨ ਨਾਮ ਦੇ ਪ੍ਰੇਮ ਵਿੱਚ ਰੰਗੇ ਹੋਏ ਸਨ। ਕਈ ਘੰਟੇ ਬੀਤ ਜਾਣ ਤੋਂ ਬਾਅਦ ਵੀ ਸੰਗਤ ਵਿਚ ਬੈਠੇ ਕਿਸੇ ਨੂੰ ਘਰ ਜਾਣ ਜਾਂ ਸੌਣ ਦੀ ਕੋਈ ਇੱਛਾ ਨਹੀਂ ਸੀ। ਲੰਗਰ ਵਿੱਚ ਸੇਵਾ ਨਿਰੰਤਰ ਚੱਲਦੀ ਰਹੀ ਅਤੇ ਨਾਮ ਦੀ ਗੂੰਜ ਮਹਿਸੂਸ ਹੁੰਦੀ ਰਹੀ। ਸਿਨਸਿਨਾਟੀ ਵਿਖੇ ਸਾਲ 2003 ਵਿੱਚ ਸੰਗਤਾਂ ਦੇ ਸਹਿਯੋਗ ਨਾਲ ਇਸ ਸਲਾਨਾ ਕੀਰਤਨ ਸਮਾਗਮ ਨੂੰ ਸ਼ੁਰੂ ਵਾਲੇ ਨੋਜਵਾਨ ਭਾਈ ਜੈਪਾਲ ਸਿੰਘ, ਇਸ ਸਾਲ ਮਈ ਮਹੀਨੇ 41 ਸਾਲ ਦੀ ਉਮਰ ਵਿੱਚ ਕੈਂਸਰ ਦੀ ਬਿਮਾਰੀ ਕਾਰਨ ਸੰਗਤਾਂ ਨੂੰ ਵਿਛੋੜਾ ਦੇ ਗਏ। ਹੁਣ ਉਹਨਾਂ ਦੇ ਜਾਣ ਤੋਂ ਬਾਦ ਵੀ ਸਾਰੀ ਸੰਗਤ ਨੇ ਇਸ ਨੂੰ ਜਾਰੀ ਰੱਖਦੇ ਹੋਏ ਇਸ ਕੀਰਤਨ ਸਮਾਗਮ ਦਾ ਆਯੋਜਨ ਕੀਤਾ।

ਉਹਨਾਂ ਨੂੰ ਯਾਦ ਕਰਦਿਆਂ ਇਹ ਅਰਦਾਸ ਵੀ ਕੀਤੀ ਗਈ ਕਿ ਇਸ ਸਲਾਨਾ ਸਮਾਗਮ ਦਾ ਆਯੋਜਨ ਸਤੰਬਰ ਜਾਂ ਅਕਤੂਬਰ ਮਹੀਨੇ ਸ੍ਰੀ ਗੁਰੂ ਰਾਮਦਾਸ ਜੀ ਦੇ ਗੁਰਪੂਰਬ ਨੇੜੇ ਹੁੰਦਾ ਰਹੇ ਅਤੇ ਕਿ ਇਸੇ ਤਰਾਂ ਹਰ ਸਾਲ ਦੂਰ ਦੁਰਾਂਡੇ ਤੋਂ ਆਕੇ ਸੰਗਤ ਗੁਰਬਾਣੀ ਕੀਰਤਨ ਦਾ ਅਨੰਦ ਮਾਨਣ ਲਈ ਜੁੜਦੀ ਰਹੇ।

# ਵਿਪਸਾ ਵਲੋਂ ਡਾ. ਗੁਰੂਮੇਲ ਸਿੱਧੂ ਦੀ ਸਿਹਤਯਾਬੀ ਲਈ ਦੁਆਵਾਂ

ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਦੇ ਸਰਪ੍ਰਸਤ ਵਿਦਵਾਨ, ਚਿੰਤਕ ਅਤੇ ਸ਼ਾਇਰ ਡਾ. ਗੁਰੂਮੇਲ ਸਿੱਧੂ ਪਿਛਲੇ ਕੁਝ ਦਿਨਾਂ ਤੋਂ ਫਰਿਜ਼ਨੋ ਹਸਪਤਾਲ 'ਆਈ ਸੀ ਯੂ' ਵਿੱਚ ਜ਼ੇਰੇ ਇਲਾਜ ਹਨ। ਬਹੁ ਵਿਧਾਈ ਲੇਖਕ ਡਾ. ਸਿੱਧੂ ਅਨੇਕਾਂ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲ਼ੀ ਪਾ ਚੁੱਕੇ ਹਨ। ਪੰਜਾਬੀ ਮਾਂ ਬੋਲੀ ਅਤੇ ਸਾਹਿਤ ਦੇ ਇਸ ਨਿਸ਼ਕਾਮ ਸੇਵਕ ਨੂੰ ਕਈ ਸੰਸਥਾਵਾਂ ਵਲੋਂ ਇਨਾਮਾਂ-ਸਨਮਾਨਾਂ ਨਾ਼ਲ ਨਿਵਾਜਿਆ ਜਾ ਚੁੱਕਾ ਹੈ।

ਵਿਪਸਾ ਦੇ ਪ੍ਰਧਾਨ ਡਾ. ਸੁਖਵਿੰਦਰ ਕੰਬੋਜ, ਹਰਜਿੰਦਰ ਕੰਗ ਅਤੇ ਕੁਲਵਿੰਦਰ ਵਲੋਂ ਜਾਰੀ ਬਿਆਨ ਅਨੁਸਾਰ ਵਿਪਸਾ ਦੇ ਸਮੂਹ ਮੈਂਬਰਾਂ ਸੁਰਿੰਦਰ ਸੀਰਤ, ਜਗਜੀਤ ਨੌਸ਼ਿਹਰਵੀ, ਚਰਨਜੀਤ ਸਿੰਘ ਪੰਨੂੰ, ਅਮਰਜੀਤ ਕੌਰ ਪੰਨੂ, ਤਾਰਾ ਸਿੰਘ ਸਾਗਰ, ਗੁਲਸ਼ਨ ਦਿਆਲ, ਐਸ ਅਸ਼ੋਕ ਭੌਰਾ, ਸੁਰਜੀਤ ਸਖੀ, ਬੀਬੀ ਸੁਰਜੀਤ ਕੌਰ ਸੈਕਰਾਮੈਂਟੋ, ਐਸ਼, ਸੁਖਪਾਲ ਸੰਘੇੜਾ,ਮਹਿੰਦਰ ਸਿੰਘ ਸੰਘੇੜਾ, ਕਰਮ ਸਿੰਘ ਮਾਨ, ਦਲਜੀਤ ਰਿਆੜ, ਹਰਜਿੰਦਰ ਢੇਸੀ, ਪਵਿੱਤਰ ਕੌਰ ਮਾਟੀ, ਸੁਖਦੇਵ ਸਾਹਿਲ, ਵਿਜੇ ਸਿੰਘ, ਬਲਬੀਰ ਸਿੰਘ ਐਮ ਏ,



ਸੁਰਿੰਦਰ ਸਿੰਘ ਧਨੋਆ, ਸੰਤੋਖ ਸਿੰਘ ਮਿਨਹਾਸ, ਅਵਤਾਰ ਗੋਂਦਾਰਾ, ਅਸ਼ਰਫ ਗਿੱਲ, ਕੁਲਵੰਤ ਸੇਖੋਂ, ਸੁੱਖੀ ਧਾਲੀਵਾਲ, ਹਰਪ੍ਰੀਤ ਕੌਰ ਧੂਤ ਅਤੇ ਲਾਜ ਨੀਲਮ ਸੈਣੀ ਆਦਿ ਨੇ ਉਨ੍ਹਾਂ ਦੀ ਸਿਹਤਯਾਬੀ ਲਈ ਦੁਆਵਾਂ ਭੇਜੀਆਂ ਹਨ।ਚੇਤੇ ਰਹੇ ਡਾ. ਸਿੱਧੂ ਸਾਹਿਤਕ ਸੰਸਥਾਵਾਂ ਦੀ ਲੰਮੇ ਸਮੇਂ ਤੋਂ ਅਗਵਾਈ ਕਰ ਰਹੇ ਹਨ। ਉਹ ਇਕ ਸੁਹਿਰਦ ਸਾਹਿਤਕਾਰ, ਰਹਿਨੁਮਾ ਅਤੇ ਪ੍ਰੇਰਨਾ ਹੋਣ ਦੇ ਨਾ਼ਲ-ਨਾ਼ਲ ਇਨਸਾਨੀਅਤ ਦੇ ਮੁੱਦਈ ਵੀ ਹਨ। ਪੰਜਾਬੀ ਸਾਹਿਤ ਜਗਤ ਵਿੱਚ ਉਨ੍ਹਾਂ ਦਾ ਨਾਮ ਹਮੇਸ਼ਾਂ ਅਦਬ ਨਾ਼ਲ ਲਿਆ ਜਾਂਦਾ ਹੈ। ਸ਼ਾਲਾ! ਉਹ ਬਹੁਤ ਜਲਦ ਠੀਕ ਹੋ ਕੇ ਆਪਣੇ ਘਰ ਵਾਪਸ ਆਉਣ ਅਤੇ ਉਦਾਸ ਹੋਏ ਸਾਹਿਤਕ ਸਾਥੀਆਂ ਦੇ ਚਿਹਰੇ ਉੱਪਰ ਮੁੜ ਰੌਣਕ ਪਰਤੇ। ਉਨ੍ਹਾਂ ਦੀ ਰਹਿਨੁਮਾਈ ਦੀ ਸਮੂਹ ਸਾਹਿਤਕ ਅਤੇ ਸੱਭਿਆਚਾਰਕ ਸੰਸਥਾਵਾਂ ਨੂੰ ਸਦਾ ਲੋੜ ਹੈ।

**ਰਿਪੋਰਟ: ਲਾਜ ਨੀਲਮ ਸੈਣੀ,**
**ਸਹਾਇਕ ਸਕੱਤਰ ਵਿਪਸਾ**
510-502-0551




# ਬਾਬਾ ਭਗਤ ਸਿੰਘ ਬਿਲਗਾ ਦੇ ਛੋਟੇ ਸਪੁੱਤਰ ਗੁਰਪ੍ਰੇਮ ਸਿੰਘ ਸੰਘੇੜਾ ਵਿਛੋੜਾ ਦੇ ਗਏ, ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ



**ਜਲੰਧਰ: 3 ਅਕਤੂਬਰ–** ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਅਤੇ ਕਾਰਜਕਾਰੀ ਸਕੱਤਰ ਡਾ. ਪਰਮਿੰਦਰ ਸਿੰਘ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਅੱਜ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਦੇਸ਼ ਭਗਤ ਯਾਦਗਾਰ ਕਮੇਟੀ ਦੇ ਲੰਮਾ ਅਰਸਾ ਪ੍ਰਧਾਨ ਰਹੇ ਬਾਬਾ ਭਗਤ ਸਿੰਘ ਬਿਲਗਾ ਦੇ ਛੋਟੇ ਸਪੁੱਤਰ ਗੁਰਪ੍ਰੇਮ ਸਿੰਘ ਸੰਘੇੜਾ ਅੱਜ ਔਕਸਫੋਰਡ ਹਸਪਤਾਲ ਜਲੰਧਰ ਵਿਖੇ ਵਿਛੋੜਾ ਦੇ ਗਏ। ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਪ੍ਰਧਾਨ ਅਜਮੇਰ ਸਿੰਘ, ਵਿੱਤ ਸਕੱਤਰ ਰਣਜੀਤ ਸਿੰਘ ਔਲਖ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਕਮੇਟੀ ਮੈਂਬਰ ਮੰਗਤ ਰਾਮ ਪਾਸਲਾ, ਪ੍ਰਗਟ ਸਿੰਘ ਜਾਮਾਰਾਏ, ਚਰੰਜੀ ਲਾਲ ਕੰਗਣੀਵਾਲ, ਪ੍ਰੋ. ਗੋਪਾਲ ਬੁੱਟਰ ਤੇ ਉਨ੍ਹਾਂ ਦੀ ਜੀਵਨ ਸਾਥਣ ਕੁਲਵਿੰਦਰ ਬੁੱਟਰ ਅਤੇ ਪ੍ਰਸ਼ੋਤਮ ਬਿਲਗਾ ਨੇ ਹਸਪਤਾਲ ਪੁੱਜ ਕੇ ਉਹਨਾਂ ਦੇ ਵੱਡੇ ਭਰਾ ਅਤੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸੀਨੀਅਰ ਮੈਂਬਰ ਕੁਲਵੀਰ ਸਿੰਘ ਸੰਘੇੜਾ ਅਤੇ ਉਹਨਾਂ ਦੀ ਜੀਵਨ ਸਾਥਣ ਸੁਰਿੰਦਰ ਸੰਘੇੜਾ ਨਾਲ ਦੁੱਖ ਸਾਂਝਾ ਕੀਤਾ। ਉਨ੍ਹਾਂ ਦੀ ਮ੍ਰਿਤਕ ਦੇਹ ਅੱਜ ਦੇਰ ਸ਼ਾਮ ਜਨਰਲ ਹਸਪਤਾਲ ਬਿਲਗਾ ਦੇ ਮ੍ਰਿਤਕ ਦੇਹ ਸੰਭਾਲ ਕੇਂਦਰ ਵਿੱਚ ਰੱਖੀ ਜਾਏਗੀ। ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨਾਲ ਵਿਚਾਰ ਕਰਨ ਉਪਰੰਤ ਉਨ੍ਹਾਂ ਦੇ ਸਸਕਾਰ ਸਬੰਧੀ ਮਿਤੀ ਅਤੇ ਸਮਾਂ ਬਾਅਦ ਵਿੱਚ ਸੂਚਿਤ ਕੀਤਾ ਜਾਏਗਾ। ਦੇਸ਼ ਭਗਤ ਯਾਦਗਾਰ ਕਮੇਟੀ ਉਹਨਾਂ ਦੇ ਪਰਿਵਾਰ ਅਤੇ ਸਾਕ-ਸਬੰਧੀਆਂ, ਆਈ. ਡਬਲਿਉ.ਏ. ਗ੍ਰੇਟ ਬ੍ਰਿਟੇਨ ਅਤੇ ਸ਼ਹੀਦ ਊਧਮ ਸਿੰਘ ਵੈਲਫੇਅਰ ਟਰੱਸਟ ਬਰਮਿੰਘਗਮ ਅਤੇ ਹੋਰ ਸਮੂਹ ਸੰਗੀ ਸਾਥੀਆਂ ਨਾਲ ਗਹਿਰੇ ਦੁੱਖ 'ਚ ਸ਼ਰੀਕ ਸਨ।



# ਅਮਰੀਕਾ ਵਿਚ ਪੰਜਾਬੀ ਮਾਪੇ ਸਮੇਤ 8 ਮਹੀਨਿਆਂ ਦੀ ਧੀ ਅਗਵਾ



**ਕੈਲੀਫੋਰਨੀਆ–** ਕੈਲੀਫੋਰਨੀਆ ਦੇ ਮਰਸਡ ਕਾਊਂਟੀ ਤੋਂ ਪੰਜਾਬੀ ਪਰਿਵਾਰ ਦੇ ਚਾਰ ਮੈਂਬਰਾਂ ਅਗਵਾ ਕਰ ਲਿਆ ਗਿਆ ਹੈ। ਇਨ੍ਹਾਂ ਵਿੱਚ ਅੱਠ ਮਹੀਨੇ ਦੀ ਬੱਚੀ ਅਤੇ ਉਸ ਦੇ ਮਾਤਾ-ਪਿਤਾ ਸ਼ਾਮਲ ਸਨ। ਮਰਸਡ ਕਾਊਂਟੀ ਸ਼ੈਰਿਫ ਦੇ ਦਫਤਰ ਨੇ ਬਿਆਨ ਵਿਚ ਕਿਹਾ ਕਿ ਜਿਨ੍ਹਾਂ ਨੂੰ ਅਗਵਾ ਕੀਤਾ ਗਿਆ ਹੈ ਉਨ੍ਹਾਂ ਵਿੱਚ 36 ਸਾਲਾ ਜਸਦੀਪ ਸਿੰਘ, 27 ਸਾਲਾ ਜਸਲੀਨ ਕੌਰ, ਉਨ੍ਹਾਂ ਦੀ ਅੱਠ ਮਹੀਨੇ ਦੀ ਬੱਚੀ ਅਰੂਹੀ ਅਤੇ 39 ਸਾਲਾ ਅਮਨਦੀਪ ਸਿੰਘ ਨੂੰ ਸ਼ਾਮਲ ਹਨ। ਪੁਲੀਸ ਨੇ ਸ਼ੱਕੀ ਨੂੰ ਹਥਿਆਰਬੰਦ ਅਤੇ ਖ਼ਤਰਨਾਕ ਕਰਾਰ ਦਿੰਦਿਆਂ ਜ਼ਿਆਦਾ ਵੇਰਵੇ ਜਾਰੀ ਨਹੀਂ ਕੀਤੇ ਗਏ।

# ਭਾਈਚਾਰਕ ਸਾਂਝ ਨੂੰ ਤੋੜਨ ਵਾਲੀਆਂ ਤਾਕਤਾਂ ਤੋਂ ਚੌਕੰਨੇ ਰਹਿਣ ਲਈ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਜ਼ੋਰਦਾਰ ਅਪੀਲ

**ਜਲੰਧਰ–** ਦੇਸ਼ ਭਗਤ ਯਾਦਗਾਰ ਕਮੇਟੀ ਨੇ ਪੰਜਾਬ ਵਾਸੀਆਂ ਅਤੇ ਦੇਸ਼-ਬਦੇਸ਼ ਵਸਦੇ ਸਮੂਹ ਪੰਜਾਬੀਆਂ ਨੂੰ ਜ਼ੋਰਦਾਰ ਅਪੀਲ ਕੀਤੀ ਹੈ ਕਿ ਉਹ ਪੰਜਾਬ ਅੰਦਰ ਭਾਈਚਾਰਕ ਸਾਂਝ ਬਣਾਈ ਰੱਖਣ ਅਤੇ ਹਰ ਵੰਨਗੀ ਦੀਆਂ ਫੁੱਟ-ਪਾਊ, ਫ਼ਿਰਕੇਰਾਨਾ ਕੋਸ਼ਿਸ਼ਾਂ ਨਾਕਾਮ ਕਰਨ ਲਈ ਲੋਕਾਂ ਨੂੰ ਇੱਕਜੁੱਟ ਕਰਦੇ ਹੋਏ ਆਪਣੇ ਜੀਵਨ ਦੀਆਂ ਲੋੜਾਂ ਦੀ ਪੂਰਤੀ ਲਈ ਲੋਕ ਸੰਘਰਸ਼ 'ਚ ਬਣਦਾ ਯੋਗਦਾਨ ਪਾਉਣ ਲਈ ਅੱਗੇ ਆਉਣ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਦੀ ਪ੍ਰਧਾਨਗੀ 'ਚ ਅੱਜ ਸਥਾਨਕ ਦੇਸ਼ ਭਗਤ ਯਾਦਗਾਰ ਹਾਲ 'ਚ ਹੋਈ ਮੀਟਿੰਗ 'ਚ ਲਏ ਫੈਸਲਿਆਂ ਬਾਰੇ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਕਮੇਟੀ ਦੇ ਕਾਰਜਕਾਰੀ ਸਕੱਤਰ ਡਾ. ਪਰਮਿੰਦਰ ਸਿੰਘ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ 30, 31 ਅਕਤੂਬਰ ਅਤੇ 1 ਨਵੰਬਰ ਨੂੰ ਹੋ ਰਿਹਾ 31ਵਾਂ ਤਿੰਨ ਰੋਜ਼ਾ ਮੇਲਾ ਗ਼ਦਰੀ ਬਾਬਿਆਂ ਦਾ ਕਿਉਂਕਿ ਸਾਮਰਾਜਵਾਦ ਅਤੇ ਫ਼ਿਰਕੂ ਫਾਸ਼ੀ ਹੱਲੇ ਵਿਰੁੱਧ ਜੂਝਦੀਆਂ ਲੋਕ ਲਹਿਰਾਂ ਦੇ ਸੰਗਰਾਮੀਆਂ ਨੂੰ ਸਮਰਪਤ ਕੀਤਾ ਗਿਆ ਹੈ।

ਹੁਣ ਜਦੋਂ ਪੰਜਾਬ ਦੇ ਲੋਕਾਂ ਵਿੱਚ ਵੰਡੀਆਂ ਪਾਉਣ ਅਤੇ ਫ਼ਿਰਕੂ ਅੱਗ ਦੀਆਂ ਤੀਲੀਆਂ ਸੁੱਟਣ ਲਈ ਕੋਝੇ ਯਤਨ ਕੀਤੇ ਜਾ ਰਹੇ ਹਨ, ਇਸ ਕਰਕੇ ਅਕਤੂਬਰ ਮਹੀਨਾ ਮੇਲਾ ਤਿਆਰੀ ਮੁਹਿੰਮ ਇਸ ਮੁੱਦੇ ਉਪਰ ਕੇਂਦਰਤ ਕੀਤੀ ਜਾਏਗੀ। ਕਮੇਟੀ ਨੇ ਸਮੂਹ ਲੋਕ-ਪੱਖੀ ਸੰਸਥਾਵਾਂ ਨੂੰ ਇਸ ਮੁਹਿੰਮ 'ਚ ਭਰਵਾਂ ਸਾਥ ਦੇਣ ਦੀ ਅਪੀਲ ਕੀਤੀ। ਕਮੇਟੀ ਨੇ ਸੱਦਾ ਦਿੱਤਾ ਹੈ ਕਿ ਗ਼ਦਰ ਪਾਰਟੀ, ਕੂਕਾ ਲਹਿਰ, ਬੱਬਰ ਅਕਾਲੀ ਲਹਿਰ, ਕਿਰਤੀ ਅਤੇ ਨੌਜਵਾਨ ਭਾਰਤ ਸਭਾ ਲਹਿਰਾਂ ਦੀ ਸਾਂਝੀ ਅਮੀਰ ਇਤਿਹਾਸਕ ਸਭਿਆਚਾਰਕ ਵਿਰਾਸਤ ਨੂੰ ਬੁਲੰਦ ਕਰਦਿਆਂ ਲੋਕਾਂ ਨੂੰ ਧਰਮ, ਫ਼ਿਰਕੇ, ਬੋਲੀ, ਰੰਗ, ਨਸਲ, ਇਲਾਕੇ ਆਦਿ ਦੇ ਨਾਂਅ 'ਤੇ ਆਪੋ ਵਿੱਚ ਲੜਾਉਣ ਦੇ ਮਨਸ਼ੇ ਨਾਕਾਮ ਕਰਨ ਅਤੇ ਸਾਂਝੀਵਾਲਤਾ, ਜਮਹੂਰੀਅਤ, ਧਰਮ-ਨਿਰਪੱਖਤਾ ਦੀ ਰੌਸ਼ਨ ਮਸ਼ਾਲ ਜਗਦੀ ਰੱਖਣ ਲਈ ਅੱਗੇ ਆਉਣ।

ਕਮੇਟੀ ਨੇ ਇਹ ਵੀ ਜ਼ੋਰ ਦੇ ਕੇ ਕਿਹਾ ਹੈ ਕਿ ਮਜ਼ਦੂਰਾਂ, ਕਿਸਾਨਾਂ, ਬੇਰੁਜ਼ਗਾਰਾਂ, ਮੁਲਾਜ਼ਮਾਂ, ਛੋਟੇ ਦੁਕਾਨਦਾਰਾਂ, ਰੋਜ਼ਮਰ੍ਹਾ ਦੀ ਰੋਟੀ-ਰੋਜ਼ੀ ਜੋਗੇ ਧੰਦਿਆਂ ਨਾਲ ਜੁੜੇ ਸਮੂਹ ਕਮਾਊ ਲੋਕ ਮਹਿੰਗਾਈ, ਕਰਜ਼ੇ, ਗਰੀਬੀ, ਖੁਦਕੁਸ਼ੀਆਂ, ਸਿੱਖਿਆ, ਸਿਹਤ, ਬਿਜਲੀ, ਪਾਣੀ ਆਦਿ ਦੇ ਢੇਰਾਂ ਮੁੱਦਿਆਂ ਦੇ ਪਹਾੜਾਂ ਹੇਠ ਦੱਬੇ ਹੋਏ ਹਨ, ਇਸ ਬੋਝ ਤੋਂ ਮੁਕਤੀ ਪਾਉਣਾ ਸਭ ਦੀ ਲੋੜ ਹੈ, ਇਹ ਮੁਕਤੀ ਪਾਟਕ-ਪਾਊ ਹੱਥ ਕੰਡਿਆਂ ਦੇ ਇਰਾਦਿਆਂ ਨੂੰ ਸਮਝਕੇ ਅਤੇ ਆਪਣੀ ਜੋਟੀ ਮਜ਼ਬੂਤ ਕਰਕੇ ਹੀ ਪਾਈ ਜਾ ਸਕਦੀ ਹੈ।

*****


NSB Insurance

NIRMAL SINGH BADHAN

for Insurance Call:
NIRMAL SINGH BADHAN
707-228-2020

HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS



Call: 707-228-2020,
Fax: 707-260-2813

Lic #0144676

www.nsbinsures.com

1519 Gary CT., Rohnert Park, CA 94928



RE/MAX Gold

Each Office Independently Owned and Operated

ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ

Dil Nijjar REALTOR ®
CalBRE # 01418648

Honesty Starts From Here
SELL or BUY
Residential • Business • Commercial
Lease • Investment Property and Land
Serving in Greater Sacramento area since 2004

Cell: 916-628-2210
Fax: 916-745-3424
Office: 916-285-1000
Email : Dil.Realtor@gmail.com

2081 Arena Blvd #
100 Sacramento, CA 95834



ਅਦਾਰਾ 'ਅੰਬੇਦਕਰ ਟਾਈਮਜ਼' ਪੰਜਾਬੀ ਵਿਚ ਛਪਿਆ 25 ਅਗਸਤ 2011 ਵਿਚ ਛਪਿਆ ਇਕ ਵਿਸ਼ੇਸ ਲੇਖ

## ਰੂਹਾਨੀ ਕਵੀ ਤੇ ਬ੍ਰਹਮ ਗਿਆਨੀ 108

# ਸ੍ਰੀ ਨਾਭ ਕੰਵਲ ਰਾਜਾ ਸਾਹਿਬ-ਮਜਾਰਾ ਰਾਜਾ ਸਾਹਿਬ

ਦੁਨੀਆਂ ਨੂੰ ਸੱਚ ਦੇ ਮਾਰਗ ਤੇ ਚਲਣ, ਕਿਰਤ ਕਰਨ ਅਤੇ ਪਰਮਾਤਮਾ ਦੇ ਨਾਮ ਸਿਮਰਨ ਵਿੱਚ ਲੀਨ ਰਹਿ ਕੇ ਦੁਨਿਆਵੀ ਵਿਕਾਰਾਂ, ਕਰਮਕਾਂਡਾਂ, ਬੰਧਨਾਂ ਤੋਂ ਮੁਕਤੀ ਦੇ ਮਾਰਗ ਤੱਕ ਪਹੁੰਚਾਣ ਲਈ ਇਸ ਧਰਤੀ 'ਤੇ ਮਹਾਨ ਸ਼ਖ਼ਸੀਅਤਾਂ, ਮਹਾਂਪੁਰਖਾਂ, ਗੁਰੂ ਸਾਹਿਬਾਨਾਂ ਨੇ ਜੋ ਉਪਦੇਸ਼ ਦਿੱਤੇ ਹਨ। ਉਹ ਸਦਾ ਲਈ ਅਮਰ ਹਨ ਤੇ ਮਨੁੱਖਤਾ ਦਾ ਸਹੀ ਮਾਰਗ ਦਰਸ਼ਨ ਕਰਦੇ ਹਨ। ਫਿਰ ਵੀ ਮਨੁੱਖ ਇਹਨਾਂ ਅਨਮੋਲ ਵਿਚਾਰਾਂ, ਅਧਿਆਤਮਕ ਫਲਸਫੇ, ਰੂਹਾਨੀ ਸੰਦੇਸ਼ਾਂ ਤੋਂ ਅਣਜਾਣ ਬਣ ਕੇ ਤੇ ਕਿਨਾਰਾਕਸ਼ੀ ਕਰਕੇ ਭੁੱਲਿਆ ਭਟਕਦਾ ਫਿਰਦਾ ਹੈ। ਸਮੇਂ-ਸਮੇਂ ਜਗਤ ਕਲਿਆਣ ਖਾਤਰ ਆਏ ਮਹਾਂਪੁਰਸ਼ਾਂ ਇਸ ਨੂੰ ਸੁਧਾਰਨ ਦੇ ਬਹੁਤ ਵੱਡਮੁੱਲੇ ਤੇ ਸਫਲ ਯਤਨ ਕੀਤੇ ਹਨ। ਜਿਸ ਸਦਕਾ ਅੱਜ ਵੀ ਲੋਕਾਈ ਉਨ੍ਹਾਂ ਦਾ ਅਸ਼ੀਰਵਾਦ ਪ੍ਰਾਪਤ ਕਰਕੇ ਆਪਣਾ ਜੀਵਨ ਸਫਲਾ ਕਰਦੀ ਹੈ। ਮਾਨਵੀ ਕਦਰਾਂ-ਕੀਮਤਾਂ ਦੇ ਨਿਘਾਰ ਦੇ ਸਮੇਂ ਅੰਦਰ ਇਨ੍ਹਾਂ ਮਹਾਂਪੁਰਸ਼ਾਂ ਦੇ ਮਹਾਨ ਵਿਚਾਰਾਂ, ਜੀਵਨ ਸੇਧ, ਦਰਸ਼ਨ ਨਾਲ ਉਨ੍ਹਾਂ ਵੱਲੋਂ ਮਨੁੱਖਤਾ ਦੀ ਭਲਾਈ, ਸੇਵਾ ਹਿੱਤ ਕੀਤੇ ਕਾਰਜਾਂ ਪ੍ਰਤੀ ਸ਼ਰਧਾਵਾਨ ਹੋ ਕੇ ਸੰਗਤਾਂ ਉਨ੍ਹਾਂ ਦਾ ਜਸ ਗਾ ਕੇ ਨਿਮਰਤਾ, ਸੇਵਾ-ਸਿਮਰਨ, ਸਮਾਜ ਭਲਾਈ ਦੇ ਆਰੰਭੇ ਕਾਰਜਾਂ ਵਿੱਚ ਆਪਣਾ ਯੋਗਦਾਨ ਪਾ ਕੇ ਧੰਨ-ਧੰਨ ਹੁੰਦੀਆਂ ਹਨ। ਉਨ੍ਹਾਂ ਦੀ ਕਿਰਪਾ ਦ੍ਰਿਸ਼ਟੀ ਨਾਲ, ਆਪਣੀਆਂ ਭੁੱਲਾਂ ਬਖਸ਼ਾਉਂਦਿਆਂ ਆਪਣੇ ਕਾਰਜ ਸਫ਼ਲ ਕਰਦੀਆਂ ਹਨ।

ਦੁਆਬੇ ਦੇ ਜਿਲ੍ਹੇ ਨਵਾਂਸ਼ਹਿਰ (ਸ਼ਹੀਦ ਭਗਤ ਸਿੰਘ ਨਗਰ) ਦੇ ਪਿੰਡ ਮਜਾਰਾ ਨੌ ਆਬਾਦ ਵਿੱਚ ਰਸੋਖਾਨਾ ਦਰਬਾਰ ਸ੍ਰੀ ਨਾਭ ਕੰਵਲ ਰਾਜਾ ਸਾਹਿਬ ਜੀ ਸੁਸ਼ੋਭਿਤ ਹੈ। ਇਹ ਰਸੋਖਾਨਾ ਸ੍ਰੀਨਾਭ ਕੰਵਲ ਰਾਜਾ ਸਾਹਿਬ ਬਾਬਾ ਭਗਵਾਨ ਦਾਸ ਜੀ ਦੀ ਕਿਰਪਾ ਨਾਲ ਉਸਾਰਿਆ ਗਿਆ। ਇਸ ਪਵਿੱਤਰ ਅਸਥਾਨ 'ਤੇ ਹੀ ਉਨ੍ਹਾਂ ਦੀ ਸਮਾਧ ਸੁਸ਼ੋਭਿਤ ਹੈ। ਜਿੱਥੇ ਲੱਖਾਂ ਸੰਗਤਾਂ ਉਨ੍ਹਾਂ ਦੇ ਚਰਨਾਂ 'ਚ ਨਤਮਸਤਕ ਹੁੰਦੀਆਂ ਹਨ। ਸ੍ਰੀ ਨਾਭਕੰਵਲ ਰਾਜਾ ਸਾਹਿਬ ਜੀ, ਬਗਦਾਦ ਤੋਂ ਚੱਲੀ ਆ ਰਹੀ ਨਾਮ ਸਿਮਰ ਗੱਦੀ ਦੇ ਗੱਦੀਨਸ਼ੀਨ ਸਨ। ਵਹਾਵਦ ਪੀਰ ਪੀਰ ਜੀ ਤੋਂ ਇਹ ਗੱਦੀ ਬਾਬਾ ਫਰੀਦ ਜੀ ਦੇ ਪਰਿਵਾਰ ਤੋਂ ਹੁੰਦੀ ਕਲੀਅਰ ਸ਼ਰੀਫ਼ ਤੋਂ ਲਾਲਾ ਵਲੀ ਹਮੀਰਚੰਦ, ਬਾਬਾ ਜਵਾਹਰ ਸਿੰਘ ਤੋਂ ਬਾਬਾ ਸਾਹਿਬ ਦਾਸ ਜੀ ਤੱਕ ਪੁੱਜੀ। ਉਨ੍ਹਾਂ ਤੋਂ ਬਾਅਦ ਇਸ ਗੱਦੀ ਦੇ ਵਾਰਸ 108 ਸ੍ਰੀ ਨਾਭ ਕੰਵਲ ਰਾਜਾ ਸਾਹਿਬ ਭਗਵਾਨ ਦਾਸ ਜੀ ਹੋਏ ਹਨ। ਉਨ੍ਹਾਂ ਤੋਂ ਬਾਅਦ ਬਾਬਾ ਪੂਰਨ ਦਾਸ ਜੀ ਅਤੇ ਬਾਬਾ ਕਿਸ਼ਨ ਦਾਸ ਜੀ ਦੀ ਸੇਵਾ 'ਚ ਰਹੇ।

ਸ੍ਰੀ ਨਾਭ ਕੰਵਲ ਰਾਜਾ ਸਾਹਿਬ ਜੀ ਦਾ ਜਨਮ 7 ਫੱਗਣ 1862 ਈ. ਨੂੰ ਪਿੰਡ ਬੱਲੋਵਾਲ ਜਿਲ੍ਹਾ ਜਲੰਧਰ (ਹੁਣ ਨਵਾਂਸ਼ਹਿਰ ਤੋਂ ਸ਼ਹੀਦ ਭਗਤ ਸਿੰਘ ਨਗਰ) ਵਿਖੇ ਉਨ੍ਹਾਂ ਦੇ


ਫੋਟੋਆਂ-ਰੇਸ਼ਮ ਕਰਨਾਲਵੀ

ਨਾਨਕੇ ਘਰ ਵਿੱਚ ਹੋਇਆ। ਆਪ ਜੀ ਦੇ ਮਾਤਾ ਸਾਹਿਬ ਦੇਈ ਸਪੁੱਤਰੀ ਨੰਬਰਦਾਰ ਸ੍ਰੀ ਖਜ਼ਾਨਾ ਬੱਲੋਵਾਲ ਅਤੇ ਪਿਤਾ ਜੀ ਬਾਬਾ ਮੰਗਲਦਾਸ ਜੀ ਸਪੁੱਤਰ ਸ੍ਰੀ ਭੋਲਾ ਜੀ ਜੋ ਨੰਬਰਦਾਰ ਬਾਬਾ ਨੌਧਾ ਜੀ ਪਿੰਡ ਮੰਨਣਬਾਨਾ ਦੇ ਸਪੁੱਤਰ ਸਨ। ਉਨ੍ਹਾਂ ਦਾ ਨਾਮ ਭਗਵਾਨ ਦਾਸ ਰੱਖਿਆ ਗਿਆ। ਬਾਬਾ ਮੰਗਲ ਦਾਸ ਜੀ ਵੀ ਧਾਰਮਿਕ ਬਿਰਤੀ ਵਾਲੇ ਵਿਅਕਤੀ ਸਨ। ਜੋ ਜ਼ਿਆਦਾਤਰ ਆਪਣੇ ਨਾਨਕੇ ਪਿੰਡ ਖੈੜ ਅਤੇ ਲੋਧੀਪੁਰ ਰਹਿੰਦੇ ਸਨ। ਮਾਤਾ ਸਾਹਿਬ ਦੇਈ ਜੀ ਅਤੇ ਭਗਵਾਨ ਦਾਸ ਜੀ ਜਨਮ ਤੋਂ ਬਾਅਦ ਦੋ ਸਾਲ ਤੱਕ ਪਿੰਡ ਬੱਲੋਵਾਲ ਹੀ ਰਹੇ, ਉਸ ਤੋਂ ਬਾਅਦ ਆਪਣੇ ਜੱਦੀ ਪਿੰਡ ਮੰਨਣਹਾਨਾ ਤਹਿਸੀਲ ਗੜ੍ਹਸ਼ੰਕਰ ਹੁਸ਼ਿਆਰਪੁਰ ਚਲੇ ਗਏ। ਬਚਪਨ ਵਿੱਚ ਹੀ ਉਹ ਆਪਣੀ ਭੂਆ ਮਾਤਾ ਅਤਰੀ ਕੋਲ ਪਿੰਡ ਰਸੂਲਪੁਰ (ਨਵਾਂਸ਼ਹਿਰ) ਆ ਗਏ। ਉਨ੍ਹਾਂ ਨੇ ਪਿੰਡ ਮੂਸਾਪੁਰ ਤੋਂ ਮੌਲਵੀ ਸ਼ਾਹਦੀਨ ਹੋਰਾਂ ਕੋਲੋਂ ਮੁੱਢਲੀ ਸਿੱਖਿਆ ਪ੍ਰਾਪਤ ਕੀਤੀ। ਬਹੁਤ ਹੀ ਤੀਖਣ ਬੁੱਧੀ ਤੇ ਸਾਹਿਬ ਦਿਮਾਗ ਦੇ ਮਾਲਕ ਹੋਣ ਕਰਕੇ ਉਨ੍ਹਾਂ ਨੇ ਉਰਦੂ, ਫਾਰਸੀ, ਪੰਜਾਬੀ, ਹਿੰਦੀ, ਅਰਬੀ, ਨਾਗਰੀ, ਅੰਗਰੇਜ਼ੀ ਭਾਸ਼ਾਵਾਂ ਦਾ ਗਿਆਨ ਜਲਦੀ ਹੀ ਹਾਸਲ ਕਰ ਲਿਆ। ਧਾਰਮਿਕ ਵਿਚਾਰਾਂ ਦੇ ਧਾਰਨੀ ਹੋਣ ਕਰਕੇ ਆਪ ਜੀ 13-14 ਸਾਲ ਦੀ ਉਮਰ ਵਿੱਚ ਸਾਧੂ ਮੰਡਲੀ ਵਿੱਚ ਸ਼ਾਮਲ ਹੋ ਗਏ। ਆਪ ਜੀ ਮਸਤ ਗੰਗਾ ਦਾਸ ਜੀ ਦੀ ਸੰਗਤ ਵਿੱਚ ਵੀ ਰਹੇ। ਉਨ੍ਹਾਂ ਆਪਣਾ ਗੁਰੂ ਬਾਬਾ ਜਵਾਹਰ ਸਿੰਘ ਝਿੰਗੜਾਂ ਵਾਲਿਆਂ ਨੂੰ ਧਾਰਿਆ। ਉਨ੍ਹਾਂ ਨੇ ਸਾਧੂ ਸੰਤਾਂ ਦੀ ਸੰਗਤ ਕਰਦਿਆਂ ਮੁਲਤਾਨ ਨਨਕਾਣਾ ਸਾਹਿਬ,



ਗੁਜਰਾਤ, ਅੰਮ੍ਰਿਤਸਰ, ਲੁਧਿਆਣਾ, ਪਟਿਆਲਾ ਦਾ ਭਰਮਣ ਕੀਤਾ।

ਰਾਜਾ ਸਾਹਿਬ ਜੀ ਨੇ ਆਪਣੇ ਮਹਾਨ ਦਾਰਸ਼ਨਿਕ, ਧਾਰਮਿਕ, ਅਧਿਆਤਮਵਾਦੀ ਵਿਚਾਰਾਂ ਨਾਲ ਭਰਪੂਰ ਇੱਕ ਗ੍ਰੰਥ ਭਗਵਾਨ ਬਿਲਾਸ ਦੀ ਰਚਨਾ ਕੀਤੀ, ਜਿਸ ਵਿੱਚ ਸੰਗਤਾਂ ਨੂੰ ਪ੍ਰਭੂ ਸਿਮਰਨ ਨਾਲ ਜੋੜਨ ਦਾ ਮਾਰਗ ਦਰਸ਼ਨ ਜੀਵਨ ਦੀ ਸਹੀ ਸੇਧ ਦਿੱਤੀ ਹੈ। ਇਹ ਗ੍ਰੰਥ ਗੁਰਦੁਆਰਾ ਦੂਖ ਨਿਵਾਰਨ ਝਿੰਗੜਾਂ ਵਿਖੇ ਸੁਸ਼ੋਭਿਤ ਹੈ। ਉਨ੍ਹਾਂ ਨੇ ਆਪਣੀਆਂ ਲਿਖਤਾਂ 'ਚ ਆਪਣਾ ਤਖ਼ੱਲਸ ਭਗਵਾਨ ਦਾਸ "ਮੌਜ਼ਦਿਲ" ਲਿਖਿਆ ਹੈ। ਉਨ੍ਹਾਂ ਨੇ ਪਿੰਡ ਮਜਾਰਾ ਨੌ ਅਬਾਦ ਤੋਂ ਇਲਾਵਾ ਹੋਰ ਥਾਵਾਂ 'ਤੇ ਵਿਚਰਦਿਆਂ ਸੰਗਤਾਂ ਨੂੰ ਬੁਰੇ ਕੰਮ ਛੱਡ ਕੇ ਭਲਾਈ ਦੇ ਤੇ ਚੰਗੇ ਕਰਮਾਂ ਅਤੇ ਨਾਮ ਸਿਮਰਨ ਦੇ ਲੜ ਲਾਉਣ ਲਈ ਉਪਦੇਸ਼ ਦਿੱਤੇ ਅਤੇ ਆਪਣੇ ਰੂਹਾਨੀ ਕੌਤਕਾਂ ਨਾਲ ਜੀਵਨ ਸੁਧਾਰਨ ਦੀ ਪ੍ਰੇਰਨਾ ਦਿੱਤੀ। ਉਨ੍ਹਾਂ ਦੀ ਜ਼ਿੰਦਗੀ ਸੰਬੰਧਿਤ ਸਾਖੀਆਂ ਤੇ ਜੀਵਨ ਵੇਰਵੇ ਪੁਸਤਕ "ਨੂਰੀ ਕਿਰਨਾਂ" ਵਿਸਥਾਰ ਸਹਿਤ ਮੌਜੂਦ ਹਨ। ਉਨ੍ਹਾਂ ਨੇ ਸੰਗਤਾਂ ਵਾਸਤੇ ਪਿੰਡ ਮਜਾਰਾ ਵਿਖੇ ਹੀ ਰਸੋਖਾਨਾ ਬਣਵਾਇਆ। ਇੱਥੇ ਸਦਾ ਹੀ ਲੰਗਰ ਦੇ ਪ੍ਰਵਾਹ ਚਲਦੇ ਰੱਖਣ ਲਈ ਆਪਣੇ ਗੱਦੀਨਸ਼ੀਨ ਬਾਬਾ ਪੂਰਨ ਦਾਸ ਜੀ ਨੂੰ ਸੇਵਾ ਬਖਸ਼ੀ। ਲੰਗਰ ਦੇ ਪ੍ਰਵਾਹ ਹੁਣ ਤੱਕ ਆਪ ਜੀ ਦੀ ਅਪਾਰ ਕਿਰਪਾ ਨਾਲ ਉਸੇ ਤਰ੍ਹਾਂ ਚੌਵੀ ਘੰਟੇ ਚੱਲ ਰਹੇ ਹਨ। ਆਪ ਜੀ ਦੀ ਦਰ ਘਰ ਦੀਆਂ ਸੇਵਕ ਸੰਗਤਾਂ ਨੂੰ ਬਖਸ਼ੀਆਂ ਨਿਹਮਤਾਂ ਸਦਕਾ ਸੇਵਾ ਵਿੱਚ ਵੱਧ ਚੜ੍ਹ ਕੇ ਹਿੱਸਾ ਪਾਇਆ ਜਾਂਦਾ ਹੈ। ਮਜਾਰਾ ਵਿਖੇ ਆਪ ਜੀ ਦੀ ਸੋਨਾ ਜੜ੍ਹੀ ਸਮਾਧੀ ਦੀ ਸ਼ਾਨਦਾਰ ਇਮਾਰਤ ਅਤੇ ਵਿਸ਼ਾਲ ਸੁਨਹਿਰੀ ਗੁੰਬਦ ਦੇ ਨਾਲ ਹੀ ਵੱਡੇ ਲੰਗਰ ਹਾਲ, ਘੰਟਾ ਘਰ, ਡਿਉੜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਾਤਾਅਨੁਕੂਲ ਪ੍ਰਕਾਸ਼ ਅਸਥਾਨ, ਮਾਤਾ ਸਾਹਿਬ ਦੇਵਾ ਯਾਦਗਾਰੀ ਇਮਾਰਤ ਜਿੱਥੇ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਹਨ ਤੇ ਸਵੇਰੇ ਸ਼ਾਮ ਰਸਭਿੰਨਾ ਕੀਰਤਨ ਹੁੰਦਾ ਹੈ, ਉਸਾਰੀ ਅਧੀਨ ਵਿਸ਼ਾਲ ਦੀਵਾਨ ਹਾਲ ਹੈ।

ਇਸ ਅਸਥਾਨ ਤੋਂ ਇਲਾਵਾ ਆਪ ਜੀ ਨੇ 1905 ਵਿੱਚ ਪਿੰਡ ਰਹਿਪਾ ਵਿੱਚ ਗੁਰਦੁਆਰਾ ਬਣਵਾਇਆ। 1906 ਵਿੱਚ ਪਿੰਡ ਝਿੰਗੜਾਂ ਗੁਰਦੁਆਰਾ ਸਾਹਿਬ ਦੀ ਨੀਂਹ ਰੱਖੀ। 1907 ਵਿੱਚ ਪਿੰਡ ਗੋਸਲਾਂ ਵਿਖੇ ਗੁਰਦੁਆਰਾ ਥੜਾ ਸਾਹਿਬ ਬਣਵਾਇਆ। 1910 ਵਿੱਚ ਪਿੰਡ ਸੁੱਜੋਂ ਵਿੱਚ ਗੁਰਦੁਆਰਾ ਬੰਗਲਾ ਸਾਹਿਬ ਬਣਵਾਇਆ। ਇਨ੍ਹਾਂ ਤੋਂ ਇਲਾਵਾ ਉਨ੍ਹਾਂ ਦੇ ਨਾਨਕੇ ਪਿੰਡ ਬੱਲੋਵਾਲ, ਪਿੰਡ ਗੁਣਾਚੌਰ ਵਿੱਚ ਗੁਰਦੁਆਰਾ ਸਰੋਵਰ ਸਾਹਿਬ, ਪਿੰਡ ਗੋਬਿੰਦਪੁਰ, ਚੀਮਾ ਖੁਰਦ, ਨੂਰਪੁਰ, ਮੁਕੰਦਪੁਰ, ਕਟਾਣਾ, ਲਿੱਦੜਾਂ, ਸੰਗਰੂਰ, ਪਟਿਆਲਾ ਅਤੇ ਬੱਲੋਵਾਲ ਦੇ ਮਹਾਂਪੁਰਸ਼ ਵੱਲੋਂ ਰਾਜਸਥਾਨ ਵਿੱਚ ਵੀ ਆਪ ਜੀ ਦੀ ਯਾਦ ਵਿੱਚ ਅਸਥਾਨ ਸੁਸ਼ੋਭਿਤ ਹਨ। ਉਨ੍ਹਾਂ ਦੀ ਯਾਦ ਵਿੱਚ ਅਤੇ ਜਿੱਥੇ ਵੀ ਉਨ੍ਹਾਂ ਨੇ ਸਮਾਂ ਬਿਤਾਇਆ, ਉੱਥੇ ਵੀ ਉਨ੍ਹਾਂ ਨਾਲ ਸੰਬੰਧਿਤ ਪੂਜਣਯੋਗ ਅਸਥਾਨ ਸੰਗਤਾਂ ਵੱਲੋਂ ਬਣਾਏ ਗਏ ਹਨ। ਦੇਸ ਵਿਦੇਸ਼ ਦੀਆਂ ਸੰਗਤਾਂ ਵੱਲੋਂ ਉਨ੍ਹਾਂ ਦੇ ਅਸਥਾਨਾਂ ਤੇ ਧਾਰਮਿਕ ਸਮਾਗਮ ਕਰਵਾਏ ਜਾਂਦੇ ਹਨ। ਵਿਦੇਸ਼ਾਂ 'ਚ ਵਸਦੀਆਂ ਸੰਗਤਾਂ ਵੱਲੋਂ ਉੱਥੇ ਵੀ ਧਾਰਮਿਕ ਸਮਾਗਮ ਕਰਵਾਏ ਜਾਂਦੇ ਹਨ।

ਧੰਨ-ਧੰਨ ਸ੍ਰੀ ਨਾਭ ਕੰਵਲ ਰਾਜਾ ਸਾਹਿਬ ਜੀ ਨੇ ਆਪਣਾ ਸਾਰਾ ਜੀਵਨ ਸੰਗਤਾਂ ਨੂੰ ਉਪਦੇਸ਼ ਦਿੰਦਿਆਂ ਅਤੇ ਨਾਮ ਸਿਮਰਨ ਨਾਲ ਜੋੜਨ ਵਿੱਚ ਬਿਤਾਇਆ। ਆਪਣੇ ਕੌਤਕਾਂ ਰਾਹੀਂ ਭੁੱਲੇ ਭਟਕੇ ਲੋਕਾਂ ਨੂੰ ਨਵਾਂ ਜੀਵਨ ਮਾਰਗ ਦਿੱਤਾ। ਜਿਸ 'ਤੇ ਚੱਲ ਕੇ ਉਨ੍ਹਾਂ ਆਪਣਾ ਜੀਵਨ ਸਫ਼ਲ ਕੀਤਾ। ਮਹਾਨ ਤਪੱਸਵੀ, ਇਲਾਹੀ ਨੂਰ, ਨੂਰਾਨੀ ਚਿਹਰਾ, ਅਧਿਆਤਮਵਾਦੀ ਰੂਹਾਨੀ ਵਿਚਾਰਧਾਰਾ, ਲੋਕ ਭਲਾਈ, ਮਾਨਵਵਾਦੀ ਸੰਦੇਸ਼ ਦੇਣ ਵਾਲੇ ਮਹਾਂਪੁਰਖ ਸ੍ਰੀ ਨਾਭ ਕੰਵਲ ਰਾਜਾ ਸਾਹਿਬ ਬਾਬਾ ਭਗਵਾਨ ਦਾਸ ਮੌਜਦਿਲ ਭਾਦੋਂ 1940 ਈ. ਦੀ ਮੱਸਿਆ ਵਾਲੇ ਦਿਨ ਪਿੰਡ ਮਜਾਰਾ ਨੌ-ਅਬਾਦ ਵਿਖੇ ਪ੍ਰਲੋਕ ਗਮਨ ਕਰ ਗਏ।




ਲੇਖਕ–
ਰੇਸ਼ਮ ਕਰਨਾਣਵੀ

## ਦੁਨੀਆ ਦੇ ਪਹਿਲੇ ਕਲਾਕਾਰ

# ਭਗਵਾਨ ਵਾਲਮੀਕ ਜੀ ਦਾ "ਜੀਵਨ ਦਰਸ਼ਨ"

**ਪਰਿਚਯ :** ਭਗਵਾਨ ਵਾਲਮੀਕ ਜੀ ਨੂੰ ਕਿਸੀ ਵੀ ਤਰ੍ਹਾਂ ਦੀ ਪਹਿਚਾਣ ਜਾਂ ਪਰਿਚਯ ਦੀ ਜ਼ਰੂਰਤ ਨਹੀਂ ਹੈ, ਜਿਵੇਂ ਸੂਰਜ ਦੀ ਰੋਸ਼ਨੀ ਨਾਲ ਪੂਰਾ ਵਿਸ਼ਵ ਜਾਗ੍ਰਤ ਹੁੰਦਾ ਹੈ, ਠੀਕ ਉਸੇ ਤਰ੍ਹਾਂ "ਭਗਵਾਨ ਵਾਲਮੀਕ ਗਿਆਨ ਅੰਮ੍ਰਿਤ" ਨਾਲ ਪੂਰਾ ਬ੍ਰਹਿਮੰਡ ਜਾਗ੍ਰਤ ਹੋ ਕੇ ਤਿੰਨਾਂ ਲੋਕਾਂ ਉੱਤੇ ਵਿਜੇ ਪ੍ਰਾਪਤ ਕਰਦਾ ਹੈ।ਸੂਰਜ ਦੀ ਰੋਸ਼ਨੀ ਨਾਲ ਹੋਣ ਵਾਲਾ ਉਜਾਲਾ ਕੁਝ ਸਮੇਂ ਬਾਅਦ ਅਸਤ ਹੋ ਜਾਂਦਾ ਹੈ ਪਰੰਤੂ ਭਗਵਾਨ ਵਾਲਮੀਕ ਜੀ ਦਾ "ਗਿਆਨ ਅੰਮ੍ਰਿਤ" ਹਨ੍ਹੇਰੇ ਵਿਚ ਵੀ ਉਜਾਲਾ ਕਰਦਾ ਹੈ।ਭਗਵਾਨ






ਵਾਲਮੀਕ ਦੀ ਪ੍ਰਸੰਸਾ ਕਰਨਾ ਸੂਰਜ ਨੂੰ ਦੀਵਾ ਦਿਖਾਉਣ ਦੇ ਸਮਾਨ ਹੈ। ਉਨ੍ਹਾਂ ਦਾ ਗਿਆਨ ਪ੍ਰਤੱਖ ਹੈ, ਕਿਸੀ ਵੀ ਪ੍ਰਕਾਰ ਦੇ ਪਰਿਣਾਮ ਦੀ ਜ਼ਰੂਰਤ ਨਹੀਂ ਹੈ।ਜਿਵੇਂ ਸੂਰਜ ਬ੍ਰਹਿਮੰਡ ਵਿਚ ਉਜਾਲਾ ਕਰਦਾ ਹੈ ਉਸੀ ਪ੍ਰਕਾਰ ਪ੍ਰਭੂ ਵਾਲਮੀਕ ਜੀ ਦੇ ਗਿਆਨ ਨਾਲ ਸਾਰਾ ਜਗਤ ਗਿਆਨ ਅੰਮ੍ਰਿਤ ਹੋਕੇ ਚਮਕ ਰਿਹਾ ਹੈ।

ਭਗਵਾਨ ਨੇ ਆਪਣੇ ਗਿਆਨ ਅੰਮ੍ਰਿਤ ਨੂੰ ਸੂਤਰਾਂ ਵਿਚ ਬੰਨ੍ਹ ਕੇ ਸਾਰੇ ਜਗਤ ਨੂੰ ਸੌਂਪ ਦਿਤਾ ਹੈ, ਜਿਸ ਨੂੰ ਅਸੀਂ ਅਨੁਸਟੂਪ ਛੰਦ ਦੇ ਨਾਮ ਨਾਲ ਜਾਣਦੇ ਹਾਂ, ਇਹ ਸਾਰਾ ਗਿਆਨ ਇਕ ਸੂਤਰਬੱਧ ਢੰਗ ਨਾਲ ਛੋਟੀਆਂ-ਛੋਟੀਆਂ ਕਹਾਣੀਆਂ ਦੁ-ਆਰਾ, ਕਠੋਰ ਤੋਂ ਆਸ਼ਾਨ ਉਦਾਹਰਣਾਂ ਦੇ ਨਾਲ ਸਮਝਾਇਆ ਹੈ। ਉਨ੍ਹਾਂ ਦੇ ਇਸ ਦਿਵਯ ਗਿਆਨ ਨੂੰ ਕੇਵਲ ਪੜ੍ਹਨ, ਸੁਣਨ ਤੇ ਵਿਚਾਰਣ ਨਾਲ ਹੀ ਮੋਕਸ਼ ਦੀ ਪ੍ਰਾਪਤੀ ਜਰੂਰ ਹੋ ਜਾਂਦੀ ਹੈ।ਇਸ ਗੱਲ ਵਿਚ ਸ਼ੱਕ ਦੀ ਕੋਈ ਗੁਜਾਇਸ਼ ਨਹੀਂ ਹੈ।ਅਸੀ ਕੁਝ ਭਗਵਾਨ ਵਾਲਮੀਕ ਜੀ ਦੇ ਗਿਆਨ ਅੰਮ੍ਰਿਤ ਦੀਆਂ ਸਿਖਿਆਵਾਂ ਅਤੇ ਉਪਦੇਸ਼ਾ ਨੂੰ ਜਰੂਰ ਅਪਣੇ ਜੀਵਨ ਵਿਚ ਧਾਰਨ ਕਰਾਂਗੇ।

**ਭਗਵਾਨ ਵਾਲਮੀਕ ਜੀ ਦੇ ਪਿਤਾ ਦਾ ਸਾਮਰਾਜ ਵੰਸ਼ਾਵਲੀ :** ਭਗਵਾਨ ਵਾਲਮੀਕ ਜੀ ਦੇ ਪਿਤਾ ਨਾਂ ਵਰੁਣਦੇਵ ਸੀ।ਉਸ ਸਮੇਂ ਦੇ ਸਭ ਤੋਂ ਅਮੀਰ ਅਤੇ ਸ਼ਕਤੀਸਾਲੀ ਦੇਵਤਾ ਸਨ।ਉਨ੍ਹਾਂ ਦੀ ਪਤਨੀ ਦਾ ਨਾਮ ਚਰਸ਼ਣੀ ਦੇਵੀ ਸੀ।ਇਰਾਨ ਤੋਂ ਲੈ ਕੇ ਇਰਾਕ ਤੱਕ ਦੇ ਪ੍ਰਮਾਣ ਮਿਲਦੇ ਹਨ ਕਿ ਭਾਰਤ ਵਿਚ ਵਰੁਣ ਦੇਵਤਾ ਦਾ ਰਾਜਕਾਲ ਬਹੁਤ ਵਿਸ਼ਾਲ ਸੀ।ਵੇਦ ਵਿਆਸ ਜੀ ਨੇ ਪੁਰਾਣਾ ਵਿਚ ਭਗਵਾਨ ਸ਼੍ਰੀ ਵਾਲਮੀਕ ਜੀ ਨੂੰ ਭ੍ਰਿਗੂਦੇਵ ਅਤੇ ਪ੍ਰਿਥੂ ਦੇਵ ਨਾਮ ਨਾਲ ਸੰਬੋਧਨ ਕੀਤਾ ਅਤੇ ਉਨ੍ਹਾਂ ਦੀ ਪੂਜਾ ਅਰਚਨਾ ਵੀ ਕੀਤੀ ਜਾਂਦੀ ਸੀ।ਇੱਥੋਂ ਪਤਾ ਚਲਦਾ ਹੈ ਕਿ ਭਗਵਾਨ ਵਾਲਮੀਕ ਜੀ ਦਾ ਇਕ ਨਾਮ ਪ੍ਰਿਥੂਦੇਵ, ਦੂਸਰਾ ਨਾਮ ਭ੍ਰਿਗੂਦੇਵ ਅਤੇ ਤੀਸਰਾ ਨਾਮ ਵਾਲਮੀਕ ਭਗਵਾਨ ਜ਼ੋ ਜਿਆਦਾ ਮਸ਼ਹੂਰ ਹੈ।

**ਵਰੁਣ ਦੇਵਤਾ ਦੀਆ ਚਾਰ ਪਤਨੀਆ :** ਦੇਵੀ ਚਰਸ਼ਨੀ, ਦੇਵੀ ਮਨਲੋਚਾ, ਦੇਵੀ ਗੋਰੀ, ਦੇਵੀ ਉਰਵਸੀ ਸਨ।

ਦੇਵੀ ਚਰਸ਼ਣੀ: ਜੇਸ਼ਟ ਪ੍ਰਭੂ ਵਾਲਮੀਕ ਜੀ ਅਤੇ ਭ੍ਰਿਗੂਰਿਸ਼ੀ ਹੈ।

ਦੇਵੀ ਮਨਲੋਚਾ: ਪੁੱਤਰ ਦਾ ਨਾਮ ਸ਼ੁਸੇਨ ਅਤੇ ਦੱਖ ਪ੍ਰਜਾਪਤੀ ਹੈ।

ਦੇਵੀ ਗੋਰੀ: ਪੁੱਤਰ ਦਾ ਨਾਮ ਰਾਜਾ ਬਲ ਅਤੇ ਰਾਜਾ ਸ਼ੂਰਾ ਹੈ।

ਦੇਵੀ ਉਰਵਸੀ: ਪੁੱਤਰ ਦਾ ਨਾਮ ਵਸ਼ਿਸ਼ਟ ਮੁੰਨੀ ਅਤੇ ਅਗਸਤਯ ਮੁੰਨੀ ,ਤੀਜੇ ਪੁੱਤਰ ਦਾ ਨਾਮ ਰਾਜਾ ਹੱਸਤਾ ਮਲ ਅਤੇ ਚੌਥੇ
ਪੁੱਤਰ ਦਾ ਨਾਮ ਰਾਜਾ ਪੁਸ਼ਕਰ ਹੈ।

**ਭਗਵਾਨ ਵਾਲਮੀਕ ਜੀ ਦਾ ਨਿਰਾਕਾਰ ਰੂਪ :**

ਸ਼੍ਰੀ ਭਗਵਾਨ ਵਾਲਮੀਕ ਜੀ ਨੇ ਅਦਿ ਕਾਲ ਤੋਂ ਅੱਠ ਪ੍ਰਕਾਰ ਦੀਆ ਸਿੱਧੀਆ ਪ੍ਰਾਪਤ ਕੀਤੀਆ ਹੋਈਆ ਸਨ, ਉਨ੍ਹਾਂ ਨੇ ਗਿਆਨ ਕਰਵਾਉਣ ਲਈ ਅਪਣੇ ਗ੍ਰੰਥਾਂ ਵਿਚ ਇਨ੍ਹਾਂ ਅੱਠ ਸਿੱਧੀਆਂ ਪ੍ਰਾਪਤ ਕਰਣ ਦੇ ਤਰੀਕੇ ਯੋਗ ਦੁਆਰਾ ਸਮਝਾਏ ਹਨ।

1. ਅਨਿਮਾ : ਸਰੀਰ ਨੂੰ ਅਨੂ ਦੇ ਸਮਾਨ ਛੋਟਾ ਕਰ ਲੈਣਾ ਅਨਿਮਾ ਕਿਹਾ ਜਾਦਾ ਹੈ।
2. ਮਹਿਮਾ: ਸਰੀਰ ਦਾ ਆਕਾਰ ਬੜਾ ਕਰ ਲੈਣਾ ਮਹਿਮਾ ਕਿਹਾ ਜਾਦਾ ਹੈ।
3. ਲਗਿਮਾ: ਸਰੀਰ ਦਾ ਆਕਾਰ ਭਾਰ ਰਹਿਤ ਕਰ ਲੈਣਾ।
4. ਗਰਿਮਾ:ਸਰੀਰ ਨੂੰ ਭਾਰੀ ਬਣਾ ਲੈਣਾ ਇਹ ਗਰਿਮਾ ਕਹਿਲਾਉਂਦਾ ਹੈ।
5. ਇਸਿਵਤ: ਹਰ ਇਕ ਪ੍ਰਾਣੀ ਉੱਤੇ ਪੂਰਣ ਰੂਪ ਕਬਜਾ ਕਰ ਲੈਣ ਦੀ ਸਮਰੱਥਾ।
6. ਵਸਿਵਤ: ਹਰ ਇਕ ਪ੍ਰਾਣੀ ਨੂੰ ਅਪਣੇ ਵਸ ਵਿਚ ਕਰ ਲੈਣ ਦੀ ਸਮਰੱਥਾ।
7. ਪ੍ਰਕਮਯਾ: ਅਪਣੀ ਹਰ ਇਕ ਇੱਛਾਂ ਨੂੰ ਪੂਰੀ ਕਰ ਲੈਣ ਦੀ ਸਮਰੱਥਾ।
8. ਪ੍ਰਾਪਤੀ: ਬਿਨ੍ਹਾਂ ਰੋਕ ਟੋਕ ਕਿਸੀ ਵੀ ਜਗਾਂ ਜਾਣ ਦੀ ਸਮਰੱਥਾ ਨੂੰ ਪ੍ਰਾਪਤੀ ਕਿਹਾ ਜਾਦਾ ਹੈ।

ਇਸ ਵਿਦਿਆ ਕਰਕੇ ਭਗਵਾਨ ਵਾਲਮੀਕ ਜੀ ਨੂੰ ਤ੍ਰਿਕਾਲਦਰਸ਼ੀ ਕਿਹਾ ਜਾਦਾ ਹੈ। ਹਜਾਰਾ-ਲੱਖਾਂ ਸਾਲ ਪਹਿਲਾਂ ਭਗਵਾਨ ਵਾਲਮੀਕ ਜੀ ਨੇ ਸਾਨੂੰ ਬ੍ਰਹਿਮੰਡ ਦਾ ਜਾਂ ਕਹਿ ਲਉ ਗਲੇਕਸ਼ੀ (ਭ ਦਾ ਪੂਰਾ ਗਿਆਨ ਕਰਵਾ ਦਿਤਾ ਸੀ। ਇਸ ਲਈ ਉਨ੍ਹਾਂ ਦੇ ਸ਼ਾਕਾਰ ਰੂਪ ਅਤੇ ਨਿਰਾਕਾਰ ਹੋਣਗੇ ਤਾਂ ਕਿ ਹੁਣ ਤੱਕ ਕੋਈ ਵੀ ਵਿਦਵਾਨ ਇਸ ਗੁੱਥੀ ਨੂੰ ਨਹੀਂ ਸੁਲਝਾ ਸਕਿਆ ਹੈ।

ਸਾਕਾਰ ਰੂਪ ਸ਼੍ਰੀ ਗੁਰੂ ਵਾਲਮੀਕ ਭਗਵਾਨ :

ਸ਼੍ਰੀ ਗੁਰੂ ਵਾਲਮੀਕ ਭਗਵਾਨ ਜੀ ਨੂੰ ਸਾਕਾਰ ਰੂਪ ਵਿਚ ਮਹਾਂਰਿਸ਼ੀ, ਤੱਪਸਵੀ, ਮਹਾਂਯੋਗੀ, ਭਗਵਾਨ, ਭਗਵੰਤਾ, ਆਦਿ-ਕਵੀ, ਸੰਸ਼ਾਰ-ਮਾਰਗ-ਦਰਸ਼ਕਾ, ਦਯਾਵਾਨ, ਵਿਆਕਰਣ ਆਚਾਰਿਆ, ਤ੍ਰਿਕਾਲਦਰਸ਼ੀ ਨਾਂਮਾ ਨਾਲ ਸੰਬੋਧਨ ਕੀਤਾ ਜਾਦਾ ਹੈ।



ਆਚਾਰਿਆ ਰਵਿੰਦਰ ਕੁਮਾਰ
91-98880-89404

ਤੁਲਸ਼ੀਦਾਸ ਜੀ ਵੀ ਭਗਵਾਨ ਵਾਲਮੀਕ ਜੀ ਦਾ ਸਾਕਾਰ ਰੂਪ ਵਿਚ ਵਰਨਣ ਕਰਦਾ ਹੋਏ ਕਹਿੰਦੇ ਹਨ, ਕਿ ਸ਼੍ਰੀਰਾਮ ਚੰਦਰ ਜੀ ਮਾਤਾ ਸੀਤਾ ਅਤੇ ਲਛਮਣ ਜਦੋਂ ਭਗਵਾਨ ਵਾਲਮੀਕ ਜੀ ਦੇ ਆਸ਼ਰਮ ਵਿਚ ਪ੍ਰਵੇਸ਼ ਕਰਦੇ ਤਾਂ ਉਹ ਆਸ਼ਰਮ ਦੀ ਪ੍ਰਸੰਸਾ ਕਰਦੇ ਕਹਿੰਦੇ ਹਨ ਕਿ ਇੱਥੇ ਸੁੰਦਰ ਪਰਬਤ, ਵਣ, ਪਵਿੱਤਰ ਜਲ, ਫਲ ਅਤੇ ਫੁੱਲਾਂ ਨਾਲ ਲੱਦੇ ਦਰੱਖਤਾਂ ਨਾਲ ਭਰਿਆ ਪਿਆ ਵਾਤਾਵਰਣ ਪਾਵਨ ਅਤੇ ਪਵਿੱਤਰ ਹੈ।ਭਗਵਾਨ ਵਾਲਮੀਕ ਜੀ ਨੂੰ ਸਾਰੇ ਦੰਡਵਤ ਪ੍ਰਣਾਮ ਕਰਦੇ ਹਨ।ਭਗਵਾਨ ਵਾਲਮੀਕ ਜੀ ਉਨ੍ਹਾਂ ਨੂੰ ਅਪਣੇ ਆਸ਼ਰਮ ਲੈ ਕੇ ਜਾਦੇ ਹਨ, ਅਤੇ ਉਹ ਸਭ ਕੰਦ-ਮੂਲ ਅਤੇ ਫਲ ਖਾਣ ਲਈ ਦਿੰਦੇ ਅਤੇ ਕਮਲਸਮਾਨ ਹੱਥ ਜੋੜ ਕੇ ਸ਼੍ਰੀ ਰਾਮ ਚੰਦਰ ਜੀ ਨੇ ਭਗਵਾਨ ਵਾਲਮੀਕ ਜੀ ਨੂੰ ਕਿਹਾ ਕਿ :-

ਤੁਮ ਤ੍ਰਿਕਾਲਦਰਸ਼ੀ ਮੁਨੀ ਨਾਥਾ।
ਵਿਸਰ ਬਦਰ ਜਿਮਿ ਤੁਮਰੇ ਹਾਥਾ।

ਹੇ! ਮੁਨੀਨਾਥ ਭਗਵਾਨ ਆਪ ਤ੍ਰਿਕਾਲਦਰਸ਼ੀ ਹੋ, ਸਾਰਾ ਸੰਸਾਰ ਤੁਹਾਡੀ ਹਥੇਲੀ ਉਤੇ ਰੱਖੇ ਬੇਰ ਦੇ ਸਮਾਨ ਹੈ, ਮੇਰੇ ਅੱਛੇ ਪੁੰਨ ਦਾ ਫਲ ਹੈ ਜੋ ਮੈਂ ਆਪ ਜੀ ਦੇ ਦਰਸ਼ਨ ਕਰ ਰਿਹਾ ਹਾਂ।

**ਸੰਸਕ੍ਰਿਤ ਭਾਸ਼ਾ ਦਾ ਜਨਮ**

ਸੰਸਕ੍ਰਿਤ ਭਾਸ਼ਾ ਦਾ ਜਨਮ ਭਗਵਾਨ ਵਾਲਮੀਕ ਜੀ ਦੇ ਮੂੰਹ ਤੋਂ ਨਿਕਲੇ ਕਰੁਣਾਮਈ ਸ਼ਬਦਾਂ ਤੋਂ ਹੋਇਆ ਸੀ। ਸੰਸਕ੍ਰਿਤ ਦੇ ਸਵਰ,ਵਿਅੰਜਨਾਂ ਦਾ ਪਹਿਲਾ ਅੱਖਰ 'ਕ' ਦਾ ਹੋਣਾ ਕੋਈ ਸੰਯੋਗ ਨਹੀਂ, ਬਲਕਿ ਕਰੌਂਚ ਤੋਂ ਹੀ ਭਗਵਾਨ ਵਾਲਮੀਕ ਜੀ ਨੇ ਕਰੁਣਾ ਭਾਵ ਨਾਲ ਭਾਸ਼ਾ ਦਾ ਨਿਰਮਾਣ ਕੀਤਾ ਸੀ। ਕਿਉਂਕਿ ਭਗਵਾਨ ਵਾਲਮੀਕਿ ਜੀ ਦੇ ਮੂੰਹ ਤੋਂ ਨਿਕਲੇ ਸ਼ਬਦਾਂ ਨਾਲ ਹੀ ਸੰਸਕ੍ਰਿਤ ਦੇ ਸਵਰ ਅਤੇ ਵਿਅੰਜਨ ਬਣੇ ਹਨ। ਗੱਲ ਉਸ ਸਮੇਂ ਦੀ ਹੈ ਜਦੋਂ ਇਕ ਦਿਨ ਪ੍ਰਭੂ ਵਾਲਮੀਕ ਜੀ ਆਪਣੇ ਚੇਲੇ ਰਿਸ਼ੀ ਭਾਰਦਵਾਜ ਦੇ ਨਾਲ ਤਮਸਾ ਨਦੀ ਤੇ ਇਸ਼ਨਾਨ ਕਰਕੇ ਵਾਪਿਸ ਆਸ਼ਰਮ ਵੱਲ ਆ ਰਹੇ ਸਨ। ਉਦੋਂ ਉਨ੍ਹਾਂ ਨੇ ਨਦੀ ਦੇ ਤਟ ਦੇ ਕੋਲ ਇਕ ਨਿਸ਼ਾਦ ਨੂੰ ਦੇਖਿਆ, ਜਿਸਨੇ ਆਪਣੇ ਤੀਰ ਨਾਲ ਕ੍ਰੌਂਚ ਅਤੇ ਕ੍ਰੌਂਚੀ ਜੋੜੇ ਵਿੱਚੋ ਕ੍ਰੌਂਚ (ਨਰ) ਨੂੰ ਮਾਰ ਦਿੱਤਾ।ਇਹ ਨਜ਼ਾਰਾ ਦੇਖਕੇ ਭਗਵਾਨ ਵਾਲਮੀਕ ਜੀ ਦੇ ਮੁੱਖ ਤੋਂ ਜੋ ਸ਼ਬਦ ਨਿਕਲੇ ਉਹ ਇਸ ਪ੍ਰਕਾਰ ਹਨ :

('ਮਾ ਨਿਸ਼ਾਦ ਪ੍ਰਤੀਸ਼ਠਾਮ ਤਵਮ ਆਗਮ: ਸ਼ਾਸ਼ਵਤੀ ਸ਼ਮਾ:।
ਯਤਰਦੇਖ ਕ੍ਰੌਂਚ ਮਿਥੁਨਾਦ ਏਕਮ ਅਵਧੀ ਕਾਮ ਮੋਹਿਤਮ।।')

ਇਸ ਸ਼ਲੋਕ ਤੋਂ ਹੀ ਸੰਸਕ੍ਰਿਤ ਭਾਸ਼ਾ ਦਾ ਜਨਮ ਹੋਇਆ। ਆਸ਼ਰਮ ਪਹੁੰਚ ਕੇ ਪ੍ਰਭੂ ਵਾਲਮੀਕ ਜੀ ਚੈਨ ਨਾਲ ਨਹੀਂ ਬੈਠੇ, ਉਨ੍ਹਾਂ ਨੇ ਦੇਖਿਆ ਕਿ ਧਰਤੀ ਤੇ ਜੀਵ ਕਿਵੇਂ ਆਪਣੇ ਸੁਆਰਥ ਦੇ ਲਈ ਇਕ ਦੂਜੇ ਪ੍ਰਾਣੀ ਦੀ ਹੱਤਿਆ ਕਰ ਦਿੰਦਾ ਹੈ, ਜਦੋਂ ਕਿ ਪ੍ਰਕ੍ਰਿਤੀ ਨੇ ਇਕੋ ਜਿਹੀ ਪ੍ਰਾਣ ਵਾਯੂ ਧਰਤੀ ਤੇ ਆਕਾਸ਼ ਵਿਚ ਉਡਦੇ ਜੀਵਾਂ ਸਾਰੇ ਜੀਵਾਂ ਨੂੰ ਦਿੱਤੀ ਹੈ। ਭਗਵਾਨ ਵਾਲਮੀਕ ਜੀ ਨੇ ਜੀਵ ਨੂੰ ਇਕ ਸੂਤਰ ਵਿੱਚ ਬੰਨਣ ਦੇ ਲਈ ਸਿਧਾਂਤ ਬਣਾਏ ਰਮਾਇਣ ਵਿਚ 24000 ਹਜਾਰ ਮੰਤਰ ਅਤੇ ਯੋਗਵਿਸ਼ਸ਼ਟ ਮੌਕਸ਼ਪਾਏ ਵਿਚ 32000 ਹਜਾਰ ਮੰਤਰਾਂ ਨਾਲ ਮਹਾਂਗ੍ਰੰਥ ਤਿਆਰ ਕੀਤਾ। ਸਭ ਤੋਂ ਪਹਿਲਾ ਵਿਆਕਰਣ ਦੀ ਰਚਨਾ ਕੀਤੀ ਗਈ।

ਸੰਸਕ੍ਰਿਤ ਭਾਸ਼ਾ ਵਿਸ਼ਵ ਦੀ ਪ੍ਰਾਚੀਨਤਮ ਭਾਸ਼ਾਵਾਂ ਵਿੱਚੋਂ ਇਕ ਹੈ। ਵਿਸ਼ਵ ਦੀ 12 ਭਾਸ਼ਾ ਪਰਿਵਾਰਾਂ ਵਿਚੋਂ ਸਭ ਤੋਂ ਵੱਡਾ ਭਾਰੋਪੀਯ ਭਾਸ਼ਾ ਪਰਿਵਾਰ ਹੈ, ਦੂਜਾ ਦ੍ਰਵਿੜ ਭਾਸ਼ਾ ਪਰਿਵਾਰ ਦੀ ਭਾਸ਼ਾਵਾਂ ਦਾ ਜਨਮ ਸ਼੍ਰੀ ਗੁਰੂ ਵਾਲਮੀਕ ਜੀ ਦੀ ਸੰਸਕ੍ਰਿਤ ਭਾਸ਼ਾ ਤੋਂ ਹੀ ਹੋਇਆ ਹੈ। ਇਸ ਨੂੰ ਵਿਦੇਸ਼ੀ ਤੇ ਸਵਦੇਸੀ ਵਿਦਵਾਨ ਇਕ ਮੱਤ ਹੋਕੇ ਸਵੀਕਾਰ ਕਰਦੇ ਹਨ।

ਭਗਵਾਨ ਵਾਲਮੀਕ ਜੀ ਦੇ ਗ੍ਰੰਥਾਂ ਦੇ ਨਾਮ ਹੇਠ ਲਿਖੇ ਅਨੁਸਾਰ ਹਨ :-

1. ਵਿਆਕਰਣ ਵਾਲਮੀਕੀ।
2. ਰਮਾਇਣ ਜਾਂ ਚਤੁਰਵਿੰਸ਼ਤੀ ਸਹਿਸ਼ਾਸ਼ਤਰਾਣੀ ਜਾਂ ਪੌਲਸਤਯਬੱਧ।
3. ਯੋਗਵਸ਼ਿਸ਼ਟ ਮੌਕਸ਼ਪਾਏ।
4. ਅਕਸ਼ਰਲਕਸ਼ਣ ਗਣਿਤ ਸ਼ਾਸ਼ਤਰ।
5. ਬ੍ਰਿਹਦ ਵਿਮਾਣ ਸ਼ਾਸ਼ਤਰ।

**ਭਗਵਾਨ ਵਾਲਮੀਕ ਜੀ ਤ੍ਰਿਵਿਦਿਆ ਦੇ ਗਿਆਤਾ ਹਨ:**

ਰਮਾਇਣ ਵਿਚ ਤ੍ਰਿਵਿਦਿਆ ਦਾ ਗਿਆਨ ਦਿਤਾ ਹੈ:-ਧਰਮ, ਅਰਥ, ਅਤੇ ਕਾਮ-ਵਾਸ਼ਨਾ।

ਭਗਵਾਨ ਵਾਲਮੀਕ ਜੀ ਚਤੁਰਵਿਦਿਆ ਦੇ ਗਿਆਤਾ :

ਯੋਗਵਿਸ਼ਸ਼ਟ ਮੌਕਸ਼ਪਾਏ ਵਿਚ ਚਤੁਰਵਿਦਿਆ ਦਾ ਗਿਆਨ ਦਿਤਾ ਹੈ:- ਧਰਮ, ਅਰਥ, ਕਾਮ ਅਤੇ ਮੌਕਸ਼।

ਭਗਵਾਨ ਵਾਲਮੀਕ ਜੀ ਦੁਆਰਾ ਸੰਸਕ੍ਰਿਤ ਭਾਸ਼ਾ ਦੇ ਗਿਆਨ ਪ੍ਰਚਾਰ ਲਈ ਦਿਵਯ-ਗਿਆਨ ਯੋਗ ਆਸ਼ਰਮ :

ਭਗਵਾਨ ਵਾਲਮੀਕ ਜੀ ਨੇ ਅਪਣੀ ਬਣਾਈ ਸੰਸਕ੍ਰਿਤ ਭਾਸ਼ਾ ਦੇ ਪ੍ਰਚਾਰ ਲਈ ਆਸ਼ਰਮ ਗੁਰੂਕੁਲ ਪਰੰਪਰਾ ਦਾ ਆਰੰਭ ਕੀਤਾ ਸੀ।ਜੋ ਕਿ ਪਹਿਲੇ ਮੁਢਲੇ ਗੁਰੂਕੁਲ ਆਸ਼ਰਮ ਹਨ।ਇਨ੍ਹਾਂ ਵਿੱਚੋਂ ਪਹਿਲੇ ਚਾਰ ਆਸ਼ਰਮ ਉਨ੍ਹਾਂ ਦੇ ਅਪਣੇ ਸਨ, ਬਾਕੀ ਪ੍ਰਚਾਰ ਲਈ ਅਪਣੇ ਚੇਲਿਆ ਨੂੰ ਬਣਵਾਏ ਸਨ।

1. ਪੁੰਨਿਆ ਆਸ਼ਰਮ।
2. ਸਿੱਧਾ ਆਸ਼ਰਮ।
3. ਦੰਡਕਾਰਣਯਾ ਆਸ਼ਰਮ।
4. ਚਿਤਰਕੂਟ,ਦਿਵਯ ਆਸ਼ਰਮ।

ਇਹ 4 ਭਗਵਾਨ ਵਾਲਮੀਕ ਜੀ ਦੇ ਨਿੱਜੀ ਆਸ਼ਰਮ ਸਨ।

5. ਭਾਰਦਵਾਜ ਆਸ਼ਰਮ।
6. ਆਗਸਤ ਰਿਸ਼ੀ ਆਸ਼ਰਮ।
7. ਗੋਤਮ ਆਸ਼ਰਮ।
8. ਵਸ਼ਿਸ਼ਠ ਆਸ਼ਰਮ।
9. ਤਪੋਵਨ ਸੀਤਾ ਆਸ਼ਰਮ।
10. ਅਤਰੀ ਮੁੰਨੀ ਦਾ ਆਸ਼ਰਮ।
11. ਤਾਪਸੀਆ ਆਸ਼ਰਮ ਮੰਡਲ।
12. ਸ਼ਰਭੰਗ ਮੁਨੀ ਦਾ ਆਸ਼ਰਮ।
13. ਗੋਤਮ ਮੁੰਨੀ ਆਸ਼ਰਮ।
14. ਮਤੰਗ ਮੁਨੀ ਆਸ਼ਰਮ।
16. ਮਾਤਾ ਸ਼ਬਰੀ ਆਸ਼ਰਮ।
17. ਸਪਤਜਨਾਸ਼ਰਮ।
18. ਦੁਮਪ੍ਰਾਕਾਰ ਸੰਵ੍ਰਤਸ਼ ਆਸ਼ਰਮ।
19. ਰਿਨਯਗਮੁਨੀ ਆਸ਼ਰਮ।
20. ਸ਼ੁਤਰੀਖਣ ਰਿਸ਼ੀ ਆਸ਼ਰਮ।
21. ਅਰਿਸ਼ਟਨੇਮੀ ਆਸ਼ਰਮ।
22. ਪੋਲਸਤਯਰਿਸ਼ੀ(ਰਾਵਣ)ਆਸ਼ਰਮ।
23. ਪੰਚਵਟੀ ਵਣ ਅਤੇ ਆਸ਼ਰਮ।
24. ਪੁਸ਼ਕਰ ਵਣ ਅਤੇ ਆਸ਼ਰਮ।
25. ਮਯਾ-ਬ੍ਰਹਮਚਾਰਿਆ ਆਸ਼ਰਮ।

**ਪੰਜਾਬ ਨੂੰ ਸੰਸਕ੍ਰਿਤ ਦੀ ਕੀ ਦੇਣ ਹੈ**

ਪੰਜਾਬ ਨੂੰ ਸੰਸਕ੍ਰਿਤ ਦੀ ਬਹੁਤ ਵੱਡੀ ਦੇਣ ਹੈ। ਪੰਜਾਬ ਦਾ ਪੁਰਾਤਨ ਨਾਮ ਸਪਤਸਿੰਧ ਪ੍ਰਦੇਸ ਸੀ। ਯਾਨੀ ਕਿ ਸੱਤ ਦਰਿਆਵਾ ਦੀ ਧਰਤੀ ਇਸ ਰਮਾਇਣ ਕਾਲੀਨ ਸਮਾਜ ਦੀ ਉਤਪਤੀ ਈਸਾ ਤੋਂ ਹਜਾਰਾ ਸਾਲ ਪਹਿਲਾ ਦੀ ਹੈ। ਸਮੇਂ-ਸਮੇਂ ਅਨੁਸਾਰ ਇਸ ਸਪਤਸਿੰਧ ਪ੍ਰਦੇਸ ਦੇ ਟੁਕੜੇ ਹੁੰਦੇ ਚਲੇ ਗਏ।ਇਰਾਨ ਅਤੇ ਇਰਾਕ ਤੱਕ ਅਤੇ ਦੱਖਣ ਪੂਰਬ ਏਸੀਆ ਦੀਪਾ ਵਿਚ ਭਾਰਤ ਦਾ ਨਾਮ ਜੰਬੂਦੀਪ ਨਾਲ ਹੀ ਜਾਣਿਆ ਜਾਦਾ ਹੈ। ਅੰਗਰੇਜੀ ਨਾਮ ਇੰਡੀਆ ਤੋਂ ਪਹਿਲਾ ਭਾਰਤ ਦਾ ਨਾਮ ਜੰਬੂਦੀਪ ਅਤੇ ਸਪਤਸਿੰਧ ਪ੍ਰਦੇਸ਼ ਹੀ ਸੀ।ਇਸ ਸਾਰੇ ਇਲਾਕੇ ਤੇ ਰਾਜਾ ਵਰੁਣ ਦੇਵ ਜੀ ਦਾ ਪੂਰਨ ਅਧਿਕਾਰ ਸੀ। ਅਸੀ ਇਸ ਨਕਸੇ ਵਿਚ ਵੇਖ ਸਕਦੇ ਹਾਂ।

ਆਜਾਦੀ ਤੋਂ ਬਾਅਦ ਪੰਜਾਬ ਦੇ (ਪੰਜ+ਆਬ ਅਰਥਾਤ ਦਰਿਆ) ਹੀ ਰਹਿ ਗਏ।ਪਰ ਰਮਾਇਣ ਕਾਲੀਨ ਕੁਝ ਯਾਦਾ ਰਹਿ ਗਈਆ ਹਨ, ਲਵ ਤੋਂ ਲਹੌਰ, ਕੁਸ਼ ਤੋਂ ਕਸੂਰ ਪਾਕਿਸਤਾਨ ਵਿਚ ਚਲਾ ਗਿਆ ਹੈ। ਅਮ੍ਰਿਤਸਰ ਸਹਿਰ ਨਾਲ ਸੰਸਕ੍ਰਿਤ ਦਾ ਗਹਿਰਾ ਸੰਬੰਧ ਹੈ। ਇਹ ਸਹਿਰ ਭਗਵਾਨ ਵਾਲਮੀਕ ਜੀ ਦੇ ਤੀਰਥ ਸਥਲਾ ਨਾਲ ਪੂਰੇ ਵਿਸ਼ਵ ਵਿਚ ਚਮਕ ਰਿਹਾ ਹੈ। ਇਥੇ ਭਗਵਾਨ ਵਾਲਮੀਕ ਆਸ਼ਰਮ ਦੀ ਕਥਾ ਤੋਂ ਸਭ ਜਾਣੂ ਹਨ। ਰਾਮ ਦੇ ਅਸ਼ਵਯੱਗ ਦਾ ਛੱਡਿਆ ਘੋੜਾ ਲਵ ਤੇ ਕੁਸ ਨੇ ਫੜਿਆ ਸੀ ਅਤੇ ਸ਼੍ਰੀ ਰਾਮ ਦੀ ਸਾਰੀ ਸੈਨਾ ਨੂੰ ਮੁਰਸ਼ਿਤ ਅਰਥਾਤ ਬੇਹੋਸ ਕਰ ਦਿਤਾ ਸੀ। ਹਨੂੰਮਾਨ, ਲਛਮਨ ਤੇ ਰਾਮ ਨੂੰ ਵੀ ਮੁਰਛਿਤ ਕਰ ਦਿਤਾ ਸੀ। ਫਿਰ ਸੀਤਾ ਜੀ ਦੇ ਕਹਿਣ ਤੇ ਭਗਵਾਨ ਵਾਲਮੀਕ ਜੀ ਨੇ ਅਮ੍ਰਿਤ ਜਲ ਛਿੜਕ ਕੇ ਸਭ ਸੈਨਾ ਨੂੰ ਸੰਜੀਵ ਕਰ ਦਿਤਾ ਸੀ, ਉਹ ਜਲ ਜੋ ਵਚ ਗਿਆ ਸੀ। ਉਸ ਨੂੰ ਜਮੀਨ ਵਿਚ ਦਬਾ ਦਿਤਾ ਸੀ। ਉਥੇ ਇਕ ਕੁੰਡ ਬਣ ਗਿਆ ਸੀ, ਉਥੇ ਪੰਜਵੇ ਪਾਤਸਾਹ ਨੇ ਸਵਰਨ ਮੰਦਿਰ ਦਾ ਨਿਰਮਾਣ ਕਰਵਾਇਆ ਸੀ ਜਿਥੇ ਅੱਜ ਬਹੁਤ ਹੀ ਪਵਿੱਤਰ ਤੀਰਥਸਥਲ ਹੈ,ਜਿਸ ਨੂੰ "ਗੋਲਡਨ ਟੈਂਪਲ" ਦੇ ਨਾਮ ਨਾਲ ਵੀ ਜਾਣਿਆ ਜਾਦਾ ਹੈ, ਅਤੇ ਕੁਝ ਦੂਰੀ ਤੇ ਉਸ ਸਮੇਂ ਦੀ ਅਕਾਲੀ ਸਰਕਾਰ ਨੇ "ਭਗਵਾਨ ਵਾਲਮੀਕ ਆਸ਼ਰਮ" ਦਾ ਨਿਰਮਾਣ ਵੀ ਕਰਵਾਇਆ ਹੈ। ਉਸ ਆਸ਼ਰਮ ਵਿੱਚ ਗੋਲਡ ਪਲੇਟਿਡ "ਭਗਵਾਨ ਵਾਲਮੀਕ" ਜੀ ਦੀ ਸਵਰਨ ਮੂਰਤੀ ਸਥਾਪਿਤ ਹੈ। ਇਹ ਇਕ ਇਤਿਹਾਸ ਜਗ੍ਹਾਂ ਦੀ ਮਾਨਤਾ ਸਦੀਆ ਤੋਂ ਚਲਦੀ ਆ ਰਹੀ ਹੈ। ਸਮੇਂ-ਸਮੇਂ ਅਨੁਸਾਰ ਇਸ ਦਾ ਵਿਸਥਾਰ ਕੀਤਾ ਜਾਦਾ ਆ ਰਿਹਾ ਹੈ। ਅੱਜ ਬਹੁਤ ਵੱਡਾ ਇਤਿਹਾਸਕ ਸਥਾਨ ਬਣਾਇਆ ਜਾ ਰਿਹਾ ਹੈ। ਇਸ ਵਿਚ ਭਗਵਾਨ ਵਾਲਮੀਕ ਜੀ ਦੇ ਜੀਵਨ ਨਾਲ ਸਬੰਧਿਤ ਜਾਣਕਾਰੀ ਇੱਕਠੀ ਕੀਤੀ ਜਾ ਰਹੀ ਹੈ, ਜਿਸ ਨੂੰ ਪੈਨੋਰਮਾ ਨਾਮ ਦਿਤਾ ਹੈ, ਇਸ ਵਿਚ ਕੁਝ ਭਗਵਾਨ ਵਾਲਮੀਕ ਜੀ ਦੇ ਜੀਵਨ ਸੰਬੰਧੀ ਰਿਸ਼ਰਚ ਵਰਕ ਮੇਰੇ ਦੁਆਰਾ ਕੀਤਾ ਗਿਆ ਹੈ, ਇਹ ਮੁੱਖ ਮੰਤਰੀ ਕੇਪਟਨ ਅਮਰਿੰਦਰ ਸਿੰਘ ਜੀ ਦੇ ਸਮੇਂ ਵਿਚ ਹੋਇਆ ਹੈ, ਹੁਣ ਬਾਰੀ ਸ਼੍ਰੀ ਕੇਜਰੀਵਾਲ ਜੀ ਦੀ ਪਾਰਟੀ ਦੇ ਸਰਦਾਰ ਭਗਵੰਤ ਸਿੰਘ ਮਾਣ ਜੀ, ਜ਼ੋ ਕਿ ਮੌਜੂਦਾ ਮੁੱਖ ਮੰਤਰੀ ਹਨ, ਉਹ ਇਸ ਪਵਿੱਤਰ ਆਸ਼ਰਮ ਅਤੇ ਤੀਰਥਸਥਲ ਨੂੰ ਕਿੰਨਾਂ ਖੂਬਸੂਰਤ ਬਣਾਉਦੇ ਹਨ। ਇਸ ਦਾ

(ਬਾਕੀ ਅਗਲੇ ਸਫੇ 'ਤੇ)

# ਹਿੰਮਤ ਖੁਰਮੀ ਦਾ ਬਾਲ ਗੀਤ 'ਮੇਰੀ ਮਾਂ ਬੋਲੀ' ਧੂਮ-ਧੜੱਕੇ ਨਾਲ ਲੋਕ ਅਰਪਣ

## ਪੈਂਤੀ ਅੱਖਰੀ 'ਤੇ ਆਧਾਰਿਤ ਗੀਤ ਨੂੰ ਹਾਜ਼ਰੀਨ ਨੇ ਖ਼ੂਬ ਸਰਾਹਿਆ, ਸੈਂਕੜਿਆਂ ਦੀ ਤਾਦਾਦ 'ਚ ਪਹੁੰਚੇ ਪੰਜਾਬੀਆਂ ਨੇ ਦਿੱਤਾ ਆਸ਼ੀਰਵਾਦ






**ਗਲਾਸਗੋ (ਨਿਊਜ਼ ਡੈਸਕ)–** ਯੂਕੇ ਦਾ ਜੰਮਪਲ ਬੱਚਾ ਹਿੰਮਤ ਖੁਰਮੀ ਵਿਸ਼ਵ ਭਰ ਵਿੱਚ ਵਿਦੇਸ਼ਾਂ 'ਚ ਜੰਮੇ ਬੱਚਿਆਂ 'ਚੋਂ ਪਲੇਠਾ ਅਜਿਹਾ ਬੱਚਾ ਹੋ ਨਿੱਬੜਿਆ ਹੈ, ਜਿਸਨੇ ਪੈਂਤੀ ਅੱਖਰੀ 'ਤੇ ਆਧਾਰਿਤ ਗੀਤ ਗਾ ਕੇ ਮਾਂ ਬੋਲੀ ਦੇ ਚਰਨ ਛੂਹੇ ਹੋਣ। ਪੰਜ ਦਰਿਆ ਯੂਕੇ ਦੇ ਉੱਦਮ ਨਾਲ ਸਕਾਟਲੈਂਡ ਦੇ ਸ਼ਹਿਰ ਗਲਾਸਗੋ ਵਿਖੇ ਹਿੰਮਤ ਖੁਰਮੀ ਦੇ ਗੀਤ 'ਮੇਰੀ ਮਾਂ ਬੋਲੀ' ਨੂੰ ਲੋਕ ਅਰਪਣ ਕਰਨ ਹਿਤ ਸਮਾਗਮ ਕਰਵਾਇਆ ਗਿਆ। ਜਿਸ ਵਿੱਚ ਸਕਾਟਲੈਂਡ ਦੀਆਂ ਵੱਖ ਵੱਖ ਖੇਤਰਾਂ ਨਾਲ ਸੰਬੰਧਿਤ ਹਸਤੀਆਂ ਨੇ ਸ਼ਿਰਕਤ ਕਰਕੇ ਅਸ਼ੀਰਵਾਦ ਦਿੱਤਾ। ਗੀਤਕਾਰ ਪ੍ਰੀਤ ਭਾਗੀਕੇ ਦੁਆਰਾ ਲਿਖੇ ਇਸ ਗੀਤ ਨੂੰ ਸੰਗੀਤਕ ਧੁਨਾਂ 'ਚ ਜੱਸੀ ਗੁਰਸ਼ੇਰ ਅਤੇ ਨਿੰਮਾ ਵਿਰਕ ਨੇ ਪ੍ਰੋਇਆ ਹੈ। ਗਾਇਕ ਬੱਲੀ ਬਲਜੀਤ ਵੱਲੋਂ ਬੋਲੇ ਸ਼ੁਰੂਆਤੀ ਬੋਲ ਗੀਤ ਨੂੰ ਖੂਬਸੂਰਤੀ ਬਖਸ਼ਦੇ ਹਨ। ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਦੇ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਹਾਲ ਵਿੱਚ ਹੋਏ ਇਸ ਸਮਾਗਮ ਦੀ ਸ਼ੁਰੂਆਤ ਪ੍ਰਸਿੱਧ ਮੰਚ ਸੰਚਾਲਕ ਤੇ ਪੇਸ਼ਕਾਰ ਕਰਮਜੀਤ ਮੀਨੀਆਂ ਦੇ ਬੋਲਾਂ ਨਾਲ ਹੋਈ। ਇਸ ਉਪਰੰਤ ਪੰਜ ਦਰਿਆ ਦੇ ਮੁੱਖ ਸੰਪਾਦਕ ਮਨਦੀਪ ਖੁਰਮੀ ਹਿੰਮਤਪੁਰਾ ਨੇ ਹਿੰਮਤ ਖੁਰਮੀ ਦੇ ਗੀਤ 'ਮੇਰੀ ਮਾਂ ਬੋਲੀ' ਪਿਛਲੀ ਘਾਲਣਾ ਦਾ ਜ਼ਿਕਰ ਕੀਤਾ। ਗੀਤ ਨੂੰ ਲੋਕ ਅਰਪਣ ਕਰਨ ਦੀ ਰਸਮ ਛੋਟੇ ਬੱਚਿਆਂ ਨੇ ਆਪਣੇ ਹੱਥੀਂ ਅਦਾ ਕੀਤੀ। ਹਿੰਮਤ ਖੁਰਮੀ ਵੱਲੋਂ ਮੰਚ ਤੋਂ ਪੇਸ਼ਕਾਰੀ ਕਰਕੇ ਖ਼ੂਬ ਤਾੜੀਆਂ ਤੇ ਵਾਹ ਵਾਹ ਖੱਟੀ ਗਈ। ਇਸ ਉਪਰੰਤ ਸਕਾਟਲੈਂਡ ਦੇ ਕੁਦਰਤੀ ਸੁਹੱਪਣ ਨੂੰ ਰੂਪਮਾਨ ਕਰਦੀ ਇਸ ਗੀਤ ਦੀ ਵੀਡੀਓ ਵੀ ਹਾਜ਼ਰੀਨ ਨੂੰ ਦਿਖਾਈ ਗਈ। ਇਸ ਤਰਾਂ ਤਾੜੀਆਂ ਦੀ ਗੜਗੜਾਹਟ ਵਿੱਚ



ਮੇਰੀ ਮਾਂ ਬੋਲੀ ਸਮੁੱਚੇ ਵਿਸ਼ਵ ਦੀ ਝੋਲੀ ਪਾਇਆ ਗਿਆ। ਸਮਾਗਮ ਦੀ ਸ਼ੁਰੂਆਤ ਸਰਵ ਸ੍ਰੀ ਸੁਰਜੀਤ ਸਿੰਘ ਚੌਧਰੀ (ਐਮ ਬੀ ਈ) ਨੇ ਕੀਤੀ। ਉਹਨਾਂ ਇਸ ਗੀਤ ਨਾਲ ਜੁੜੇ ਹਰ ਸਖਸ਼ ਨੂੰ ਹਾਰਦਿਕ ਵਧਾਈ ਪੇਸ਼ ਕੀਤੀ। ਹਿੰਦੂ ਮੰਦਰ ਗਲਾਸਗੋ ਵੱਲੋਂ ਅਚਾਰੀਆ ਮੇਧਨੀਪਤੀ ਮਿਸ਼ਰ ਵੱਲੋਂ ਵੀ ਸ਼ੁਭਕਾਮਨਾਵਾਂ ਭੇਂਟ ਕਰਦਿਆਂ ਹਿੰਮਤ ਖੁਰਮੀ ਨੂੰ ਸਨਮਾਨਿਤ ਕੀਤਾ ਗਿਆ। ਸ਼ਾਇਰ ਲਾਭ ਗਿੱਲ ਦੋਦਾ, ਸਿੱਖ ਕੌਂਸਲ ਆਫ ਸਕਾਟਲੈਂਡ ਦੇ ਸੇਵਾਦਾਰ ਗੁਰਦੀਪ ਸਿੰਘ ਸਮਰਾ, ਬਾਬਾ ਬੁੱਢਾ ਦਲ ਗਲਾਸਗੋ ਦੇ ਮੁੱਖ ਸੇਵਾਦਾਰ ਹਰਜੀਤ ਸਿੰਘ ਖਹਿਰਾ, ਜਗਦੀਸ਼ ਸਿੰਘ, ਬਖ਼ਸ਼ੀਸ਼ ਸਿੰਘ ਦੀਹਰੇ, ਸੋਹਣ ਸਿੰਘ ਰੰਧਾਵਾ, ਸਰਦਾਰਾ ਸਿੰਘ ਜੰਡੂ, ਬਲਵੀਰ ਸਿੰਘ ਫਰਵਾਹਾ, ਗੁਰੂ ਨਾਨਕ ਸਿੱਖ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਭੁਪਿੰਦਰ ਸਿੰਘ ਬਰਮੀ ਤੇ ਕੀਰਤ ਖੁਰਮੀ ਵੱਲੋਂ ਸੰਬੋਧਨ ਦੌਰਾਨ ਇਸ ਗੀਤ ਦੀ ਆਮਦ 'ਤੇ ਖੁਸ਼ੀ ਪ੍ਰਗਟਾਈ। ਲਗਭਗ 2 ਘੰਟੇ ਨਿਰੰਤਰ ਚੱਲੇ ਇਸ ਸਮਾਗਮ ਦੀ ਖ਼ਾਸੀਅਤ ਇਹ ਸੀ ਕਿ ਰੁਝੇਵਿਆਂ ਭਰਿਆ ਦਿਨ ਹੋਣ ਦੇ ਬਾਵਜੂਦ ਵੀ ਲਾਸਾਨੀ ਇਕੱਠ ਦੌਰਾਨ ਇਹ ਗੀਤ ਲੋਕ ਅਰਪਣ ਹੋਇਆ। ਅਖੀਰ ਵਿੱਚ ਪੰਜਾਬੀ ਇਬਾਰਤ 'ਮੇਰੀ ਮਾਂ ਬੋਲੀ' ਲਿਖਿਆ ਵਿਸ਼ੇਸ਼ ਕੇਕ ਕੱਟ ਕੇ ਸਮਾਗਮ ਨੂੰ ਸਮੇਟਿਆ ਗਿਆ।

# ਭਗਵਾਨ ਵਾਲਮੀਕ ਜੀ ਦਾ "ਜੀਵਨ ਦਰਸ਼ਨ"

(ਸਫਾ 17 ਦੀ ਬਾਕੀ)

ਇਤਿਹਾਸਿਕ ਮੱਹਤਵ ਹੇਠ ਲਿਖੇ ਅਨੁਸਾਰ ਹੈ,

1. ਜਿਥੇ ਲਵ ਤੇ ਕੁਸ਼ ਦਾ ਜਨਮ ਹੋਇਆ ਸੀ।
2. ਜਿਥੇ ਲਵ ਤੇ ਕੁਸ਼ ਨੇ ਵਿਦਿਆ ਹਾਸਿਲ ਕੀਤੀ ਸੀ। ਅੱਜ ਕਲ ਇਸ ਨੂੰ ਲਵ ਕੁਸ ਪਾਠ ਸਾਲਾ ਕਿਹਾ ਜਾਦਾ ਹੈ।
3. ਜਿਥੇ ਲਵ ਤੇ ਕੁਸ਼ ਨੇ ਰਾਮ ਦਾ ਅਸ਼ਵਮੇਘ ਯੱਗ ਦਾ ਘੋੜਾ ਫੜਿਆ ਸੀ।
4. ਭਗਵਾਨ ਜੀ ਦੇ ਚੇਲੇ ਧੂਨੀ ਲਗਾਉਦੇ, ਜਿਸ ਨੂੰ ਧੂਣਾ ਸਾਹਿਬ ਵੀ ਕਿਹਾ ਜਾਦਾ ਹੈ।
5. ਇਥੇ ਮਾਤਾ ਸੀਤਾ ਦਾ ਪਵਿੱਤਰ ਆਸ਼ਰਮ ਵੀ ਹੈ।ਜਿਸ ਨੂੰ ਤਪਸ਼ਾਲਾ ਕਿਹਾ ਜਾਦਾ ਹੈ।
6. ਇਥੇ ਉਹ ਸਥਾਨ ਵੀ ਹੈ।ਜਿਥੇ ਹਨੂਮਾਨ ਨੂੰ ਦਰਖਤ ਨਾਲ ਬੰਨ ਦਿਤਾ ਸੀ।
7. ਇਥੇ ਮਾਤਾ ਸੀਤਾ ਦਾ ਇਸਨਾਨ ਕਰਨ ਵਾਲੀ ਖੂਹੀ ਵੀ ਹੈ। ਇਸ ਖੂਹੀ ਤੇ ਇਸਨਾਨ ਕਰਨ ਤੇ ਸੰਤਾਨ ਦੀ ਪ੍ਰਾਪਤੀ ਹੁੰਦੀ ਹੈ।

ਇਸ ਤਰ੍ਹਾਂ ਅਸੀ ਕਹਿ ਸਕਦੇ ਹਾਂ ਕਿ ਪੰਜਾਬ ਦੀ ਧਰਤੀ ਤੇ ਹੀ ਸੰਸਕ੍ਰਿਤ ਭਾਸ਼ਾ ਦਾ ਜਨਮ ਹੋਇਆ ਸੀ। ਪੰਜਾਬ ਹੀ ਭਾਰਤ ਦਾ ਇਕ ਪਵਿਤਰ ਸਥਾਨ ਹੈ, ਜਿਥੇ ਦੇਵਤਾਵਾਂ ਦਾ ਵਾਸ਼ ਸੀ, ਇਥੇ ਦੀ ਧਰਤੀ ਉਪਜਾਊ ਹੈ, ਪੂਰੇ ਭਾਰਤ ਨੂੰ ਅਨਾਜ ਦੇਣ ਦੀ ਸ਼ਕਤੀ ਪੰਜਾਬ ਵਿਚ ਅੱਜ ਵੀ ਮੌਜੂਦ ਹੈ। ਸਾਨੂੰ ਅਪਣੇ ਪਵਿਤਰ ਪੰਜਾਬ ਵੱਲ ਜਰੂਰ ਧਿਆਨ ਦੇਣਾ ਚਾਹੀਦਾ ਹੈ।

ਅੰਤ ਵਿਚ ਸੰਸ਼ਕ੍ਰਿਤ ਦੇ ਪਿਤਾਮਾ ਪ੍ਰਭੂ ਸ਼੍ਰੀ ਭਗਵਾਨ ਵਾਲਮੀਕ ਜੀ ਸਿਖਿਆਵਾਂ ਅਤੇ ਉਪਦੇਸ਼ਾ ਦੇ ਗਿਆਨ ਵੀ ਜਰੂਰ ਪ੍ਰਾਪਤ ਕਰਦੇ ਹਾਂ।

**ਭਗਵਾਨ ਵਾਲਮੀਕ ਜੀ ਦੇ ਉਪਦੇਸ਼ ਅਤੇ ਸਿੱਖਿਆਵਾਂ**

ਪੂਰਾ ਵਿਸ਼ਵ ਭਗਵਾਨ ਵਾਲਮੀਕ ਜੀ ਦੇ ਦਿਖਾਏ ਰਸਤੇ ਤੇ ਹੀ ਚਲ ਰਿਹਾ ਹੈ। ਮੈਂ ਤਾਂ ਕੁੱਝ ਸਿੱਖਿਆਵਾਂ ਅਤੇ ਉਪਦੇਸ਼ ਦਾ ਵਰਣਨ ਕਰ ਰਿਹਾ ਹਾਂ। ਰਮਾਇਣ ਵਿੱਚ 24000 ਸ਼ਲੋਕ ਅਤੇ ਮੌਕਸ਼ਪਾਏ ਵਿਸ਼ਾਲ ਗ੍ਰੰਥ ਵਿੱਚ 32000 ਸ਼ਲੋਕ ਹਨ। ਕੁੱਲ 56000 ਸ਼ਲੋਕ ਜੇ ਲਾਈਨਾਂ ਗਿਣਿਆਂ ਜਾਣ ਤਾਂ 1,12,000 ਇੱਕ ਲੱਖ ਬਾਰਾਂ ਹਜ਼ਾਰ ਬਣਦੀਆਂ ਹਨ। ਜੋ ਕਿ ਇਸ ਥੋੜੇ ਜਿਹੇ ਜਨਮ ਵਿੱਚ ਸ਼ਾਇਦ ਹੀ ਪੂਰੀਆਂ ਹੋ ਸਕਣ। ਭਗਵਾਨ ਵਾਲਮੀਕ ਜੀ ਨੇ ਜੀਵ ਦੇ ਮਰਣ ਤੋਂ ਪਹਿਲਾਂ ਅਤੇ ਮਰਣ ਤੋਂ ਬਾਅਦ ਤੱਕ ਉਪਦੇਸ਼ ਦਿੱਤੇ ਹਨ। ਕੁੱਝ ਸਾਡੀ ਜਿੰਦਗੀ ਨਾਲ ਸੰਬੰਧਿਤ ਸਿੱਖਿਆਵਾਂ ਨੂੰ ਅੱਗੇ ਦੱਸਿਆ ਜਾ ਰਿਹਾ ਹੈ।

**ਗਿਆਨ ਪ੍ਰਾਪਤੀ ਲਈ ਵੈਰਾਗ ਦੀ ਭਾਵਨਾ ਦਾ ਪੈਦਾ ਹੋਣਾ ਜਰੂਰੀ :**

1. ਭਗਵਾਨ ਵਾਲਮੀਕ ਜੀ ਅਨੁਸਾਰ ਇਸ ਸੰਸਾਰ ਵਿੱਚ ਕੁੱਝ ਵੀ ਸਥਿਰ ਨਹੀ ਹੈ। ਇਹ ਸਾਰੀਆਂ ਵਸਤੂਆਂ ਅਨਿੱਤ ਹਨ ਅਰਥਾਤ ਅਸਥਿਰ ਹਨ।
2. ਭਗਵਾਨ ਵਾਲਮੀਕ ਜੀ ਅਨੁਸਾਰ ਸਾਰੇ ਪ੍ਰਕਾਰ ਦੇ ਭੋਗ ਪਦਾਰਥ ਵਿਨਾਸ਼ਸ਼ੀਲ ਹਨ ਅਤੇ ਮਨ ਨੂੰ ਦੁੱਖਦਾਈ ਬਣਾਉਂਦੇ ਹਨ।
3. ਭਗਵਾਨ ਵਾਲਮੀਕ ਜੀ ਅਨੁਸਾਰ ਸਾਰੇ ਸੁੱਖ ਕੇਵਲ ਦੁੱਖ ਦੇ ਲਈ ਹਨ ਅਤੇ ਦੁੱਖ ਤੋ ਬਾਅਦ ਹੀ ਸੁੱਖ ਦੀ ਪ੍ਰਾਪਤੀ ਹੁੰਦੀ ਹੈ।
4. ਭਗਵਾਨ ਵਾਲਮੀਕ ਜੀ ਅਨੁਸਾਰ ਇਸ ਸੰਸਾਰ ਵਿੱਚ ਜੀਵ ਮਰਣ ਦੇ ਲਈ ਪੈਦਾ ਹੁੰਦਾ ਹੈ ਅਤੇ ਪੈਦਾ ਹੋਣ ਦੇ ਲਈ ਮਰਦਾ ਹੈ।
5. ਭਗਵਾਨ ਵਾਲਮੀਕ ਜੀ ਅਨੁਸਾਰ ਇਸਤਰੀ ਦੀ ਸੁੰਦਰਤਾ ਹੀ ਮੋਹ ਦਾ ਕਾਰਣ ਹੈ। ਉਸਨੂੰ ਪ੍ਰਾਪਤ ਕਰਨ ਦੇ ਲਈ ਪ੍ਰਾਣੀ ਕੁੱਝ ਵੀ ਕਰ ਜਾਂਦਾ ਹੈ। ਇਹ ਹੀ ਮੋਹ ਦਾ ਕਾਰਨ ਹੈ।
6. ਭਗਵਾਨ ਵਾਲਮੀਕ ਜੀ ਅਨੁਸਾਰ ਇਸ ਸੰਸਾਰ ਵਿੱਚ ਵਿਸ਼ਵ ਨੂੰ ਪ੍ਰਾਪਤ ਕਰਨ ਦੀ ਭਾਵਨਾ ਹੀ ਸੰਸਾਰ ਨਾਲ ਬੰਨਦੀ ਹੈ।,
7. ਰਾਜਾ ਅਰਿਸ਼ਟਨੇਮਿ ਜੀ ਨੇ ਆਪਣਾ ਰਾਜ ਪਾਠ ਤਿਆਗ ਕੇ ਭਗਵਾਨ ਵਾਲਮੀਕਿ ਜੀ ਦੇ ਚਰਣਾਂ ਵਿੱਚ ਆਕੇ ਸ਼ਰਣ ਲਈ ਅਤੇ ਮੌਕਸ਼ ਦੀ ਪ੍ਰਾਪਤ ਕੀਤੀ।

**ਸੰਸਾਰਿਕ ਦੁੱਖਾਂ ਦਾ ਕਾਰਣ ਅਗਿਆਨ ਹੈ।**

8. ਭਗਵਾਨ ਵਾਲਮੀਕ ਜੀ ਅਨੁਸਾਰ ਸੰਸਾਰ ਅਗਿਆਨੀ ਪ੍ਰਾਣੀ ਦੀ ਮੁਰਖਤਾ ਨਾਲ ਹੀ ਚਲ ਰਿਹਾ ਹੈ। ਅਗਿਆਨੀ ਨੂੰ ਹੀ ਸੁੱਖ ਅਤੇ ਦੁੱਖ ਹੁੰਦੇ ਹਨ।
9. ਭਗਵਾਨ ਵਾਲਮੀਕ ਜੀ ਅਨੁਸਾਰ ਸੁੱਖ ਅਤੇ ਦੁੱਖ ਨਾ ਸਰੀਰ ਹੁੰਦੇ ਹਨ ਅਤੇ ਆਤਮਾ ਨੂੰ ਹੁੰਦੇ ਹਨ। ਅਗਿਆਨਤਾ ਨਾਲ ਹੀ ਇਸਦੀ ਅਨੁਭੂਤੀ ਹੁੰਦੀ ਹੈ। ਅਗਿਆਨਤਾ ਦੇ ਨਸ਼ਟ ਹੋਣ ਨਾਲ ਹੀ ਇਸ ਦਾ ਅਸਰ ਵੀ ਨਸ਼ਟ ਹੋ ਜਾਂਦਾ ਹੈ।
10. ਭਗਵਾਨ ਵਾਲਮੀਕ ਜੀ ਅਨੁਸਾਰ ਸਾਡੀਆਂ ਮਨ ਦੀ ਇੱ-ਛਾਵਾਂ ਹੀ ਵਸਤੂ ਦੇ ਸੁੱਖ ਅਤੇ ਦੁੱਖ ਦਾ ਆਭਾਸ (ਕਮੀ) ਉਤਪੰਨ ਕਰਦੀ ਹੈ।
11. ਭਗਵਾਨ ਵਾਲਮੀਕ ਜੀ ਅਨੁਸਾਰ ਹਰੇਕ ਪ੍ਰਕਾਰ ਦੇ ਦੁੱਖਾਂ ਦਾ ਅੰਤ ਆਤਮਾ ਗਿਆਨ ਨਾਲ ਹੁੰਦਾ ਹੈ। ਆਤਮਗਿਆਨੀ ਨੂੰ ਕਦੇ ਦੁੱਖ ਨਹੀਂ ਹੁੰਦਾ ਹੈ।
12. ਭਗਵਾਨ ਵਾਲਮੀਕ ਜੀ ਅਨੁਸਾਰ ਆਤਮਪਦ ਦੀ ਪ੍ਰਾਪਤੀ ਦੇ ਲਈ ਗਿਆਨ ਅਤੇ ਕਰਮ ਦਾ ਹੋਣਾ ਅਤਿ ਜ਼ਰੂਰੀ ਹੈ। ਜਿਵੇਂ ਉੱਡਣ ਦੇ ਲਈ ਦੋ ਖੰਭਾਂ ਦੀ ਜ਼ਰੂਰਤ ਹੁੰਦੀ ਹੈ। ਇਕ ਖੰਭ ਨਾਲ ਉਡਿਆ ਨਹੀ ਜਾ ਸਕਦਾ ਹੈ।
13. ਭਗਵਾਨ ਵਾਲਮੀਕ ਜੀ ਅਨੁਸਾਰ ਬੁੱਧੀਮਾਨ ਪੁਰਸ਼ ਦੁੱਖੀ ਸੰਸਾਰ ਰੂਪੀ ਸਮੁੰਦਰ ਨੂੰ ਗਿਆਨ ਰੂਪੀ ਨੋਕਾ ਦੁਆਰਾ ਆਸਾਨੀ ਨਾਲ ਪਾਰ ਕਰ ਲੈਦੇ ਹਨ।
14. ਭਗਵਾਨ ਵਾਲਮੀਕ ਜੀ ਅਨੁਸਾਰ ਮਨ ਦੀ ਸ਼ਾਂਤੀ ਦੇ ਲਈ ਆਤਮ ਗਿਆਨ ਦਾ ਹੋਣਾ ਅਤਿ ਜ਼ਰੂਰੀ ਹੈ।
15. ਭਗਵਾਨ ਵਾਲਮੀਕ ਜੀ ਅਨੁਸਾਰ ਆਤਮ ਗਿਆਨੀ ਸੰਸਾਰਿਕ ਭੋਗਾਂ ਦੇ ਪਿੱਛੇ ਨਹੀ ਭੱਜਦੇ ਹਨ। ਉਨ੍ਹਾਂ ਦੀ ਬੁੱਧੀ ਸਥਿਰ ਹੈ।
16. ਭਗਵਾਨ ਵਾਲਮੀਕ ਜੀ ਅਨੁਸਾਰ ਯੋਗ ਦੁਆਰਾ ਆਤਮਾ ਵਿੱਚ ਸਥਿਤੀ ਪ੍ਰਾਪਤ ਕਰ ਲੈਣ ਤੇ ਸੰਸਾਰਿਕ ਵਸਤੂਆਂ ਦਾ ਅਸਰ ਨਹੀ ਰਹਿੰਦਾ ਹੈ।
17. ਭਗਵਾਨ ਵਾਲਮੀਕ ਜੀ ਅਨੁਸਾਰ ਸੰਸਾਰ ਦਾ ਵਿਸਤਾਰ ਮਨ ਦੇ ਸੰਕਲਪ ਦੁਆਰਾ ਹੀ ਹੁੰਦਾ ਹੈ।

**ਸੰਸਾਰਿਕ ਦੁੱਖਾਂ ਦਾ ਖਾਤਮਾ ਪੁਰਸ਼ਾਰਥ ਦੇ ਦੁਆਰਾ ਹੁੰਦਾ ਹੈ:**

18. ਭਗਵਾਨ ਵਾਲਮੀਕ ਜੀ ਅਨੁਸਾਰ ਦੈਵ ਕੁੱਝ ਨਹੀਂ ਕਰਦਾ, ਇਹ ਇਕ ਕਲਪਨਾ ਮਾਤਰ ਹੈ। ਭਗਵਾਨ ਵਾਲਮੀਕ ਜੀ ਨੇ ਕਿਹਾ ਹੈ ਕਿ 'ਪੁਰਸ਼ਾਰਥ ਹੀ ਦੇਵੋਭਵਾਹ:' ਅਰਥਾਤ ਪੁਰਸ਼ਾਰਥ ਹੀ ਦੇਵ ਹੈ।
19. ਭਗਵਾਨ ਵਾਲਮੀਕ ਜੀ ਅਨੁਸਾਰ ਸੰਸਾਰਿਕ ਦੁੱਖਾਂ ਦਾ ਖਾਤਮਾ ਕੇਵਲ ਪੁਰਸ਼ਾਰਥ ਨਾਲ ਹੀ ਹੁੰਦਾ ਹੈ।
20. ਭਗਵਾਨ ਵਾਲਮੀਕ ਜੀ ਅਨੁਸਾਰ ਕੋਈ ਵਿਅਕਤੀ (ਪ੍ਰਾਣੀ) ਉਦਯੋਗ ਨੂੰ ਛੱਡਕੇ ਕਿਸਮਤ ਦੇ ਭਰੋਸੇ ਬੈਠ ਜਾਵੇ ਤਾਂ ਉਹ ਮੁਰਖ ਹੈ। ਉਹ ਆਪਣੇ ਆਪ ਦਾ ਹੀ ਦੁਸ਼ਮਣ ਹੈ।
21. ਭਗਵਾਨ ਵਾਲਮੀਕ ਜੀ ਅਨੁਸਾਰ ਬੁੱਧੀਮਾਨ ਵਿਅਕਤੀ ਆਪਣੇ ਪੁਰਸ਼ਾਰਥ ਦੁਆਰਾ ਉੱਤਮ ਪਦ ਨੂੰ ਪ੍ਰਾਪਤ ਕਰਦਾ ਹੈ।
22. ਭਗਵਾਨ ਵਾਲਮੀਕ ਜੀ ਅਨੁਸਾਰ ਦੇਵ ਦੀ ਕਲਪਨਾ ਕੇਵਲ ਘੱਟ ਬੁੱਧੀ ਵਾਲਿਆਂ ਅਰਥਾਤ ਮੁਰਖਾਂ ਦੀ ਕਲਪਨਾ ਹੈ। ਇਹ ਨਾਸ਼ ਦੇ ਵੱਲ ਲੈ ਜਾਂਦੀ ਹੈ।
23. ਭਗਵਾਨ ਵਾਲਮੀਕ ਜੀ ਅਨੁਸਾਰ ਸੰਸਾਰ ਵਿੱਚ ਆਲਸ ਰੂਪੀ ਅਨਰਥ ਨਾ ਹੁੰਦਾ ਤਾਂ ਕੋਈ ਧਨੀ ਅਤੇ ਕੋਈ ਵਿਦਵਾਨ ਨਾ ਹੁੰਦਾ।
24. ਭਗਵਾਨ ਵਾਲਮੀਕ ਜੀ ਅਨੁਸਾਰ ਇਸ ਸੰਸਾਰ ਵਿੱਚ ਕੋਈ ਅਜਿਹਾ ਪਦਾਰਥ ਨਹੀਂ ਜੋ ਪੁਰਸ਼ਾਰਥ ਦੁਆਰਾ ਪ੍ਰਾਪਤ ਨਾ ਕੀਤਾ ਜਾਵੇ।
25. ਭਗਵਾਨ ਵਾਲਮੀਕ ਜੀ ਅਨੁਸਾਰ ਕਿਸੀ ਵਿਸ਼ੇ ਨੂੰ ਪ੍ਰਾਪਤ ਕਰਨ ਦੇ ਲਈ ਖੁਦ ਨੂੰ ਹੀ ਪ੍ਰਯਤਨ ਕਰਨਾ ਪੈਂਦਾ ਹੈ।
26. ਭਗਵਾਨ ਵਾਲਮੀਕ ਜੀ ਅਨੁਸਾਰ ਪ੍ਰਾਣੀ ਦੇ ਪੁਰਸ਼ਾਰਥ ਦੁਆਰਾ ਉਸਦੇ ਪੂਰਬ ਦੇ ਅਸ਼ੁਭ ਕਰਮ ਸ਼ਾਂਤ ਹੋ ਜਾਂਦੇ ਹਨ।
27. ਭਗਵਾਨ ਵਾਲਮੀਕ ਜੀ ਅਨੁਸਾਰ ਸਾਰੇ ਪ੍ਰਕਾਰ ਦੇ ਦੁੱਖਾਂ ਨੂੰ ਨਸ਼ਟ ਕਰਨ ਦਾ ਇਕ ਮਾਤਰ ਮਾਰਗ ਪੁਰਸ਼ਾਰਥ ਹੀ ਹੈ।
28. ਭਗਵਾਨ ਵਾਲਮੀਕ ਜੀ ਅਨੁਸਾਰ ਦੁੱਖਾਂ ਦਾ ਖਾਤਮਾ ਕੇਵਲ ਪੁਰਸ਼ਾਰਥ ਨਾਲ ਹੀ ਹੁੰਦਾ ਹੈ।
29. ਭਗਵਾਨ ਵਾਲਮੀਕ ਜੀ ਅਨੁਸਾਰ ਜੋ ਵਿਅਕਤੀ ਦੇਵ ਦੇ ਸਹਾਰੇ ਬੈਠੇ ਹਨ, ਉਹ ਨਾਸ਼ ਨੂੰ ਪ੍ਰਾਪਤ ਹੁੰਦੇ ਹਨ।
30. ਭਗਵਾਨ ਵਾਲਮੀਕ ਜੀ ਅਨੁਸਾਰ ਤ੍ਰਿਲੋਕੀ ਵਿੱਚ ਕੋਈ ਅਜਿਹੀ ਵਸਤੂ ਨਹੀ ਜਿਸ ਨੂੰ ਪੁਰਸ਼ਾਰਥ ਤੋਂ ਪ੍ਰਾਪਤ ਨਾ ਕੀਤਾ ਜਾ ਸਕੇ।

**ਆਤਮ ਗਿਆਨ ਦੀ ਪ੍ਰਾਪਤੀ ਲਈ ਹੇਠਾ ਲਿਖੇ ਉਪਾਅ ਜਰੂਰੀ**

31. ਭਗਵਾਨ ਵਾਲਮੀਕ ਜੀ ਅਨੁਸਾਰ ਵਿਸ਼ੇ ਤੇ ਵਿਚਾਰ ਹੀ ਆਤਮ ਗਿਆਨ ਹੈ।ਇਸ ਦੇ ਲਈ ਤਪ, ਦਾਨ, ਇਸ਼ਨਾਨ, ਤੀਰਥ ਦੀ ਕੋਈ ਜ਼ਰੂਰਤ ਨਹੀ ਹੁੰਦੀ ਹੈ।
32. ਭਗਵਾਨ ਵਾਲਮੀਕ ਜੀ ਅਨੁਸਾਰ ਰਾਮਾਇਣ ਅਤੇ ਮੌਕਸ਼ਪਾਏ ਸ਼ਾਸ਼ਤਰਾਂ ਦੇ ਸ਼ਰਵਨ ਨਾਲ, ਮਨਨ ਨਾਲ, ਅਤੇ ਸੱਜਣਾਂ ਦੀ ਸੰਗਤ ਤੋਂ ਗਿਆਨ ਦੀ ਪ੍ਰਾਪਤੀ ਹੁੰਦੀ ਹੈ।
33. ਭਗਵਾਨ ਵਾਲਮੀਕ ਜੀ ਅਨੁਸਾਰ ਆਤਮ ਗਿਆਨ ਕੇਵਲ ਖੁਦ ਵਿਚਾਰ ਕਰਨ ਨਾਲ ਹੁੰਦਾ ਹੈ।
34. ਭਗਵਾਨ ਵਾਲਮੀਕ ਜੀ ਅਨੁਸਾਰ ਦੁੱਖ, ਸੰਤੋਸ਼, ਵਿਚਾਰ ਅਤੇ ਸਾਧੂ-ਸੰਗ ਇਹ ਚਾਰ ਮੌਕਸ਼ ਦੇ ਦਵਾਰਪਾਲ ਹਨ। ਇਨ੍ਹਾਂ ਨੂੰ ਪ੍ਰਾਪਤ ਕਰਨ ਨਾਲ ਮੌਕਸ਼ ਰੂਪੀ ਰਾਜਮਹਿਲ ਦੇ ਦਰਵਾਜ਼ੇ ਸਦਾ ਦੇ ਲਈ ਖੁੱਲ੍ਹ ਜਾਂਦੇ ਹਨ ਅਤੇ ਅਮਰ ਪਦ ਨੂੰ ਪ੍ਰਾਪਤ ਹੁੰਦੇ ਹਨ।
35. ਭਗਵਾਨ ਵਾਲਮੀਕ ਜੀ ਅਨੁਸਾਰ ਸੱਜਣਾਂ ਦੇ ਸੰਗ, ਮਨ ਦੇ ਅੰਧਕਾਰ ਨੂੰ ਦੂਰ ਕਰਨ ਵਾਲਾ ਗਿਆਨ ਰੂਪੀ ਸੂਰਜ ਦਾ ਪ੍ਰਕਾਸ਼ ਰੂਪ ਹੈ।
36. ਗਿਆਨ ਦੀਆਂ ਸੱਤ ਭੂਮਿਕਾਵਾਂ ਹਨ। ਅਗਿਆਨ ਦੀਆਂ ਸੱਤ ਭੂਮਿਕਾਵਾਂ ਹਨ।
37. ਭਗਵਾਨ ਵਾਲਮੀਕ ਜੀ ਅਨੁਸਾਰ ਆਤਮਾ ਦੇ ਦਰਸ਼ਨ ਸ਼ੁੱਧ ਬੁੱਧੀ ਨਾਲ ਹੁੰਦੇ ਹਨ। ਇਸਦੇ ਲਈ ਕਿਸੀ ਸ਼ਾਸ਼ਤਰ ਅਤੇ ਗੁਰੂ ਦੀ ਜ਼ਰੂਰਤ ਨਹੀਂ ਹੈ।
38. ਭਗਵਾਨ ਵਾਲਮੀਕ ਜੀ ਅਨੁਸਾਰ ਆਤਮਗਿਆਨ ਤੋਂ ਬਿਨਾਂ ਮੌਕਸ਼ ਦੀ ਪ੍ਰਾਪਤੀ ਨਹੀ ਹੋ ਸਕਦੀ ਹੈ।ਵਿਸੇ ਦੀ ਜਾਣਕਾਰੀ ਬਿਨਾਂ ਆਤਮ ਗਿਆਨ ਅਸੰਭਵ ਹੈ।

# ਡਾ.ਗੁਰਮੀਤ ਕੱਲਰਮਾਜਰੀ ਦੀ ਕਿਤਾਬ 'ਪੈਰਾਂ ਦੀ ਪਿਆਸ' ਲੋਕ ਅਰਪਿਤ






ਡਾ ਗੁਰਮੀਤ ਕੱਲਰਮਾਜਰੀ ਧੀਮੀ ਗਤੀ ਨਾਲ ਲਿਖਣ ਵਾਲਾ ਗੰਭੀਰਤਾ ਤੇ ਜ਼ਿੰਮੇਵਾਰ ਪੰਜਾਬੀ ਸ਼ਾਇਰ ਹੈ ਜਿਸ ਨੇ ਹਰੇ ਇਨਕਲਾਬ ਦੇ ਸਮੇਂ ਤੋਂ ਬਾਅਦ ਉਸ ਸਮਾਜਿਕ ਪ੍ਰਵਰਗ ਦੇ ਦੁੱਖ, ਬੇਬਸੀ, ਬੇਚੈਨੀ, ਬੇਹੁਰਮਤੀ ਨੂੰ ਬਹੁਤ ਡੂੰਘੀ ਸੰਵੇਦਨਾ ਨਾਲ ਕਵਿਤਾ ਵਿਚ ਪੇਸ਼ ਕੀਤਾ ਹੈ ਜਿਸ ਨੂੰ ਅਣਦੇਖਿਆ ਕਰਨਾ ਉਚ ਜਾਤੀ ਜਮਾਤੀ ਲੋਕਾਂ ਦਾ ਸ਼ੌਕ ਹੈ। **'ਪੈਰਾਂ ਦੀ ਪਿਆਸ'** ਕਾਵਿ ਸੰਗ੍ਰਹਿ ਉਸ ਅੰਦਰਲੇ ਚੇਤਨ ਤੇ ਅਚੇਤਨ ਵਿਚ ਲਿਤਾੜੇ ਮਨੁੱਖ ਦੀ ਜਿਉਣ ਤੇ ਖੁਸ਼ ਹੋਣ ਦੀ ਰੀਝ ਹੈ। ਉਹ ਵਾਰ ਵਾਰ ਆਵਾਜ਼ ਦਿੰਦਾ ਹੈ ਕਿ ਨਪੀੜੇ ਲੋਕਾਂ ਨੂੰ ਆਪਣੀ ਸਮਾਜਿਕ ਗੁਲਾਮੀ ਤੋਂ ਮੁਕਤ ਕਰੋ। ਉਹਨਾਂ ਨੂੰ ਸੱਤਰੰਗੀ ਪੀਂਘ ਦੇਖਣ ਦਿਓ, ਉਹਨਾਂ ਨੂੰ ਨੱਚਣ ਦਿਓ, ਬੁੱਲ੍ਹਾਂ 'ਤੇ ਹਾਸਾ ਆਉਣ ਦਿਓ। ਉਹਨਾਂ ਨੂੰ ਹੁੰਮਸ ਦੀ ਰੁੱਤ ਵਿੱਚੋਂ ਲੰਘ ਜਾਣ ਦਿਓ। ਆਓ ਅਜਿਹੇ ਅਹਿਸਾਸਾਂ ਦੀ ਕਾਵਿ ਪੁਸਤਕ ਜੋ 'ਕੈਲੀਬਰ ਪਬਲੀਕੇਸ਼ਨਜ਼, ਪਟਿਆਲਾ 'ਵੱਲੋਂ ਪ੍ਰਕਾਸ਼ਿਤ ਕੀਤੀ ਗਈ ਹੈ ਨੂੰ ਜੀ ਆਇਆਂ ਨੂੰ ਕਹੀਏ।

**– ਸੰਤੋਖ ਸਿੰਘ ਸੁੱਖੀ**

# ਪੰਜਾਬੀ ਪਰਿਵਾਰ ਨੂੰ ਅਗਵਾ ਕਰਨ ਵਾਲਾ ਸ਼ੱਕੀ ਦੋਸ਼ੀ ਹਸੂਸ ਮੈਨੁਅਲ ਸਲਗਾਡੋ ਗ੍ਰਿਫਤਾਰ

**ਸੈਕਰਾਮੈਂਟੋ 5 ਸਤੰਬਰ (ਹੁਸਨ ਲੜੋਆ ਬੰਗਾ)** ਬੰਗਾ)– ਬੀਤੇ ਦਿਨ ਇਕ ਹਥਿਆਰਬੰਦ ਵਿਅਕਤੀ ਵੱਲੋਂ ਅਗਵਾ ਕੀਤੇ ਪੰਜਾਬੀ ਮੂਲ ਦੇ ਅਮਰੀਕੀ ਪਰਿਵਾਰ ਨੂੰ ਲੱਭਣ ਲਈ ਖੁਫੀਆਂ ਏਜੰਸੀਆਂ ਆਪਣੇ ਪੱਧਰ ਤੇ ਪੂਰੀ ਕੋਸ਼ਿਸ਼ ਕਰ ਰਹੀਆਂ ਸਨ ਪਰ ਨਵੀਂ ਮਿਲੀ ਜਾਣਕਾਰੀ ਅਨੁਸਾਰ ਅੱਜ ਸਵੇਰੇ ਮਰਸਡ ਕਾਉਂਟੀ ਖੁਫੀਆਂ ਏਜੰਸੀਆਂ ਨੂੰ ਸੂਚਨਾ ਮਿਲੀ ਕਿ ਪੀੜਤ ਦੇ ਏ ਟੀ ਐਮ ਕਾਰਡਾਂ ਵਿੱਚੋਂ ਇੱਕ ਦੀ ਵਰਤੋਂ ਐਟਵਾਟਰ ਸਿਟੀ ਵਿੱਚ ਇੱਕ ਬੈਂਕ ਵਿੱਚ ਸਥਿਤ ਇੱਕ ਏ ਟੀ ਐਮ ਵਿੱਚ ਕੀਤੀ ਗਈ ਸੀ। ਖੁਫੀਆ ਵਿਭਾਗ ਨੇ ਇੱਕ ਬੈਂਕ ਟ੍ਰਾਂਜੈਕਸ਼ਨ ਕਰਨ ਵਾਲੇ ਇੱਕ ਵਿਆਕਤੀ ਦੀ ਫੋਟੋ ਸੀ ਸੀ ਟੀ ਵੀ ਕੈਮਰੇ ਰਾਹੀਂ ਪ੍ਰਾਪਤ ਕੀਤੀ ਇਹ ਵਿਅਕਤੀ ਅਸਲ ਚ ਅਗਵਾ ਕਰਨ ਵਾਲੇ ਵਿਆਕਤੀ ਵਰਗਾ ਹੀ ਸੀ । ਅੱਜ ਦੁਪਹਿਰੇ ਸਾਰੇ ਸਥਾਨਕ ਲਾਅ ਇਨਫੋਰਸਮੈਂਟ ਤੇ ਖੁਫੀਆ ਏਜੰਸੀਆਂ ਮਿਲ ਕੇ ਕੰਮ ਕਰ ਰਹੀਆਂ ਸਨ ਇਸੇ ਦੌਰਾਨ ਸ਼ੈਰਿਫ ਦੇ ਦਫਤਰ ਨੂੰ ਅਜਿਹੀ ਜਾਣਕਾਰੀ ਪ੍ਰਾਪਤ ਹੋਈ ਜਿਸ ਦੌਰਾਨ ਇੱਕ ਵਿਆਕਤੀ ਹਸੂਸ ਮੈਨੁਅਲ ਸਲਗਾਡੋ (48–ਸਾਲ) ਦੀ ਇਸ ਜਾਂਚ ਵਿੱਚ ਲੋੜੀਂਦੇ ਵਿਆਕਤੀ ਦੇ ਤੌਰ ਤੇ ਪਹਿਚਾਣ ਕਰ ਲਈ ਗਈ। ਦਿਲਚਸਲ ਗੱਲ ਇਹ ਹੋਈ ਕਿ ਜਦੋਂ ਮੈਨੁਅਲ ਸਲਗਾਡੋ ਨੂੰ ਏਜੰਸੀਆਂ ਵਲੋਂ ਹਿਰਾਸਤ ਵਿੱਚ ਲੈਣ ਦੀ ਕੋਸ਼ਿਸ਼ ਕੀਤੀ ਗਈ ਤਾਂ ਸਲਗਾਡੋ ਨੇ ਆਪਣੀ ਜਾਨ ਲੈਣ ਦੀ ਕੋਸ਼ਿਸ਼ ਕੀਤੀ, ਦੋਸ਼ੀ ਸਲਗਾਡੋ ਨੂੰ ਪੁਲੀਸ ਹਿਰਾਸਤ ਵਿੱਚ ਲਿਆ ਗਿਆ, ਇਸ ਵੇਲੇ ਉਸਨੂੰ ਡਾਕਟਰੀ ਸਹਾਇਤਾ ਦਿੱਤੀ ਜਾ ਰਹੀ ਹੈ ਅਤੇ ਉਸਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ। ਵਰਨਣਯੋਗ ਹੈ ਕਿ ਅਗਵਾ ਜਾਂ



ਲਾਪਤਾ ਹੋਏ ਪਰਿਵਾਰ ਦਾ ਕੈਲੀਫੋਰਨੀਆ ਦੀ ਸੈਂ–ਟਰਲ ਵੈਲੀ ਦੀ ਮਰਸਡ ਕਾਊਂਟੀ ਵਿਚ ਆਪਣਾ ਕਾਰੋਬਾਰ ਹੈ ਜਿਥੋਂ ਪਰਿਵਾਰ ਨੂੰ ਜਬਰਨ ਕਿਤੇ ਲਿਜਾਇਆ ਗਿਆ ਹੈ ਤੇ ਪਰਿਵਾਰ ਦੀ ਅਜੇ ਵੀ ਕੋਈ ਉੱਗਸੁੱਗ ਨਹੀਂ ਲੱਗੀ।

ਸ਼ੈਰਿਫ ਦਾ ਦਫਤਰ ਤੋਂ ਪ੍ਰਾਪਤ ਖਬਰ ਮੁਤਾਬਕ ਲਾਅ ਇੰਨਫੋਰਸਮੈਂਟ ਏਜੰਸੀਆਂ ਰਲ ਕੇ 8 ਮਹੀਨਿਆਂ ਦੀ ਆਰੂਹੀ ਢੇਰੀ, ਉਸ ਦੇ ਮਾਤਾ–ਪਿਤਾ ਜਸਲੀਨ ਕੌਰ (27), ਜਸਦੀਪ ਸਿੰਘ (36) ਅਤੇ ਉਸ ਦੇ ਚਾਚਾ ਅਮਨਦੀਪ ਸਿੰਘ (39) ਦੀ ਸਰਗਰਮੀ ਨਾਲ ਭਾਲ ਕਰ ਰਿਹਾ ਹੈ, ਜਿਨ੍ਹਾਂ ਨੂੰ ਅਜੇ ਤੱਕ ਨਹੀਂ ਮਿਲੇ। ਪਾਇਆ ਗਿਆ ਹੈ। ਲਾਅ ਇੰਨਫੋਰਸਮੈਂਟ ਏਜੰਸੀਆਂ ਨੇ ਪੂਰੇ ਯਤਨ ਜਾਰੀ ਰੱਖੇ ਹੋਏ ਹਨ ਅਤੇ ਪਰਿਵਾਰ ਨੂੰ ਲੱਭਣ ਲਈ ਤਨਦੇਹੀ ਨਾਲ ਕੰਮ ਕਰ ਰਹੇ ਹਨ। ਸ਼ੈਰਿਫ ਦੇ ਦਫਤਰ ਨੇ ਕਿਹਾ ਕਿ ਅਸੀਂ ਕਿਸੇ ਵੀ ਜਾਣਕਾਰੀ ਲਈ ਜਨਤਾ ਦੀ ਮਦਦ ਮੰਗਦੇ ਹਾਂ ਜੋ ਪਰਿਵਾਰ ਦੇ ਟਿਕਾਣੇ ਦਾ ਪਤਾ ਲਗਾਉਣ ਵਿੱਚ ਸਾਡੀ ਮਦਦ ਕਰ ਸਕੇ। ਜੇਕਰ ਤੁਹਾਡੇ ਕੋਲ ਇਸ ਘਟਨਾ ਜਾਂ ਪੀੜਤਾਂ ਦੇ ਟਿਕਾਣੇ ਬਾਰੇ ਕੋਈ ਜਾਣਕਾਰੀ ਹੈ, ਤਾਂ 2091385।7547 'ਤੇ ਕਾਲ ਕਰਨ ਲਈ ਕਿਹਾ ਗਿਆ ਹੈ। ਸ਼ੈਰਿਫ ਦਾ ਦਫ਼ਤਰ ਅੱਜ 5 ਅਕਤੂਬਰ, 2022 ਨੂੰ ਸਵੇਰੇ 10:00 ਵਜੇ ਮਰਸਡ ਕਾਉਂਟੀ ਬੋਰਡ ਚੈਂਬਰਜ਼ ਵਿਖੇ 2222 "…" ਸਟ੍ਰੀਟ, ਮਰਸਡ, ਵਿਖੇ ਇੱਕ ਪ੍ਰੈਸ ਕਾਨਫਰੰਸ ਕਰੇਗਾ। ਪੁਲਿਸ ਨੇ ਦੋਸ਼ੀ ਦੀ ਤਸਵੀਰ ਵੀ ਜਾਰੀ ਕਰ ਦਿੱਤੀ ਹੈ।






1 ਅਕਤੂਬਰ 1873 'ਤੇ ਵਿਸ਼ੇਸ਼

# ਸਿੰਘ ਸਭਾ ਲਹਿਰ



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

29 ਮਾਰਚ 1849 ਨੂੰ ਪੰਜਾਬ ਤੋਂ ਅੰਗਰੇਜ਼ਾਂ ਦਾ ਰਾਜ ਹੋ ਗਿਆ। ਅੰਮ੍ਰਿਤਸਰ, ਅਕਾਲ ਤਖ਼ਤ ਸਾਹਿਬ, ਤਰਨਤਾਰਨ ਅਤੇ ਪ੍ਰਸਿੱਧ ਗੁਰਦੁਆਰੇ ਅੰਗਰੇਜ਼ ਸਰਕਾਰ ਦੇ ਪ੍ਰਬੰਧ ਹੇਠ ਚਲੇ ਗਏ। ਅੰਗਰੇਜ਼ਾਂ ਨੇ ਸਿੱਖ ਧਰਮ ਦਾ ਸੰਤੁਲਨ ਵਿਗਾੜ ਦੇਣ ਦਾ ਇਰਾਦਾ ਸੀ। ਸਿੱਖਾਂ ਦੀ ਗਿਣਤੀ ਘਟਣ ਲੱਗੀ। ਧਾਰਮਿਕ ਕਦਰਾਂ-ਕੀਮਤਾਂ ਦਾ ਪਤਨ ਹੋਣ ਲੱਗਾ। ਸਿੱਖ ਮਰਿਆਦਾ ਨੂੰ ਇਸਾਈ ਅਤੇ ਆਰੀਆ ਸਮਾਜ ਦੀਆਂ ਸੰਸਥਾਵਾਂ ਤੋਂ ਚੁਣੌਤੀਆਂ ਸਨ। ਅਜਿਹੀਆਂ ਸੰਸਥਾਵਾਂ ਦਾ ਪ੍ਰਚਾਰ ਤੇਜ਼ੀ ਨਾਲ ਵੱਧ ਰਿਹਾ ਸੀ। ਗੁਰੂ ਡੰਮ ਦਾ ਪ੍ਰਚਾਰ ਵੀ ਚੱਲ ਪਿਆ। ਬੇਦੀਆਂ, ਸੋਢੀਆਂ, ਭੱਲਿਆਂ ਤੇ ਮਹੰਤਾਂ ਨੂੰ ਅੰਗਰੇਜ਼ੀ ਸ਼ਹਿ ਸੀ ਜੋ ਗੁਰਧਾਮਾਂ ਨੂੰ ਨਿੱਜੀ ਜਾਇਦਾਦ ਸਮਝਣ ਲੱਗੇ। ਸਿੱਖਾਂ ਨੂੰ ਲੁੱਟ ਕੇ ਅਯਾਸ਼ੀ ਕਰਨ ਲੱਗੇ। ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਗੱਦੀਆਂ ਲਾਉਣ ਲੱਗੇ। ਗੁਰਮਤਿ ਦੇ ਅਸੂਲਾਂ ਦਾ ਪ੍ਰਚਾਰ ਕਰਨ ਲਈ ਬਾਬਾ ਦਿਆਲ ਜੀ ਨੇ ਪੋਠੋਹਾਰ ਤੋਂ ਨਿਰੰਕਾਰੀ ਲਹਿਰ ਚਲਾਈ। ਪਰ ਗੁਰੂ ਡੰਗ ਦਾ ਜ਼ੋਰ ਹੋਣ ਕਰਕੇ ਇਹ ਲਹਿਰ ਪੋਠੋਹਾਰ ਵਿਚ ਹੀ ਖ਼ਤਮ ਹੋ ਗਈ। ਬਾਬਾ ਰਾਮ ਸਿੰਘ ਜੀ ਨੇ ਭੈਣੀ ਸਾਹਿਬ ਲੁਧਿਆਣਾ ਤੋਂ ਨਾਮਧਾਰੀ ਲਹਿਰ ਚਲਾਈ। ਜਿਹਨਾਂ ਨੇ ਚੱਲ ਰਹੀਆਂ ਕੁਰੀਤੀਆਂ ਦਾ ਵਿਰੋਧ ਕਰਕੇ ਗੁਰਮਤਿ ਨਾਲ ਜੋੜਿਆ। ਨਾਮਧਾਰੀ ਲਹਿਰ ਗਊ ਹੱਤਿਆ ਦੀ ਵਿਰੋਧੀ ਸੀ। ਜਨਵਰੀ 14, 15, 1872 ਨੂੰ ਮਲੇਰਕੋਟਲੇ ਵਿਚ ਬੁੱਚੜ ਵੱਢ ਮਾਰੇ। ਸਰਕਾਰ ਨੇ ਬਿਨਾਂ ਮੁਕੱਦਮਾ ਚਲਾਏ 49 ਨਾਮਧਾਰੀ ਸਿੰਘ ਤੋਪਾਂ ਨਾਲ ਉਡਾ ਦਿੱਤੇ। ਕੁਝ ਨੂੰ ਫਾਂਸੀ ਦੇ ਹੁਕਮ ਸੁਣਾ ਦਿੱਤੇ। ਇਸ ਤਰ੍ਹਾਂ 150 ਨਾਮਧਾਰੀ ਸਿੰਘ ਸ਼ਹੀਦ ਹੋਏ। ਬਾਬਾ ਰਾਮ ਸਿੰਘ ਜੀ ਨੂੰ ਜਲਾਵਤਨ ਕਰਕੇ ਰੰਗੂਨ ਭੇਜ ਦਿੱਤਾ, ਜਿਸ ਨਾਲ ਨਾਮਧਾਰੀ ਲਹਿਰ ਵੀ ਲੋਕ ਲਹਿਰ ਨਾ ਬਣ ਸਕੀ।

ਸਿੱਖ ਅਜੇ ਵੀ ਅਵੇਸਲੇ ਸਨ। ਇਸਾਈਆਂ ਨੇ ਪ੍ਰਚਾਰ ਲਈ ਮਿਸ਼ਨ ਸਕੂਲ ਖੋਲ੍ਹ ਲਏ। ਹਿੰਦੂ ਮੁਸਲਮਾਨ ਵੀ ਆਪਣੇ ਪੈਰੋਕਾਰ ਬਣਾ ਲਏ। ਮਿਸ਼ਨ ਸਕੂਲ ਅੰਮ੍ਰਿਤਸਰ ਦੇ ਚਾਰ ਵਿਦਿਆਰਥੀ ਅਤਰ ਸਿੰਘ, ਸਾਧੂ ਸਿੰਘ, ਆਇਆ ਸਿੰਘ ਤੇ ਸੰਤੋਖ ਸਿੰਘ ਨੇ ਇਸਾਈ ਬਣਨ ਦਾ ਇਰਾਦਾ ਕਰ ਲਿਆ। ਬੜੇ ਯਤਨਾਂ ਨਾਲ ਉਹਨਾਂ ਨੂੰ ਰੋਕਿਆ ਗਿਆ। ਛੇਤੀ ਹੀ ਆਰੀਆ ਸਮਾਜੀ ਆਗੂਆਂ, ਪੰਡਤ ਸਰਧਾ ਰਾਮ ਫਿਲੌਰੀ, ਗੁਰੂ ਦੱਤ, ਲੇਖਰਾਜ ਆਦਿ ਨੇ ਅੰਗਰੇਜ਼ੀ ਸ਼ਹਿ ਤੇ ਸਿੱਖ ਧਰਮ ਦੇ ਗੁਰੂਆਂ ਖਿਲਾਫ ਬੋਲਣਾ ਸ਼ੁਰੂ ਕਰ ਦਿੱਤਾ। ਅਜਿਹੇ ਮਸਲਿਆਂ ਨੂੰ ਨਜਿੱਠਣ ਲਈ ਸਿੱਖਾਂ ਦੀ ਕੋਈ ਮਜ਼ਬੂਤ ਸੰਸਥਾ ਨਹੀਂ ਸੀ। ਸਰਦਾਰ ਠਾਕੁਰ ਸਿੰਘ ਸੰਧਾਵਾਲੀਆ, ਕੰਵਰ ਬਿਕਰਮ ਸਿੰਘ ਕਪੂਰਥਲਾ, ਬਾਬਾ ਖੇਮ ਸਿੰਘ ਬੇਦੀ ਦੀ ਅਗਵਾਈ ਹੇਠ 30 ਜੁਲਾਈ ਸੰਨ 1873 ਨੂੰ ਅੰਮ੍ਰਿਤਸਰ ਗੁਰੂ ਕੇ ਬਾਗ ਵਿਚ ਭਾਰੀ ਇਕੱਠ ਹੋਇਆ। ਗੁਰਦੁਆਰਿਆਂ ਦੇ ਗਿਆਨੀ, ਗ੍ਰੰਥੀਆਂ ਅਤੇ ਸਮਾਜ ਦੇ ਸਿੱਖ ਖਿੱਤੇ ਦੇ ਲੋਕ ਹਾਜ਼ਰ ਹੋਏ। ਤਦ ਹੀ 'ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਦਾ ਆਰੰਭ ਹੋਇਆ। ਸ. ਠਾਕੁਰ ਸਿੰਘ ਸੰਧਾਵਾਲੀਆ ਪ੍ਰਧਾਨ ਗਿਆਨੀ ਗਿਆਨ ਸਿੰਘ, ਸਕੱਤਰ ਸ. ਅਮਰ ਸਿੰਘ, ਮੀਤ ਸਕੱਤਰ ਭਾਈ ਧਰਮ ਸਿੰਘ ਜੀ ਮਜੀਠੇ ਬੁੰਗੇ, ਖਜ਼ਾਨਚੀ ਥਾਪੇ ਗਏ। ਇਸ ਸਭਾ ਦਾ ਮਨੋਰਥ ਸੀ ਕਿ ਸਿੱਖ ਧਰਮ ਵਿਚ ਜੋ ਕੁਰੀਤੀਆਂ ਹਨ, ਨੂੰ ਦੂਰ ਕਰਕੇ ਸਿੱਖ ਧਰਮ ਦੀ ਮਰਿਆਦਾ ਨੂੰ ਪੁਨਰ ਕਾਇਮ ਕਰਨਾ ਸੀ। ਗੁਰਸਿੱਖੀ ਲਈ ਉਤਸ਼ਾਹ ਪੈਦਾ ਕਰਨਾ ਸੀ।

ਹਿੰਦੂਆਂ ਅਤੇ ਮੁਸਲਮਾਨਾਂ ਨੇ ਵੀ ਆਪਣੀਆਂ ਜਥੇਬੰਦੀਆਂ ਕਾਇਮ ਕਰ ਲਈਆਂ ਸਨ। ਸਿੱਖ ਆਗੂਆਂ ਦੀ ਸਭਾ ਵਿਚ ਬੜੀ ਦਿਲਚਸਪੀ ਸੀ। ਬਕਾਇਦਾ ਤੌਰ 'ਤੇ ਧਰਮ ਪ੍ਰਚਾਰ ਦਾ ਕੰਮ ਤੁਰਿਆ। ਪਰ ਇਸਦੇ ਮੋਢੀ ਆਗੂਆਂ ਵਿਚ ਮਤਭੇਦ ਸਨ। ਕੰਵਰ ਸਾਹਿਬ ਸੁਧਾਰਵਾਦੀ ਸਨ। ਬੇਦੀ ਸਾਹਿਬ ਸੁਧਾਰਵਾਦੀ ਦੇ ਨਾਲ ਦੇਹਧਾਰੀ ਗੁਰੂ ਵਿਚ ਵਿਸ਼ਵਾਸ ਰੱਖਦੇ ਸਨ। ਸ. ਠਾਕੁਰ ਸਿੰਘ ਸਿੱਖੀ ਗਰਮ ਖਿਆਲੀਏ ਅਤੇ ਅੰਗਰੇਜ਼ ਸਰਕਾਰ ਡੇਗਣ ਦੇ ਜੋਸ਼ ਵਿਚ ਸਨ। ਬਹੁਤੇ ਸਿੱਖ ਅੰਗਰੇਜ਼ ਸਰਕਾਰ ਦੇ ਵਿਰੁੱਧ ਹੋਣ ਦਾ ਠੀਕ ਸਮਾਂ ਨਹੀਂ ਸਮਝਦੇ ਸਨ। ਦੋ ਸਾਲ ਦੇ ਸਮੇਂ ਵਿਚ ਹੀ ਗੁਰਮਤਿ ਦੇ ਪ੍ਰਚਾਰ ਦਾ ਮਿਆਰ ਡਿੱਗਣ ਲੱਗਾ। ਸਭਾ ਦਾ ਕੰਮ ਵੀ ਨਾ ਮਾਤਰ ਜਿਹਾ ਹੋ ਗਿਆ। ਸੰਨ 1876 ਵਿਚ ਭਾਈ ਗੁਰਮੁਖ ਸਿੰਘ ਜੀ ਨੇ ਆਪਣੀ ਸੂਝ ਅਤੇ ਲਗਨ ਨਾਲ ਸਭਾ ਵਿਚ ਨਵੀਂ ਜਾਨ ਪਾ ਦਿੱਤੀ। ਆਪਣੀ ਕਾਲਜ ਦੀ ਪੜ੍ਹਾਈ ਛੱਡ ਕੇ ਉਹਨਾਂ ਸਭਾ ਦੀ ਯੋਜਨਾਬੰਦੀ ਲਈ ਪ੍ਰੋਗਰਾਮ ਉਲੀਕ ਕੇ ਕੰਵਰ ਸਾਹਿਬ ਨਾਲ ਸਲਾਹ ਕੀਤੀ ਕਿ :

1. ਸਿੱਖ ਧਰਮ ਦੀ ਵਿਸਰੀ ਮਰਿਆਦਾ ਦੀ ਸ਼ਾਨ ਨੂੰ ਮੁੜ ਬਹਾਲ ਕਰਨਾ, ਧਰਮ ਅਤੇ ਸਮਾਜ ਦੀਆਂ ਕੁਰੀਤੀਆਂ ਦੂਰ ਕਰਨਾ।
2. ਸਿੱਖੀ ਤੋਂ ਦੂਰ ਜਾ ਕੇ ਜਿਉਣ ਵਾਲਿਆਂ ਨੂੰ ਮੋੜ ਲਿਆਉਣਾ।
3. ਧਰਮ ਦੇ ਵਡਮੁੱਲੇ ਵਿਰਸੇ ਦਾ ਸਾਹਿਤ ਛਾਪ ਕੇ ਵੰਡਣਾ ਤੇ ਪ੍ਰਚਾਰ ਕਰਨਾ।
4. ਪੰਜਾਬੀ ਬੋਲੀ ਵਿਚ ਅਖ਼ਬਾਰ ਰਸਾਲੇ ਛਾਪਣਾ।
5. ਵਿਦਿਅਕ ਅਦਾਰੇ ਦੇ ਸਰਕਾਰੀ ਅਫਸਰਾਂ ਨੂੰ ਸਭਾ ਨਾਲ ਜੋੜਨਾ।
6. ਸਿੱਖਾਂ ਨੂੰ ਅਧਿਆਤਮਕ, ਸਮਾਜਿਕ ਅਤੇ ਵਿਵਹਾਰਿਕ ਵਿੱਦਿਆ ਦੇ ਕੇ ਹਰ ਪੱਖ ਤੋਂ ਜਾਗਰਿਤ ਕਰਨਾ।
7. ਹਕੂਮਤ ਨਾਲ ਟਕਰਾਅ ਦੀ ਥਾਂ 'ਤੇ ਮਿਲ ਕੇ ਚੱਲਣਾ।

ਕੰਵਰ ਸਾਹਿਬ ਨੇ ਇਸ ਪ੍ਰੋਗਰਾਮ ਨੂੰ ਲਾਗੂ ਕਰਨ ਲਈ ਹਰ ਤਰ੍ਹਾਂ ਦੀ ਸਹਾਇਤਾ ਦੇਣ ਦਾ ਭਰੋਸਾ ਦਿੱਤਾ। ਸੰਨ 1876 ਵਿਚ ਪੰਜਾਬ ਯੂਨੀਵਰਸਿਟੀ ਓਰੀਐਂਟਲ ਕਾਲਜ ਖੁੱਲ੍ਹਾ। ਡਾ. ਲਾਇਟਨਰ, ਭਾਈ ਆਇਆ ਸਿੰਘ ਅਤੇ ਭਾਈ ਗੁਰਮੁਖ ਸਿੰਘ ਦੇ ਯਤਨਾਂ ਕਰਕੇ ਸੰਨ 1877 ਵਿਚ ਕਾਲਜ ਵਿਚ ਪੰਜਾਬੀ ਪੜ੍ਹਾਈ ਜਾਣ ਲੱਗੀ। ਭਾਈ ਗੁਰਮੁਖ ਸਿੰਘ ਪ੍ਰੋਫੈਸਰ ਲੱਗੇ, ਜਿਥੇ ਉਹਨਾਂ ਨੇ ਵਿਦਿਆਰਥੀਆਂ ਨੂੰ ਗੁਰਮਤਿ ਤੇ ਗੁਰਸਿੱਖੀ ਵਿਰਸੇ ਤੋਂ ਜਾਣੂ ਕੀਤਾ ਅਤੇ ਸਿੱਖ ਧਰਮ ਲਈ ਉਤਸ਼ਾਹਿਤ ਕੀਤਾ। ਇਸ ਵਿਸ਼ੇ ਤੇ ਪੁਸਤਕਾਂ ਵੀ ਲਿਖੀਆਂ।

1. ਪੱਤਰਕਾਰੀ ਵਿਚ ਕੰਮ ਕੀਤਾ ਕਿ ਸੰਨ 1880 ਵਿਚ ਗੁਰਮੁਖੀ ਅਖ਼ਬਾਰ ਸ਼ੁਰੂ ਕੀਤਾ, ਜਿਸ ਵਿਚ ਸਿੱਖ ਧਰਮ ਦਾ ਪ੍ਰਚਾਰ ਅਤੇ ਸਭਾ ਦੇ ਪ੍ਰੋਗਰਾਮ ਦਾ ਵੇਰਵਾ ਦਿੱਤਾ।
2. ਵਿਦਿਅਕ ਪੰਜਾਬ- ਵਿਦਿਆ ਸਬੰਧੀ ਪ੍ਰਚਾਰ ਹੋਇਆ।
3. ਸੰਨ 1885 ਵਿਚ ਖਾਲਸਾ ਅਖ਼ਬਾਰ।
4. ਸੰਨ 1996 ਵਿਚ ਰਸਾਲਾ ਸੁਧਾਰਕ- ਗੁਰਮਤਿ ਦਾ ਪ੍ਰਚਾਰ ਹੋਇਆ।
5. ਸੰਨ 1886 ਵਿਚ ਖਾਲਸਾ ਗਜ਼ਟ ਜਿਸ ਵਿਚ ਝੂਠੇ ਕਰਮਕਾਂਡਾਂ ਦਾ ਵਿਰੋਧ ਸੀ।

ਗੁਰਮਤਿ ਪ੍ਰਚਾਰ ਦਾ ਪ੍ਰਵਾਹ ਚੱਲਿਆ। ਮੰਜੀ ਸਾਹਿਬ ਦਰਬਾਰ ਸਾਹਿਬ ਇਕੱਤਰਤਾਵਾਂ ਹੋਣ ਲੱਗੀਆਂ। ਸਿੱਖ ਧਰਮ ਇਤਿਹਾਸ ਦੀ ਖੋਜ ਲਈ ਵਿਦਵਾਨ ਦੂਰ-ਦੂਰ ਤੋਂ ਅੰਮ੍ਰਿਤਸਰ ਇਕੱਠੇ ਹੋਣ ਲੱਗੇ। ਥੋੜ੍ਹੇ ਸਮੇਂ ਵਿਚ ਹੀ ਖੋਜ ਪੱਤਰ ਛਪਣ ਲੱਗੇ। ਕਿਤਾਬਚੇ ਜਾਰੀ ਹੋਣ ਲੱਗੇ। ਪੁਸਤਕਾਂ ਲਿਖੀਆਂ ਗਈਆਂ।

ਭਾਈ ਗੁਰਮੁਖ ਸਿੰਘ ਜੀ ਦੇ ਯਤਨਾਂ ਨਾਲ ਸ. ਠਾਕੁਰ ਸਿੰਘ ਸੰਧਾਵਾਲੀਏ ਤੇ ਕੰਵਰ ਬਿਕਰਮ ਸਿੰਘ ਜੀ ਨੇ ਇਕੱਠੇ ਹੋ ਕੇ ਸਭਾ ਦਾ ਕੰਮ ਆਰੰਭ ਕੀਤਾ, ਜਿਸ ਨਾਲ ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਮੁੜ ਕੇ ਸਥਾਪਤੀ ਵੱਲ ਵਧੀ।

ਪ੍ਰਚਾਰ ਅਤੇ ਸਭਾ ਦਾ ਘੇਰਾ ਵਧਾਉਣ ਲਈ ਸੰਨ 1876 ਵਿਚ ਸ੍ਰੀ ਗੁਰੂ ਸਿੰਘ ਸਭਾ ਲਾਹੌਰ ਕਾਇਮ ਕੀਤੀ ਗਈ। 12 ਨਵੰਬਰ 1879 ਨੂੰ ਇਕ ਇਕੱਤਰਤਾ ਗੁਰਦੁਆਰਾ ਜਨਮ ਸਥਾਨ ਸ੍ਰੀ ਗੁਰੂ ਰਾਮਦਾਸ ਜੀ ਵਿਖੇ ਹੋਈ, ਜਿੱਥੇ ਸ੍ਰੀ ਗੁਰੂ ਸਿੰਘ ਸਭਾ ਲਾਹੌਰ ਦਾ ਮੁੱਢ ਬੱਝਾ। ਜਿਸਨੂੰ ਸਰਕਾਰੀ ਸਰਪ੍ਰਸਤੀ ਵੀ ਮਿਲੀ। ਭਾਈ ਗੁਰਮੁਖ ਸਿੰਘ ਤੇ ਭਾਈ ਹਰਸਾ ਸਿੰਘ ਦੇ ਯਤਨਾਂ ਨਾਲ ਥੋੜ੍ਹੇ ਚਿਰ ਵਿਚ ਹੀ 268 ਮੈਂਬਰਾਂ ਦੀ ਗਿਣਤੀ ਹੋ ਗਈ। ਭਾਈ ਗੁਰਮੁਖ ਸਿੰਘ ਨੇ ਸੰਨ 1880 ਵਿਚ ਲਾਹੌਰ ਤੋਂ 'ਸਪਤਾਹਿਕ' ਗੁਰਮੁਖੀ ਅਖ਼ਬਾਰ ਆਰੰਭ ਕੀਤਾ। ਗੁਰਮੁਖੀ ਅਖ਼ਬਾਰ ਰਾਹੀਂ ਸਿੱਖ ਧਰਮ ਦਾ ਸੁਨੇਹਾ ਪੰਜਾਬ ਦੇ ਕੋਨੇ-ਕੋਨੇ 'ਤੇ ਜਾਣ ਲੱਗਾ। ਭਾਈ ਗੁਰਮੁਖ ਸਿੰਘ ਨੇ ਸਾਰੇ ਪੰਜਾਬ ਦਾ ਦੌਰਾ ਕੀਤਾ। ਸੰਗਤਾਂ ਨੂੰ ਪ੍ਰੇਰਿਆ। ਜਿਸ ਨਾਲ ਹਰੇਕ ਸ਼ਹਿਰ ਕਸਬੇ ਵਿਚ ਜਿੱਥੇ ਕਿਤੇ ਵੀ ਸਿੱਖਾਂ ਦੀ ਗਿਣਤੀ ਸੀ, ਸਭਾਵਾਂ ਬਣਨ ਲੱਗੀਆਂ ਅਤੇ ਅੰਮ੍ਰਿਤਸਰ ਤੇ ਲਾਹੌਰ ਸਭਾਵਾਂ ਨਾਲ ਜੁੜਨ ਲੱਗੀਆਂ।

ਭਾਵੇਂ ਅੰਮ੍ਰਿਤਸਰ ਅਤੇ ਲਾਹੌਰ ਦੀਆਂ ਸਭਾਵਾਂ ਦਾ ਮਨੋਰਥ ਇਕ ਹੀ ਸੀ ਪਰ ਫਿਰ ਵੀ ਮੋਢੀਆਂ ਵਿਚ ਮਤਭੇਦ ਪੈਦਾ ਹੋ ਗਿਆ ਤਾਂ ਇਹ ਵੱਖ-ਵੱਖ ਜਥੇਬੰਦੀਆਂ ਹੋ ਗਈਆਂ। ਸੰਨ 1990 ਦੀ ਸਥਿਤੀ ਵਿਚ ਜਿੱਥੇ ਸਭਾ ਨੇ ਧਾਰਮਿਕ ਸੁਧਾਰ ਕੀਤੇ, ਉਥੇ ਗੁਰਦੁਆਰਿਆਂ ਦੀ ਸੰਭਾਲ ਲਈ ਪੁਜਾਰੀਆਂ ਦਾ ਸੁਧਾਰ ਕਰਨਾ ਵੀ ਸੀ, ਜੋ ਮਰਿਆਦਾ ਨੂੰ ਵਿਗਾੜਦੇ ਸਨ। ਸਿੰਘ ਸਭਾ ਲਹਿਰ ਨੇ ਇਸ ਵੱਲ ਵਿਸ਼ੇਸ਼ ਧਿਆਨ ਦਿੱਤਾ। ਪਰ ਅੰਮ੍ਰਿਤਸਰ ਦੀ ਸ੍ਰੀ ਗੁਰੂ ਸਿੰਘ ਸਭਾ ਵਿਚ ਬਹੁਗਿਣਤੀ ਪੁਜਾਰੀਆਂ, ਸੋਢੀਆਂ, ਬੇਦੀ, ਬਾਵਿਆਂ ਦੀ, ਜੋ ਇਸਦੇ ਵਿਰੋਧੀ ਸਨ। ਮਤਭੇਦ ਦੂਰ ਨਾ ਹੁੰਦੇ ਵੇਖ ਕੇ ਇਕ ਵੱਡੀ ਸਭਾ ਕਾਇਮ ਕੀਤੀ ਗਈ, ਜਿਸਦੇ ਵੀ ਕਾਰਗਰ ਨਤੀਜੇ ਨਾ ਨਿਕਲੇ। ਸੰਨ 1882 ਵਿਚ ਸ੍ਰੀ ਗੁਰੂ ਸਿੰਘ ਸਭਾ ਲਾਹੌਰ ਦੇ ਹੇਠ 'ਪੰਜਾਬੀ ਪ੍ਰਚਾਰਨੀ ਸਭਾ' ਬਣਾਈ ਗਈ। ਸਭਾ ਵਿਚ ਦਿੱਤਾ ਰਾਮ (ਗਿਆਨੀ ਦਿੱਤ ਸਿੰਘ) ਤੇ ਸ. ਜਵਾਹਰ ਸਿੰਘ ਜੋ ਪਹਿਲਾਂ ਆਰੀਆ ਸਮਾਜ ਦੇ ਪ੍ਰਚਾਰਕ ਸਨ, ਤੋਂ ਵੱਖ ਹੋ ਕੇ ਭਾਈ ਗੁਰਮੁਖ ਸਿੰਘ ਜੀ ਨਾਲ ਆਣ ਰਲੇ। ਜਿਹਨਾਂ ਨੇ ਸਭਾ ਦੀ ਉਨਤੀ ਲਈ ਅਤੇ ਗੁਰਮਤਿ ਪ੍ਰਚਾਰ ਦਾ ਬਹੁਤ ਕੰਮ ਕੀਤਾ ਪਰ ਸਮੱਸਿਆ ਫਿਰ ਵੀ ਹੱਲ ਨਾ ਹੋਈ। 1883 ਵਿਚ ਵੱਡੀ ਸਭਾ ਨੂੰ ਕਾਇਮ ਰੱਖਣ ਦੇ ਯਤਨ ਕੀਤੇ ਗਏ। ਬਸੰਤ ਪੰਚਮੀ ਨੂੰ ਦੋਹਾਂ ਸਭਾਵਾਂ ਨੂੰ ਨਵਾਂ ਨਾਂ ਦੇ ਕੇ 'ਖਾਲਸਾ ਦੀਵਾਨ ਅੰਮ੍ਰਿਤਸਰ' ਬਣਾ ਦਿੱਤਾ ਗਿਆ। ਭਾਵੇਂ ਸਿੰਘ ਸਭਾਵਾਂ ਦਾ ਆਪਸੀ ਤਾਲਮੇਲ ਨਾ ਬਣ ਸਕਿਆ ਪਰ ਸਿੱਖ ਪੰਥ ਵਿਚ ਨਵਾਂ ਜੋਸ਼ ਅਤੇ ਮਰਿਆਦਾ ਕਾਇਮ ਕਰਨ ਵਿਚ ਜੋ ਹੁਲਾਰਾ ਮਿਲਿਆ, ਉਹ ਅੱਜ ਵੀ ਸਿੱਖ ਪੰਥ ਦੀ ਬੁਨਿਆਦ ਹੈ।

**ਅੰਤਿਕਾ**- ਇਸ ਜਾਰੀ ਸਫ਼ਰ ਵਿਚ ਬੜੇ ਪੜਾਅ ਆਏ ਅਤੇ ਸਿੱਖੀ ਬਹਾਲ ਕਰਨ ਦੀ ਮੰਜ਼ਿਲ ਤੱਕ ਅੱਪੜੇ। ਜਿਵੇਂ 'ਖਾਲਸਾ ਦੀਵਾਨ ਅੰਮ੍ਰਿਤਸਰ' ਤੋਂ ਬਾਅਦ 'ਖਾਲਸਾ ਦੀਵਾਨ ਲਾਹੌਰ', 'ਚੀਫ ਖਾਲਸਾ ਦੀਵਾਨ, ਅਕਾਲੀ ਲਹਿਰ' ਨੇ ਗੁਰਮਰਿਆਦਾ ਦੀ ਪਵਿੱਤਰਤਾ ਲਈ ਕਈ ਮੋਰਚੇ ਲਾਏ, ਕਈ ਸਾਕੇ ਵਾਪਰੇ, ਅਣਮਨੁੱਖੀ ਤਸ਼ੱਦਦ ਸਹੇ ਭਾਣਾ ਮੰਨਣਾ ਅਤੇ ਸਬਰ ਦਾ ਸਬੂਤ ਸੰਸਾਰ ਵਿਚ ਕਾਇਮ ਕੀਤਾ। ਤਦ ਗੁਰਦੁਆਰਾ ਐਕਟ 1925 ਪਾਸ ਹੋਇਆ। ਦਸੰਬਰ 4, 1926 ਨੂੰ ਗੁਰਦੁਆਰਾ ਪ੍ਰਬੰਧ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ' ਹੇਠ ਆ ਗਿਆ। ਇਹ ਇਕ ਲੰਮਾ ਇਤਿਹਾਸ ਹੈ।

# ਪਰਾਲੀ ਸਾੜਨਾ ਮਨੁੱਖੀ ਜੀਵਨ ਲਈ ਘਾਤਕ ਹੀ ਨਹੀਂ, ਖਤਰਨਾਕ ਵੀ



ਇੰਜੀ.ਸਤਨਾਮ ਸਿੰਘ ਮੱਟੂ
91-97797-08257

ਕਿਸਾਨਾਂ ਵੱਲੋਂ ਖੇਤਾਂ ਦੀ ਪਰਾਲੀ ਨੂੰ ਅੱਗ ਲਗਾਉਣਾ ਅਜੇ ਤੱਕ ਵੀ ਉਲਝੀ ਤੰਦ ਬਣਿਆ ਹੋਇਆ ਹੈ। ਕਿਸਾਨ ਅਤੇ ਸਰਕਾਰਾਂ ਇਸ ਮੁੱਦੇ ਤੇ ਆਹਮੋ- ਸਾਹਮਣੇ ਹਨ । ਕਿਸਾਨ ਆਰਥਿਕ ਮੰਦਹਾਲੀ ਅਤੇ ਪਰਾਲੀ ਖਤਮ ਕਰਨ ਲਈ ਸਰਕਾਰ ਵੱਲੋਂ ਮਸ਼ੀਨਰੀ ਉਪਲਬਧ ਨਾ ਕਰਾਉਣ ਦਾ ਵਾਸਤਾ ਪਾਕੇ ਪਰਾਲੀ ਸਾੜਨ ਨੂੰ ਆਪਣੀ ਮਜਬੂਰੀ ਦੱਸ ਰਹੇ ਹਨ ਜਦਕਿ ਨੈਸਨਲ ਗ੍ਰੀਨ ਟ੍ਰਿਬਿਊਨਲ ਨੇ ਵਾਤਾਵਰਣ ਪ੍ਰਤੀ ਸੁਚੇਤ ਹੋਣ ਪ੍ਰਗਟਾਵਾ ਕਰਦਿਆਂ ਸਰਕਾਰਾਂ ਨੂੰ ਇਸ ਪ੍ਰਤੀ ਸਖਤਾਈ ਕਰਨ ਦੀ ਹਦਾਇਤ ਕੀਤੀ ਹੋਈ ਹੈ।ਪਰ ਸਰਕਾਰਾਂ ਅਜੇ ਤੱਕ ਇਸ ਮੁੱਦੇ ਪ੍ਰਤੀ ਅਵੇਸਲੀਆਂ ਹਨ।

ਇਸ ਮੁੱਦੇ ਪ੍ਰਤੀ ਵੱਖ ਵੱਖ ਵਿਚਾਰਕਾਂ ਦੀਆਂ ਵਿਚਾਰਾਂ/ਰਿਪੋਰਟਾਂ ਸਾਨੂੰ ਸਾਡੇ ਸੁਵੱਲੇ, ਉਜਲੇ ਅਤੇ ਸੁਰੱਖਿਅਤ ਭਵਿੱਖ ਲਈ ਸੋਚਣ ਲਈ ਮਜਬੂਰ ਕਰਦੀਆਂ ਹਨ। ਨੈਸ਼ਨਲ ਗ੍ਰੀਨ ਟ੍ਰਿਬਿਊਨਲ ਵੱਲੋਂ ਝੋਨੇ ਦੇ ਖੇਤਾਂ ਨੂੰ ਅੱਗ ਲਗਾਉਣ ਤੇ ਕੀਤੀ ਸਖ਼ਤੀ ਪ੍ਰਤੀ ਵਾਦ-ਵਿਵਾਦਾਂ ਵਿੱਚ ਕਿਸਾਨਾਂ ਦੀ ਆਰਥਿਕ ਮੰਦਹਾਲੀ ਦੇ ਹਵਾਲੇ ਨਾਲ ਖੇਤਾਂ ਚ ਅੱਗ ਲਗਾਉਣ ਨੂੰ ਕਿਸਾਨਾਂ ਦੀ ਮਜਬੂਰੀ ਵਜੋਂ ਪੇਸ਼ ਕੀਤਾ ਜਾਂਦਾ ਹੈ, ਪਰ ਸੋਚਣ ਵਾਲੀ ਗੱਲ ਇਹ ਹੈ ਜੇਕਰ ਕੋਈ ਮਜਬੂਰੀ ਆਮ ਲੋਕਾਂ ਲਈ ਮਾਰੂ ਸਾਬਤ ਹੋਵੇ ਤਾਂ ਕੀ ਉਹ ਮਜਬੂਰੀ ਜਾਇਜ਼ ਹੈ?

ਇੱਕ ਰਿਪੋਰਟ ਅਨੁਸਾਰ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਨਾਲ ਜ਼ਹਿਰੀਲੀਆਂ ਅਤੇ ਘਾਤਕ ਗੈਸਾਂ ਪੈਦਾ ਹੁੰਦੀਆਂ ਹਨ।ਪੰਜਾਬ ਵਿੱਚ ਲਗਭਗ 65 ਲੱਖ ਏਕੜ ਜ਼ਮੀਨ ਵਿਚ ਝੋਨੇ ਦੀ ਖੇਤੀ ਹੁੰਦੀ ਹੈ।ਇੱਕ ਏਕੜ ਖੇਤ ਚੋਂ ਇੱਕ ਅੰਦਾਜ਼ੇ ਅਨੁਸਾਰ ਢਾਈ ਤੋਂ ਤਿੰਨ ਟਨ ਪਰਾਲੀ ਪੈਦਾ ਹੁੰਦੀ ਹੈ।ਇਸ ਤਰ੍ਹਾਂ ਇਕੱਲੇ ਪੰਜਾਬ ਚ ਲਗਭਗ 17।87 ਕ੍ਰੋੜ ਟਨ ਪਰਾਲੀ ਸਾੜ ਦਿੱਤੀ ਜਾਂਦੀ ਹੈ।ਜੋ ਸਾਡੇ ਵਾਤਾਵਰਣ ਨੂੰ ਜ਼ਹਿਰੀਲੀਆਂ ਗੈਸਾਂ ਨਾਲ ਭਰ ਦਿੰਦੀ ਹੈ।ਇਹਨਾਂ ਜ਼ਹਿਰੀਲੀਆਂ ਗੈਸਾਂ ਦਾ ਪ੍ਰਭਾਵ ਸਭ ਤੋਂ ਵੱਧ ਬੱਚਿਆਂ ਅਤੇ ਬਜੁਰਗਾਂ ਦੀ ਸਿਹਤ ਤੇ ਪੈਂਦਾ ਹੈ। ਵਾਤਾਵਰਨ ਚ ਕਾਰਬਨ ਡਾਈਆਕਸਾਈਡ, ਕਾਰਬਨ ਮੋਨੋਆਕਸਾਈਡ, ਜ਼ਹਿਰੀਲਾ ਧੂੰਆਂ, ਜ਼ਹਿਰੀਲੀਆਂ ਅਤੇ ਹਾਨੀਕਾਰਕ ਗੈਸਾਂ ਦੇ ਪ੍ਰਭਾਵ ਨਾਲ ਹੋਣ ਵਾਲੀਆਂ ਬਿਮਾਰੀਆਂ ਸਾਹ, ਦਮਾ, ਬਲੱਡ ਪ੍ਰੈਸ਼ਰ, ਘਬਰਾਹਟ, ਸਿਰ ਦਰਦ, ਦਿਲ ਦੇ ਰੋਗ, ਚਮੜੀ ਦੇ ਰੋਗ, ਅੰਦਰੂਨੀ ਰੋਗਾਂ ਆਦਿ ਦੇ ਸਾਰੇ ਲੋਕ ਸ਼ਿਕਾਰ ਹੁੰਦੇ ਹਨ। ਆਮ ਦਿਨਾਂ ਚ ਸਾਡੇ ਸਾਹ ਨਾਲ ਸਰੀਰ ਅੰਦਰ ਜਾਣ ਵਾਲੇ ਮਹੀਨ ਧੂੜ ਕਣਾਂ ਦੀ ਮਾਤਰਾ 60 ਮਿਲੀਗ੍ਰਾਮ ਪ੍ਰਤੀ ਘਣ ਮੀਟਰ ਹੁੰਦੀ ਹੈ, ਪਰ ਪਰਾਲੀ ਸਾੜਨ ਦੇ ਦਿਨਾਂ ਚ ਇਹ 425 ਮਿਗ੍ਰਾ ਘਣ ਮੀਟਰ ਤਕ ਹੋ ਜਾਂਦੀ ਹੈ। ਉਸਦੇ ਜੋ ਆਮ ਲੋਕਾਂ ਦੀ ਜ਼ਿੰਦਗੀ ਤੇ ਮਾਰੂ ਅਤੇ ਖਤਰਨਾਕ ਪ੍ਰਭਾਵ ਪੈਂਦੇ ਹਨ ਜਾਂ ਬਿਮਾਰੀਆਂ ਲੱਗਦੀਆਂ ਹਨ, ਕੀ ਕਿਸਾਨਾਂ ਦੇ ਪਰਿਵਾਰ ਇਸ ਪ੍ਰਭਾਵ ਹੇਠ ਨਹੀਂ ਆਉਂਦੇ? ਪਰਾਲੀ ਸਾੜਨ ਨਾਲ ਪੈਦਾ ਹੋਏ ਧੂੰਏ ਨਾਲ ਅਨੇਕਾਂ ਸੜਕੀ ਹਾਦਸੇ ਵਾਪਰਦੇ ਹਨ ਅਤੇ ਬਹੁਤ ਮਨੁੱਖੀ ਜਾਨਾਂ ਚਲੀਆਂ ਜਾਂਦੀਆਂ ਹਨ , ਕੀ ਇਸ ਪ੍ਰਤੀ ਸਾਡੀ ਜ਼ੁੰਮੇਵਾਰੀ ਨਹੀਂ ਬਣਦੀ? ਇਸ ਤੋਂ ਇਲਾਵਾ ਅਨੇਕਾਂ ਜੀਵ ਜੰਤੂ, ਪਸ਼ੂ ਪੰਛੀ, ਕੀੜ ਮਕੌੜੇ, ਕੀਟ ਪਤੰਗੇ,



ਫੁੱਲ ਬੂਟੇ, ਦਰੱਖਤ ਆਦਿ ਦਾ ਵੀ ਅੱਗ ਨਾਲ ਸੜ ਜਾਂਦੇ ਹਨ ,ਕੀ ਇਹ ਕੁਦਰਤ ਨਾਲ ਸਰਾਸਰ ਅਨਿਆ ਨਹੀਂ ਹੈ?

ਪਰਾਲੀ ਦੇ ਧੂੰਏ ਨਾਲ ਜੋ ਬਿਮਾਰੀਆਂ ਪੈਦਾ ਹੁੰਦੀਆਂ ਹਨ,ਕੀ ਉਸਦਾ ਸ਼ਿਕਾਰ ਕਿਸਾਨ ਦੇ ਪਰਿਵਾਰ ਨਹੀਂ ਹੁੰਦੇ?।ਉਸ ਬਿਮਾਰੀ ਤੇ ਹੋਣ ਵਾਲਾ ਖਰਚਾ ਵੀ ਕਿਸਾਨ ਲਈ ਹੋਰ ਆਰਥਿਕ ਮੰਦਹਾਲੀ ਦਾ ਕਾਰਨ ਬਣਦਾ ਹੈ। ਖੇਤੀਬਾੜੀ ਮਾਹਿਰਾਂ ਮੁਤਾਬਿਕ ਪਰਾਲੀ ਸਾੜਨ ਨਾਲ ਲਗਭਗ 32 ਕਿਲੋ ਯੂਰੀਆ, 5.5 ਕਿਲੋ ਡੀਪੀਏ, 51 ਕਿਲੋ ਪੋਟਾਸ਼ ਸੜ ਜਾਂਦੀ ਹੈ, ਸਾਡੀ ਜ਼ਮੀਨ ਦੇ ਉਪਜਾਊ ਸ਼ਕਤੀ ਨੂੰ ਘਟਾ ਦਿੰਦੀ ਹੈ ਅਤੇ ਇਸਦੀ ਪੂਰਤੀ ਲਈ ਲੋੜ ਤੋਂ ਜਿਆਦਾ ਖਾਦਾਂ ਦੀ ਵਰਤੋਂ ਕਰਨੀ ਕਿਸਾਨੀ ਆਰਥਿਕਤਾ ਨੂੰ ਢਾਹ ਹੈ। ਦੂਸਰੇ ਮਨੁੱਖ ਨੇ ਵਿਕਾਸ ਦੇ ਨਾਂ ਤੇ ਨਿਰਦਈ ਬਿਰਤੀ ਨਾਲ ਦਰੱਖਤਾਂ ਉਪਰ ਕੁਹਾੜਾ ਚਲਾ ਕੁਦਰਤੀ ਪ੍ਰਤੀ ਬਿਗਾਨੇਪਨ ਦਾ ਅਹਿਸਾਸ ਕਰਵਾਇਆ ਹੈ। ਇਸ ਕ੍ਰਿਆ ਲਈ ਪੰਜਾਬ ਦੇਸ਼ ਦਾ ਦੂਜਾ ਸੂਬਾ ਹੈ, ਜਿੱਥੇ ਦਰੱਖਤਾਂ ਦੀ ਸਭ ਤੋਂ ਵੱਧ ਕਟਾਈ ਹੋਈ ਹੈ। ਵਾਤਾਵਰਣ ਵਿਭਾਗ ਦੀਆਂ ਰਿਪੋਰਟਾਂ ਅਨੁਸਾਰ ਪੰਜਾਬ ਚੋਂ ਅਕਤੂਬਰ 1980 ਤੋਂ ਫਰਵਰੀ 2018 ਤੱਕ 1.72 ਲੱਖ ਏਕੜ ਜ਼ਮੀਨ ਤੋਂ ਹਰਿਆਲੀ ਦਾ ਸਫਾਇਆ ਹੋ ਗਿਆ ਹੈ। ਪੰਜਾਬ ਨੇ ਇੱਕ ਅੰਦਾਜ਼ੇ ਅਨੁਸਾਰ ਪਿਛਲੇ 37 ਵਰ੍ਹਿਆਂ ਚ ਪੰਜਾਬ ਨੇ ਵਿਕਾਸ ਦੀ ਆੜ ਚ 5.12 ਕਰੋੜ ਦਰੱਖਤਾਂ ਦੀ ਬਲੀ ਦਿੱਤੀ ਹੈ।ਬੀਤੇ ਵਰ੍ਹੇ ਵੀ ਸਰਕਾਰ ਨੇ 14.5 ਏਕੜ ਜਮੀਨ ਚੋਂ ਹਰਿਆਲੀ ਸਾਫ ਕਰਕੇ 4ਲੱਖ ਤੋਂ ਜਿਆਦਾ ਦਰੱਖਤ ਆਰੇ ਦੀ ਭੇਂਟ ਚਾੜ੍ਹੇ ਹਨ।ਕੇਂਦਰੀ ਵਾਤਾਵਰਣ ਅਤੇ ਜੰਗਲਾਤ ਵਿਭਾਗ ਦੀਆਂ ਰਿਪੋਰਟਾਂ ਅਨੁਸਾਰ ਪੰਜਾਬ ਚ ਜੰਗਲਾਂ ਹੇਠੋਂ ਰਕਬਾ ਦਿਨ ਪ੍ਰਤੀ ਦਿਨ ਘਟ ਰਿਹਾ ਹੈ, ਜੋ ਇੱਕ ਗੰਭੀਰ ਚਿੰਤਾ ਦਾ ਵਿਸ਼ਾ ਹੈ। ਇਕੱਲੇ ਜਨਵਰੀ 2015 ਤੋਂ ਹੀ ਅੰਕੜਿਆਂ ਨੂੰ ਵਾਚੀਏ ਤਾਂ ਪਤਾ ਚਲਦਾ ਹੈ ਕਿ ਪੰਜਾਬੀਆਂ ਨੇ ਹੁਣ ਤੱਕ ਕਰੀਬ 50 ਲੱਖ ਰੁੱਖਾਂ ਤੋਂ ਧਰਤੀ ਨੂੰ ਵਿਹੂਣੀ ਕਰਕੇ 2280 ਏਕੜ ਜ਼ਮੀਨ ਨੂੰ ਜੰਗਲ ਮਕਤ ਕਰ ਦਿੱਤਾ ਹੈ। ਸੜਕਾਂ ਨੂੰ ਚੌੜੀਆਂ ਕਰਨ ਲਈ ਵੀ ਬੇਸ਼ੁਮਾਰ ਦਰੱਖਤ ਕੱਟ ਕੇ ਮਨੁੱਖ ਨੇ ਕੁਦਰਤੀ ਸੁੰਦਰਤਾ ਨੂੰ ਢਾਹ ਲਾਈ ਹੈ। ਬਠਿੰਡਾ-ਅੰਮ੍ਰਿਤਸਰ ਸੜਕ ਨੇ ਆਪਣੇ ਫੈਲਾਅ ਲਈ 30 ਹਜ਼ਾਰ, ਜਲੰਧਰ-ਦਿੱਲੀ ਸੜਕ ਨੇ 1.10 ਲੱਖ ਦਰੱਖਤਾਂ ਦੀ ਬਲੀ ਲਈ ਹੈ।ਇਸੇ ਤਰ੍ਹਾਂ ਲੁਧਿਆਣਾ-ਫਿਰੋਜ਼ਪੁਰ ਨੇ 500 ਏਕੜ ਅਤੇ ਬਠਿੰਡਾ ਜ਼ੀਰਕਪੁਰ ਸੜਕ ਨੇ 281 ਹੈਕਟਰ ਜ਼ਮੀਨ ਦਰੱਖਤਾਂ ਹੇਠੋਂ ਖੋਹੀ ਹੈ।ਮਨੁੱਖ ਕੁਦਰਤੀ ਆਬੋ ਹਵਾ ਤੋਂ ਵਿਰਵਾ ਹੋ ਰਿਹਾ ਹੈ।

ਇੱਕ ਪਾਸੇ ਅਸੀਂ ਫੈਕਟਰੀਆਂ, ਥਰਮਲ ਪਲਾਟਾਂ, ਇੱਟਾਂ ਦੇ ਭੱਠਿਆਂ, ਗੱਡੀਆਂ ਅਤੇ ਪਰਾਲੀ ਸਾੜਨ ਆਦਿ ਦੇ ਧੂੰਏਂ ਨਾਲ ਜ਼ਹਿਰੀਲੀਆਂ ਅਤੇ ਹਾਨੀਕਾਰਕ ਗੈਸਾਂ ਵਾਤਾਵਰਣ ਵਿੱਚ ਛੱਡ ਕੇ ਇਸਨੂੰ ਪਲੀਤ ਕਰ ਰਹੇ ਹਾਂ, ਦੂਜੇ ਪਾਸੇ ਵਿਕਾਸ ਦੀ ਆੜ 'ਚ ਪੰਜਾਬ ਦੀ ਧਰਤੀ ਤੋਂ ਦਰੱਖਤਾਂ ਦਾ ਕਤਲ ਕਰਕੇ ਹਰਿਆਲੀ ਨੂੰ ਖਤਮ ਕਰਨ ਚ ਕੋਈ ਕਸਰ ਛੱਡ ਰਹੇ। ਪਲੀਤ ਹੋਏ ਵਾਤਾਵਰਣ ਨੂੰ ਸਾਫ ਕਰਨ ਲਈ ਰੁੱਖਾਂ ਦਾ ਬਹੁਤ ਵੱਡਾ ਯੋਗਦਾਨ ਹੈ। ਜਿਉਂਦੇ ਰਹਿਣ ਲਈ ਮਨੁੱਖ ਨੂੰ ਆਕਸੀਜਨ ਦੀ ਲੋੜ ਹੈ, ਜਿਸਦਾ ਸਾਧਨ ਸਿਰਫ ਤੇ ਸਿਰਫ ਦਰੱਖਤ ਹਨ।ਸੋ ਧਰਤੀ ਤੋਂ ਰੁੱਖ ਖਤਮ ਕਰਕੇ ਅਸੀਂ ਆਪਣੇ ਆਪ ਨੂੰ ਖਤਮ ਕਰਨ ਵੱਲ ਧਕੇਲ ਰਹੇ ਹਾਂ।ਸ਼ਾਇਦ ਉਹ ਦਿਨ ਦੂਰ ਨਹੀਂ ਜਦੋਂ ਪੀਣ ਵਾਲੇ ਪਾਣੀ ਦੀਆਂ ਬੋਤਲਾਂ ਵਾਂਗ ਆਕਸੀਜਨ ਦੇ ਸਿਲੰਡਰ ਨਾਲ ਰੱਖਣੇ ਪਿਆ ਕਰਨਗੇ ਅਤੇ ਅਸੀਂ ਆਪਣੀ ਗਲਤੀ ਅਤੇ ਮੂਰਖਤਾ ਉੱਤੇ ਪਛਤਾਵਾ ਕਰਿਆ ਕਰਾਂਗੇ। ਆਉਣ ਵਾਲੀਆਂ ਪੀੜ੍ਹੀਆਂ ਸਾਨੂੰ ਪਾਣੀ ਪੀ ਪੀ ਕੋਸਿਆ ਕਰਨਗੀਆਂ। ਜਦਕਿ ਉਦੋਂ ਕੋਈ ਹੱਲ ਵੀ ਨਜ਼ਰ ਨਹੀਂ ਆਵੇਗਾ। ਕੁਦਰਤ ਦੀ ਦੇਣ ਰੁੱਖਾਂ ਨੂੰ ਖਤਮ ਕਰਕੇ ਸ਼ਾਇਦ ਅਸੀਂ ਆਪਣੀ ਹੋਂਦ ਨੂੰ ਖਤਮ ਕਰਨ ਦੇ ਰਾਹ ਪੈ ਗਏ ਹਾਂ। ਮੌਕੇ ਦੀਆਂ ਸਰਕਾਰਾਂ ਨੂੰ ਵੋਟ ਬੈਂਕ ਤੋਂ ਉਪਰ ਉਠ ਕੇ ਮਨੁੱਖੀ ਦੀ ਭਲਾਈ ਪ੍ਰਤੀ ਸੁਹਿਰਦ ਹੁੰਦਿਆਂ ਨੇਕ-ਨੀਅਤੀ ਨਾਲ ਪਰਾਲੀ ਨੂੰ ਸਾੜਨ ਤੋਂ ਬਚਾਉਣ ਲਈ ਪ੍ਰਬੰਧਾਂ ਹਿੱਤ ਅਗੇਤੇ ਯਤਨ ਆਰੰਭ ਕਰ ਦੇਣੇ ਚਾਹੀਦੇ ਹਨ। ਪਰਾਲੀ ਦੇ ਖਾਤਮੇ ਲਈ ਲੋੜੀਂਦੀ ਮਸ਼ੀਨਰੀ ਖਰੀਦਣ ਲਈ ਮਹਿਕਮਿਆਂ ਨੂੰ ਹੁਣੇ ਤੋਂ ਉਪਰਾਲੇ ਸ਼ੁਰੂ ਕਰ ਦੇਣੇ ਚਾਹੀਦੇ ਹਨ।ਨਹੀਂ ਤਾਂ ਮੌਕਾ ਆਉਣ ਤੇ "ਵਿਹੜੇ ਆਈ ਜੰਞ,ਵਿੰਨੋ ਕੁੜੀ ਦੇ ਕੰਨ" ਵਾਲੀ ਸਥਿਤੀ ਬਣ ਜਾਵੇਗੀ। ਪੰਜਾਬ ਸਰਕਾਰ ਵੀ ਮੌਜੂਦਾ ਬਜਟ ਵਿੱਚ ਇਸ ਕੰਮ ਲਈ ਫੰਡ ਰਾਖਵੇਂ ਰੱਖੇ।ਨਹੀਂ ਤਾਂ ਫਿਰ ਐਨ.ਜੀ.ਟੀ. ਦੇ ਰੁੱਖੇ ਅਤੇ ਸਖਤਾਈ ਭਰੇ ਰੁਖ ਦਾ ਸਾਹਮਣਾ ਕਰਨਾ ਪਵੇਗਾ। ਕਿਸਾਨਾਂ ਨੂੰ ਜੁਰਮਾਨਾ ਕਰਨਾ ਜਾਂ ਕੇਸ ਦਰਜ ਕਰਨਾ ਇਸ ਮਸਲੇ ਦਾ ਠੋਸ ਹੱਲ ਨਹੀਂ ਹੈ।

ਸੋ ਸਾਨੂੰ ਵੀ ਸਾਰਿਆਂ ਨੂੰ ਆਰਥਿਕ ਮੰਦਹਾਲੀ ਦੀ ਸੋਚ ਤੋਂ ਉਪਰ ਉਠ ਕੇ ਪੂਰੀ ਮਾਨਵਤਾ ਦੇ ਭਲੇ ਲਈ ਇਸ ਤੋਂ ਬਚਾਅ ਲਈ ਰਲ ਕੇ ਹੰਭਲਾ ਮਾਰਨ ਅਤੇ ਲੋਕ ਲਹਿਰ ਬਣਾਉਣ ਦੀ ਲੋੜ ਹੈ।ਕਿਸਾਨਾਂ ਲਈ ਵੀ ਖੇਤਾਂ ਵਿੱਚ ਪ੍ਰਤੀ ਏਕੜ ਪੰਜ ਬੂਟੇ ਖੇਤ ਚ ਲਾਉਣਾ ਜਰੂਰੀ ਕਰ ਦੇਣਾ ਚਾਹੀਦਾ ਹੈ।ਸ਼ਹਿਰੀ ਘਰਾਂ ਦੇ ਨਕਸ਼ਿਆਂ ਚ ਘਰ ਰੁੱਖ ਲਗਾਉਣਾ ਕਰ ਦੇਣਾਂ ਚਾਹੀਦਾ ਹੈ।

ਪਿੰਡਾਂ ਚ ਵੀ ਸਰਕਾਰੀ ਸਹੂਲਤਾਂ ਲੈਣ ਵਾਲੇ ਲਾਭਪਾਤਰੀਆਂ ਲਈ ਘਰ ਚ ਇੱਕ ਬੂਟਾ ਲਾਉਣ ਸ਼ਰਤ ਲਗਾ ਦੇਣੀ ਚਾਹੀਦੀ ਹੈ।ਨੈਸ਼ਨਲ ਗ੍ਰੀਨ ਟ੍ਰਿਬਿਊਨਲ ਦੇ ਆਦੇਸ਼ਾ ਦੀ ਪਾਲਣਾ ਕਰਦਿਆਂ ਪ੍ਰਦੂਸ਼ਣ ਮੁਕਤ ਵਾਤਾਵਰਨ ਸਿਰਜਣ ਲਈ ਅਤੇ ਧਰਤੀ ਦੀ ਹਰਿਆਵਲ ਬਰਕਰਾਰ ਰੱਖਣ ਲਈ ਸਮਾਜਿਕ, ਧਾਰਮਿਕ, ਰਾਜਨੀਤਕ ਸੰਸਥਾਵਾਂ, ਨੌਜਵਾਨ ਕਲੱਬਾਂ, ਸਾਹਿਤਕ ਅਤੇ ਵਿੱਦਿਅਕ ਅਦਾਰਿਆਂ ਦੀ ਸਹਾਇਤਾ ਨਾਲ ਵੱਧ ਤੋਂ ਵੱਧ ਬੂਟੇ ਲਗਾਉਣ ਲਈ ਉਪਰਾਲੇ ਕਰਨੇ ਚਾਹੀਦੇ ਹਨ।

# ਬੰਗਲੂਰੂ ਨੂੰ ਹੜ੍ਹਾਂ ਦੀ ਮਾਰ ਤੋਂ ਕਿਵੇਂ ਬਚਾਇਆ ਜਾਵੇ?



ਡਾ. ਗੁਰਿੰਦਰ ਕੌਰ
001-408-493-9776

ਸਤੰਬਰ ਦੇ ਪਹਿਲੇ ਹਫ਼ਤੇ ਭਾਰਤ ਦੀ ਸਿਲੀਕੋਨ ਵੈਲੀ ਦੇ ਨਾਮ ਨਾਲ ਜਾਣੀ ਜਾਂਦੀ ਕਰਨਾਟਕ ਦੀ ਰਾਜਧਾਨੀ ਬੰਗਲੂਰੂ ਦੇ ਬਹੁਤ ਸਾਰੇ ਖੇਤਰਾਂ ਵਿਚ ਭਾਰੀ ਮੀਂਹ ਪੈਣ ਕਾਰਨ ਹੜ੍ਹ ਵਰਗੇ ਹਾਲਤ ਪੈਦਾ ਹੋ ਗਏ ਸਨ। ਮੀਂਹ ਦਾ ਪਾਣੀ ਰਿਹਾਇਸ਼ੀ ਕਾਲੋਨੀਆਂ ਦੇ ਨਾਲ ਨਾਲ ਸ਼ਹਿਰ ਦੀ ਆਊਟਰ ਰਿੰਗ ਰੋਡ ਉੱਤੇ ਸਥਿਤ ਡੇਲੋਇਟ, ਵਿਪਰੋ, ਈਕੋਸਪੇਸ ਵਰਗੀਆਂ ਈ.ਟੀ. ਕੰਪਨੀਆਂ ਦੀਆਂ ਇਮਾਰਤਾਂ ਵਿਚ ਵੀ ਵੜ ਗਿਆ। ਸੜਕਾਂ ਉੱਤੇ ਪਾਣੀ ਨਦੀਆਂ ਵਾਂਗ ਵਹਿ ਰਿਹਾ ਸੀ। ਵਿਦਿਆਰਥੀਆਂ ਅਤੇ ਦਫ਼ਤਰ ਜਾਣ ਵਾਲੇ ਲੋਕਾਂ ਨੂੰ ਕਿਸ਼ਤੀਆਂ ਅਤੇ ਟਰੈਕਟਰਾਂ ਦਾ ਸਹਾਰਾ ਲੈਣਾ ਪਿਆ। ਸ਼ਹਿਰ ਦੇ ਕਈ ਹਿੱਸਿਆਂ ਵਿਚ ਬਿਜਲੀ ਅਤੇ ਪਾਣੀ ਦੀ ਸਪਲਾਈ ਵੀ ਬੰਦ ਰਹੀ। ਹਵਾਈ ਅੱਡੇ ਦੇ ਪਾਰਕਿੰਗ ਖੇਤਰ ਵਿਚ ਪਾਣੀ ਭਰਨ ਕਾਰਨ ਕਈ ਘਰੇਲੂ ਹਵਾਈ ਉਡਾਣਾਂ ਰੱਦ ਕਰਨੀਆਂ ਪਈਆਂ। ਬੰਗਲੂਰੂ ਵਿਚ ਪਿਛਲੇ ਸਾਢੇ ਤਿੰਨ ਦਹਾਕਿਆਂ ਵਿਚ ਸਤੰਬਰ ਦੇ ਮਹੀਨੇ ਵਿਚ 24 ਘੰਟਿਆਂ ਵਿਚ ਬਹੁਤ ਜ਼ਿਆਦਾ ਮੀਂਹ ਪੈਣ ਦੀ ਇਹ ਤੀਜੀ ਘਟਨਾ ਹੈ। ਪਹਿਲਾਂ 12 ਸਤੰਬਰ 1988 ਨੂੰ 177.6 ਮਿਲੀਮੀਟਰ ਮੀਂਹ ਪਿਆ ਸੀ, ਫੇਰ 2014 ਵਿਚ 26 ਸਤੰਬਰ ਨੂੰ 132.6 ਮਿਲੀਮੀਟਰ ਅਤੇ ਹੁਣ 5 ਸਤੰਬਰ ਨੂੰ 131.6 ਮਿਲੀਮੀਟਰ ਮੀਂਹ ਪਿਆ ਹੈ।

ਆਈ.ਟੀ. ਕੰਪਨੀਆਂ ਦਾ ਗੜ੍ਹ ਜਾਣੇ ਜਾਂਦੇ ਸ਼ਹਿਰ ਵਿਚ ਹੜ੍ਹ ਆਉਣ ਕਾਰਨ ਲੋਕਾਂ ਨੇ ਪ੍ਰਸ਼ਾਸਨ ਉੱਤੇ ਆਪਣਾ ਗੁੱਸਾ ਕੱਢਿਆ। ਸ਼ਹਿਰ ਦੇ ਚੀਫ਼ ਕਮਿਸ਼ਨਰ ਨੇ ਪ੍ਰਾਸ਼ਾਸ਼ਨ ਦੇ ਬਚਾਉ ਵਿਚ ਦਲੀਲ ਦਿੰਦੇ ਹੋਏ ਕਿਹਾ ਕਿ ਬੰਗਲੂਰੂ ਵਿਚ ਹੜ੍ਹ ਆਉਣ ਦੇ ਮੁੱਖ ਦੋ ਕਾਰਨ ਹਨ : ਇਕ ਤਾਂ ਇਸ ਸਾਲ ਮੌਨਸੂਨ ਨਾਲ ਔਸਤ ਨਾਲੋਂ ਵਧ ਮੀਂਹ ਪੈਣਾ ਹੈ ਅਤੇ ਦੂਜਾ ਆਮ ਤੌਰ ਉੱਤੇ ਸਤੰਬਰ ਦੇ ਪਹਿਲੇ ਹਫ਼ਤੇ ਵਿਚ ਔਸਤਨ 25 ਮਿਲੀਮੀਟਰ ਹੀ ਮੀਂਹ ਪੈਂਦਾ ਹੈ, ਪਰ ਇਸ ਵਾਰ ਸ਼ਹਿਰ ਦੇ ਕੁਝ ਹਿੱਸਿਆਂ ਵਿਚ ਇਕ ਦਿਨ ਵਿਚ ਹੀ 150 ਤੋਂ 300 ਮਿਲੀਮੀਟਰ ਮੀਂਹ ਪੈ ਗਿਆ ਹੈ। ਕਰਨਾਟਕ ਦੇ ਮੁੱਖ ਮੰਤਰੀ ਦਾ ਕਹਿਣਾ ਹੈ ਕਿ ਸ਼ਹਿਰ ਵਿਚਲੀਆਂ ਝੀਲਾਂ ਦੇ ਓਵਰਫਲੋ ਹੋ ਜਾਣ ਕਾਰਨ ਸ਼ਹਿਰ ਵਿਚ ਹੜ੍ਹ ਆਇਆ ਹੈ।

ਭਾਰੀ ਮੀਂਹ ਪੈਣ ਤੋਂ ਬਾਅਦ ਇਕੱਲੇ ਬੰਗਲੂਰੂ ਸ਼ਹਿਰ ਵਿਚ ਹੀ ਹੜ੍ਹ ਨਹੀਂ ਆਇਆ ਹੈ, ਇਸ ਤਰ੍ਹਾਂ ਦੇ ਹੜ੍ਹ ਤਾਂ ਭਾਰਤ ਦੇ ਲਗਭਗ ਸਾਰੇ ਸ਼ਹਿਰਾਂ ਵਿਚ ਹੀ ਆਉਂਦੇ ਹਨ। ਹਰ ਵਾਰ ਮੀਂਹ ਪੈਣ ਤੋਂ ਬਾਅਦ ਮੁੰਬਈ ਅਤੇ ਦਿੱਲੀ ਵਰਗੇ ਵੱਡੇ ਸ਼ਹਿਰ ਵੀ ਹਾਲੋਂ-ਬੇਹਾਲ ਹੋਏ ਪਏ ਹੁੰਦੇ ਹਨ। ਬੰਗਲੂਰੂ ਵਿਚ ਹੜ੍ਹ ਆਉਣ ਦੇ ਕਈ ਕਾਰਨ ਹਨ। ਜਿਨ੍ਹਾਂ ਵਿਚ ਮੁੱਖ ਸ਼ਹਿਰ ਦਾ ਅਣਯੋਜਿਤ ਵਿਕਾਸ, ਇਮਾਰਤਾਂ ਥੱਲੇ ਵਧਦਾ ਰਕਬਾ, ਝੀਲਾਂ ਦੇ ਖੇਤਰ ਉੱਤੇ ਨਾਜਾਇਜ਼ ਕਬਜ਼ੇ, ਝੀਲਾਂ ਵਿਚ ਮਿੱਟੀ ਆਦਿ ਜਮ੍ਹਾਂ ਹੋਣਾ, ਝੀਲਾਂ ਨੂੰ ਇਕ ਦੂਜੇ ਨਾਲ ਜੋੜਨ ਵਾਲੇ ਬਰਸਾਤੀ ਨਾਲਿਆਂ ਅਤੇ ਸੂਇਆਂ (ਜਿਨ੍ਹਾਂ ਨੂੰ ਸਥਾਨਕ ਭਾਸ਼ਾ ਵਿਚ ਕਾਲੂਵੇਅਜ਼ ਕਹਿੰਦੇ ਹਨ) ਉੱਤੇ ਉਸਾਰੀਆਂ ਅਤੇ ਕਬਜ਼ੇ, ਦਰਖ਼ਤਾਂ/ਜੰਗਲਾਂ ਥੱਲੇ ਘਟਦਾ ਰਕਬਾ, ਆਦਿ ਹਨ।

ਬੰਗਲੂਰੂ ਸ਼ਹਿਰ ਵਿਚ ਆਈ.ਟੀ. ਕੰਪਨੀਆਂ ਦੇ ਆਉਣ ਕਾਰਨ ਇਹ ਸ਼ਹਿਰ ਤੇਜ਼ੀ ਨਾਲ ਫੈਲਣ ਲੱਗ ਪਿਆ। ਇੰਡੀਅਨ ਇੰਨਸਾਟੀਚਿਊਟ ਆਫ਼ ਸਾਇੰਸ ਦੀ 2016 ਦੀ ਇਕ ਰਿਪੋਰਟ ਅਨੁਸਾਰ ਸ਼ਹਿਰ ਦੇ ਇਮਾਰਤਾਂ ਵਾਲੇ ਖੇਤਰ ਵਿਚ 1973 ਤੋਂ 2016 ਤੱਕ 1005 ਫ਼ੀਸਦ ਵਾਧਾ ਹੋਇਆ ਹੈ। 1973 ਵਿਚ ਇਮਾਰਤਾਂ ਥੱਲੇ ਸ਼ਹਿਰ ਦਾ ਸਿਰਫ਼ 8 ਫ਼ੀਸਦ ਖੇਤਰ ਸੀ ਜਿਹੜਾ 1992 ਵਿਚ ਵਧ ਕੇ 27.3 ਫ਼ੀਸਦ, ਅਤੇ 2016 ਵਿਚ 77 ਫ਼ੀਸਦ ਹੋ ਗਿਆ ਸੀ ਅਤੇ 2020 ਵਿਚ ਇਹ ਵਧ ਕੇ 93.3 ਫ਼ੀਸਦ ਹੋ ਜਾਵੇਗਾ। ਹੁਣ 2022 ਚੱਲ ਰਿਹਾ ਹੈ, ਇਮਾਰਤਾਂ ਥੱਲੇ ਸ਼ਹਿਰੀ ਖੇਤਰ ਹੋਰ ਵੀ ਵਧ ਗਿਆ ਹੋਵੇਗਾ। ਬੰਗਲੂਰੂ ਦੀ ਸ਼ਹਿਰੀ ਆਬਾਦੀ 2021 ਵਿਚ ਵਧ ਕੇ 1 ਕਰੋੜ 27 ਲੱਖ ਹੋ ਗਈ ਜਿਹੜੀ 1971 ਵਿਚ ਸਿਰਫ਼ 16 ਲੱਖ 77 ਹਜ਼ਾਰ ਸੀ। ਪਿਛਲੇ ਪੰਜ ਦਹਾਕਿਆਂ ਵਿਚ ਬੰਗਲੂਰੂ ਦੀ ਆਬਾਦੀ ਵਿਚ 661.49 ਫ਼ੀਸਦ ਵਾਧਾ ਹੋਇਆ ਹੈ। ਆਬਾਦੀ ਵਿਚ ਤੇਜੀ ਨਾਲ ਹੋਏ ਵਾਧੇ ਅਤੇ ਆਈ.ਟੀ. ਕੰਪਨੀਆਂ ਦੀ ਆਮਦ ਨੇ ਬੰਗਲੂਰੂ ਦੀ ਬਨਸਪਤੀ ਅਤੇ ਜਲ ਸਰੋਤਾਂ ਥੱਲੇ ਵਾਲਾ ਖੇਤਰ ਤੇਜ਼ੀ ਨਾਲ ਘਟਾ ਦਿੱਤਾ। ਇੰਡੀਅਨ ਇੰਨਸਟੀਚਿਊਟ ਆਫ਼ ਸਾਇੰਸ ਦੀ ਉਪਰੋਕਤ ਰਿਪੋਰਟ ਅਨੁਸਾਰ ਸ਼ਹਿਰੀ ਵਿਕਾਸ ਅਤੇ ਇਮਾਰਤਾਂ ਹੇਠਾਂ ਵਧਦੇ ਖੇਤਰ ਨਾਲ ਬੰਗਲੂਰੂ ਦੀ ਧਰਤੀ ਦੀ ਵਰਤੋਂ ਦੇ ਤਰੀਕੇ ਵਿਚ ਵੀ ਬਹੁਤ ਤਬਦੀਲੀ ਆਈ ਹੈ। 1973 ਦੇ ਮੁਕਾਬਲੇ 2016 ਵਿਚ ਬਨਸਪਤੀ ਥੱਲੇ ਰਕਬਾ 88 ਫ਼ੀਸਦ ਅਤੇ ਜਲ ਸਰੋਤਾਂ ਥੱਲੇ



ਰਕਬਾ 79 ਫ਼ੀਸਦ ਘਟ ਗਿਆ।

ਇਤਿਹਾਸਕ ਪਿਛੋਕੜ ਵਿਚ ਬੰਗਲੂਰੂ ਸ਼ਹਿਰ ਨੂੰ ਝੀਲਾਂ ਅਤੇ ਬਾਗਾਂ ਦਾ ਸ਼ਹਿਰ ਵੀ ਕਿਹਾ ਜਾਦਾ ਸੀ। ਬੰਗਲੂਰੂ ਵਾਸੀਆਂ ਦੀਆਂ ਹਰ ਤਰ੍ਹਾਂ ਦੀਆਂ ਪਾਣੀ ਦੀਆਂ ਲੋੜਾਂ ਨੂੰ ਇੱਥੋਂ ਦੀਆਂ ਝੀਲਾਂ ਪੂਰਾ ਕਰ ਦਿੰਦੀਆਂ ਸਨ। ਬੰਗਲੂਰੂ ਸ਼ਹਿਰ ਪਹਾੜੀਆਂ ਉੱਤੇ ਵੱਸਿਆ ਹੋਇਆ ਹੈ ਅਤੇ ਇੱਥੇ ਮੌਨਸੂਨ ਪੌਣਾਂ ਸਾਲ ਵਿਚ ਦੋ ਵਾਰ (ਆਉਣ ਵੇਲੇ ਜੂਨ-ਜੁਲਾਈ ਵਿਚ ਅਤੇ ਜਾਣ ਵੇਲੇ ਅਗਸਤ ਦੇ ਪਿਛਲੇ ਹਫ਼ਤੇ ਵਿਚ) ਮੀਂਹ ਪਾਉਂਦੀਆਂ ਹਨ। ਮੀਂਹ ਦਾ ਪਾਣੀ ਪਹਾੜੀਆਂ ਦੇ ਆਲੇ-ਦੁਆਲੇ ਦੇ ਨੀਵੇਂ ਖੇਤਰਾਂ ਵਿਚ ਜਮ੍ਹਾਂ ਹੋ ਜਾਂਦਾ ਹੈ। ਝੀਲਾਂ ਨੂੰ ਪੁਰਾਣੇ ਸਮਿਆਂ ਵਿਚ ਇਕ ਦੂਜੇ ਨਾਲ ਛੋਟੇ ਛੋਟੇ ਸੂਏ ਜਾਂ ਨਹਿਰਾਂ ਬਣਾ ਕੇ ਜੋੜਿਆ ਹੋਇਆ ਸੀ। ਜਦੋਂ ਮੀਂਹ ਪੈਣ ਨਾਲ ਪਾਣੀ ਇਨ੍ਹਾਂ ਝੀਲਾਂ ਵਿਚ ਭਰ ਜਾਂਦਾ ਸੀ ਤਾਂ ਵਾਧੂ ਪਾਣੀ ਸੂਇਆਂ ਅਤੇ ਨਹਿਰਾਂ ਰਾਹੀਂ ਦੂਜੀਆਂ ਝੀਲਾਂ ਜਾਂ ਤਲਾਬਾਂ ਵਿਚ ਇਕੱਠਾ ਕਰ ਲਿਆ ਜਾਂਦਾ ਸੀ ਅਤੇ ਬਾਅਦ ਵਿਚ ਲੋਕ ਆਪਣੀਆਂ ਲੋੜਾਂ ਮੁਤਾਬਕ ਵਰਤ ਲੈਂਦੇ ਸਨ।

ਭਾਰਤ ਵਿਚ ਮੀਂਹ ਦੇ ਪਾਣੀ ਦੀ ਸਾਂਭ-ਸੰਭਾਲ ਦਾ ਇਕ ਬਹੁਤ ਹੀ ਅਮੀਰ ਵਿਰਸਾ ਹੈ। ਦੇਸ਼ ਦੇ ਹਰ ਖੇਤਰ ਵਿਚ ਮੀਂਹ ਦਾ ਪਾਣੀ ਵੱਖ ਵੱਖ ਤਰੀਕਿਆਂ ਨਾਲ ਉਸ ਖੇਤਰ ਦੀ ਭੂਗੋਲਿਕ ਸਥਿਤੀ ਅਨੁਸਾਰ ਇਕੱਠਾ ਕਰ ਲਿਆ ਜਾਂਦਾ ਸੀ। ਦੇਸ ਦਾ ਦੱਖਣੀ ਹਿੱਸਾ ਪਠਾਰੀ ਹੈ, ਇਸ ਹਿੱਸੇ ਵਿਚ ਤਾਲਾਬ ਬਣਾਏ ਜਾਂਦੇ ਸਨ ਜਿਨ੍ਹਾਂ ਵਿਚ ਮੀਂਹ ਦਾ ਪਾਣੀ ਆਪਮੁਹਾਰੇ ਇਕੱਠਾ ਹੋ ਜਾਂਦਾ ਸੀ ਉਸ ਪਾਣੀ ਨੂੰ ਲੋਕ ਆਪਣੀਆਂ ਰੋਜ਼ਾਨਾਂ ਦੀਆਂ ਲੋੜਾਂ ਲਈ ਵਰਤਦੇ ਸਨ ਅਤੇ ਇਨ੍ਹਾਂ ਥਾਵਾਂ ਨੂੰ ਸਾਫ਼-ਸੁਥਰੀਆਂ ਰੱਖਣ ਦੇ ਨਾਲ ਨਾਲ ਇਨ੍ਹਾਂ ਨੂੰ ਪੂਜਦੇ ਵੀ ਸਨ। ਨਵੀਆਂ ਤਕਨੀਕਾਂ ਦੇ ਪ੍ਰਭਾਵ ਥੱਲੇ ਆ ਕੇ ਅਸੀਂ ਕੁਦਰਤੀ ਸਰੋਤਾਂ ਦੀ ਅਣਦੇਖੀ ਕਰਨ ਲੱਗ ਪਏ ਹਾਂ। ਬੰਗਲੂਰੂ ਸ਼ਹਿਰ ਵਿਚ ਆਬਾਦੀ ਦੇ ਵਾਧੇ ਕਾਰਨ ਕੁਝ ਝੀਲਾਂ ਦੇ ਖੇਤਰ ਉੱਤੇ ਕਬਜ਼ੇ ਕਰ ਕੇ ਮਕਾਨ ਅਤੇ ਹੋਰ ਇਮਾਰਤਾਂ ਬਣਾ ਲਈਆਂ ਹਨ ਜਿਸ ਨਾਲ ਝੀਲਾਂ ਦਾ ਰਕਬਾ ਘਟ ਗਿਆ ਹੈ। ਝੀਲਾਂ ਨੂੰ ਆਪਸ ਵਿਚ ਜੋੜਨ ਲਈ ਜਿਹੜੇ ਸੂਏ ਜਾਂ ਨਾਲੇ ਆਦਿ ਬਣਾਏ ਗਏ ਸਨ ਉਨ੍ਹਾਂ ਉੱਤੇ ਵੀ ਕਈ ਤਰ੍ਹਾਂ ਦੀਆਂ ਉਸਾਰੀਆਂ ਹੋ ਗਈਆਂ ਕਿਉਂਕਿ ਇਹ ਸੂਏ ਜਾਂ ਨਾਲੇ ਸਿਰਫ਼ ਵੱਧ ਮੀਂਹ ਪੈਣ ਵੇਲੇ ਝੀਲਾਂ ਦੇ ਓਵਰਫਲੋ ਕਰਨ ਵੇਲੇ ਹੀ ਕੰਮ ਆਉਂਦੇ ਅਤੇ ਬਾਕੀ ਸਮਾਂ ਖਾਲੀ ਪਏ ਰਹਿੰਦੇ ਸਨ। ਝੀਲਾਂ, ਤਲਾਬਾਂ ਅਤੇ ਜਲਗਾਹਾਂ ਮੀਂਹ ਦੇ ਪਾਣੀ ਨੂੰ ਸਪੰਜ ਵਾਂਗ ਜ਼ਜ਼ਬ ਕਰ ਲੈਂਦੇ ਹਨ ਜਿਸ ਨਾਲ ਇਕ ਪਾਸੇ ਹੜ੍ਹ ਤੋਂ ਬਚਾਅ ਹੋ ਜਾਂਦਾ ਹੈ ਅਤੇ ਦੂਜੇ ਪਾਸੇ ਇਹ ਪਾਣੀ ਧਰਤੀ ਹੇਠਲੇ ਪਾਣੀ ਨੂੰ ਰਿਚਾਰਜ ਕਰਨ ਦੇ ਨਾਲ ਨਾਲ ਲੋਕਾਂ ਦੀਆਂ ਰੋਜ਼ਮਰ੍ਹਾਂ ਦੀਆਂ ਲੋੜਾਂ ਨੂੰ ਪੂਰਾ ਕਰਨ ਦੇ ਕੰਮ ਆਉਂਦਾ ਹੈ।

ਇਕੱਲਾ ਬੰਗਲੂਰੂ ਸ਼ਹਿਰ ਹੀ ਇਸ ਤਰ੍ਹਾਂ ਜਲ ਸਰੋਤਾਂ ਉੱਤੇ ਉਸਾਰੀਆਂ, ਕਬਜ਼ਿਆਂ ਅਤੇ ਅਣਦੇਖੀ ਕਾਰਨ ਹੜ੍ਹਾਂ ਦਾ ਸ਼ਿਕਾਰ ਨਹੀਂ ਹੋਇਆ ਹੈ। ਦੇਸ ਦੇ ਹੋਰ ਵੀ ਬਹੁਤ ਸਾਰੇ ਸ਼ਹਿਰ ਜਿਵੇਂ ਸ੍ਰੀਨਗਰ, ਚੇਨਈ, ਦਿੱਲੀ, ਮੁੰਬਈ ਆਦਿ ਨੇ ਵੀ ਹੜ੍ਹਾਂ ਦੀ ਮਾਰ ਸਹੀ ਹੈ। 2014 ਵਿਚ ਸ੍ਰੀਨਗਰ ਵਿਚ ਹੜ੍ਹ ਨੇ ਭਾਰੀ ਤਬਾਹੀ ਮਚਾਈ ਸੀ। ਉੱਥੇ ਵੀ ਹੜ੍ਹ ਆਉਣ ਦਾ ਮੁੱਖ ਕਾਰਨ ਝੀਲਾਂ, ਬਰਸਾਤੀ ਨਾਲਿਆਂ ਅਤੇ ਜਿਹਲਮ ਦਰਿਆ ਦੇ ਵਹਾਅ ਖੇਤਰ ਉੱਤੇ ਹੋਈਆਂ ਉਸਾਰੀਆਂ ਅਤੇ ਕਬਜ਼ੇ ਹੀ ਸਨ। ਹਮਾਊ ਅਤੇ ਰਾਸ਼ਿਦ ਦੇ ਇਕ ਖੋਜ ਅਧਿਐਨ ਅਨੁਸਾਰ ਸ੍ਰੀਨਗਰ ਦੀਆਂ 50 ਫ਼ੀਸਦ ਜਲਗਾਹਾਂ ਉਸਾਰੀਆਂ ਅਤੇ ਨਜ਼ਾਇਜ਼ ਕਬਜ਼ਿਆਂ ਕਾਰਨ ਪਿਛਲੀ ਇਕ ਸਦੀ ਵਿਚ ਆਪਣਾ ਵਜੂਦ ਖੋ ਚੁੱਕੀਆਂ ਹਨ।

ਸ੍ਰੀਨਗਰ ਦੀ ਸਭ ਤੋਂ ਵੱਡੀ, ਝੀਲ ਵੂਲਰ ਦਾ ਖੇਤਰ 1901 ਦੇ ਮੁਕਾਬਲੇ 2011 ਵਿਚ 88 ਫ਼ੀਸਦ ਅਤੇ ਡੱਲ ਝੀਲ ਦਾ 50 ਫ਼ੀਸਦ ਘਟ ਗਿਆ। ਇਹੋ ਜਿਹਾ ਵਰਤਾਰਾ ਤਾਮਿਲਨਾਡੂ ਦੇ ਚੇਨਈ ਸ਼ਹਿਰ ਨਾਲ ਵੀ ਵਾਪਰਿਆ ਹੋਇਆ ਹੈ। ਚੇਨਈ ਦੀ ਅੰਨਾ ਯੂਨੀਵਰਸਿਟੀ ਦਾ ਇਕ ਖੋਜ ਅਨੁਸਾਰ 20ਵੀਂ ਸਦੀ ਦੇ ਸ਼ੁਰੂ ਵਿਚ ਚੇਨਈ ਵਿਚ 60 ਵੱਡੇ ਤਲਾਬ ਅਤੇ ਝੀਲਾਂ ਸਨ ਅਤੇ ਅਦਿਆਰ ਅਤੇ ਕੌਮ ਨਾਮ ਦੇ ਦੋ ਦਰਿਆ ਸਨ ਜੋ ਲੋਕਾਂ ਦੀਆਂ ਪਾਣੀ ਦੀਆਂ ਲੋੜਾਂ ਦੀ ਪੂਰਤੀ ਕਰਦੇ ਸਨ। ਹੁਣ ਇਨ੍ਹਾਂ ਤਲਾਬਾਂ/ਝੀਲਾਂ ਦੀ ਗਿਣਤੀ ਘਟ ਕੇ 26 ਹੀ ਰਹਿ ਗਈ ਹੈ। ਅਦਿਆਰ ਦਰਿਆ ਦੇ ਵਹਾਅ ਖੇਤਰ ਉੱਤੇ ਹਵਾਈ ਅੱਡਾ ਬਣਾ ਦਿੱਤਾ ਗਿਆ ਹੈ। ਜਲਗਾਹਾਂ ਉੱਤੇ ਉਸਾਰੀਆਂ ਇਮਾਰਤਾਂ ਅਤੇ ਕਬਜ਼ਿਆਂ ਕਾਰਨ ਹੀ ਚੇਨਈ ਸ਼ਹਿਰ ਨੂੰ 2015 ਵਿਚ ਹੜ੍ਹਾਂ ਦੀ ਭਿਆਨਕ ਮਾਰ ਪਈ ਸੀ ਅਤੇ 2019 ਵਿਚ ਇਹ ਸ਼ਹਿਰ ਪਾਣੀ ਦੇ ਗੰਭੀਰ ਸੰਕਟ ਵਿਚ ਫਸ ਗਿਆ ਸੀ।

ਝੀਲਾਂ, ਤਲਾਬ ਆਦਿ ਉਹ ਜਲ ਸਰੋਤ ਹਨ ਜੋ ਸਾਨੂੰ ਹੜ੍ਹਾਂ ਅਤੇ ਸੋਕੇ ਵਰਗੀਆਂ ਘਟਨਾਵਾਂ ਤੋਂ ਬਚਾਉਂਦੇ ਹਨ। ਨੀਤੀ ਆਯੋਗ 2018 ਦੀ ਇਕ ਰਿਪੋਰਟ ਅਨੁਸਾਰ ਅੱਜਕੱਲ੍ਹ ਹੜ੍ਹ ਦੀ ਮਾਰ ਝੱਲ ਰਿਹਾ ਬੰਗਲੂਰੂ ਸ਼ਹਿਰ ਕੁਦਰਤੀ ਜਲ ਸਰੋਤਾਂ ਦੀ ਅਣਦੇਖੀ ਕਾਰਨ ਉਨ੍ਹਾਂ 21 ਸ਼ਹਿਰਾਂ ਵਿਚ ਵੀ ਸ਼ਾਮਲ ਸੀ ਜਿਨ੍ਹਾਂ ਵਿਚ ਉਥੋਂ ਦੇ ਵਾਸੀ ਆਉਣ ਵਾਲੇ ਸਮੇਂ ਵਿਚ ਪੀਣ ਵਾਲੇ ਪਾਣੀ ਲਈ ਸ਼ਹਿਰ ਤੋਂ ਬਾਹਰਲੇ ਸਰੋਤਾਂ ਉੱਤੇ ਹੀ ਨਿਰਭਰ ਹੋ ਜਾਣਗੇ।

ਕਰਨਾਟਕ ਸਰਕਾਰ ਨੇ ਆਰਥਿਕ ਵਿਕਾਸ ਦੀ ਉੱਤਲੀ ਪੌੜੀ ਵੱਲ ਜਾਂਦਿਆਂ ਬੰਗਲੂਰੂ ਸ਼ਹਿਰ ਵਿਚ ਜਲ ਸਰੋਤਾਂ ਦੇ ਖੇਤਰ ਵਿਚ ਜੰਗਲਾਂ/ਦਰਖ਼ਤਾਂ ਦੀ ਵੀ ਅੰਧਾਧੁੰਦ ਕਟਾਈ ਕੀਤੀ ਹੈ। ਝੀਲਾਂ ਅਤੇ ਬਾਗਾਂ ਦੇ ਨਾਮ ਨਾਲ ਜਾਣੇ ਜਾਂਦੇ ਸ਼ਹਿਰ ਦੀ 2016 ਤੱਕ 88 ਫ਼ੀਸਦ ਬਨਸਪਤੀ ਖ਼ਤਮ ਹੋ ਚੁੱਕੀ ਸੀ। ਪਿਛਲੇ 6 ਸਾਲਾਂ ਵਿਚ ਇਸ ਦਾ ਫ਼ੀਸਦ ਖੇਤਰ ਹੋਰ ਵੀ ਘਟ ਹੋ ਗਿਆ ਹੋਵੇਗਾ। ਹਰ ਖੇਤਰ ਅਤੇ ਦੇਸ ਵਿਚ ਕੁਦਰਤੀ ਸੰਤੁਲਨ ਨੂੰ ਬਣਾ ਕੇ ਰੱਖਣ ਲਈ ਉਸਦੇ ਘੱਟੋ-ਘੱਟ 33 ਫ਼ੀਸਦ ਖੇਤਰ ਵਿਚ ਜੰਗਲ/ਦਰਖ਼ਤ ਹੋਣੇ ਚਾਹੀਦੇ ਹਨ। ਇਕ ਤਾਂ ਦਰਖ਼ਤ ਤਾਪਮਾਨ ਦੇ ਵਾਧੇ ਨੂੰ ਕਾਬੂ ਰੱਖਣ ਵਿਚ ਸਹਾਈ ਹੁੰਦੇ ਹਨ ਅਤੇ ਦੂਜੇ ਦਰਖ਼ਤਾਂ ਦੀਆਂ ਜੜ੍ਹਾਂ ਮੀਂਹ ਦੇ ਵਾਧੂ ਪਾਣੀ ਨੂੰ ਸੋਖ ਕੇ ਹੜ੍ਹਾਂ ਤੋਂ ਵੀ ਬਚਾਅ ਕਰਦੀਆਂ ਹਨ। ਕਿਸੇ ਥਾਂ/ਖੇਤਰ ਨੂੰ ਹੜ੍ਹ ਅਤੇ ਸੋਕੇ ਵਰਗੀਆਂ ਕੁਦਰਤੀ ਆਫ਼ਤਾਂ ਦੀ ਮਾਰ ਤੋਂ ਬਚਾਉਣ ਲਈ ਉਥੋਂ ਦੇ ਕੁਦਰਤੀ ਸੰਤੁਲਨ ਦਾ ਖ਼ਾਸ ਖਿਆਲ ਰੱਖਣਾ ਚਾਹੀਦਾ ਹੈ।

ਇਸ ਗੱਲ ਤੋਂ ਵੀ ਇਨਕਾਰੀ ਨਹੀਂ ਹੋਇਆ ਜਾ ਸਕਦਾ ਕਿ ਮੌਸਮੀ ਤਬਦੀਲੀਆਂ ਕਾਰਨ ਕੁਦਰਤੀ ਆਫ਼ਤਾਂ ਦੀ ਆਮਦ ਦੀ ਗਿਣਤੀ ਅਤੇ ਮਾਰ ਦੀ ਗਹਿਰਾਈ ਵਿਚ ਵੀ ਕਾਫ਼ੀ ਵਾਧਾ ਹੋਇਆ ਹੈ। ਇਨ੍ਹਾਂ ਕੁਦਰਤੀ ਆਫ਼ਤਾਂ ਦੀ ਮਾਰ ਤੋਂ ਬਚਾਉ ਲਈ ਕੁਦਰਤੀ ਸਰੋਤਾਂ ਦੀ ਸੰਭਾਲ ਕਰਨੀ ਪਵੇਗੀ। ਬੰਗਲੂਰੂ ਸ਼ਹਿਰ ਨੂੰ ਹੜ੍ਹ ਅਤੇ ਸੋਕੇ ਦੀ ਮਾਰ ਤੋਂ ਬਚਾਉਣ ਲਈ ਸ਼ਹਿਰ ਦੇ ਪ੍ਰਸ਼ਾਸ਼ਨ ਅਤੇ ਰਾਜ ਸਰਕਾਰ ਨੂੰ ਸ਼ਹਿਰ ਵਿਚਲੀਆ ਬਚੀਆਂ ਹੋਈਆਂ ਝੀਲਾਂ ਦੇ ਖੇਤਰ ਉੱਤੇ ਹੋਏ ਨਜਾਇਜ਼ ਕਬਜ਼ੇ ਹਟਾਉਣੇ ਚਾਹੀਦੇ ਹਨ। ਜਿਨ੍ਹਾਂ ਝੀਲਾਂ ਦਾ ਇਕ ਦੂਜੇ ਨਾਲ ਜੋੜਣਾ ਸੰਭਵ ਹੈ ਉੱਥੇ ਬਰਸਾਤੀ ਨਾਲੇ ਬਣਾ ਕੇ ਉਨ੍ਹਾਂ ਨੂੰ ਜੋੜਣਾ ਚਾਹੀਦਾ ਹੈ ਤਾਂਕਿ ਫਿਰ ਜਦੋਂ ਜ਼ਿਆਦਾ ਮੀਂਹ ਪਵੇ ਤਾਂ ਸ਼ਹਿਰ ਵਾਸੀਆਂ ਨੂੰ ਹੜ੍ਹ ਵਰਗੀ ਸਥਿਤੀ ਦਾ ਸਾਹਮਣਾ ਨਾ ਕਰਨਾ ਪਵੇ। ਝੀਲਾਂ ਵਿਚ ਜੰਮੀ ਹੋਈ ਮਿੱਟੀ ਅਤੇ ਹੋਰ ਪਦਾਰਥ ਬਾਹਰ ਕੱਢਣੇ ਚਾਹੀਦੇ ਹਨ ਅਤੇ ਉਨ੍ਹਾਂ ਨੂੰ ਚੰਗੀ ਤਰ੍ਹਾਂ ਸਾਫ਼ ਕਰਵਾਉਣਾ ਚਾਹੀਦਾ ਹੈ। ਸ਼ਹਿਰ ਦੇ ਪ੍ਰਸ਼ਾਸ਼ਨ ਨੂੰ ਸ਼ਹਿਰ ਦੇ ਸਾਰੇ ਤਰ੍ਹਾਂ ਦੇ ਜਲਸਰੋਤਾਂ ਦੀ ਸਫ਼ਾਈ ਵੀ ਯਕੀਨੀ ਬਣਾਉਣੀ ਚਾਹੀਦੀ ਹੈ।

ਬੰਗਲੂਰੂ ਦੀਆਂ ਕਈ ਝੀਲਾਂ ਵਿਚ ਫ਼ੈਕਟਰੀਆਂ ਅਤੇ ਸੀਵਰੇਜ ਦਾ ਅਣਸੋਧਿਆ ਪਾਣੀ ਸਿੱਧਾ ਹੀ ਨਿਕਾਸ ਦਿੱਤਾ ਜਾਂਦਾ ਹੈ ਜਿਸ ਨਾਲ ਕਈ ਵਾਰੀ ਇਨ੍ਹਾਂ ਝੀਲਾਂ ਵਿਚ ਅੱਗ ਲੱਗ ਜਾਂਦੀ ਹੈ। ਸ਼ਹਿਰ ਦੇ ਪ੍ਰਸ਼ਾਸ਼ਨ ਦੀ ਇਹ ਵੀ ਜ਼ਿੰਮੇਵਾਰੀ ਬਣਦੀ ਹੈ ਕਿ ਕਿਸੇ ਵੀ ਤਰ੍ਹਾਂ ਦਾ ਅਣਸੋਧਿਆ ਗੰਦਾ ਪਾਣੀ ਝੀਲਾਂ, ਤਾਲਾਬਾਂ ਅਤੇ ਹੋਰ ਜਲਸਰੋਤਾਂ ਵਿਚ ਨਾ ਸੁੱਟਿਆ ਜਾਵੇ। ਸੀਵਰੇਜ ਦੇ ਪਾਣੀ ਦੀ ਸਫ਼ਾਈ ਲਈ ਸ਼ਹਿਰ ਦੀ ਮਿਊਂਸਿਪਲ ਕਾਰਪੋਰੇਸ਼ਨ ਨੂੰ ਫ਼ੈਕਟਰੀਆਂ ਤੋਂ ਨਿਕਲੇ ਗੰਦੇ ਪਾਣੀ ਦੀ ਨਿਕਾਸੀ ਲਈ ਉਨ੍ਹਾਂ ਦੇ ਮਾਲਕਾਂ ਉੱਤੇ ਬਣਦੀ ਕਾਰਵਾਈ ਕਰਨੀ ਚਾਹੀਦੀ ਹੈ। ਸ਼ਹਿਰ ਨੂੰ ਹੜ੍ਹ ਤੋਂ ਬਚਾਉਣ ਲਈ ਉਨ੍ਹਾਂ ਥਾਵਾਂ ਦੀ ਵੀ ਨਿਸ਼ਾਨਦੇਹੀ ਕਰ ਲੈਣੀ ਚਾਹੀਦੀ ਹੈ ਜਿੱਥੇ ਮੀਂਹ ਦਾ ਜ਼ਿਆਦਾ ਪਾਣੀ ਇਕੱਠਾ ਹੁੰਦਾ ਹੈ।


ਉਨ੍ਹਾਂ ਥਾਵਾਂ ਦੇ ਨੇੜੇ ਸੁਰੱਖਿਅਤ ਥਾਂ ਲੱਭ ਕੇ ਡੂੰਘੇ ਖੂਹ ਬਣਾ ਕੇ ਮੀਂਹ ਦਾ ਪਾਣੀ ਉੱਥੇ ਹੀ ਧਰਤੀ ਵਿਚ ਨਿਕਾਸ ਦੇਣਾ ਚਾਹੀਦਾ ਹੈ ਜੋ ਹੜ੍ਹ ਅਤੇ ਸੋਕੇ ਦੋਹਾਂ ਤਰ੍ਹਾਂ ਦੀ ਸਮੱਸਿਆ ਨੂੰ ਹੱਲ ਕਰਨ ਵਿਚ ਬਹੁਤ ਹੀ ਮਦਦਗਾਰ ਹੋਵੇਗਾ। ਸ਼ਹਿਰ ਵਿਚ ਤਾਪਮਾਨ ਦੇ ਵਾਧੇ, ਅਤੇ ਹੜ੍ਹ ਵਰਗੀਆਂ ਕੁਦਰਤੀ ਆਫ਼ਤਾਂ ਉੱਤੇ ਕਾਬੂ ਪਾਉਣ ਲਈ ਦਰਖ਼ਤਾਂ ਥੱਲੇ ਖੇਤਰ ਹਰ ਹਾਲ ਵਧਾਉਣਾ ਚਾਹੀਦਾ ਹੈ। ਦਰਖ਼ਤਾਂ ਦੀ ਚੋਣ ਕਰਦੇ ਸਮੇਂ ਇਸ ਗੱਲ ਦਾ ਖ਼ਾਸ ਖਿਆਲ ਰੱਖਣਾ ਚਾਹੀਦਾ ਹੈ ਕਿ ਦਰਖ਼ਤ ਸਥਾਨਕ ਹੋਣ ਤਾਂਕਿ ਇਨ੍ਹਾਂ ਦਾ ਕੁਦਰਤੀ ਵਾਤਾਵਰਨ ਨਾਲ ਠੀਕ ਤਾਲਮੇਲ ਬਣ ਸਕੇ।

# ਦੂਤਾਵਾਸ ਦੀ ਪਹਿਲੀ ਮਹਿਲਾ ਮੁਖੀ ਸ੍ਰੀਮਤੀ ਨੀਤਾ ਭੂਸ਼ਣ ਨੇ ਗਵਰਨਰ ਜਨਰਲ ਨੂੰ ਪ੍ਰਮਾਣ ਪੱਤਰ ਸੌਂਪਿਆ


**ਆਕਲੈਂਡ, (ਹਰਜਿੰਦਰ ਸਿੰਘ ਬਸਿਆਲਾ)-** ਬੀਤੀ 8 ਸਤੰਬਰ ਨੂੰ ਭਾਰਤ ਸਰਕਾਰ ਵੱਲੋਂ ਨਿਊਜ਼ੀਲੈਂਡ ਲਈ ਨਵੀਂ ਹਾਈ ਕਮਿਸ਼ਨਰ ਵਜੋਂ ਸ੍ਰੀਮਤੀ ਨੀਤਾ ਭੂਸ਼ਣ ਦੀ ਨਿਯੁਕਤੀ ਕੀਤੀ ਗਈ ਸੀ। ਉਹ ਕੁਝ ਦਿਨ ਪਹਿਲਾਂ ਰਾਜਧਾਨੀ ਵਲਿੰਗਟਨ ਸਥਿਤ ਦਫਤਰ ਉਤੇ ਪੁੱਜ ਗਏ ਸਨ। ਸਰਕਾਰੀ ਪ੍ਰਕ੍ਰਿਆ ਪੂਰੀ ਕਰਨ ਵਾਸਤੇ ਉਨ੍ਹਾਂ ਨਿਊਜ਼ੀਲੈਂਡ ਸਰਕਾਰ ਨੂੰ ਗਵਰਨਰ ਜਨਰਲ ਰਾਹੀਂ ਆਪਣਾ ਪ੍ਰਮਾਣ ਪੱਤਰ ਦੇ ਕੇ ਸੂਚਿਤ ਕਰਨਾ ਹੁੰਦਾ ਹੈ। ਅੱਜ ਇਸੇ ਸਬੰਧ ਦੇ ਵਿਚ ਨਿਊਜ਼ੀਲੈਂਡ ਦੀ ਨਵ ਨਿਯੁਕਤ ਪਹਿਲੀ ਭਾਰਤੀ ਮਹਿਲਾ ਰਾਜਦੂਤ ਸ੍ਰੀਮਤੀ ਨੀਤਾ ਭੂਸ਼ਣ ਨੇ ਨਿਊਜ਼ੀਲੈਂਡ ਦੀ ਗਵਰਨਰ ਜਨਰਲ ਮਾਣਯੋਗ ਸਿੰਡੀ ਕੀਰੋ ਨਾਲ ਗਵਰਨਰ ਹਾਊਸ ਵਿਖੇ ਮੀਟਿੰਗ ਕੀਤੀ। ਹਾਈ ਕਮਿਸ਼ਨਰ ਸ੍ਰੀਮਤੀ ਨੀਤਾ ਭੂਸ਼ਣ ਨੂੰ ਫੌਜ ਦੀ ਟੁਕੜੀ ਨੇ 'ਗਾਰਡ ਆਫ ਆਨਰ' ਕੀਤਾ। ਮਾਓਰੀ ਮੂਲ ਦੀਆਂ ਰਸਮਾਂ ਮੁਤਾਬਿਕ ਉਨ੍ਹਾਂ ਦਾ ਸਵਾਗਤ ਕੀਤਾ ਗਿਆ।









Book Available
http://www.unistarbooks.com/home/5512-pagrhi-sambhal-lehar-to-samyukt-kisan-morcha.html
http://www.unistarbooks.com/home/5512-pagrhi-sambhal-lehar-to-samyukt-kisan-morcha.html




My Struggle in Life:
Das Pawar, Ishwar: 9781682131558:
Amazon.com: Book
https://www.amazon.com/Struggle-Life-Ishwar-Das-Pawar/dp/1682131556

# ਡਾ ਅੰਬੇਡਕਰ ਨੂੰ ਪੜ੍ਹਨ ਚਾਹੀਦਾ ਹੈ




ਹਰਦੀਪ ਸਿੰਘ ਚੁੰਬਰ
+91-94636-01616

ਧਰਮ ਜਦੋਂ ਸ਼ੋਸ਼ਣ ਕਰਨ ਦੇ ਢੰਗਾਂ ਨੂੰ ਸਹਿ ਦੇਣ ਲੱਗ ਜਾਂਦਾ ਹੈ ਤਾਂ ਉਹ ਧਰਮ ਨਹੀਂ ਅਧਰਮ ਹੋ ਜਾਂਦਾ ਹੈ, ਢੋਂਗ ਬਣ ਜਾਂਦਾ ਹੈ, ਉਹ ਧਰਮ ਸ਼ੋਸ਼ਣ ਕਰਨ ਦਾ ਸਾਧਨ ਰਾਜ ਕਰਨ ਦੀ ਨੀਤੀ ਸਿਆਸਤ ਕਰਨ ਦਾ ਕੋਝਾ ਢੰਗ ਬਣ ਜਾਂਦਾ ਹੈ।

ਭਾਰਤੀ ਧਰਮਾਂ ਦੇ ਵਿੱਚੋਂ ਦੇ ਹਿੰਦੂ ਧਰਮ ਦੀ ਸਭਿਅਤਾ ਦੇ ਸਭਿਆਚਾਰ ਦਾ ਅਧਾਰ ਵਰਣਵਾਦ ਅਤੇ ਜਾਤੀਵਾਦ ਹੈ। ਵਰਣਵਾਦ ਅਤੇ ਜਾਤੀਵਾਦ ਸਮਾਜਿਕ ਵੰਡ ਆਰਥਿਕ ਸਮਾਜਿਕ ਰਾਜਨੀਤਿਕ ਵੰਡ ਹੈ ਅਤੇ ਪੱਕਿਆਂ ਕਰਦਾ ਹੈ। ਇਹ ਆਰਥਿਕ ਸਮਾਜਿਕ ਰਾਜਨੀਤਿਕ ਵੰਡ ਭਾਰਤ ਦੇ ਹਿੰਦੂ ਲੋਕਾਂ ਦੇ ਸਮਾਜਿਕ ਰੁਤਬੇ ਨੂੰ ਤਹਿ ਕਰਦਾ ਹੋਇਆ ਪੱਕਾ ਕਰਦੇ ਹੈ। ਇਹ ਰੁਤਬੇ ਮਨੁੱਖ ਅਤੇ ਜਾਤੀ ਦੇ ਊਚ ਨੀਚ ਮਾਨ ਸਨਮਾਨ ਅਪਮਾਨ ਦੀ ਯੋਗਤਾ ਦੇ ਰੁਤਬੇ ਨੂੰ ਤਹਿ ਵੀ ਕਰਦਾ ਹੈ ਪੱਕਾ ਵੀ ਕਰਦਾ ਹੈ।

ਸਮਾਜਿਕ ਰੁਤਬਿਆਂ ਅਤੇ ਕਬਜ਼ਿਆਂ ਨੂੰ ਪੱਕੇ ਤੌਰ ਤੇ ਬਣਾ ਕੇ ਰੱਖਣ ਲਈ ਕਾਨੂੰਨਨ ਹੱਕਦਾਰ ਦੇ ਹੁਕਮਾਂ ਦੀ ਵੀ ਲੋੜ ਬਣ ਜਾਂਦੀ ਹੈ। ਇਸ ਲਈ ਅਦਾਲਤਾਂ, ਇਨਸਾਫ਼ ਕਰਨ ਵਾਲੇ ਤਖਤ ਦਾ ਕਬਜ਼ਾ (ਕੋਲੀਜਿਅਮ ਪ੍ਰਬੰਧਨ) ਜਰੂਰੀ ਹੋ ਜਾਂਦਾ ਹੈ। ਭਾਰਤ ਦਾ ਹਿੰਦੂ ਸਭਿਆਚਾਰ ਦੇ ਸਿਖਰ ਉੱਤੇ ਬੈਠੇ ਲੋਕ ਆਰਥਿਕ ਸਮਾਜਿਕ ਰਾਜਨੀਤਿਕ ਅਤੇ ਇਨਸਾਫ਼ ਦੇ ਤਖਤ ਦੇ ਕਬਜ਼ਾ ਬਣਾ ਕੇ ਰੱਖਣ ਦੇ ਕਾਰਨ ਸਭ ਨਾਲੋਂ ਵਧੇਰੇ ਮਜਬੂਤ ਹਨ ਅਤੇ ਇਸ ਨੂੰ ਪੱਕਾ ਬਣਾ ਕੇ ਰੱਖਣ ਲਈ ਹਰ ਉਹ ਕੰਮ ਕਰਦੇ ਹਨ ਜਿਸ ਨਾਲ ਉਹਨਾ ਦਾ ਕਬਜ਼ਾ ਪੱਕ ਬਣਿਆ ਰਹੇ।

ਅਜਿਹੇ ਧਰਮ ਨੂੰ ਧਰਮ ਕਹਿਣਾ ਮਨੁੱਖਤਾ ਦਾ ਅਪਮਾਨ ਹੁੰਦੇ ਹੈ ਜਿਹੜਾ ਧਰਮ



ਮਨੁੱਖ ਨੂੰ ਮਨੁੱਖ ਦਾ ਸ਼ੋਸ਼ਣ ਕਰਨ ਦਾ ਅਧਿਕਾਰ ਦਿੰਦਾ ਹੈ। ਇਹ ਰਾਜਨੀਤੀ ਹੈ ਸਿਆਸਤ ਹੈ ਜਿਸ ਨੇ ਧਰਮ ਦੇ ਢੋਂਗ ਦੇ ਪੜਦੇ ਦੇ ਅੰਦਰ ਮਨੁੱਖ ਸ਼ੋਸ਼ਣ ਦਾ ਖੇਡ ਖੇਡਦੀ ਹੈ। ਸ਼ੋਸ਼ਣ ਜਿਸ ਨੂੰ ਧਰਮ ਦੀ ਛਤਰਛਾਇਆ ਹੋ ਜਾਂਦੀ ਹੈ ਉਸ ਦਾ ਤੋੜ ਪਾਉਣ ਕਠਿਨ ਹੋ ਜਾਂਦਾ ਹੈ।

ਸ਼ੋਸ਼ਤ ਵਰਗਾਂ ਦੇ ਲੋਕ ਜਦੋਂ ਸ਼ੋਸ਼ਣ ਕਰਨ ਦੇ ਢੰਗ, ਸਿਆਸਤ ਅਤੇ ਧਰਮ ਨੂੰ ਆਪਣੇ ਸਿਰਾਂ ਉੱਤੇ ਉਠਾ ਕੇ ਢੋਣ ਲਗ ਜਾਣ ਤਾਂ ਉਹਨਾ ਦਾ ਸ਼ੋਸ਼ਣ ਪੀੜ੍ਹੀ ਦਰ ਪੀੜ੍ਹੀ ਹੋਣਾ ਤਹਿ ਹੋ ਜਾਂਦਾ ਹੈ। ਸ਼ੋਸ਼ਣ ਵਰਗ ਦੇ ਲੋਕਾਂ ਦਾ ਸ਼ੋਸ਼ਣ ਦੇ ਕਾਰਨਾਂ ਪ੍ਰਤੀ ਜਾਗਰੂਕ ਹੋਣਾ, ਸ਼ੋਸ਼ਣ ਕਰਤਾ ਵਰਗ ਲਈ ਸਭ ਨਾਲੋਂ ਵੱਡੀ ਚੁਣੌਤੀ ਬਣ ਜਾਂਦੀ ਹੈ। ਇਸ ਸ਼ੋਸ਼ਣ ਕਰਨ ਦੇ ਢੰਗ ਨੂੰ ਬ੍ਰਾਹਮਣਵਾਦ ਦਾ ਨਾਮ ਦਿੱਤਾ ਗਿਆ ਹੈ।

ਇਸ ਸ਼ੋਸ਼ਣ ਤੋਂ ਬਚਣ ਦਾ ਇੱਕੋ ਇੱਕ ਸਾਧਨ ਅਤੇ ਰਾਹ ਹੈ ਜਿਹੜਾ ਬਾਬਾ ਸਾਹਿਬ ਅੰਬੇਡਕਰ ਨੇ ਦਿਖਾਇਆ ਸੀ। ਉਹ ਧਰਮ ਜਿਹੜਾ ਧਰਮ ਮਨੁੱਖ ਦੇ ਸ਼ੋਸ਼ਣ ਦਾ ਕਾਰਨ ਅਤੇ ਸਾਧਨ ਬਣ ਗਿਆ ਹੋਵੇ ਉਸ ਦਾ ਤਿਆਗ ਹੀ ਜਰੂਰੀ ਹੋ ਜਾਂਦਾ ਹੈ। ਬਹੁਤ ਸਾਰੇ ਸ਼ੋਸ਼ਣ ਦਾ ਸ਼ਿਕਾਰ ਵਰਗ ਸ਼ੋਸ਼ਣ ਕਰਤਾ ਦੇ ਧਰਮ ਨੂੰ ਹੀ ਆਪਣਾ ਮੰਨਣ ਲਗ ਪਏ ਹਨ। ਉਸ ਧਰਮ ਦੀ ਸੰਸਕ੍ਰਿਤੀ ਨੂੰ ਅੱਗੇ ਵਧਾਉਣ ਵਾਲੇ ਨੂੰ ਆਪਣਾ ਪੂਰਵਜ ਮੰਨਣ ਲਗ ਪਏ ਹਨ। ਇਸ ਦੇ ਲਈ ਮਰਨ ਮਾਰਨ ਲਈ ਉਤਾਵਲੇ ਹੋ ਜਾਂਦੇ ਹਨ। ਇਹ ਲੋਕਾਂ ਦੇ ਵਰਗ ਦਾ ਹਮੇਸ਼ਾ ਲਈ ਗੁਲਾਮ ਬਣੇ ਰਹਿਣਾ ਪੱਕਾ ਹੁੰਦਾ ਹੈ।

ਅਜਿਹੇ ਮੂਰਖ ਲੋਕਾਂ ਇੱਕ ਹੱਥ ਵਿੱਚ ਬਾਬਾ ਸਾਹਿਬ ਦੀਆਂ ਫੋਟੋਆਂ ਰੱਖਦੇ ਹਨ ਅਤੇ ਦੂਜੇ ਹੱਥ ਵਿੱਚ ਹਿੰਦੂ ਧਰਮ ਦੇ ਪ੍ਰਤੀਕ। ਬਾਬਾ ਸਾਹਿਬ ਸਾਰੀ ਉਮਰ ਪ੍ਰਚਾਰ ਕਰਦੇ ਰਹੇ ਕਿ ਭਾਰਤ ਦੇ ਅਛੂਤਾਂ ਦਾ ਸ਼ੋਸ਼ਣ ਦਾ ਕਾਰਨ ਹਿੰਦੂ ਧਰਮ ਹੈ। ਇਸ ਧਰਮ ਨੂੰ ਛੱਡਕੇ ਹੀ ਉਹਨਾ ਦੇ ਸ਼ੋਸ਼ਣ ਰੁਕ ਸਕਦਾ ਹੈ ਉਹਨਾ ਨੂੰ ਬਰਾਬਰੀ ਦਾ ਦਰਜਾ ਮਿਲ ਸਕਦਾ ਹੈ। ਅਜਿਹਾ ਧਰਮ ਜਿਹੜਾ ਮਨੁੱਖ ਦੇ ਸ਼ੋਸ਼ਣ ਦਾ ਕਾਰਨ ਅਤੇ ਸਾਧਨ ਹੈ ਉਸ ਤੋਂ ਛੁਟਕਾਰਾ ਹੀ ਅਜ਼ਾਦੀ ਐਸਸੀ ਐਸਟੀ ਦਾ ਅਸਲੀ ਰਾਹ ਹੈ।

ਗੋਲਮੇਜ਼ ਕਾਨਫਰੰਸ ਦੇ ਬਾਅਦ ਭਾਰਤ ਲਈ ਸੰਵਿਧਾਨ ਬਨਾਉਣ ਦੀ ਪ੍ਰਕਿਰਿਆ ਤੇਜ ਹੋ ਗਈ। ਕਾਨੂੰਨ ਦੇ ਆਰਟੀਕਲ ਬਨਾਉਣ ਲਈ ਕੇਂਦਰ ਅਤੇ ਰਾਜ ਦੀਆਂ ਸਭਾਵਾਂ ਵਿੱਚ ਬਿਲ ਪੇਸ਼ ਹੋਣ ਲਗੇ। ਉਹ ਸਾਰੇ ਆਰਟੀਕਲ ਸੁਧਾਰ ਕਰਕੇ ਮੌਜੂਦਾ ਭਾਰਤੀ ਸੰਵਿਧਾਨ ਦਾ ਹਿੱਸਾ ਬਣਾਏ ਗਏ ਹਨ। ਬਾਬਾ ਸਾਹਿਬ ਨੂੰ ਸਾਰੇ ਹੀ ਆਰਟੀਕਲਾਂ ਵਿੱਚ ਭਾਰਤ ਦੇ ਐਸਸੀ ਐਸਟੀ ਦੀ ਹਿੱਸੇਦਾਰੀ ਲੈਣ ਲਈ ਕਦਮ-ਕਦਮ ਉੱਤੇ ਲੜਨਾ ਪਿਆ।

ਸਾਲ 1933 ਦੀ ਸਭਾ ਵਿੱਚ ਬਿਲ ਲਗਾਤਾਰ ਪੇਸ਼ ਹੋ ਰਹੇ ਸਨ । ਹਰ ਬਿਲ ਉੱਤੇ ਬਾਬਾ ਸਾਹਿਬ ਬਹੁਤ ਗਹਿਰਾਈ ਨਾਲ ਵਿਚਾਰ ਚਰਚਾ ਕਰਦੇ ਸਨ। ਚਰਚਾ ਦੌਰਾਨ ਉਹਨਾ ਦੀ ਕੀਤੀ ਕੋਸ਼ਿਸ਼ ਦੇ ਵੇਰਵੇ ਕੁੱਝ ਸ਼ਬਦ ਇਹ ਸਨ,

ਹੁਣ, ਮੈਂ ਅਨੁਸੂਚਿਤ ਜਾਤੀਆਂ ਪ੍ਰਤੀ ਬਹੁਗਿਣਤੀ ਦੇ ਵਿਵਹਾਰ ਨੂੰ ਦਰਸਾਉਣ ਵਾਲੀਆਂ ਕੁਝ ਉਦਾਹਰਣਾਂ ਦਾ ਹਵਾਲਾ ਦੇਵਾਂਗਾ। ਇੱਕ ਮਾਮਲਾ ਕੇਕਟਨਿਮ-ਭੋਰ ਪਿੰਡ, ਤਾਲੁਕਾ ਜਾਮਨੇਰ ਦਾ ਹੈ। ਇਹ ਇਸ ਪ੍ਰਕਾਰ ਹੈ:-

"ਇਸ ਪਿੰਡ ਦੇ ਉਦਾਸ ਵਰਗ ਦੇ ਲੋਕਾਂ ਨੇ ਕੋਈ ਵੀ ਹਿੰਦੂ ਤਿਉਹਾਰ ਮਨਾਉਣਾ ਛੱਡ ਦਿੱਤਾ ਹੈ ਅਤੇ ਸਾਫ਼-ਸੁਥਰਾ ਜੀਵਨ ਢੰਗ ਅਪਣਾ ਲਿਆ ਹੈ। ਇੱਕ ਛੁੱਟੀ ਵਾਲੇ ਦਿਨ ਉਹਨਾਂ ਨੂੰ ਜਾਤੀ ਦੇ ਹਿੰਦੂਆਂ ਨੇ ਖੇਤਾਂ ਵਿੱਚੋਂ ਹੋਲੀ ਦੇ ਗੋਹੇ ਪਾਥੀਆਂ ਦਾ ਪ੍ਰਬੰਧ ਕਰਨ ਲਈ ਕਿਹਾ। ਉਦਾਸ ਵਰਗ ਦੇ ਲੋਕਾਂ ਨੇ ਅਜਿਹਾ ਕੀਤਾ। ਪਰ ਉਹਨਾਂ ਕੋਲ ਹੋਲੀ ਨਹੀਂ ਖੇਡੀ ਸੀ ਅਤੇ ਇਸ ਲਈ ਉਹਨਾਂ ਨੇ ਜਾਤੀ ਹਿੰਦੂ ਨੂੰ ਅੱਗ ਨਹੀਂ ਦਿੱਤੀ। ਇਸ ਲਈ ਹਿੰਦੂਆਂ ਨੇ ਉਨ੍ਹਾਂ ਦੀ ਬਸਤੀ ਵਿੱਚ ਆ ਕੇ ਉਨ੍ਹਾਂ ਨੂੰ ਉਨ੍ਹਾਂ ਦੇ ਘਰਾਂ ਵਿੱਚ ਕੁੱਟਿਆ ਅਤੇ ਉਨ੍ਹਾਂ ਦੇ ਸਖ਼ਤ ਬਾਈਕਾਟ ਦਾ ਐਲਾਨ ਕੀਤਾ ਹੈ ਅਤੇ ਉਨ੍ਹਾਂ ਦਾ ਜੀਵਨ ਦੁਖੀ ਕਰ ਦਿੱਤਾ ਹੈ।

ਇੱਕ ਹੋਰ ਮਾਮਲਾ ਜਾਮਨੇਰ ਤਾਲੁਕਾ ਦੇ ਵਡਾਲੀ ਪਿੰਡ ਦਾ ਹੈ। ਉਸ ਪਿੰਡ ਵਿੱਚ ਦਲਿਤ ਵਰਗ ਦੇ ਲੋਕਾਂ ਦੇ ਵਿਆਹ ਦੀ ਬਰਾਤ ਨੂੰ ਪਿੰਡ ਦੇ ਸਾਂਝੇ ਗੇਟ ਤੋਂ ਲੰਘਣ ਦੀ ਇਜਾਜ਼ਤ ਨਹੀਂ ਸੀ। ਬਰਾਤ ਨੂੰ ਰੋਕ ਦਿੱਤਾ ਗਿਆ ਅਤੇ ਜਾਤੀ ਹਿੰਦੂਆਂ ਨੇ ਉਸੇ ਦਿਨ ਵਿਆਹ ਦੀ ਰਸਮ ਨਹੀਂ ਕਰਨ ਦਿੱਤੀ। ਨਿਰਾਸ਼ ਵਰਗ ਦੇ ਲੋਕਾਂ ਦਾ ਸਮਾਜਿਕ ਬਾਈਕਾਟ ਕੀਤਾ ਗਿਆ।

ਫਿਰ ਇੱਕ ਹੋਰ ਮਾਮਲਾ ਅਮਲਨੇਰ ਤਾਲੁਕਾ ਦੇ ਮੰਡੇਡ ਦਾ ਹੈ। ਮੰਡੇਡ ਵਿੱਚ ਨਿਰਾਸ਼ ਵਰਗ ਦੇ ਲੋਕਾਂ ਨੇ ਇੱਕ ਕਾਨਫਰੰਸ ਕੀਤੀ ਅਤੇ ਇੱਕ ਮਤਾ ਪਾਸ ਕੀਤਾ ਜਿਸ ਵਿੱਚ ਭੈੜੀਆਂ ਆਦਤਾਂ ਨੂੰ ਛੱਡਣ ਅਤੇ ਜੀਵਨ ਦੇ ਸਾਫ਼-ਸੁਥਰੇ ਢੰਗ ਨੂੰ ਅਪਣਾਉਣ ਦਾ ਸਮਰਥਨ ਕੀਤਾ ਗਿਆ। ਕੁਝ ਜਾਤੀ ਹਿੰਦੂਆਂ ਨੂੰ ਇਹ ਵਿਚਾਰ ਪਸੰਦ ਨਹੀਂ ਆਇਆ।

ਉਨ੍ਹਾਂ ਨੇ ਇੱਕ ਛੋਟੇ ਸੂਰ ਨੂੰ ਮਾਰਿਆ ਅਤੇ ਇਸਨੂੰ ਡਿਪ੍ਰੈਸਡ ਕਲਾਸ ਦੇ ਲੋਕਾਂ ਦੇ ਪੀਣ ਵਾਲੇ ਪਾਣੀ ਵਿੱਚ ਪਾ ਦਿੱਤਾ। ਇਸ ਪ੍ਰਕਿਰਿਆ ਨੂੰ ਦੋ ਵਾਰ ਦੁਹਰਾਇਆ ਗਿਆ ਸੀ। ਦੱਬੇ-ਕੁਚਲੇ ਵਰਗ ਦੇ ਲੋਕ ਹੁਣ ਸਮਾਜਿਕ ਬਾਈਕਾਟ ਅਤੇ ਪਰੇਸ਼ਾਨ ਹਨ। ਬਹੁਤ ਸਾਰੇ ਡਿਪਰੈਸਡ ਵਰਗ ਦੇ ਲੋਕਾਂ ਨੇ ਪ੍ਰੇਸ਼ਾਨੀਆਂ ਕਾਰਨ ਆਪਣੀਆਂ ਥਾਵਾਂ ਖਾਲੀ ਕਰ ਦਿੱਤੀਆਂ ਹਨ। ਸਰ, ਮੈਂ ਅਜਿਹੇ ਅਨੰਤ ਕੇਸਾਂ ਨੂੰ ਦੁਹਰਾਉਣਾ ਨਹੀਂ ਚਾਹੁੰਦਾ ਜੋ ਇਹ ਦਰਸਾਉਂਦੇ ਹਨ ਕਿ ਇਹ ਹਿੰਦੂ ਬਹੁਗਿਣਤੀ ਅਛੂਤਾਂ ਦੇ ਸਬੰਧ ਵਿੱਚ ਕਿੰਨੀ ਅਸਹਿਣਸ਼ੀਲ ਹੈ। ਮੈਂ ਇਹ ਕਹਿ ਸਕਦਾ ਹਾਂ ਕਿ ਮੇਰੇ ਕੋਲ ਮੌਜੂਦ ਸਾਰੀ ਸਮੱਗਰੀ ਨੂੰ ਗਿਣਨ ਲਈ ਮੈਨੂੰ ਸਿਰਫ਼ ਇੱਕ ਦਿਨ ਹੀ ਨਹੀਂ ਬਲਕਿ ਸ਼ਾਇਦ ਇੱਕ ਮਹੀਨਾ ਲੱਗੇਗਾ।

ਹੁਣ, ਅਗਲਾ ਸਵਾਲ ਜੋ ਮੈਂ ਪੁੱਛਦਾ ਹਾਂ ਉਹ ਇਹ ਹੈ: ਇਸ ਪਰੇਸ਼ਾਨੀ ਦੇ ਵਿਰੁੱਧ ਅਨੁਸੂਚਿਤ ਜਾਤੀਆਂ ਨੂੰ ਕੀ ਸੁਰੱਖਿਆ ਮਿਲਦੀ ਹੈ? ਇਸ ਤੋਂ ਪਹਿਲਾਂ ਕਿ ਮੈਂ ਸਦਨ ਵਿੱਚ ਆਪਣਾ ਪੱਖ ਪੇਸ਼ ਕਰਾਂ, ਮੈਂ ਸਦਨ ਦਾ ਧਿਆਨ ਇਸ ਦੇਸ਼ ਦੇ ਪ੍ਰਸ਼ਾਸਨ ਦੀ ਬਣਤਰ ਵੱਲ ਦਿਵਾਉਣਾ ਚਾਹਾਂਗਾ। ਮੇਰੇ ਕੋਲ ਬੰਬਈ ਪ੍ਰੈਜ਼ੀਡੈਂਸੀ ਲਈ ਸਿਰਫ ਅੰਕੜੇ ਹਨ ਪਰ, ਮੇਰੇ ਫੈਸਲੇ ਵਿੱਚ, ਇਹ ਅੰਕੜੇ ਆਮ ਹਨ; ਉਹ ਸਿਰਫ਼ ਇਸ ਸੂਬੇ ਦੇ ਹੀ ਨਹੀਂ ਸਗੋਂ ਭਾਰਤ ਦੇ ਕਿਸੇ ਵੀ ਹਿੱਸੇ ਲਈ ਸੱਚੇ ਹੋਣਗੇ। ਇਸ ਪ੍ਰਧਾਨਗੀ ਦਾ ਪ੍ਰਬੰਧ ਕਿਵੇਂ ਚਲਾਇਆ ਜਾਂਦਾ ਹੈ? ਇਸ ਤਰ੍ਹਾਂ ਇਸ ਦਾ ਪ੍ਰਬੰਧ ਕੀਤਾ ਜਾਂਦਾ ਹੈ। ਮੈਂ ਖੁਦ ਸਰਕਾਰ ਦੁਆਰਾ ਦਿੱਤੇ ਅੰਕੜੇ ਲੈ ਰਿਹਾ ਹਾਂ; ਉਹ ਮੇਰੇ ਆਪਣੇ ਅੰਕੜੇ ਨਹੀਂ ਹਨ।

ਮੈਂ ਸਭ ਤੋਂ ਪਹਿਲਾਂ, ਅਨੁਸੂਚਿਤ ਜਾਤੀਆਂ ਅਤੇ ਮਾਲ ਵਿਭਾਗ ਨੂੰ ਲੈ ਰਿਹਾ ਹਾਂ। ਜਿਥੋਂ ਤੱਕ ਜ਼ਿਲ੍ਹੇ ਦੇ ਡਿਪਟੀ ਕੁਲੈਕਟਰਾਂ ਦਾ ਸਬੰਧ ਹੈ, ਉਹ 33 ਹਨ ਅਤੇ ਅਨੁਸੂਚਿਤ ਜਾਤੀ ਨਾਲ ਸਬੰਧਤ ਸਿਰਫ਼ ਇੱਕ ਵਿਅਕਤੀ ਹੈ। ਇਸ ਸੂਬੇ ਵਿੱਚ ਸੌ ਮਾਮਲਾਤਦਾਰ ਹਨ; ਇਨ੍ਹਾਂ ਸੌ ਮਾਮਲਾਤਦਾਰਾਂ ਵਿੱਚੋਂ ਸਿਰਫ਼ ਇੱਕ ਅਨੁਸੂਚਿਤ ਜਾਤੀ ਦਾ ਹੈ।

ਇੱਥੇ 34 ਮਹਲਕਾਰੀ ਹਨ, ਪਰ ਅਨੁਸੂਚਿਤ ਜਾਤੀ ਵਿੱਚੋਂ ਕੋਈ ਵੀ ਨਹੀਂ ਹੈ। ਇੱਥੇ 246 ਹੈਡ ਕਾਰਕੁਨ ਹਨ, ਪਰ ਅਨੁਸੂਚਿਤ ਜਾਤੀ ਵਿੱਚੋਂ ਕੋਈ ਵੀ ਨਹੀਂ ਹੈ ਅਤੇ ਮਾਲ ਵਿਭਾਗ ਵਿੱਚ ਕਲਰਕਾਂ ਦੀ ਗਿਣਤੀ ਕਰੀਏ ਤਾਂ ਇਹ ਕੁੱਲ 2,444 ਹਨ। ਇਨ੍ਹਾਂ ਵਿੱਚੋਂ ਅਨੁਸੂਚਿਤ ਜਾਤੀ ਨਾਲ ਸਬੰਧਤ ਵਿਅਕਤੀ ਸਿਰਫ਼ 30 ਹਨ। ਹੁਣ ਲੋਕ ਨਿਰਮਾਣ ਵਿਭਾਗ ਦੀ ਗੱਲ ਕਰੀਏ। ਲੋਕ ਨਿਰਮਾਣ ਵਿਭਾਗ ਵਿੱਚ 829 ਕਲਰਕ ਹਨ। 829 ਕਲਰਕਾਂ ਦੀ ਇਸ ਗਿਣਤੀ ਵਿੱਚ ਅਨੁਸੂਚਿਤ ਜਾਤੀ ਦੇ ਲੋਕ ਸਿਰਫ਼ ਸੱਤ ਹਨ। ਆਬਕਾਰੀ ਵਿਭਾਗ ਵਿੱਚ 189 ਕਲਰਕ ਹਨ। ਇਨ੍ਹਾਂ ਵਿੱਚੋਂ, ਅਨੁਸੂਚਿਤ ਜਾਤੀਆਂ ਤਿੰਨ ਤੋਂ ਵੱਧ ਨਹੀਂ ਦਾਅਵਾ ਕਰ ਸਕਦੀਆਂ ਹਨ।

ਪੁਲਿਸ ਵਿਭਾਗ ਦੀ ਗੱਲ ਕਰੀਏ ਤਾਂ ਦਿੱਤੇ ਗਏ ਅੰਕੜਿਆਂ ਅਨੁਸਾਰ ਸਬ-ਇੰ-ਸਪੈਕਟਰਾਂ ਦੀ ਕੁੱਲ ਗਿਣਤੀ 538 ਹੈ। ਇਸ 538 ਦੀ ਗਿਣਤੀ ਵਿਚ ਅਛੂਤ ਸਿਰਫ਼ ਦੋ ਹਨ। ਇਸ ਲਈ ਇਹ ਸਪੱਸ਼ਟ ਹੈ ਕਿ ਪ੍ਰਸ਼ਾਸਨ ਦੀ ਰਚਨਾ ਪੂਰੀ ਤਰ੍ਹਾਂ ਹਿੰਦੂ ਹੈ। ਉਸ ਬਿੰਦੂ 'ਤੇ ਕੋਈ ਸਵਾਲ ਨਹੀਂ।

ਮੈਂ ਅੱਗੇ ਸਦਨ ਦਾ ਧਿਆਨ ਇਸ ਗੱਲ ਵੱਲ ਖਿੱਚਾਂਗਾ ਕਿ ਇਸ ਸੂਬੇ ਵਿੱਚ ਹੋਰ ਘੱਟ ਗਿਣਤੀਆਂ ਦੇ ਮੁਕਾਬਲੇ ਅਨੁਸੂਚਿਤ ਜਾਤੀਆਂ ਦੀ ਸਥਿਤੀ ਕਿਵੇਂ ਹੈ। ਮਾਲ ਵਿਭਾਗ ਵਿੱਚ ਜਿਥੋਂ ਤੱਕ ਜ਼ਿਲ੍ਹੇ ਦੇ ਡਿਪਟੀ ਕੁਲੈਕਟਰਾਂ ਦਾ ਸਬੰਧ ਹੈ, 33 ਵਿੱਚੋਂ 8 ਮੁਸਲਮਾਨ, 3 ਈਸਾਈ ਅਤੇ ਸਿਰਫ਼ 1 ਅਨੁਸੂਚਿਤ ਜਾਤੀ ਨਾਲ ਸਬੰਧਤ ਹੈ। 100 ਮਾਮਲਾਤਦਾਰਾਂ ਵਿੱਚੋਂ 30 ਮੁਸਲਮਾਨ, 3 ਈਸਾਈ ਅਤੇ 1 ਅਨੁਸੂਚਿਤ ਜਾਤੀ ਨਾਲ ਸਬੰਧਤ ਹੈ।

34 ਮਹਾਲਕਾਰੀਆਂ ਵਿੱਚੋਂ 4 ਮੁਹੰਮਡਨ 3 ਈਸਾਈ ਹਨ ਪਰ ਕੋਈ ਵੀ ਅਨੁਸੂਚਿਤ ਜਾਤੀ ਦਾ ਆਦਮੀ ਨਹੀਂ ਹੈ। 246 ਹੈਡ ਕਾਰਕੁਨਾਂ ਵਿੱਚੋਂ 17 ਮੁਹੰਮਡਨ ਹਨ, 7 ਈਸਾਈ ਹਨ ਪਰ ਕੋਈ ਵੀ ਅਨੁਸੂਚਿਤ ਜਾਤੀ ਤੋਂ ਨਹੀਂ ਹੈ। ਕੁੱਲ 2,444 ਕਲਰਕਾਂ ਵਿੱਚੋਂ 283 ਮੁਹੰਮਡਨ, 61 ਈਸਾਈ, 58 ਪੱਛੜੀਆਂ ਸ਼੍ਰੇਣੀਆਂ ਅਤੇ 30 ਅਨੁਸੂਚਿਤ ਜਾਤੀ ਦੇ ਲੋਕ ਹਨ। ਪੁਲਿਸ ਵਿਭਾਗ ਵਿੱਚ 538 ਸਬ-ਇੰਸਪੈਕਟਰਾਂ ਵਿੱਚੋਂ 106 ਮੁਹੰਮਡਨ, 17 ਈਸਾਈ, 6 ਪਛੜੀਆਂ ਸ਼੍ਰੇਣੀਆਂ ਦੇ ਲੋਕ ਅਤੇ ਸਿਰਫ਼ 2 ਅਛੂਤ ਹਨ। ਲੋਕ ਨਿਰਮਾਣ ਵਿਭਾਗ ਵਿੱਚ 829 ਕਲਰਕਾਂ ਵਿੱਚੋਂ 41 ਮੁਹ-ਮਡਨ, 28 ਈਸਾਈ, 7 ਪਛੜੀਆਂ ਸ਼੍ਰੇਣੀਆਂ ਅਤੇ 7 ਅਛੂਤ ਹਨ। ਆਬਕਾਰੀ ਵਿਭਾਗ ਵਿੱਚ 189 ਵਿੱਚੋਂ 13 ਮੁਹੰਮਡਨ, 19 ਈਸਾਈ ਅਤੇ 3 ਅਛੂਤ ਹਨ।

ਇਸ ਲਈ, ਸਰ, ਜਿਸ ਸਥਿਤੀ ਤੋਂ ਸਾਨੂੰ ਸ਼ੁਰੂਆਤ ਕਰਨੀ ਚਾਹੀਦੀ ਹੈ, ਉਹ ਇਹ ਹੈ ਕਿ ਹਿੰਦੂ ਨਾ ਸਿਰਫ਼ ਆਬਾਦੀ ਦਾ ਸਬੰਧ ਹੈ, ਪਰ ਜਿੱਥੇ ਤੱਕ ਪ੍ਰਸ਼ਾਸਨ ਦਾ ਸਬੰਧ ਹੈ, ਹਿੰਦੂ ਬਹੁਗਿਣਤੀ ਵਿੱਚ ਹਨ। ਅਤੇ ਜੋ ਸਵਾਲ ਮੈਂ ਮਾਣਯੋਗ ਪ੍ਰਧਾਨ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਉਹ ਇਹ ਹੈ। ਮੈਨੂੰ ਲਗਦਾ ਹੈ ਕਿ ਮੈਂ ਦਿਖਾਇਆ ਹੈ, ਮੈਨੂੰ ਉਸਦੀ ਸੰਤੁਸ਼ਟੀ ਲਈ ਭਰੋਸਾ ਹੈ, ਕਿ ਹਿੰਦੂ ਬਹੁਗਿਣਤੀ ਨੂੰ ਬਿਨਾਂ ਸ਼ੱਕ ਇੱਕ ਵਿਰੋਧੀ ਬਹੁਗਿਣਤੀ ਵਜੋਂ ਗਿਣਿਆ ਜਾਣਾ ਚਾਹੀਦਾ ਹੈ। ਉਹ ਸਿਰ ਹਿਲਾਉਂਦਾ ਹੈ। ਉਸ ਦੇ ਆਪਣੇ ਸਿੱਟਿਆਂ ਦਾ ਸੁਆਗਤ ਹੈ। ਮੈਂ ਉਸ ਨਾਲ ਝਗੜਾ ਨਹੀਂ ਕਰਾਂਗਾ। ਪਰ ਇਹ ਸਥਿਤੀ ਹੈ। ਇਸ ਛੇੜਛਾੜ ਤੋਂ ਬਚਾਅ ਦੇ ਮਾਮਲੇ ਵਿਚ ਅਛੂਤ ਕਿਵੇਂ ਭੁਗਤਦੇ ਹਨ?

ਮੈਂ ਇਹ ਦਰਸਾਉਣ ਲਈ ਕੁਝ ਮਾਮਲਿਆਂ ਨੂੰ ਦੁਬਾਰਾ ਲੈਣਾ ਚਾਹੁੰਦਾ ਹਾਂ ਕਿ ਸਾਰਾ ਪ੍ਰਸ਼ਾਸਨ, ਜਿਵੇਂ ਕਿ ਜਾਤੀ ਹਿੰਦੂਆਂ ਦੁਆਰਾ ਚਲਾਇਆ ਜਾਂਦਾ ਹੈ, ਨਿਸ਼ਚਿਤ ਤੌਰ 'ਤੇ ਅਛੂਤਾਂ ਦਾ ਦੁਸ਼ਮਣ ਹੈ; ਕਿ ਉਹ ਨਹੀਂ ਚਾਹੁੰਦੇ, ਉਹ ਨਹੀਂ ਚਾਹੁੰਦੇ, ਅਤੇ ਉਹ ਨਿਆਂ ਦੀ ਪਰਵਾਹ ਨਹੀਂ ਕਰਦੇ ਜਦੋਂ ਝਗੜਿਆਂ ਦੀਆਂ ਧਿਰਾਂ ਇੱਕ ਪਾਸੇ ਜਾਤੀ ਹਿੰਦੂ ਅਤੇ ਦੂਜੇ ਪਾਸੇ ਅਛੂਤ ਹਨ।

ਮੈਂ ਕਹਿਣਾ ਚਾਹੁੰਦਾ ਹਾਂ ਕਿ ਪੂਜਾ ਕਰਨ ਦੇ ਬਹੁਤ ਸਾਰੇ ਆਦੀ ਲੋਕਾਂ ਨੇ ਬਾਬਾ ਸਾਹਿਬ ਨੂੰ ਪੂਜਣ ਤੱਕ ਹੀ ਸੀਮਤ ਰੱਖ ਲਿਆ ਹੈ, ਉਹ ਕੀ ਕਹਿੰਦੇ ਸਨ ਕਿਹੜਾ ਰਾਹ ਦਿਖਾਇਆ ਸੀ ਉਹਨਾ ਨੇ ਇਸ ਨਾਲ ਉਹਨਾ ਦਾ ਕੋਈ ਮਤਲਬ ਨਹੀਂ। ਇਹਨਾਂ ਲੋਕਾਂ ਨੂੰ ਅਜ਼ਾਦ ਹੋਣ ਲਈ ਬਾਬਾ ਸਾਹਿਬ ਨੂੰ ਪੜ੍ਹਨਾ ਚਾਹੀਦਾ ਹੈ।

# ਸਾਹਿਬ ਕਾਸ਼ੀ ਰਾਮ ਜੀ ਦਾ ਸੰਘਰਸ਼ ਤੇ ਬਹੁਜਨ ਲਹਿਰ

**ਗੁਰਬਚਨ ਸਿੰਘ**
ਦੇਸ਼ ਪੰਜਾਬ

ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਤੋਂ ਬਾਅਦ 20ਵੀਂ ਸਦੀ ਦੇ ਦੂਜੇ ਮਹਾਨ ਆਗੂ ਸਾਹਿਬ ਸ੍ਰੀ ਕਾਸ਼ੀ ਰਾਮ ਜੀ ਦਾ ਜ਼ਿੰਦਗੀ ਭਰ ਕੀਤਾ ਸੰਘਰਸ਼ ਆਉਣ ਵਾਲੀਆਂ ਕਈ ਪੀੜ੍ਹੀਆਂ ਤਕ ਦਬੇ ਕੁਚਲੇ ਗ਼ਰੀਬ ਤੇ ਦਲਿਤ ਲੋਕਾਂ ਨੂੰ ਆਪਣੀ ਜ਼ਿੰਦਗੀ ਦੀ ਬਿਹਤਰੀ ਲਈ ਲੜਨ ਵਾਸਤੇ ਪ੍ਰੇਰਦਾ ਰਹੇਗਾ। ਉਨ੍ਹਾਂ ਨੇ ਨਾ ਸਿਰਫ ਕਰੋੜਾਂ-ਕਰੋੜ ਦਲਿਤਾਂ ਨੂੰ ਜਾਗ੍ਰਿਤ ਕਰਕੇ ਉਨ੍ਹਾਂ ਦੀ ਪਸ਼ੂਆਂ ਵਰਗੀ ਜੂਨ ਨੂੰ ਸੁਧਾਰਨ ਦਾ ਯਤਨ ਕੀਤਾ, ਸਗੋਂ ਬ੍ਰਾਹਮਣਵਾਦ ਵਿਰੁਧ ਸਾਰੀਆਂ ਜਾਤਾਂ ਤੇ ਜਮਾਤਾਂ ਦੇ ਲੋਕਾਂ ਨੂੰ ਬਹੁਜਨ ਸਮਾਜ ਦੀ ਅਗਵਾਈ ਹੇਠ ਇਕੱਠਾ ਕਰਕੇ, ਉਨ੍ਹਾਂ ਨੂੰ ਆਪਣੇ ਰਾਜਸੀ ਹੱਕਾਂ ਲਈ ਲੜਨ ਦੇ ਯੋਗ ਬਣਾਇਆ।

ਕੋਈ ਵਿਅਕਤੀ ਮਹਾਨ ਕਿਉਂ ਬਣਦਾ ਹੈ, ਇਸ ਬਾਰੇ ਕਾਰਲ ਮਾਰਕਸ ਦਾ ਕਹਿਣਾ ਹੈ, "ਇਤਿਹਾਸ ਉਨ੍ਹਾਂ ਮਨੁਖਾਂ ਨੂੰ ਸਭ ਤੋਂ ਵਧ ਮਹਾਨ ਕਹਿੰਦਾ ਹੈ, ਜਿਹੜੇ ਸਰਬਸਾਂਝੀਵਾਲਤਾ ਲਈ ਕੰਮ ਕਰਦੇ ਹੋਏ ਆਪਣੇ ਆਪ ਨੂੰ ਨੇਕ ਬਣਾਉਂਦੇ ਹਨ। ਮਨੁਖੀ ਅਨੁਭਵ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਉਹ ਮਨੁਖ ਸਭ ਤੋਂ ਵਧ ਖੁਸ਼ ਹੁੰਦਾ ਹੈ ਜੋ ਸਭ ਤੋਂ ਵਧ ਲੋਕਾਂ ਨੂੰ ਖੁਸ਼ੀਆਂ ਤੇ ਖੇੜੇ ਵੰਡਦਾ ਹੈ। ਧਰਮ ਵੀ ਸਾਨੂੰ ਇਹੀ ਸਿਖਾਉਂਦਾ ਹੈ ਕਿ ਮਨੁਖਤਾ ਖਾਤਰ ਆਪਣੇ-ਆਪ ਨੂੰ ਕੁਰਬਾਨ ਕਰ ਦੇਣ ਵਾਲੇ ਆਦਰਸ਼ ਪੁਰਖ ਦੀ ਹੀ ਸਾਰੇ ਨਕਲ ਕਰਨਾ ਚਾਹੁੰਦੇ ਹਨ।''

ਸਾਹਿਬ ਸ੍ਰੀ ਕਾਸ਼ੀ ਰਾਮ ਜੀ ਇਸ ਪੈਮਾਨੇ ਉਤੇ ਪੂਰਾ ਉਤਰਦੇ ਸਨ। ਉਨ੍ਹਾਂ ਨੇ ਦੱਬੇ ਕੁਚਲੇ ਤੇ ਗਰੀਬ ਦਲਿਤਾਂ ਦੀ ਜ਼ਿੰਦਗੀ ਨੂੰ ਬਿਹਤਰ ਬਣਾਉਣ ਵਾਸਤੇ ਅਤੇ ਉਨ੍ਹਾਂ ਦੇ ਮਨਾਂ ਵਿਚ ਮਨੁਖੀ ਸਵੈਮਾਣ ਭਰਨ ਵਾਸਤੇ ਆਪਣੀ ਸਾਰੀ ਜ਼ਿੰਦਗੀ ਅਰਪਣ ਕਰ ਦਿਤੀ। ਘਰ ਪਰਿਵਾਰ ਦੇ ਸਾਰੇ ਸੁਖ ਤਿਆਗ ਕੇ ਆਪਣਾ ਜੀਵਨ ਬਹੁਜਨ ਸਮਾਜ ਦੇ ਲੇਖੇ ਲਾ ਦਿਤੀ। ਕਾਸ਼ੀ ਰਾਮ ਜੀ ਦੇ ਦਿਲ ਵਿਚ ਦਬੇ ਕੁਚਲੇ ਅਤੇ ਗਰੀਬ ਲੋਕਾਂ ਪ੍ਰਤੀ ਕਿੰਨਾ ਦਰਦ ਸੀ, ਇਸ ਦੀ ਇਕ ਆਪ ਹੰਢਾਈ ਯਾਦ ਮੈਂ ਤੁਹਾਡੇ ਨਾਲ ਸਾਂਝੀ ਕਰਨਾ ਚਾਹੁੰਦਾ ਹਾਂ। ਇਹ ਦਿਨ ਮੈਨੂੰ ਇਸ ਕਰਕੇ ਯਾਦ ਰਹਿ ਗਿਆ ਹੈ ਕਿਉਂਕਿ ਇਹ ਦਿਨ 20ਵੀਂ ਸਦੀ ਦਾ ਆਖਰੀ ਅਤੇ ਇਕੀਵੀਂ ਸਦੀ ਦਾ ਪਹਿਲਾ ਦਿਨ ਸੀ। 31 ਦਸੰਬਰ 2000 ਦੀ ਰਾਤ ਨੂੰ ਡੇਢ ਵਜੇ ਦੇ ਕਰੀਬ ਟੈਲੀਫੋਨ ਦੀ ਘੰਟੀ ਖੜਕਣ ਉਤੇ ਜਦੋਂ ਮੈਂ ਟੈਲੀਫੋਨ ਚੁਕਿਆ ਤਾਂ ਅਗੋਂ ਸਾਹਿਬ ਸ੍ਰੀ ਕਾਸ਼ੀ ਰਾਮ ਜੀ ਬੋਲ ਰਹੇ ਸਨ। ਜੈ ਭੀਮ ਕਹਿਣ ਤੋਂ ਬਾਅਦ ਜਦੋਂ ਗਲਬਾਤ ਸ਼ੁਰੂ ਹੋਈ ਤਾਂ ਮੈਨੂੰ ਉਨ੍ਹਾਂ ਨੇ ਦਸਿਆ ਕਿ ਉਨ੍ਹਾਂ ਨੂੰ ਰਾਤ ਦੀ ਨੀਂਦ ਨਹੀਂ ਸੀ ਆ ਰਹੀ, ਇਸ ਲਈ ਮੈਂ ਤੇਰੇ ਨਾਲ ਗਲਬਾਤ ਕਰਨ ਲਈ ਟੈਲੀਫੋਨ ਕੀਤਾ ਹੈ। ਜਦੋਂ ਮੈਂ ਨੀਂਦ ਨਾ ਆਉਣ ਦਾ ਕਾਰਨ ਪੁਛਿਆ ਤਾਂ ਉਨ੍ਹਾਂ ਦਾ ਕਹਿਣਾ ਸੀ ਕਿ ਅੱਜ ਰਾਤ ਮੈਂ ਲਾਲ ਕਿਲ੍ਹੇ ਦੇ ਕੋਲ ਜਦੋਂ ਆਪਣੀ ਕਾਨਫਰੰਸ ਦੀ ਤਿਆਰੀ ਦੇ ਸਬੰਧ ਵਿਚ ਗਿਆ ਤਾਂ ਉਥੇ ਵੇਖਿਆ ਕਿ 10-15 ਹਜ਼ਾਰ ਦੇ ਕਰੀਬ ਆਦਿਵਾਸੀ ਗਰਮ ਕਪੜਿਆਂ ਤੋਂ ਬਿਨਾਂ ਠੰਢ ਵਿਚ ਸੁੰਗੜੇ ਬੈਠੇ ਸਨ। ਇਸ ਦਾ ਕਾਰਨ ਦਸਦਿਆਂ ਉਨ੍ਹਾਂ ਨੇ ਕਿਹਾ ਕਿ ਜਦੋਂ ਉਹ ਆਦਿਵਾਸੀਆਂ ਦੇ ਇਲਾਕੇ ਵਿਚ ਆਪਣੀ 6 ਜਨਵਰੀ ਦੀ ਦਿੱਲੀ ਵਿਚ ਹੋਣ ਵਾਲੀ ਰੈਲੀ ਵਾਸਤੇ ਪ੍ਰਚਾਰ ਕਰਨ ਗਏ ਸਨ ਤਾਂ ਉਨ੍ਹਾਂ ਨੇ ਇਨ੍ਹਾਂ ਆਦਿਵਾਸੀਆਂ ਨੂੰ ਇਸ ਰੈਲੀ ਵਿਚ ਪਹੁੰਚਣ ਦਾ ਸੱਦਾ ਦਿਤਾ ਸੀ। ਕਿਉਂਕਿ ਉਨ੍ਹਾਂ ਦੇ ਇਲਾਕੇ ਵਿਚ ਹਮੇਸ਼ਾ ਮੌਸਮ ਗਰਮ ਰਹਿੰਦਾ ਹੈ, ਇਸ ਲਈ ਉਨ੍ਹਾਂ ਨੂੰ ਉਤਰੀ ਭਾਰਤ ਦੀ ਸਰਦੀ ਬਾਰੇ ਜਾਣਕਾਰੀ ਨਹੀਂ ਸੀ ਤੇ ਉਹ ਆਪਣੇ ਅਰਧ ਨਗਨ ਸਰੀਰਾਂ ਨਾਲ ਹੀ ਇਸ ਰੈਲੀ ਵਾਸਤੇ ਪਹੁੰਚ ਗਏ ਹਨ। ਪਰ ਮੇਰੇ ਕੋਲੋਂ ਉਨ੍ਹਾਂ ਦੀ ਸਰਦੀ ਬਰਦਾਸ਼ਤ ਨਹੀਂ ਹੋ ਰਹੀ। ਸਰਦੀ ਨੂੰ ਕੁਝ ਘਟਾਉਣ ਲਈ ਉਨ੍ਹਾਂ ਦੇ ਉਤੇ ਮੋਟੇ ਸ਼ਮਿਆਨੇ ਲਗਵਾਏ ਗਏ ਹਨ, ਪਰ ਮੇਰੇ ਮਨ ਵਿਚ ਵਾਰ-ਵਾਰ ਇਹ ਗੱਲ ਆ ਰਹੀ ਹੈ ਕਿ ਜੇ ਮੈਨੂੰ ਦੋ ਰਜਾਈਆਂ ਵਿਚ ਇਥੇ ਠੰਢ ਲਗ ਰਹੀ ਹੈ, ਤਾਂ ਉਹ ਆਦਿਵਾਸੀ ਆਪਣੀਆਂ ਇਹ ਰਾਤਾਂ ਕਿਵੇਂ ਕਟਣਗੇ? ਮੇਰੇ ਇਹ ਕਹਿਣ ਉਤੇ ਕਿ ਇਸ ਵਿਚ ਤੁਹਾਡਾ ਕੀ ਦੋਸ਼ ਹੈ, ਤਾਂ ਉਨ੍ਹਾਂ ਦਾ ਕਹਿਣਾ ਸੀ ਕਿ ਇਹ ਮੇਰੀ ਗਲਤੀ ਹੈ ਕਿ ਮੈਨੂੰ ਉਨ੍ਹਾਂ ਲੋਕਾਂ ਨੂੰ ਦਿੱਲੀ ਦੀ ਠੰਢ ਬਾਰੇ ਦਸਣਾ ਚਾਹੀਦਾ ਸੀ।

ਉਹ ਆਪਣੇ ਸਾਥੀਆਂ ਦੇ ਦੁਖ-ਸੁਖ ਬਾਰੇ ਕਿੰਨੇ ਸੰਵੇਦਨਸ਼ੀਲ ਸਨ, ਇਸ ਦੀ ਇਕ ਸਪਸ਼ਟ ਮਿਸਾਲ ਮੈਂ ਆਪ ਹੰਢਾਈ ਹੈ। 1991-92 ਦੀ ਗੱਲ ਹੈ। ਦਿੱਲੀ ਆਪਣੇ ਘਰ ਵਿਚ ਮੇਰੇ ਨਾਲ ਗੱਲ ਕਰਦਿਆਂ ਉਨ੍ਹਾਂ ਨੇ ਮੈਨੂੰ ਇਹ ਜਚਾਇਆ ਸੀ ਕਿ ਜਦੋਂ ਮੈਂ ਜਲੰਧਰ ਜਾਵਾਂ ਤਾਂ ਤੂੰ ਭਾਵੇਂ ਚਾਹ ਪਿਆਉਣ ਦੇ ਬਹਾਨੇ ਹੀ ਮੈਨੂੰ ਆਪਣੇ ਘਰ ਲੈ ਜਾਇਆ ਕਰ। ਮੇਰੇ ਵਲੋਂ ਇਸ ਦਾ ਕਾਰਨ ਪੁਛਣ ਉਤੇ ਉਨ੍ਹਾਂ ਦਾ ਕਹਿਣਾ ਸੀ ਕਿ ਮੇਰਾ ਤੇਰੇ ਘਰ ਜਾਣ ਨਾਲ ਪੁਲਸ ਵਾਲੇ ਤੇਰਾ ਪਿਛਾ ਨਹੀਂ ਕਰਨਗੇ। ਇਹ ਗੱਲ ਸੁਣ ਕੇ ਮੇਰਾ ਸਿਰ ਉਨ੍ਹਾਂ ਪ੍ਰਤੀ ਸ਼ਰਧਾ ਨਾਲ ਝੁਕ ਗਿਆ ਸੀ। ਮੈਨੂੰ ਇਹ ਮਹਿਸੂਸ ਹੋਇਆ ਸੀ ਕਿ ਉਨ੍ਹਾਂ ਨੂੰ ਮੇਰੇ ਬਾਰੇ ਇਸ ਹਕੀਕਤ ਦਾ ਗਿਆਨ ਹੈ ਕਿ ਮੈਂ ਕਿਸੇ ਵੇਲੇ ਵੀ ਪੁਲਿਸ ਦੀ ਮਾਰ ਹੇਠ ਆ ਸਕਦਾ ਹਾਂ, ਕਿਉਂਕਿ ਮੈਂ ਉਸ ਵੇਲੇ ਪੰਜਾਬ ਮਨੁਖੀ ਅਧਿਕਾਰ ਸੰਗਠਨ ਵਿਚ ਕੰਮ ਕਰਦਾ ਸਾਂ ਅਤੇ ਪੰਜਾਬ ਮਨੁਖੀ ਅਧਿਕਾਰ ਸੰਗਠਨ ਦੇ ਸਾਰੇ ਕਾਰਕੁਨ ਉਦੋਂ ਪੰਜਾਬ ਪੁਲਿਸ ਦੀ ਮਾਰ ਹੇਠ ਸਨ। ਉਨ੍ਹਾਂ ਦਿਨਾਂ ਵਿਚ ਹੀ ਸੰਗਠਨ ਦੇ ਚੇਅਰਮੈਨ ਜਸਟਿਸ ਅਜੀਤ ਸਿੰਘ ਬੈਂਸ ਨੂੰ ਬੇਅੰਤ ਸਿੰਘ ਸਰਕਾਰ ਨੇ ਗ੍ਰਿਫਤਾਰ ਕਰਨ ਦੇ ਬਹਾਨੇ ਪੂਰੀ ਤਰ੍ਹਾਂ ਜ਼ਲੀਲ ਕੀਤਾ ਸੀ। ਇਸ ਤੋਂ ਬਾਅਦ ਜਿੰਨੀ ਵਾਰੀ ਵੀ ਉਹ ਜਲੰਧਰ ਔ, ਲਗਪਗ ਉਹ ਮੇਰੇ ਘਰ ਇਕ ਵਾਰ ਜ਼ਰੂਰ ਆਏ। ਸ੍ਰੀ ਕਾਸ਼ੀ ਰਾਮ ਜੀ ਦਾ ਇਹ ਵਿਹਾਰ ਆਪਣੇ ਸਾਰੇ ਸਾਥੀਆਂ ਵਰਕਰਾਂ ਨਾਲ ਸੀ। ਏਨੇ ਮਹਾਨ ਮਨੁਖ ਦਾ ਜ਼ਿੰਦਗੀ ਭਰ ਕੀਤਾ ਇਹ ਸੰਘਰਸ਼ ਕੀ ਸੀ ਅਤੇ ਇਹ ਕਾਹਦੇ ਵਾਸਤੇ ਸੀ, ਇਹ ਜਾਣਕਾਰੀ ਹੋਣੀ ਬਹੁਤ ਜ਼ਰੂਰੀ ਹੈ। ਸ੍ਰੀ ਕਾਸ਼ੀ ਰਾਮ ਜੀ ਦੇ ਇਸ ਸੰਘਰਸ਼ ਦੀ ਰੂਪਰੇਖਾ ਉਨ੍ਹਾਂ ਦੇ ਹੇਠ ਲਿਖੇ ਆਪਣੇ ਸ਼ਬਦਾਂ ਅਨੁਸਾਰ ਇਉਂ ਹੈ; "ਅੱਜ ਵੀ ਬਹੁਜਨ ਸਮਾਜ ਸਮਾਜਿਕ ਅਤੇ ਆਰਥਿਕ ਨਾ-ਬਰਾਬਰੀ ਦਾ ਸ਼ਿਕਾਰ ਹੈ। ਜੋ ਲੋਕ ਅੱਜ ਜੀਵਤ ਹਨ, ਉਨ੍ਹਾਂ ਨੂੰ ਇਸ ਬਾਰੇ ਕੁਝ ਕਰਨ ਦੀ ਜ਼ਰੂਰਤ ਹੈ। ਅਸੀਂ ਇਹ ਦੇਖਦੇ ਹਾਂ ਕਿ ਪਿਛਲੇ 50 ਸਾਲਾਂ ਵਿਚ ਬਹੁਜਨ ਆਗੂਆਂ ਨੇ ਆਪਣੀਆਂ ਜ਼ਿੰਮੇਵਾਰੀਆਂ ਨੂੰ ਨਹੀਂ ਨਿਭਾਇਆ। ਬੰਗਾਲ ਦੇ ਚੰਡਾਲ, ਜਿਨ੍ਹਾਂ ਨੇ 19ਵੀਂ ਸਦੀ ਵਿਚ ਇਸ ਬ੍ਰਾਹਮਣਵਾਦੀ ਪ੍ਰਬੰਧ ਦੇ ਖਿਲਾਫ ਆਪਣੇ ਦਮ-ਖਮ ਉਤੇ ਅੰਦੋਲਨ ਚਲਾਇਆ, ਅੱਜ ਉਹ ਕੀ ਕਰ ਰਹੇ ਹਨ? ਉਸੇ ਤਰ੍ਹਾਂ ਮਹਾਰਾਸ਼ਟਰ ਦੇ ਮਹਾਰ, ਜਿਨ੍ਹਾਂ ਨੇ ਬਾਬਾ ਸਾਹਿਬ ਡਾ. ਅੰਬੇਡਕਰ ਦੀ ਅਗਵਾਈ ਵਿਚ ਅੰਦੋਲਨ ਚਲਾਇਆ, ਅੱਜ ਉਹ ਵੀ ਚੁੱਪ ਚਾਪ ਬੈਠੇ ਹਨ। ਪੂਰੇ ਦੇਸ ਭਰ ਵਿਚ ਜਿਨ੍ਹਾਂ-ਜਿਨ੍ਹਾਂ ਲੋਕਾਂ ਨੇ ਬਾਬਾ ਸਾਹਿਬ ਡਾ. ਅੰਬੇਡਕਰ ਦੀ ਅਗਵਾਈ ਵਿਚ ਬ੍ਰਾਹਮਣਵਾਦੀ ਪ੍ਰਬੰਧ ਦੇ ਖਿਲਾਫ ਅੰਦੋਲਨ ਚਲਾਇਆ, ਉਹ ਸਾਰੇ ਅੱਜ ਆਪਣੀਆਂ ਜ਼ਿੰਮੇਵਾਰੀਆਂ ਵੱਲੋਂ ਮੂੰਹ ਮੋੜ ਕੇ ਖਾਮੋਸ਼ ਬੈਠੇ ਹਨ। ਸਾਡੇ ਇਤਿਹਾਸਕਾਰਾਂ ਨੂੰ ਇਹ ਸੋਚਣਾ ਹੋਵੇਗਾ ਕਿ ਐਸਾ ਕਿਉਂ ਹੋ ਰਿਹਾ ਹੈ? ਜੇ ਅਸੀਂ ਚੰਗੀ ਤਰ੍ਹਾਂ ਸੋਚਣ ਦੇ ਸਮਰੱਥ ਹੋਵਾਂਗੇ। ਆਪਣੇ ਨੇੜਲੇ ਇਤਿਹਾਸ ਨੂੰ ਜਾਣ ਕੇ, ਸਮਝਕੇ ਹੀ ਅਸੀਂ ਕੁਝ ਕਰ ਸਕਣ ਵਿਚ ਸਫਲ ਹੋ ਸਕਦੇ ਹਾਂ। ਇਸ ਲਈ ਵੀ ਗਿੱਦੜ ਦੀ ਤਰ੍ਹਾਂ ਇਹ ਸ਼ੋਰ ਮਚਾਉਣਾ ਬੰਦ ਕਰ ਦੇਣਾ ਚਾਹੀਦਾ ਹੈ। ਕਿ ਸਾਡੇ ਪੁਰਖੇ ਰਾਜਾ ਸਨ। ਸਾਨੂੰ ਇਹ ਸੋਚਣਾ ਚਾਹੀਦਾ ਹੈ ਕਿ ਅਸੀਂ ਅੱਜ ਕੀ ਹਾਂ? ਅਸੀਂ ਆਪਣਾ ਭਵਿੱਖ ਬਨਾਉਣ ਲਈ ਅੱਜ ਕੀ ਯਤਨ ਕਰ ਰਹੇ ਹਾਂ? 19ਵੀਂ ਅਤੇ 20ਵੀਂ ਸਦੀ ਦੇ ਆਪਣੇ ਮਹਾਨ ਪੁਰਖਿਆਂ ਦੇ ਜੀਵਨ ਸੰਘਰਸ਼ ਤੋਂ ਸਬਕ ਅਤੇ ਪ੍ਰੇਰਨਾ ਲੈਂਦੇ ਹੋਏ ਸਾਨੂੰ ਆਪਣਾ ਨਵਾਂ ਭਵਿੱਖ ਬਨਾਉਣ ਦੀ ਦਿਸ਼ਾ ਵਿਚ ਅੱਗੇ ਵਧਣਾ ਚਾਹੀਦਾ ਹੈ।'' ਸ੍ਰੀ ਕਾਸ਼ੀ ਰਾਮ ਜੀ ਦੇ ਸੰਘਰਸ਼ ਦਾ ਤਤ ਭਾਵ ਬਹੁਜਨ ਸਮਾਜ ਸਮਾਜ ਦੇ ਨਵੇਂ ਭਵਿਖ ਨੂੰ ਬਣਾਉਣ ਦੀ ਦਿਸ਼ਾ ਵੱਲ ਅਗੇ ਵਧਣਾ ਸੀ। ਬ੍ਰਾਹਮਣਵਾਦ ਵਿਰੁਧ ਦ੍ਰਿੜਤਾ ਨਾਲ ਸੰਘਰਸ਼ ਕਰਨਾ।



ਬ੍ਰਾਹਮਣਵਾਦ ਕੀ ਹੈ, ਇਸ ਨੂੰ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੇ ਸ਼ਬਦਾਂ ਵਿਚ ਸਪਸ਼ਟ ਰੂਪ ਵਿਚ ਸਮਝਿਆ ਜਾ ਸਕਦਾ ਹੈ। ਆਪਣੀ ਇਕ ਸਭ ਤੋਂ ਅਹਿਮ ਲਿਖਤ 'ਜਾਤ-ਪਾਤ ਦਾ ਬੀਜ ਨਾਸ' ਵਿਚ ਜਾਤਪਾਤ ਦੇ ਕਾਰਨਾਂ ਦੀ ਨਿਸ਼ਾਨਦੇਹੀ ਕਰਦਿਆਂ ਡਾ. ਅੰਬੇਡਕਰ ਨੇ ਦੱਸਿਆ ਹੈ; "ਜਾਤ ਇਕ ਧਾਰਨਾ ਹੈ ਅਤੇ ਮਨ ਦੀ ਇਕ ਅਵਸਥਾ ਹੈ। ਇਸ ਲਈ ਜਾਤਪਾਤ ਦੇ ਖਾਤਮੇ ਦਾ ਅਰਥ ਕਿਸੇ ਠੋਸ ਰੁਕਾਵਟ ਨੂੰ ਖਤਮ ਕਰਨਾ ਨਹੀਂ। ਇਸ ਦਾ ਅਰਥ ਮਨੁਖੀ ਮਨ ਵਿਚ ਬਣੀਆਂ ਧਾਰਨਾਵਾਂ ਨੂੰ ਬਦਲਣਾ ਹੈ। ਜਾਤਪਾਤ ਬੁਰੀ ਹੋ ਸਕਦੀ ਹੈ। ਇਹ ਇਨਸਾਨਾਂ ਕੋਲੋਂ ਵਹਿਸ਼ੀ ਕੰਮ ਕਰਵਾ ਸਕਦੀ ਹੈ। ਫਿਰ ਵੀ ਇਹ ਮੰਨਣਾ ਪਵੇਗਾ ਕਿ ਜੇ ਹਿੰਦੂ ਜਾਤਪਾਤ ਦੀ ਪਾਲਣਾ ਕਰਦੇ ਹਨ, ਤਾਂ ਇਸ ਕਰਕੇ ਨਹੀਂ ਕਿ ਉਹ ਵਹਿਸ਼ੀ ਜਾਂ ਪਾਗਲ ਹਨ, ਸਗੋਂ ਇਸ ਕਰਕੇ ਕਿ ਉਹ ਪਕੇ ਧਾਰਮਿਕ ਹਨ। ਜੇ ਲੋਕ ਜਾਤਪਾਤ ਦੀ ਪਾਲਣਾ ਕਰਦੇ ਹਨ ਤਾਂ ਇਸ ਦਾ ਅਰਥ ਇਹ ਨਹੀਂ ਕਿ ਲੋਕ ਹੀ ਗਲਤ ਹਨ। ਗਲਤ ਹੈ ਉਹਨਾਂ ਦਾ ਧਰਮ, ਜੋ ਉਹਨਾਂ ਦੇ ਮਨਾਂ ਅੰਦਰ ਜਾਤਪਾਤ ਦੀਆਂ ਧਾਰਨਾਵਾਂ ਭਰਦਾ ਹੈ। ਜੇ ਇਹ ਗੱਲ ਠੀਕ ਹੈ ਤਾਂ ਸਾਫ ਜਾਹਿਰ ਹੈ ਕਿ ਦੁਸ਼ਮਣ ਲੋਕ ਨਹੀਂ ਸਗੋਂ ਉਹ ਸ਼ਾਸਤਰ ਹਨ, ਜੋ ਲੋਕਾਂ ਨੂੰ ਜਾਤਪਾਤ ਦਾ ਧਰਮ ਸਿਖਾਉਂਦੇ ਹਨ। ਇਹ ਸਾਸ਼ਤਰ ਹੀ ਹਨ ਜੋ ਜਾਤਪਾਤ ਦਾ ਧਰਮ ਉਪਦੇਸ਼ ਦੇਂਦੇ ਹਨ। ਹਰ ਇਕ ਇਸਤਰੀ ਪੁਰਸ਼ ਨੂੰ ਇਨ੍ਹਾਂ ਧਾਰਮਿਕ ਸ਼ਾਸਤਰਾਂ ਦੀ ਗੁਲਾਮੀ ਤੋਂ ਮੁਕਤ ਕਰ ਦਿਓ ਤੇ ਸਾਸ਼ਤਰਾਂ ਉਤੇ ਆਧਾਰਿਤ ਅੰਧ-ਵਿਸ਼ਵਾਸਾਂ ਨੂੰ ਉਨ੍ਹਾਂ ਦੇ ਦਿਮਾਗਾਂ ਵਿਚੋਂ ਕਢ ਦਿਓ, ਤਾਂ ਇਹ ਇਸਤਰੀ ਪੁਰਸ਼ ਕਿਸੇ ਦੇ ਕਹੇ ਬਗੈਰ ਹੀ ਆਪਸ ਵਿਚ ਸਾਂਝਾ ਲੰਗਰ ਅਤੇ ਜਾਤਪਾਤ ਤੋੜ ਕੇ ਵਿਆਹ ਕਰਨ ਲੱਗ ਪੈਣਗੇ।'' ਇਥੇ ਸਪਸ਼ਟ ਕਰਨ ਵਾਲੀ ਗੱਲ ਇਹ ਹੈ ਕਿ ਧਰਮ ਗ੍ਰੰਥਾਂ ਜਾਂ ਕਿਤਾਬਾਂ ਵਿਚ ਦਰਜ ਧਾਰਨਾਵਾਂ ਜਾਂ ਮੰਦਰਾਂ-ਗੁਰਦੁਆਰਿਆਂ ਵਿਚ ਕੀਤਾ ਜਾ ਰਿਹਾ ਕਰਮਕਾਂਡ ਹੀ ਸਿਰਫ ਧਰਮ ਨਹੀਂ ਹੁੰਦਾ, ਸਗੋਂ ਮਨੁਖੀ ਚੇਤਨਾ ਵਿਚ ਉਕਰੀਆਂ ਹੋਈਆਂ ਧਾਰਨਾਵਾਂ ਵੀ ਧਰਮ ਦਾ ਆਧਾਰ ਹੁੰਦੀਆਂ ਹਨ। ਮਨੁੱਖੀ ਚੇਤਨਾ ਵਿਚ ਉਕਰੀਆਂ ਹੋਈਆਂ ਘਟਨਾਵਾਂ ਤੇ ਇਨ੍ਹਾਂ ਧਾਰਨਾਵਾਂ ਅਨੁਸਾਰ ਇਨ੍ਹਾਂ ਘਟਨਾਵਾਂ ਦੀ ਕੀਤੀ ਜਾਂਦੀ ਵਿਆਖਿਆ ਵੀ ਧਰਮ ਦਾ ਆਧਾਰ ਹੁੰਦੀ ਹੈ। ਇਹ ਧਾਰਨਾਵਾਂ ਕਿਸੇ ਫਿਲਾਸਫੀ ਦੀ ਦੇਣ ਹੁੰਦੀਆਂ ਹਨ। ਇਹ ਫਿਲਾਸਫੀ ਇਸ ਬ੍ਰਹਿਮੰਡ, ਇਸ ਧਰਤੀ ਤੇ ਧਰਤੀਆਂ ਉਤਲੇ ਮਨੁਖਾਂ ਦੇ ਆਪਸੀ ਰਿਸ਼ਤਿਆਂ ਨੂੰ ਸਮਝਣ ਦਾ ਇਕ ਦ੍ਰਿਸ਼ਟੀਕੋਣ ਹੈ। ਸਾਸ਼ਤਰਾਂ ਦਾ ਧਰਮ ਵੀ ਇਕ ਫਿਲਾਸਫੀ ਹੈ, ਇਕ ਦ੍ਰਿਸ਼ਟੀਕੋਣ, ਜਿਸ ਨੂੰ ਡਾ. ਅੰਬੇਡਕਰ ਨੇ ਬ੍ਰਾਹਮਣਵਾਦ ਦਾ ਨਾਂ ਦਿਤਾ ਹੈ। ਇਹ ਸੋਚ ਪ੍ਰਬੰਧ ਮਨੁੱਖੀ ਚੇਤਨਾ ਦਾ ਹਿੱਸਾ ਹੈ। ਇਹ ਸੋਚ ਪ੍ਰਬੰਧ ਮਨੁਖੀ ਚੇਤਨਾ ਨੂੰ ਕੁਦਰਤੀ ਹਕੀਕਤ ਨਾਲ ਨਹੀਂ ਸਗੋਂ ਕਾਲਪਨਿਕ ਤੇ ਭਰਮਾਊ ਬ੍ਰਾਹਮਣੀ ਧਾਰਨਾਵਾਂ ਨਾਲ ਜੋੜਨਾ ਹੈ। ਬ੍ਰਾਹਮਣਵਾਦ ਖੁਦ ਪਰਜੀਵੀ ਹੋਣ ਕਰਕੇ ਨਾ ਸਿਰਫ ਹਰ ਕਿਸਮ ਦੇ ਲੁਟੇਰੇ ਆਰਥਿਕ ਰਿਸ਼ਤਿਆਂ ਦੀ ਪੈਰਵਾਈ ਕਰਦਾ ਹੈ, ਸਗੋਂ ਉਨ੍ਹਾਂ ਦੀ ਡਟ ਕੇ ਵਕਾਲਤ ਕਰਦਾ ਹੈ ਅਤੇ ਮੋੜਵੇਂ ਰੂਪ ਵਿਚ ਲੁਟੇਰੇ ਆਰਥਿਕ ਰਿਸ਼ਤਿਆਂ ਨੂੰ ਵਿਚਾਰਧਾਰਕ ਆਧਾਰ ਮੁਹੱਈਆ ਕਰਦਾ ਹੈ। ਬ੍ਰਾਹਮਣਵਾਦ ਗੁਲਾਮਦਾਰੀ ਯੁਗ ਵਿੱਚ ਗੁਲਾਮ ਮਾਲਕਾਂ ਦੀ ਪੈਰਵਾਈ ਕਰਦਾ ਰਿਹਾ ਹੈ ਅਤੇ ਜਾਗੀਰੂ-ਰਜਵਾੜਾਸ਼ਾਹੀ ਯੁਗ ਵਿੱਚ ਰਜਵਾੜਾਸ਼ਾਹੀ ਦਾ ਸਿਧਾਂਤਕ ਵਕੀਲ ਰਿਹਾ ਹੈ। ਅੱਜ ਇਹ ਬ੍ਰਾਹਮਣਵਾਦ ਅਰਧ ਜਾਗੀਰੂ ਅਰਧ ਸਾਮਰਾਜੀ ਆਰਥਿਕ ਰਿਸ਼ਤਿਆਂ ਦੀ ਹੀ ਨਹੀਂ ਸਗੋਂ ਸਾਮਰਾਜੀ (ਪੂੰਜੀਵਾਦੀ) ਆਰਥਿਕ ਰਿਸ਼ਤਿਆਂ ਦੀ ਵੀ ਪੁਸ਼ਤਪਨਾਹੀ ਕਰ ਰਿਹਾ ਹੈ। ਇਸੇ ਕਰਕੇ ਸਾਮਰਾਜੀ ਪੂੰਜੀਵਾਦੀ ਦਾ ਪੈਰੋਕਾਰ ਸਮੁੱਚਾ ਮੀਡੀਆ (ਸਾਰੇ ਟੀ. ਵੀ. ਚੈਨਲ, ਸਮੇਤ 'ਧਰਮ ਨਿਰਪੱਖ' ਸਰਕਾਰੀ ਚੈਨਲਾਂ ਦੇ, ਅਖ਼ਬਾਰਾਂ ਤੇ ਮੈਗਜ਼ੀਨ) 24 ਘੰਟੇ ਇਸੇ ਬ੍ਰਾਹਮਣਵਾਦ ਦਾ ਪ੍ਰਚਾਰ ਕਰਦਾ ਨਜ਼ਰ ਆਉਂਦਾ ਹੈ।

ਬ੍ਰਾਹਮਣਵਾਦ ਹੋਰ ਕੁਝ ਨਹੀਂ ਸਗੋਂ ਠੋਸ ਕੁਦਰਤੀ ਹਕੀਕਤ ਨੂੰ ਉਲਟੇ ਸਿਰ ਖੜ੍ਹਾ ਕਰਨ ਦਾ ਇਕ ਫਲਸਫ਼ਾ ਹੈ। ਇਹ ਕੁਦਰਤੀ ਹਕੀਕਤ ਦੀ ਵਿਆਖਿਆ ਠੋਸ ਅਸਲੀਅਤ ਉੱਤੇ ਆਧਾਰਿਤ ਨਹੀਂ ਸਗੋਂ ਆਪਣੇ ਦਿਮਾਗਾਂ ਵਿਚ ਬਣੀਆਂ ਕਾਲਪਨਿਕ ਧਾਰਨਾਵਾਂ ਵਿਚੋਂ ਕਰਦਾ ਹੈ। ਇਹ ਇਸ ਸੰਸਾਰ ਦੀ ਵਿਆਖਿਆ ਕਿਸੇ ਕਾਲਪਨਿਕ ਨਰਕ-ਸੁਰਗ, ਪੁਨਰ ਜਨਮ, ਪੁੰਨ-ਪਾਪ, ਕਾਲਪਨਿਕ ਦੇਵੀ-ਦੇਵਤਿਆਂ ਬ੍ਰਹਮਾਂ, ਵਿਸ਼ਨੂੰ, ਮਹੇਸ਼, ਗਣੇਸ਼ ਆਦਿ ਤੇ ਮਨੁੱਖਾਂ ਦੀ ਜਮਾਂਦਰੂ ਨਾਬਰਾਬਰੀ ਦੇ ਸਿਧਾਂਤ ਨੂੰ ਮੰਨ ਕੇ ਕਰਦਾ ਹੈ। ਠੋਸ ਕੁਦਰਤੀ ਹਕੀਕਤ ਜਾਂ ਮਨੁੱਖ ਤੇ ਕੁਦਰਤ ਦੇ ਰਿਸ਼ਤੇ ਦੀ ਕੀਤੀ ਗਈ ਇਹ ਕਲਪਨਾਮਈ ਵਿਆਖਿਆ ਅੱਜ ਸਾਮਰਾਜੀ ਪੂੰਜੀਵਾਦ ਦੇ ਦੌਰ ਵਿਚ ਆ ਕੇ ਹੋਰ ਵੀ ਭਿਅੰਕਰ ਰੂਪ ਧਾਰਨ ਕਰ ਗਈ ਹੈ। ਅੱਜ ਇਹੀ ਬ੍ਰਾਹਮਣਵਾਦ ਸਾਮਰਾਜੀ ਪੂੰਜੀਵਾਦ ਵਲੋਂ ਕੁਦਰਤ ਨਾਲੋਂ ਟੁੱਟੇ ਹੋਏ ਇਕ ਕਾਲਪਨਿਕ ਸੰਸਾਰ ਦੀ ਉਸਾਰੀ ਨੂੰ ਸਿਧਾਂਤਕ ਆਧਾਰ ਮੁਹੱਈਆ ਕਰ ਰਿਹਾ ਹੈ। ਇਥੇ ਸਮਝਣ ਵਾਲੀ ਗੱਲ ਫਿਰ ਇਹੀ ਹੈ ਕਿ ਬ੍ਰਾਹਮਣਵਾਦ ਕਿਸੇ ਕਾਲਪਨਿਕ ਰੱਬ ਨਾਲ ਜੁੜੇ ਭਰਮਜਾਲ ਅਤੇ ਕਰਮਕਾਂਡ ਦਾ ਮਿਲਗੋਭਾ ਹੈ, ਜਿਹੜਾ ਕੁਦਰਤ ਤੇ ਮਨੁਖ ਦੇ ਰਿਸ਼ਤੇ ਨੂੰ ਉਲਟੇ ਸਿਰ ਖੜਾ ਕਰ ਦੇਂਦਾ ਹੈ। ਇਹ ਮਨੁੱਖ ਨੂੰ ਕੁਦਰਤ ਦੀ ਸਿਰਜਣਾ ਸਮਝਣ ਦੀ ਬਜਾਇ, ਕਿਸੇ ਕਾਲਪਨਿਕ ਰੱਬ ਨੂੰ ਇਸ ਰਿਸ਼ਤੇ ਵਿਚਕਾਰ ਲਿਆ ਵਾੜਦਾ ਹੈ। ਜਿੰਨਾ ਚਿਰ ਇਸ ਮਿਲਗੋਭੇ ਵਿਚ ਕੁਦਰਤ ਤੇ ਮਨੁਖ ਦੇ ਸਿਧੇ ਰਿਸ਼ਤੇ ਦੀ ਨਿਸ਼ਾਨਦੇਹੀ ਨਹੀਂ ਕੀਤੀ ਜਾਂਦੀ, ਓਨਾ ਚਿਰ ਇਸ ਬ੍ਰਾਹਮਣਵਾਦੀ ਕੂੜ ਵਿਰੁਧ ਅਸਰਦਾਰ ਜੰਗ ਨਹੀਂ ਵਿਢੀ ਜਾ ਸਕਦੀ। ਕੁਦਰਤ ਤੇ ਮਨੁੱਖ ਦੇ ਰਿਸ਼ਤੇ ਬਾਰੇ ਸਪੱਸ਼ਟ ਹੋਏ ਬਿਨਾਂ ਮਨੁੱਖ ਦਾ ਰੂਹਾਨੀ ਵਿਕਾਸ ਸੰਭਵ ਨਹੀਂ ਅਤੇ ਰੂਹਾਨੀ ਵਿਕਾਸ ਬਿਨਾਂ ਮਨੁੱਖ ਦੇ ਅਸਲੀ ਮਨੁੱਖ ਬਣਨ ਦੀ ਕਿਰਿਆ ਸ਼ੁਰੂ ਨਹੀਂ ਹੋ ਸਕਦੀ। ਇਸ ਤੋਂ ਬਿਨਾਂ ਮਨੁੱਖ ਦੀ ਆਪਣੀਆਂ ਕੁਦਰਤੀ ਲੋੜਾਂ ਦੀ ਪਛਾਣ ਕਰਨ ਤੇ ਮਨੁੱਖੀ-ਸਮਾਜੀ ਰਿਸ਼ਤਿਆਂ ਨੂੰ ਅਮੀਰ ਭਾਵ ਜਾਤਪਾਤ ਰਹਿਤ ਬਣਾਉਣ ਦੀ ਕਿਰਿਆ ਅੱਧਵਾਟੇ ਰੁਕ ਜਾਂਦੀ ਹੈ। ਜਦੋਂ ਮਨੁੱਖ ਦਾ ਮਨੁੱਖੀ (ਸਮਾਜੀ) ਵਿਕਾਸ ਹੀ ਰੁਕ ਜਾਏ ਤਾਂ ਜਾਤਪਾਤ ਰਹਿਤ ਹਰ ਤਰ੍ਹਾਂ ਦੀ ਬਰਾਬਰੀ ਦੇ ਸਮਾਜ ਦੀ ਸਿਰਜਣਾ ਦਾ ਕਾਰਜ ਅੱਗੇ ਕਿਵੇਂ ਤੋਰਿਆ ਜਾ ਸਕਦਾ ਹੈ?

ਡਾ. ਅੰਬੇਡਕਰ ਨੇ ਇਸੇ ਰੂਹਾਨੀ ਪੱਖ ਤੋਂ ਕਮਿਊਨਿਸਟਾਂ ਨਾਲੋਂ ਆਪਣਾ ਦ੍ਰਾਸ਼ਨਿਕ ਤੋੜ-ਵਿਛੋੜਾ ਕੀਤਾ ਸੀ ਤੇ ਕਮਿਊਨਿਸਟ ਲਹਿਰ ਦੇ ਹੁਣ ਤੱਕ ਦੇ ਸਾਰੇ ਇਤਿਹਾਸ ਨੇ ਸਪਸ਼ਟ ਕੀਤਾ ਹੈ ਕਿ ਇਸ ਮਸਲੇ ਉਤੇ ਡਾ. ਅੰਬੇਡਕਰ ਦਰੁਸਤ ਸੀ ਅਤੇ ਭਾਰਤ ਦੇ ਕਮਿਊਨਿਸਟ ਗਲਤ ਸਨ। ਇਸੇ ਕਰਕੇ ਡਾ. ਅੰਬੇਡਕਰ ਕਹਿੰਦੇ ਹਨ ਕਿ ਕਿਰਤੀ ਵਰਗ ਦੇ ਦੋ ਦੁਸ਼ਮਣ ਹਨ : ਬ੍ਰਾਹਮਣਵਾਦ ਤੇ ਪੂੰਜੀਵਾਦ। ਬ੍ਰਾਹਮਣਵਾਦ ਮਨੁਖ ਨੂੰ ਰੂਹਾਨੀ ਤੌਰ ਉਤੇ ਗੁਲਾਮ ਬਣਾਉਂਦਾ ਹੈ ਅਤੇ ਲੁਟੇਰੇ ਆਰਥਿਕ ਰਿਸ਼ਤਿਆਂ ਉਤੇ ਆਧਾਰਿਤ ਪੂੰਜੀਵਾਦੀ ਰਾਜਪ੍ਰਬੰਧ ਇਸ ਬ੍ਰਾਹਮਣਵਾਦ ਦੀ ਹਰ ਤਰ੍ਹਾਂ ਰਾਖੀ ਕਰਦਾ ਹੈ। ਮਹਾਤਮਾ ਬੁਧ, ਸੰਤਾਂ, ਭਗਤਾਂ ਅਤੇ ਗੁਰੂਆਂ ਨੇ ਕੁਦਰਤ ਤੇ ਮਨੁਖ ਦੇ ਹਕੀਕੀ ਰਿਸ਼ਤਿਆਂ ਦੇ ਖੰਡਨ ਕਰਨ ਵਾਲੀਆਂ ਜਾਂ ਕੁਦਰਤੀ ਨੇਮਾਂ (ਹੁਕਮ) ਦੇ ਉਲਟ ਜਾਣ ਵਾਲੀਆਂ ਬ੍ਰਾਹਮਣੀ ਮਾਨਤਾਵਾਂ ਨੂੰ ਰੱਦ ਕਰਨ ਦੀ ਬੜੀ ਖੂਬਸੂਰਤ ਜਾਚ ਦੱਸੀ ਹੈ। ਸਾਡੇ ਇਸ ਕਥਨ ਦੀ ਪੁਸ਼ਟੀ ਡਾ. ਅੰਬੇਡਕਰ ਨੇ ਖੁਦ ਵੀ ਕੀਤੀ ਹੈ ਜਦੋਂ ਉਹ ਕਹਿੰਦੇ ਹਨ, ਵੇਦਾਂ ਸਾਸ਼ਤਰਾਂ ਨੂੰ ਰੱਦ ਕਰਨ ਸਮੇਂ "ਤੁਹਾਨੂੰ ਓਹੋ ਦ੍ਰਿੜ੍ਹਤਾ ਧਾਰਨ ਕਰਨੀ ਪਵੇਗੀ, ਜਿਹੜੀ ਬੁਧ ਨੇ ਕੀਤੀ ਸੀ, ਜਿਹੜੀ ਗੁਰ ਨਾਨਕ ਨੇ ਕੀਤੀ ਸੀ।'' ਡਾ. ਅੰਬੇਡਕਰ ਇਹ ਵੀ ਕਹਿੰਦੇ ਹਨ : "ਬ੍ਰਾਹਮਣਵਾਦ ਇਕ ਅਜਿਹੀ ਜਹਿਰ ਹੈ, ਜਿਸ ਨੇ ਹਿੰਦੂ ਮਾਨਸਿਕਤਾ ਨੂੰ ਦੂਸ਼ਿਤ ਕਰ ਦਿਤਾ ਹੈ। ਜੇ ਤੁਸੀਂ ਬ੍ਰਾਹਮਣਵਾਦ ਨੂੰ ਖਤਮ ਕਰ ਦਿਓਗੇ ਤਾਂ ਹਿੰਦੂ ਮਾਨਸਿਕਤਾ ਨੂੰ ਬਚਾਉਣ ਵਿਚ ਸਫਲ ਹੋ ਜਾਵੋਗੇ।'' ਅੱਜ ਪੂੰਜੀਵਾਦ ਬਾਰੇ ਖਾਸ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਮੌਜੂਦਾ ਦਿਸ ਰਿਹਾ ਸਾਰਾ ਕੁਝ ਸਾਮਰਾਜੀ ਪੂੰਜੀਵਾਦ ਦਾ ਕਲਪਿਆ ਸੰਸਾਰ ਹੈ, ਜਿਹੜਾ ਆਪਣੀ ਮੁਨਾਫੇ ਦੀ ਹਾਬੜ ਪੂਰੀ ਕਰਨ ਲਈ ਅਤੇ ਇਸ ਬ੍ਰਾਹਮਣੀ ਕਲਪਨਾ ਨੂੰ ਅਮਲੀ ਰੂਪ ਦੇਣ ਦੀ ਧੁੱਸ ਵਿਚ_ਮਨੁੱਖੀ ਰਿਸ਼ਤੇ ਤੇ ਕੁਦਰਤੀ ਸੋਮੇ_ਸਾਰਾ ਕੁਝ ਤਬਾਹ ਕਰਦਾ ਜਾ ਰਿਹਾ ਹੈ। ਮਾਰਕਸ ਏਂਗਲਜ਼ ਨੇ ਕਮਿਊਨਿਸਟ ਮੈਨੀਫੈਸਟੋ ਵਿਚ ਬੜੇ ਸਪੱਸ਼ਟ ਸ਼ਬਦਾਂ ਵਿਚ ਕਿਹਾ ਸੀ ਕਿ 'ਪੂੰਜੀਵਾਦ ਆਪਣਾ ਹੀ ਕਲਪਿਆ ਇਕ ਸੰਸਾਰ ਸਿਰਜ ਲੈਂਦਾ ਹੈ' ਤੇ ਦੁਨੀਆ ਭਰ ਦੇ ਲੋਕਾਂ ਨੂੰ ਵਿਕਾਸ ਦਾ ਪੂੰਜੀਵਾਦੀ ਢੰਗ, 'ਜਿਸ ਨੂੰ ਇਹ ਸਭਿਅਤਾ ਕਹਿੰਦਾ ਹੈ' ਅਪਨਾਉਣ ਲਈ ਮਜਬੂਰ ਕਰ ਦੇਂਦੀ ਹੈ। ਮਾਰਕਸ ਨੇ ਇਹ ਵੀ ਦੱਸਿਆ ਸੀ ਕਿ ਪੂੰਜੀਵਾਦੀ ਸਭਿਅਤਾ ਨਿਰੋਲ ਉਜੱਡਪੁਣਾ ਹੈ। ਇਹੀ ਹੈ, ਉਹ ਸੱਚ, ਜਿਸ ਨੂੰ ਅੱਜ ਸਭ ਤੋਂ ਵੱਧ ਸਮਝਣ ਦੀ ਲੋੜ ਹੈ। ਅਸਲ ਵਿਚ ਅੱਜ ਅਸੀਂ ਜੋ, ਕੁਝ ਵੇਖ ਰਹੇ ਹਾਂ ਇਹ ਮਨੁੱਖ ਦਾ ਵਿਕਾਸ ਨਹੀਂ ਹੋ ਰਿਹਾ ਸਗੋਂ ਮਨੁੱਖੀ ਨਿਘਾਰ ਦੀ ਚਰਮ ਸੀਮਾ ਹੈ। ਇਹ ਅਖੌਤੀ ਵਿਕਾਸ ਨਾ ਸਿਰਫ ਮਨੁੱਖਤਾ ਦਾ ਦੁਸ਼ਮਣ ਹੈ ਸਗੋਂ ਇਸ ਨੇ ਕੁਦਰਤ ਨਾਲ ਵੀ ਦੁਸ਼ਮਣੀ ਸਹੇੜ ਲਈ ਹੈ। ਸਾਮਰਾਜੀ ਪੂੰਜੀਵਾਦ ਨੇ ਸਮੁੱਚੀ ਮਨੁੱਖਤਾ ਨੂੰ ਕੁਦਰਤੀ ਹਕੀਕਤ ਨਾਲੋਂ ਤੋੜ ਕੇ ਆਪਣੇ ਕਲਪੇ ਸੰਸਾਰ ਵਿਚ ਜਿਉਣ ਲਈ ਮਜਬੂਰ ਕਰ ਦਿੱਤਾ ਹੈ। ਇਸ ਕਲਪੇ ਸੰਸਾਰ ਦੀ ਖਪਤਕਾਰੀ ਧੁੱਸ ਵਿਚ ਅਮੀਰ ਤੇ ਮੱਧ ਵਰਗ ਨਾ ਸਿਰਫ ਕੁਦਰਤੀ ਸਾਧਨਾਂ ਦਾ ਬੇਲੋੜਾ ਉਜਾੜਾ ਕਰ ਰਹੇ ਹਨ, ਸਗੋਂ ਇਹ ਬੇਹਿਸਾਬੀ ਮਨੁੱਖੀ ਕਿਰਤ ਸ਼ਕਤੀ ਨੂੰ ਅਜਾਈਂ ਗੁਆ ਰਿਹਾ ਹੈ। ਇਹ ਸਾਰਾ ਕੁਝ ਜੋ ਸ੍ਰੀ ਵਿਰਦੀ ਨੇ ਉੱਪਰ ਬਿਆਨਿਆ ਹੈ, ਇਹ ਸਾਮਰਾਜੀ ਪੂੰਜੀਵਾਦ ਦੀ ਗੈਰ-ਉਪਜਾਊ ਕੰਮਾਂ ਵਿਚ ਲੱਗੀ ਮਨੁੱਖਾਂ ਸ਼ਕਤੀ ਦੇ ਅਜਾਈਂ ਜਾਣ ਦੀ ਮੂੰਹ ਬੋਲਦੀ ਤਸਵੀਰ ਹੈ। ਇਸ ਨਾਲ ਨਾ ਸਿਰਫ ਹਜ਼ਾਰਾਂ ਸਾਲਾਂ 'ਚ ਬਣੇ ਮਨੁੱਖੀ ਰਿਸ਼ਤਿਆਂ ਦਾ ਕਬਾੜਾ ਹੋ ਰਿਹਾ ਹੈ ਸਗੋਂ ਮਨੁੱਖ ਆਪਣੀ ਕੁਦਰਤੀ ਫਿਤਰਤ ਭੁੱਲ ਕੇ ਆਪਣੇ ਹੀ ਸਰੀਰ ਨਾਲ ਖਿਲਵਾੜ ਕਰ ਰਿਹਾ ਹੈ। ਇਸ ਹਾਲਤ ਨੂੰ ਫੌਰੀ ਬਦਲੇ ਜਾਣ ਦੀ ਲੋੜ ਹੈ। ਅੱਜ ਦੇਸ ਭਰ ਦੇ ਆਰਥਿਕ ਤੇ ਕੁਦਰਤੀ ਸਾਧਨ ਕੁਝ ਹੱਥਾਂ ਵਿਚ ਕੇਂਦਰਿਤ ਹੋ ਰਹੇ ਹਨ, ਕੁਝ ਧਨਾਢ ਅਤੇ ਇਨ੍ਹਾਂ ਦੇ ਦਲਾਲ ਬਣੇ ਮੱਧ ਵਰਗ ਦੇ ਇਕ ਹਿੱਸੇ ਨੂੰ ਛੱਡ ਕੇ ਬਾਕੀ ਸਾਰੇ ਲੋਕ ਆਪਣੀ ਜ਼ਿੰਦਗੀ ਦੀਆਂ ਜ਼ਰੂਰੀ ਲੋੜਾਂ ਪੂਰੀਆਂ ਕਰਨ ਲਈ ਇਨ੍ਹਾਂ ਬਚੇ-ਖੁਚੇ ਸਾਧਨਾਂ ਦੀ ਖੋਹ-ਖਿੰਝ ਵਿਚ ਹਰਫਲੇ ਫਿਰ ਗਏ ਤਾਂ ਇਸ ਹਾਲਤ ਵਿਚ ਆਪਣੇ ਨਾਲ ਹੁੰਦੇ ਵਿਤਕਰੇ ਪ੍ਰਤੀ ਜਾਗਰੂਕ ਹੋ ਰਹੇ ਦਲਿਤ ਵਰਗਾਂ ਵਿਚ ਸਿਰ ਉੱਚਾ ਕਰਕੇ ਜਿਉਣ ਦੀ ਤਾਂਘ ਪੈਦਾ ਹੋ ਰਹੀ ਹੈ ਤੇ ਉਹ ਵੀ ਇਸ ਹਿੱਸੇਦਾਰੀ ਵਿਚ ਸ਼ਾਮਲ ਹੋ ਰਹੇ ਹਨ। ਸਾਮਰਾਜੀ-ਬ੍ਰਾਹਮਣਵਾਦੀ ਪ੍ਰਬੰਧ ਦੀ ਅਸਲੀਅਤ ਤੋਂ ਅਣਜਾਣ ਲੋਕ ਕਿਸੇ ਵੇਲੇ ਵੀ ਲੁਟੇਰੇ ਹਾਕਮਾਂ ਵੱਲੋਂ ਜਾਤੀ ਜੰਗ ਵਿਚ ਉਲਝਾਏ ਜਾ ਸਕਦੇ ਹਨ। ਸਿਹਿਬ ਸ੍ਰੀ ਕਾਸ਼ੀ ਰਾਮ ਜੀ ਨੇ ਇਸ ਦਾ ਹੱਲ ਬਹੁਜਨ ਸਮਾਜ ਦੀ ਅਗਵਾਈ ਹੇਠ ਲੋਕ ਸਮੂਹਾਂ ਨੂੰ ਇਕਜੁਟ ਕਰਕੇ ਰਾਜ ਸ਼ਕਤੀ ਆਪਣੇ ਹੱਥ ਲੈਣ ਦਾ ਰਾਹ ਵਿਖਾਇਆ ਸੀ। ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੀ ਦੇਸ ਦੇ ਆਰਥਿਕ ਵਿਕਾਸ ਬਾਰੇ ਪਹੁੰਚ ਵੀ ਬੜੀ ਸਪਸ਼ਟ ਸੀ। ਉਨ੍ਹਾ ਨੂੰ ਜਦੋਂ ਇਕ ਵਾਰੀ ਪੁਛਿਆ ਗਿਆ, ਕਿ ਰਾਜਸੀ ਤਾਕਤ ਲੈ ਕੇ ਉਹ ਇਸ ਸਾਮਰਾਜੀ ਅਡੰਬਰ ਦਾ ਮੁਕਾਬਲਾ ਕਿਵੇਂ ਕਰਨਗੇ, ਤਾਂ ਉਨ੍ਹਾ ਦਾ ਜੁਆਬ ਬੜਾ ਸਹਿਜ ਸੀ। ਉਨ੍ਹਾ ਦੀ ਸੋਚ ਸੀ ਕਿ ਦਿੱਲੀ ਦੀ ਰਾਜਸਤਾ ਲੈ ਕੇ ਉਹ ਬੁਨਿਆਦੀ (2 ਖੇਤੀਬਾੜੀ, ਬੁਨਿਆਦੀ ਸਨਅਤ ਅਤੇ ਬੁਨਿਆਦੀ ਜੰਗਲਾਤ ਨੂੰ ਵਿਕਸਿਤ ਕਰਨ ਦੀਆਂ ਹਾਲਤਾਂ ਪੈਦਾ ਕਰਨਗੇ। ਬੁਨਿਆਦੀ ਤੋਂ ਉਨ੍ਹਾ ਦਾ ਭਾਵ ਮਨੁਖ ਦੀਆਂ ਕੁਦਰਤੀ-ਮਨੁਖੀ ਲੋੜਾਂ ਪੂਰੀਆਂ ਕਰਨ ਵਾਸਤੇ ਜ਼ਰੂਰੀ ਵਸਤੂਆਂ ਦੀ ਪੈਦਾਵਾਰ ਸੀ।

ਉਨ੍ਹਾ ਦਾ ਕਹਿਣਾ ਸੀ ਕਿ ਸਮੁਚੇ ਦੇਸ ਦੀ ਰਾਜਸੀ ਵਾਗਡੋਰ ਸੰਭਾਲ ਕੇ, ਉਹ ਇਕ ਇਹੋ ਜਿਹਾ ਆਰਥਿਕ ਪ੍ਰਬੰਧ ਲਾਗੂ ਕਰਨਗੇ, ਜਿਸ ਨਾਲ ਸਾਰੇ ਲੋਕਾਂ ਦੀਆਂ ਬੁਨਿਆਦੀ ਲੋੜਾਂ ਪੂਰੀਆਂ ਹੋ ਸਕਣ। ਇਸ ਬਾਰੇ ਉਨ੍ਹਾ ਦੇ ਮਨ ਵਿਚ ਜਿਹੜਾ ਸੰਕਲਪ ਬਣਿਆ ਹੋਇਆ ਸੀ, ਉਸ ਦੀ ਵਿਆਖਿਆ ਉਹ ਇਸ ਤਰ੍ਹਾਂ ਕਰਦੇ ਸਨ, ਕਿ ਸਮੁਚੇ ਹਿੰਦੁਸਤਾਨ ਵਿਚ ਇਕ-ਇਕ ਲੱਖ ਏਕੜ ਜ਼ਮੀਨ ਦੇ ਟੁਕੜੇ ਕਟ ਕੇ ਅਤੇ ਉਸ ਨੂੰ ਇਕ ਇਕਾਈ ਮੰਨ ਕੇ, ਉਹ ਉਸ ਦਾ ਵਿਕਾਸ ਕਰਨਗੇ। ਉਨ੍ਹਾ ਦੀ ਸੋਚ ਸੀ ਕਿ ਇਕ ਲੱਖ ਏਕੜ ਜਮੀਨ ਵਿਚੋਂ 90 ਹਜ਼ਾਰ ਏਕੜ ਜ਼ਮੀਨ ਵਿਚ ਖੇਤੀਬਾੜੀ ਹੋਇਆ ਕਰੇਗੀ ਅਤੇ ਬਾਕੀ ਦਸ ਹਜ਼ਾਰ ਏਕੜ ਵਿਚ ਬੁਨਿਆਦੀ ਸਨਅਤ ਅਤੇ ਰਿਹਾਇਸ਼ੀ ਸਹੂਲਤਾਂ ਦਾ ਪ੍ਰਬੰਧ ਕੀਤਾ ਜਾਵੇਗਾ। ਕੁਦਰਤੀ ਢੰਗ ਦੀ ਖੇਤੀ ਨੂੰ ਬੁਨਿਆਦ ਮੰਨ ਕੇ, ਇਸ ਦੇ ਆਲੇ-ਦੁਆਲੇ ਬਾਕੀ ਸਾਰਾ ਵਿਕਾਸ ਕੀਤਾ ਜਾਵੇਗਾ। ਉਨ੍ਹਾ ਦਾ ਭਾਵ ਸੀ ਕਿ ਖੇਤੀ ਦੀਆਂ ਮਸ਼ੀਨੀ ਲੋੜਾਂ ਪੂਰੀਆਂ ਕਰਨ ਲਈ ਬੁਨਿਆਦੀ ਸਨਅਤੀਕਰਨ ਕੀਤਾ ਜਾਵੇਗਾ। ਇਹੀ ਸਨਅਤੀਕਰਨ ਉਥੇ ਰਹਿੰਦੇ ਲੋਕਾਂ ਦੀਆਂ ਖਪਤ ਦੀਆਂ ਹੋਰ ਲੋੜਾਂ ਪੂਰੀਆਂ ਕਰੇਗਾ। ਸਨਅਤ ਅਤੇ ਖੇਤੀਬਾੜੀ ਦਾ ਇਹੋ ਜਿਹਾ ਸੁਰਮੇਲ ਕੀਤਾ ਜਾਵੇਗਾ, ਜਿਹੜਾ ਇਕ-ਦੂਜੇ ਦਾ ਸਹਾਇਕ ਹੋਵੇ। ਬੁਨਿਆਦੀ ਜੰਗਲਾਤ ਬਾਰੇ ਵੀ ਉਨ੍ਹਾ ਦੀ ਇਹੀ ਧਾਰਨਾ ਸੀ, ਕਿ ਜੰਗਲਾਂ ਵਿਚ ਰਹਿੰਦੇ ਆਦਿਵਾਸੀਆਂ ਨੂੰ ਉਨ੍ਹਾ ਜੰਗਲਾਂ ਦੀ ਮਾਲਕੀ ਦਾ ਹਕ ਦੇ ਕੇ, ਉਨ੍ਹਾ ਨੂੰ ਜੰਗਲਾਂ ਵਿਚ ਫਲ, ਫੁੱਲ, ਜੜ੍ਹੀ-ਬੂਟੀਆਂ ਅਤੇ ਇਨ੍ਹਾਂ ਨਾਲ ਸੰਬੰਧਤ ਹੋਰ ਛੋਟੇ-ਛੋਟੇ ਕਿੱਤੇ ਵਿਕਸਿਤ ਕ਼ਰਨ ਦਾ ਮੌਕਾ ਦਿਤਾ ਜਾਵੇਗਾ। ਉਨ੍ਹਾ ਦਾ ਕਥਨ ਸੀ ਕਿ ਸਾਡੇ ਇਸ ਤਰ੍ਹਾਂ ਦੇ ਆਰਥਿਕ-ਸਮਾਜੀ ਵਿਕਾਸ ਨਾਲ ਸਾਮਰਾਜੀ ਅਡੰਬਰ ਉਂਝ ਹੀ ਬੇਲੋੜਾ ਹੋ ਜਾਵੇਗਾ।

# ਦਰਬਾਰ ਸਾਹਿਬ ਵਿਚ ਦਲਿਤ ਸਿੱਖਾਂ ਦੇ ਮੁੜ ਦਾਖਲੇ ਦੀ ਦਾਸਤਾਨ



ਡਾ. ਰਾਜਕੁਮਾਰ ਹੰਸ
91-73833-52176

12 ਅਕਤੂਬਰ 1920 ਨੂੰ ਦਲਿਤ ਤੋਂ ਅਛੂਤ ਸਿੱਖਾਂ ਨੇ ਖਾਲਸਾ ਬਿਰਾਦਰੀ ਦੇ ਸੰਗਠਨ ਤਹਿਤ ਵੱਡਾ ਇਕੱਠ ਕਰਕੇ ਇਕ ਜਥੇ ਦੇ ਰੂਪ ਵਿਚ ਕੜਾਹ ਪ੍ਰਸ਼ਾਦ ਦੀ ਦੇਗ ਲੈ ਕੇ ਜਲ੍ਹਿਆਂਵਾਲਾ ਬਾਗ ਤੋਂ ਦਰਬਾਰ ਸਾਹਿਬ ਤੱਕ ਮਾਰਚ ਕੀਤਾ, ਜਿਸ ਨੂੰ ਖਾਲਸਾ ਕਾਲਜ ਦੇ ਕੁਝ ਸੁਧਾਰਵਾਦੀ ਪ੍ਰੋਫੈਸਰਾਂ ਦੀ ਹਮਾਇਤ ਹਾਸਲ ਸੀ। ਉਸ ਵੇਲੇ ਦਰਬਾਰ ਸਾਹਿਬ ਦੇ ਤਤਕਾਲੀ ਹੈਡ ਗ੍ਰੰਥੀ ਗੁਰਬਚਨ ਸਿੰਘ ਨੇ ਪ੍ਰਸ਼ਾਦ ਲੈਣ ਤੋਂ ਇਨਕਾਰ ਕਰ ਦਿੱਤਾ, ਜਿਸ ਨਾਲ ਦਰਬਾਰ ਸਾਹਿਬ ਅੰਦਰ ਤਣਾਅ ਪੈਦਾ ਹੋ ਗਿਆ। ਇਕੱਠੇ ਹੋਏ ਸਾਰੇ ਲੋਕਾਂ ਨੇ ਗੁਰੂ ਗ੍ਰੰਥ ਸਾਹਿਬ ਤੋਂ ਵਾਕ ਲੈਣ ਦਾ ਮਤਾ ਪਕਾਇਆ। ਜੋ ਵਾਕ ਨਿਕਲਿਆ ਉਹ ਗੁਰੂ ਅਮਰਦਾਸ ਜੀ ਦਾ ਬਹੁਤ ਹੀ ਭਾਵਪੂਰਤ ਸ਼ਬਦ ਹੈ:

ਨਿਗੁਣਿਆ ਨੋ ਆਪੇ ਬਖਸਿ ਲਏ ਭਾਈ ਸਤਿਗੁਰੂ ਕੀ ਸੇਵਾ ਲਾਇ।। ਸਤਿਗੁਰ ਕੀ ਸੇਵਾ ਊਤਮ ਹੈ ਭਾਈ ਰਾਮ ਨਾਮਿ ਚਿਤੁ ਲਾਇ।। ਹਰਿ ਜੀਓ ਆਪੇ ਬਖਸਿ ਮਿਲਾਇ।। ਸੋਰਠਿ ਮ: 3

ਸ਼ਬਦ ਸੁਣ ਕੇ ਹਰ ਕਿਸੇ ਦੀਆਂ ਅੱਖਾਂ ਨਮ ਹੋ ਗਈਆਂ ਅਤੇ ਜਿਹੜਾ ਹੈਡ ਗ੍ਰੰਥੀ ਪਹਿਲਾਂ ਪ੍ਰਸ਼ਾਦ ਲੈਣ ਲਈ ਨਹੀਂ ਮੰਨ ਰਿਹਾ ਸੀ, ਉਸ ਨੇ ਅਰਦਾਸ ਵੀ ਕੀਤੀ ਅਤੇ ਫਿਰ ਕੜਾਹ ਪ੍ਰਸ਼ਾਦ ਸਵੀਕਾਰ ਕਰਕੇ ਸਭਨਾਂ ਨੂੰ ਵਰਤਾਇਆ। ਫਿਰ ਜਥਾ ਅਕਾਲ ਤਖਤ ਵੱਲ ਵਧਿਆ ਜਿੱਥੇ ਦਾ ਪ੍ਰਬੰਧ ਉਥੋਂ ਖਿਸਕ ਗਿਆ। ਤਖਤ ਨੂੰ ਸੁੰਨਾ ਨਹੀਂ ਛੱਡਿਆ ਜਾ ਸਕਦਾ ਸੀ, ਲਿਹਾਜ਼ਾ ਕਰਤਾਰ ਸਿੰਘ ਝੱਬਰ ਨੇ ਸੇਵਾ ਸੰਭਾਲ ਵਾਸਤੇ 25 ਬਹਾਦਰ ਸਿੰਘਾਂ ਦੀ ਮੰਗ ਕੀਤੀ, ਪਰ ਸਿਰਫ 17 ਜਣੇ ਹੀ ਸਾਹਮਣੇ ਆਏ ਜਿਹਨਾਂ 'ਚੋਂ 10 ਦਲਿਤ ਮਜ਼ਹਬੀ ਤੇ ਰਵਿਦਾਸੀਏ ਸਿੰਘ ਸਨ। ਇਸ ਨਾਲ ਅਖੌਤੀ ਉਚ ਜਾਤੀ ਸਿੱਖਾਂ ਅੰਦਰ ਘਬਰਾਹਟ ਫੈਲ ਗਈ ਤੇ ਉਹਨਾਂ ਅਫਵਾਹ ਫੈਲਾਅ ਦਿੱਤੀ ਕਿ ਦਲਿਤਾਂ ਨੇ ਦਰਬਾਰ ਸਾਹਿਬ 'ਤੇ ਕਬਜ਼ਾ ਕਰ ਲਿਆ ਹੈ। ਸਰਕਾਰ ਨੂੰ ਵੀ ਭਾਜੜ ਪੈ ਗਈ। ਅਗਲੇ ਦਿਨ ਡਿਪਟੀ ਕਮਿਸ਼ਨਰ ਨੇ ਸੰਕਟ ਦਾ ਹੱਲ ਕੱਢਣ ਲਈ ਸਰਬਰਾਹ, ਹੈਡ ਗ੍ਰੰਥੀਆਂ ਅਤੇ ਮਾਰ-ਚਕਾਰੀ ਸਿੱਖਾਂ ਦੇ ਨੁਮਾਇੰਦਿਆਂ ਦੀ ਮੀਟਿੰਗ ਬੁਲਾ ਲਈ। ਗ੍ਰੰਥੀ ਤਾਂ ਆਏ ਹੀ ਨਹੀਂ ਜਿਸ ਨਾਲ ਆਖਿਰਕਾਰ ਥੋੜ੍ਹੇ ਸਮੇਂ 'ਚ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਉਣੀ ਪਈ। ਇਸ ਕਦਮ ਨਾਲ ਪ੍ਰਮੁੱਖ ਗੁਰਦੁਆਰਿਆਂ ਨੂੰ ਭ੍ਰਿਸ਼ਟ ਮਹੰਤਾਂ ਦੇ ਕਬਜ਼ੇ ਤੋਂ ਮੁਕਤ ਕਰਾਉਣ ਲਈ ਗੁਰਦੁਆਰਾ ਸੁਧਾਰ ਲਹਿਰ ਸ਼ੁਰੂ ਹੋ ਗਈ।

ਇਹ ਦਲੇਰਾਨਾ ਕਾਰਵਾਈ ਉਨੀਵੀਂ ਸਦੀ ਦੇ ਪਹਿਲੇ ਅੱਧ ਵਿਚ ਦਲਿਤ ਸਿੱਖਾਂ 'ਤੇ ਆਇਦ ਕੀਤੀਆਂ ਜਾ ਰਹੀਆਂ ਪਾਬੰਦੀਆਂ ਖਿਲਾਫ ਵਿਦਰੋਹ ਸੀ। ਇਹ ਪਾਬੰਦੀਆਂ ਕੀ ਸਨ ਤੇ ਕਿਹੜੇ ਲੋਕਾਂ ਨੇ ਲਾਈਆਂ ਸਨ? ਆਮ ਤੌਰ 'ਤੇ ਸਾਰੇ ਗੁਰਦੁਆਰੇ ਖਾਸਕਰ ਦਰਬਾਰ ਸਾਹਿਬ ਪਿਛਲੇ ਤਿੰਨ ਸੌ ਸਾਲਾਂ ਤੋਂ ਹਰ ਧਰਮ ਤੇ ਜਾਤ ਦੇ ਲੋਕਾਂ ਲਈ ਖੁੱਲ੍ਹੇ ਸਨ। ਇਹ ਅਸਲ ਵਿਚ ਬ੍ਰਾਹਮਣਵਾਦੀ ਸੋਚ ਵਾਲੇ ਮਹੰਤਾਂ ਦਾ ਸ਼ਰਮਨਾਕ ਕਾਰਾ ਸੀ, ਜਿਹਨਾਂ ਨੇ ਇਤਿਹਾਸਕ ਗੁਰਦੁਆਰਿਆਂ ਦੀ ਅਥਾਹ ਸੰਪਤੀ 'ਤੇ ਕਬਜ਼ਾ ਜਮਾ ਲਿਆ ਸੀ ਅਤੇ ਉਹਨਾਂ ਨੂੰ ਨਵੇਂ ਉਭਰੇ ਉਚ ਜਾਤੀ ਸਿੱਖ ਸਰਦਾਰਾਂ ਦੀ ਹਮਾਇਤ ਹਾਸਲ ਸੀ, ਜਿਹੜੇ ਆਣੇ ਅੰਗਰੇਜ਼ ਹਾਕਮਾਂ ਨਾਲ ਰਲੇ ਹੋਏ ਸਨ।

ਸਭ ਤੋਂ ਮਾੜੀ ਗੱਲ ਇਹ ਸੀ ਕਿ ਇਹ ਜਾਤੀ ਤਫਰਕੇ ਗੁਰੂ ਸਾਹਿਬਾਨ ਦੀ ਬਾਣੀ ਤੇ ਉਨ੍ਹਾਂ ਦੇ ਕਾਰਵਿਹਾਰ ਤੋਂ ਬਿਲਕੁਲ ਉਲਟ ਸਨ। ਸਿੱਖੀ ਦਾ ਬ੍ਰਾਹਮਣੀਕਰਨ ਹੌਲੀ ਹੌਲੀ ਕਾਫੀ ਲੰਮੇ ਸਮੇਂ ਤੋਂ ਕੀਤਾ ਜਾ ਰਿਹਾ ਸੀ ਜੋ ਰਣਜੀਤ ਸਿੰਘ ਦੇ ਰਾਜ ਦੌਰਾਨ ਪਕੇਰਾ ਹੋਣ ਲੱਗ ਪਿਆ ਅਤੇ ਅੰਗਰੇਜ਼ ਹਾਕਮਾਂ ਨੇ ਇਸ 'ਤੇ ਕਾਨੂੰਨੀ ਮੋਹਰ ਲਗਾ ਦਿੱਤੀ। ਸਿੰਘ ਸਭਾ ਲਹਿਰ ਨੇ ਸਥਿਤੀ ਵਿਚ ਸੁਧਾਰ ਲਿਆਉਣ ਦੀ ਕੋਸ਼ਿਸ਼ ਕੀਤੀ, ਪਰ ਤ੍ਰਾਸਦੀ ਇਹ ਰਹੀ ਕਿ ਇਸ ਲਹਿਰ ਦੇ ਮਹਾਨ ਆਗੂ ਗਿਆਨੀ ਦਿੱਤ ਸਿੰਘ ਜੋ ਅਜ਼ੀਮ ਵਿਦਵਾਨ, ਲੇਖਕ, ਵਕਤਾ, ਪੱਤਰਕਾਰ, ਸੰਪਾਦਕ, ਪ੍ਰੋਫੈਸਰ ਤੇ ਮਿਸ਼ਨਰੀ ਸੀ, ਨੂੰ ਵੀ ਇਹੀ ਤ੍ਰਿਸਕਾਰ ਹੰਢਾਉਣਾ ਪਿਆ ਕਿਉਂਕਿ ਉਸ ਦਾ ਵੀ ਦਲਿਤ ਪਿ-ਛੋਕੜ ਸੀ। ਪੜ੍ਹੇ-ਲਿਖੇ ਸਿੱਖਾਂ ਅੰਦਰ ਨਵੀਂ ਚੇਤਨਾ ਦੀ ਚਿਣਗ ਜਗਣ ਨਾਲ ਗੁਰਦੁਆਰਿਆਂ ਦਾ ਪ੍ਰਬੰਧ ਸਿੱਖਾਂ ਦੇ ਹਵਾਲੇ ਕਰਨ ਵਾਸਤੇ ਅੰਗਰੇਜ਼ ਹਾਕਮਾਂ ਨੂੰ ਬਹੁਤ ਸਾਰੀਆਂ ਅਰਜ਼ੋਈਆਂ ਕੀਤੀਆਂ ਗਈਆਂ, ਪਰ ਕਿਸੇ ਦਾ ਕੋਈ ਅਸਰ ਨਾ ਹੋਇਆ। ਇਹ ਬਹੁਤ ਹੀ ਅਫਸੋਸਨਾਕ ਗੱਲ ਹੈ ਕਿ ਜਾਤੀਵਾਦੀ ਸਿੱਖ ਵਿਦਵਾਨਾਂ ਨੇ ਇਸ ਘਟਨਾ ਨੂੰ ਸਿੱਖ ਇਤਿਹਾਸ ਦੀ ਧਾਰਾ ਬਦਲਣ ਵਾਲੀ ਮਹਾਨ ਘਟਨਾ ਵਜੋਂ ਕਦੇ ਵੀ ਤਸਲੀਮ ਨਹੀਂ ਕੀਤਾ।

ਅਸੀਂ ਇਹ ਕਿਵੇਂ ਭੁੱਲ ਸਕਦੇ ਹਾਂ ਕਿ ਗੁਰੂ ਨਾਨਕ ਦੇਵ ਜੀ ਨੇ ਵਰਣ ਤੇ ਜਾਤੀ ਵੰਡ ਖਿਲਾਫ ਸਭ ਤੋਂ ਮੁਖਰ ਮੁਹਿੰਮ ਵਿੱਢੀ ਸੀ। ਇਹ ਸੰਦੇਸ਼ ਜਾਰੀ ਰਿਹਾ ਅਤੇ ਅਗਲੇ ਗੁਰੂ ਸਾਹਿਬਾਨ ਨੇ ਇਸ ਨੂੰ ਹੋਰ ਪੁਖਤਾ ਕੀਤਾ। ਗੁਰੂ ਸਾਹਿਬਾਨ ਦੇ ਸਮਾਨਤਾਵਾਦੀ ਤੇ ਮੁਕਤੀਵਾਦੀ ਫਲਸਫੇ ਦਾ ਅਹਿਮ ਪਹਿਲੂ ਸਿੱਖਾਂ ਨੂੰ 'ਕਿਰਤ ਕਰੋ ਤੇ ਵੰਡ ਛਕੋ' ਦਾ ਹੁਕਮ ਦੇ ਕੇ ਕਿਰਤ ਨੂੰ ਦਿੱਤਾ ਉਤਮ ਦਰਜਾ ਸੀ ਜੋ ਬ੍ਰਾਹਮਣਵਾਦੀ ਧਾਰਨਾ ਵਿਚ ਸਭ ਤੋਂ ਨੀਵੀਂ ਗਿਣੀ ਜਾਂਦੀ ਸੀ ਤੇ ਸ਼ੂਦਰਾਂ ਤੇ ਅਛੂਤਾਂ ਦੇ ਹਿੱਸੇ ਆਉਂਦੀ ਸੀ।

ਇਹ ਉਪਦੇਸ਼ ਤੇ ਇਸ ਦੇ ਨਾਲੋ ਨਾਲ ਲੰਗਰ, ਸੰਗਤ ਤੇ ਪੰਗਤ ਦੀ ਪ੍ਰੰਪਰਾ ਸਾਰੀਆਂ ਨੀਵੀਆਂ ਸਮਝਦੀਆਂ ਜਾਤੀਆਂ ਦਲਿਤਾਂ, ਕਾਰੀਗਰਾਂ ਤੇ ਕਿਸਾਨਾਂ ਲਈ ਸਮਾਜੀ ਤੌਰ 'ਤੇ ਬਹੁਤ ਮਾਅਨਾਖੇਜ਼ ਸੀ ਜਿਸ ਨਾਲ ਜਾਤੀ ਭੇਦਭਾਵ ਤੇ ਵਿਤਕਰਿਆਂ ਨੂੰ ਮਿਟਾਉਣ ਦੀ ਨਿੱਗਰ ਕੋਸ਼ਿਸ਼ ਕੀਤੀ ਗਈ ਸੀ। ਸਿੱਖ ਗੁਰੂ ਸਾਹਿਬਾਨ ਦਾ ਸਰਬੱਤ ਦਾ ਭਲਾ ਦਾ ਉਪਦੇਸ਼ ਜੋ ਸਿੱਖਾਂ ਦੀ ਅਰਦਾਸ ਦਾ ਹਿੱਸਾ ਬਣ ਗਿਆ ਸੀ, ਵੀ ਗੁਰੂ ਸਾਹਿਬਾਨ ਦੇ ਸਰਬਸਾਂਝੇ ਫਲਸਫੇ ਦੇ ਦੀਦਾਰ ਕਰਾਉਂਦਾ ਹੈ ਜੋ ਜਾਤ, ਜਮਾਤ, ਰੰਗ ਜਾਂ ਧਰਮ ਦੇ ਤਫਰਕਿਆਂ ਨੂੰ ਪਾਰ ਕਰ ਜਾਂਦਾ ਹੈ।

ਅਸੀਂ ਕਿਵੇਂ ਭੁੱਲ ਸਕਦੇ ਹਾਂ ਕਿ ਗੁਰੂ ਨਾਨਕ ਦੇਵ ਜੀ ਦੀਆਂ ਵੀਹ ਸਾਲ ਲੰਮੀਆਂ ਉਦਾਸੀਆਂ ਤੇ ਉਮਰ ਭਰ ਦਾ ਸਾਥੀ ਰਿਹਾ ਭਾਈ ਮਰਦਾਨਾ ਵੀ ਇਕ ਅਖੌਤੀ ਨੀਵੀਂ ਜਾਤ ਦਾ ਮੁਸਲਮਾਨ ਸੀ। ਅਸੀਂ ਕਿਵੇਂ ਭੁੱਲ ਸਕਦੇ ਹਾਂ ਕਿ ਗੁਰੂ ਅਰਜਨ ਦੇਵ ਦੇ ਸੰਪਾਦਿਤ ਕੀਤੇ ਪਵਿੱਤਰ ਆਦਿ ਗ੍ਰੰਥ ਵਿਚ ਗੁਰੂ ਸਾਹਿਬਾਨ ਦੀ ਬਾਣੀ ਦੇ ਨਾਲ ਨਾਲ ਸੂਫੀ ਮੁਸਲਮਾਨ ਫਕੀਰਾਂ ਤੇ ਦਲਿਤ ਭਗਤਾਂ ਤੇ ਸੰਤਾਂ ਦੀ ਸਰਬਸਾਂਝੀ ਬਾਣੀ ਵੀ ਸ਼ਾਮਲ ਸੀ। ਅਸੀਂ ਦਲਿਤ ਯੋਧੇ ਭਾਈ ਜੈਤਾ ਦਾ ਦਲੇਰਾਨਾਂ ਕਾਰਜ ਕਿਵੇਂ ਭੁੱਲ ਸਕਦੇ ਹਾਂ, ਜਿਹਨਾਂ ਗੁਰੂ ਤੇਗ ਬਹਾਦਰ ਜੀ ਦਾ ਸੀਸ ਦਿੱਲੀ ਤੋਂ ਕੀਰਤਪੁਰ ਲਿਆਂਦਾ ਸੀ। ਅਸੀਂ ਇਹ ਵੀ ਕਿਵੇਂ ਭੁੱਲ ਸਕਦੇ ਹਾਂ ਕਿ ਉਹਨਾਂ ਨੇ ਸਭਨਾਂ ਲਈ ਸਿੱਖਿਆ ਦੇ ਦਰ ਖੋਲ੍ਹਣ ਵਾਲੇ ਗੁਰੂ ਗੋਬਿੰਦ ਸਿੰਘ ਬਾਬਤ ਇਕ ਲੰਮੀ ਕਵਿਤਾ ਸ੍ਰੀ ਗੁਰ ਕਥਾ ਵੀ ਲਿਖੀ ਸੀ।

ਅਸੀਂ ਖਾਲਸਾ ਸਾਜਨਾ ਦੀ ਉਹ ਇਤਿਹਾਸਕ ਘੜੀ ਕਿਵੇਂ ਭੁੱਲ ਸਕਦੇ ਹਾਂ, ਜਿਸ ਨੇ ਸਿੱਖਾਂ ਅੰਦਰ ਨਵੀਂ ਰੂਹ ਭਰੀ ਸੀ। ਪੰਜ ਪਿਆਰਿਆਂ 'ਚੋਂ ਇਕ ਨੂੰ ਛੱਡ ਕੇ ਬਾਕੀ ਚਾਰ ਅਖੌਤੀ ਨੀਵੀਆਂ ਕੰਮੀ ਜਾਤੀਆਂ 'ਚੋਂ ਆਏ ਸਨ। ਉਨ੍ਹਾਂ ਨੂੰ ਇਕੋ ਬਾਟੇ 'ਚੋਂ ਅੰਮ੍ਰਿਤਪਾਨ ਕਰਵਾ ਕੇ ਸਾਰੇ ਜਾਤੀ ਭੇਦਭਾਵ ਤੇ ਫਰਕ ਮਿਟਾ ਦਿੱਤੇ ਗਏ ਸਨ। ਗੁਰੂ ਸਾਹਿਬਾਨ ਨੇ ਪੰਜ ਪਿਆਰਿਆਂ ਹੱਥੋਂ ਉਸੇ ਬਾਟੇ ਦਾ ਅੰਮ੍ਰਿਤ ਛਕ ਕੇ ਗੁਰੂ ਤੇ ਚੇਲੇ ਵਿਚਕਾਰ ਫਰਕ ਵੀ ਮਿਟਾ ਦਿੱਤੇ ਸਨ। ਇਹ ਸਮਤਾਪੂਰਨ ਸਮਾਜਿਕ ਵਿਵਸਥਾ ਕਾਇਮ ਕਰਨ ਵੱਲ ਇਕ ਇਨਕਲਾਬੀ ਕਦਮ ਸੀ। ਇਸੇ ਭਾਵਨਾ ਨੂੰ ਲੈ ਕੇ ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਹੇਠ ਦੁਨੀਆਂ ਵਿਚ ਪਹਿਲਾ ਲੋਕਰਾਜੀ ਇਨਕਲਾਬ ਸਿਰੇ ਚੜ੍ਹਿਆ ਸੀ।

ਇਸੇ ਕਰਕੇ ਦਲਿਤਾਂ ਸਮੇਤ ਹਰ ਬਿਰਾਦਰੀ ਵਿਚੋਂ ਸਿਰਲੱਥ ਯੋਧੇ ਤੇ ਆਗੂ ਪੈਦਾ ਹੋਏ ਸਨ। ਸਿੱਖਾਂ ਦੇ ਕਤਲੇਆਮ ਤੋਂ 30 ਸਾਲਾਂ ਬਾਅਦ ਬਣੇ ਪੰਜ ਦਲਾਂ 'ਚੋਂ ਇਕ ਦਲ ਦਾ ਸਫਲ ਆਗੂ ਬੀਰ ਸਿੰਘ ਰੰਘਰੇਟਾ ਸੀ। ਸਿੱਖਾਂ ਨੇ ਸਿਰਫ ਪੰਥ ਲਈ ਹੀ ਜਾਨਾਂ ਨਹੀਂ ਵਾਰੀਆਂ ਸਗੋਂ ਅਬਦਾਲੀ ਦਾ ਵੀ ਟਾਕਰਾ ਕੀਤਾ ਸੀ। ਸਿਤਮਜ਼ਰੀਫੀ ਇਹ ਹੋਈ ਕਿ 1760ਵਿਆਂ ਦੇ ਸ਼ੁਰੂ ਵਿਚ ਮਿਸਲਾਂ ਦੇ ਗਠਨ ਵੇਲੇ ਕੁਝ ਜਾਤੀਵਾਦੀ ਮਿ-ਸਲਦਾਰਾਂ ਨੇ ਬਹੁਤ ਸਾਰੇ ਦਲਿਤ ਯੋਧਿਆਂ ਨੂੰ ਦਰਬਾਰ ਸਾਹਿਬ ਕੰਪਲੈਕਸ ਅੰਦਰ ਧੋਖੇ ਨਾਲ ਮੌਤ ਦੇ ਘਾਟ ਉਤਾਰ ਦਿੱਤਾ ਸੀ।



ਜਥੇਦਾਰ ਕਰਤਾਰ ਸਿੰਘ ਝੱਬਰ



ਜਥੇਦਾਰ ਤੇਜਾ ਸਿੰਘ ਭੁੱਚਰ



ਪ੍ਰੋਫੈਸਰ ਤੇਜਾ ਸਿੰਘ



ਪ੍ਰੋਫੈਸਰ ਹਰਿਕਿਸ਼ਨ ਸਿੰਘ ਬਾਵਾ

ਬਹੁਤ ਸਾਰੇ ਇਤਿਹਾਸਕਾਰ ਤੇ ਵਿਦਵਾਨ ਇਹ ਚੰਗੀ ਤਰ੍ਹਾਂ ਸਮਝਦੇ ਹਨ ਕਿ ਸਿੱਖ ਸਿਧਾਂਤਾਂ ਤੇ ਕਰਮਾਂ ਵਿਚ ਨਿਘਾਰ ਮਹਾਰਾਜਾ ਰਣਜੀਤ ਸਿੰਘ ਦੇ ਸ਼ਾਸਨ ਕਾਲ ਦੌਰਾਨ ਆਇਆ ਸੀ। ਰਾਜਸੀ ਸੱਤਾ ਯਕੀਨਨ ਭ੍ਰਿਸ਼ਟਾਚਾਰ ਦਾ ਸਬੱਬ ਬਣਦੀ ਹੈ ਜਿਵੇਂ ਇਕ ਚਿੰਤਕ ਨੇ ਕਿਹਾ ਸੀ: ਸੱਤਾ ਭ੍ਰਿਸ਼ਟ ਬਣਾਉਂਦੀ ਹੈ ਤੇ ਨਿਰੰਕੁਸ਼ਸੱਤਾ ਭ੍ਰਿਸ਼ਟਾਚਾਰ ਦੇ ਹੱਦ ਬੰਨੇ ਤੋੜ ਦਿੰਦੀ ਹੈ। ਤਾਂ ਵੀ ਗੁਰੂ ਸਾਹਿਬਾਨ ਦਾ ਹੀ ਇਹ ਅਸਰ ਸੀ ਕਿ 1836 ਵਿਚ ਦਰਬਾਰ ਸਾਹਿਬ ਕੰਪਲੈਕਸ ਅੰਦਰ ਮਜ਼ਹਬੀਆਂ ਦਾ ਬੁੰਗਾ ਉਸਾਰ ਦਿੱਤਾ ਗਿਆ।

ਗੁਰਦੁਆਰਾ ਦਰਬਾਰ ਸਾਹਿਬ ਤਰਨਤਾਰਨ ਵਿਚ ਵੀ ਇਕ ਅਜਿਹਾ ਹੀ ਬੁੰਗਾ ਉਸਾਰਿਆ ਗਿਆ। ਉਂਝ, ਬਾਅਦ ਵਿਚ ਜਦੋਂ ਸਿੱਖੀ ਪੂਰੀ ਤਰ੍ਹਾਂ ਜਾਤ-ਪਾਤ ਅਤੇ ਅਛੂਤਪੁਣੇ ਦੀ ਜਕੜ ਵਿਚ ਆ ਗਈ ਤਾਂ ਇਹ ਦੋਵੇਂ ਬੁੰਗੇ ਢਾਹ ਦਿੱਤੇ ਗਏ। ਦਲਿਤ ਸਿੱਖਾਂ ਨੂੰ ਇਹ ਸਮਝ ਨਹੀਂ ਪੈ ਰਹੀ ਸੀ ਕਿ ਆਖਿਰ ਪੰਥ ਵਿਚ ਇਹ ਵਿਗਾੜ ਕਿਉਂ ਆ ਰਹੇ ਸਨ। ਜਦੋਂ ਸਿੰਘ ਸਭਾ ਲਹਿਰ ਉਭਰਨ ਲੱਗੀ ਤਾਂ ਇਸ ਸਵਾਲ 'ਤੇ ਵੀ ਨਵੀਂ ਸੋਚ ਵਿਕਸਤ ਹੋਣੀ ਸ਼ੁਰੂ ਹੋਈ ਅਤੇ ਦਲਿਤ ਸਿੱਖਾਂ ਨੇ ਆਪਣੇ 'ਤੇ ਕੁਲੀਨ ਸਿੱਖਾਂ ਵੱਲੋਂ ਲਾਈਆਂ ਪਾਬੰਦੀਆਂ ਨੂੰ ਵੰਗਾਰਨਾ ਸ਼ੁਰੂ ਕਰ ਦਿੱਤਾ। ਖਾਲਸਾ ਬਿਰਾਦਰੀ ਇਕ ਮੋਹਰੀ ਜਥੇਬੰਦੀ ਹੋ ਨਿੱਬੜੀ, ਜਿਸ ਦੀ ਅਗਵਾਈ ਹੇਠ 12 ਅਕਤੂਬਰ 1920 ਨੂੰ ਹੋਏ ਮਾਰਚ ਨਾਲ ਬ੍ਰਾਹਮਣਵਾਦੀ ਸਿੱਖ ਲੀਡਰਸ਼ਿਪ ਦੇ ਥੜ੍ਹੇ ਦੀਆਂ ਚੂਲਾਂ ਹਿੱਲ ਗਈਆਂ ਸਨ। ਇਸ ਮਹਾਨ ਘਟਨਾ ਦੀ ਯਾਦਾਸ਼ਤ ਗੁਰੂਆਂ ਨੂੰ ਪ੍ਰਣਾਈ ਸਿੱਖੀ ਲਈ ਅੱਜ ਕਿੰਨਾ ਮਹੱਤਵ ਰੱਖਦੀ ਹੈ? ਕੀ ਪਿਛਲੇ ਸੌ ਸਾਲਾਂ ਦੌਰਾਨ ਸਿੱਖੀ ਦੇ ਵਡੇਰੇ ਹਿੱਸੇ ਜਾਤੀਵਾਦ ਤੋਂ ਮੁਕਤ ਹੋ ਸਕੇ ਹਨ?

ਸਿੱਖ ਧਰਮ ਦੇ ਉਘੇ ਵਿਦਵਾਨ ਮੈਕਸ ਆਰਥਰ ਮੈਕਾਲਿਫ ਨੇ ਉਨੀਵੀਂ ਸਦੀ ਦੇ ਅੰਤ 'ਤੇ ਇਕ ਤਿੱਖੀ ਟਿੱਪਣੀ ਕੀਤੀ ਸੀ ਕਿ ਬ੍ਰਾਹਮਣਵਾਦ ਇਕ ਅਜਿਹਾ ਅਜਗਰ ਹੈ ਜਿਸ ਨੇ ਪਹਿਲਾਂ ਬੁੱਧ ਧਰਮ ਨੂੰ ਨਿਗਲਿਆ ਸੀ ਅਤੇ ਹੁਣ ਇਹ ਖਤਰਾ ਸਿੱਖੀ ਦੇ ਸਿਰ 'ਤੇ ਮੰਡਰਾਅ ਰਿਹਾ ਹੈ। ਜੇ ਸਿੱਖੀ ਨੇ ਆਪਣੀ ਹੋਂਦ ਬਰਕਰਾਰ ਰੱਖਣੀ ਹੈ ਤਾਂ ਇਸ ਨੂੰ ਜਾਤੀਵਾਦੀ ਊਲ-ਜਲੂਲ ਅਤੇ ਧਾਰਮਿਕ ਆਡੰਬਰ ਤੱਜਣਾ ਪਵੇਗਾ, ਜਿਹਨਾਂ ਦਾ ਗੁਰੂ ਸਾਬਿਾਨ ਨੇ ਸਾਫ ਤੇ ਜ਼ੋਰਦਾਰ ਲਫਜ਼ਾਂ ਵਿਚ ਖੰਡਨ ਕੀਤਾ ਸੀ ਅਤੇ ਸਿੱਖਾਂ ਦਰਮਿਆਨ ਬਰਾਬਰੀ ਦਾ ਸੰਚਾਰ ਕੀਤਾ ਸੀ।

# ਸਮਰਪਿਤ ਹਾਂ ਅਸੀਂ ਸਾਰੇ, ਦਿਖਾਵੇ ਨੂੰ!!



ਅਸ਼ੋਕ ਸੋਨੀ
91-98727-05078

ਇਕ ਛੋਟੀ ਜਿਹੀ ਕਹਾਣੀ ਸੁਣਾਉਂਦਾ ਆਂ, ਕਿਸੇ ਪਿੰਡ ਚ ਸੁਰਿੰਦਰ ਸਿੰਘ ਉਰਫ ਛਿੰਦਾ ਨਾਮ ਦਾ ਸ਼ਖਸ ਸੀ, ਘਰ ਦੇ ਹਾਲਾਤ ਤਾਂ ਨਰਮ ਈ ਰਹਿੰਦੇ ਸਨ ਪਰ ਛਿੰਦਾ ਦਿਖਾਵਾ ਕਰਨ ਦੀ ਬੀਮਾਰੀ ਤੋਂ ਪੀੜ੍ਹਤ ਸੀ। ਕਿਸੇ ਛੜੇ ਦਾ ਰਿਸ਼ਤਾ, ਛਿੰਦੇ ਨੇਂ ਆਪਣੀ ਕਰਾਮਾਤ ਨਾਲ ਸਿਰੇ ਚਾੜ੍ਹ ਦਿੱਤਾ ਤਾਂ ਅਗਲਿਆਂ ਨੇ ਵੀ ਸੋਨੇ ਦਾ ਕੜਾ ਪਾ ਕੇ ਛਿੰਦੇ ਦਾ ਮੁੱਲ ਤਾਰਤਾ, ਪਰ ਤੂੰਬਾ ਮੱਝ ਦੇ ਈ ਪੱਚਦਾ ਏ, ਬਕਰੀਆਂ ਦੇ ਢਿੱਡੋਂ ਤੂੰਬੇ ਦੀਆਂ ਡਕਾਰਾਂ ਨ੍ਹੀਂ ਆਉਂਦੀਆਂ। ਛਿੰਦਾ ਜਬਰਦਸਤ ਉਤਸ਼ਾਹ ਚ ਆ ਗਿਆ ਕਿ ਪਿੰਡ ਚ ਮੇਰਾ ਪਾਇਆ ਕੜਾ ਦਿੱਸੇ ਤੇ ਲੋਕ ਮੈਨੂੰ ਪੁੱਛਣ ਤੇ ਮੈਂ ਦੱਸਾ ਕਿ ਸੋਨੇ ਦਾ ਏ।

ਪਿੰਡ ਆ ਗਿਆ ਛਿੰਦਾ, ਠੰਡ ਇੰਨੀ,, ਓ ਹੋ ਹੋ,, ਰਹਿ ਰੱਬ ਦਾ ਨਾਂ, ਸੱਥ ਚ ਸਾਰੇ ਧੂਣੀ ਤਪੀ ਜਾਣ ਪਰ ਛਿੰਦਾ ਅੱਧੀ ਬਾਹਾਂ ਦੇ ਕੁੜਤੇ ਚ ਈ ਜਾ ਕੇ ਲੱਗ ਗਿਆ ਗੱਪਾਂ ਠੋਕਣ, ਜੇ ਕੰਬਲ ਉਪਰ ਲੈ ਲਿੰਦਾ ਤਾਂ ਕੜਾ ਸਵਾਹ ਦਿੱਸਣਾ ਸੀ, ਚੱਲੋ ਜੀ ਨਾਲੇ ਛਿੰਦਾ ਠੁਰੀ ਜਾਵੇ ਤੇ ਕੜੇ ਆਲੇ ਹੱਥ ਨੂੰ, ਧੱਕੇ ਨਾਲ ਈ ਬੇਲੋੜਾ ਹਿਲਾ-ਹਿਲਾ ਕੇ ਗੱਲਾਂ ਕਰੀ ਜਾਵੇ ਪਰ ਬਦਕਿਸਮਤੀ ਨਾਲ ਕਿਸੇ ਨੇਂ ਛਿੰਦੇ ਨੂੰ ਕੜੇ ਬਾਰੇ ਨਾਂ ਪੁੱਛਿਆ, ਛਿੰਦਾ ਇੰਨੀ ਠੰਡ ਚ ਪੂਰੇ ਪਿੰਡ ਚ ਚੱਕਰ ਲਾ-ਲਾ ਗੱਲਾਂ ਮਾਰ ਆਇਆ ਪਰ ਕਿਸੇ ਵੀ ਮਾਂ ਦੇ ਪੁੱਤ ਨੇਂ, ਕੜੇ ਬਾਰੇ ਨਾਂ ਪੁੱਛਿਆ। ਅਖੀਰ ਛਿੰਦੇ ਨੇ ਚੱਕਿਆ ਤੇਲ ਆਲਾ ਗੈਲਣ ਤੇ ਛਿੜਕ ਕੇ ਤੇਲ, ਆਪਣੇ ਘਰ ਨੂੰ ਈ ਅੱਗ ਲਾ ਦਿੱਤੀ, ਪੂਰਾ ਪਿੰਡ ਭੱਜਾ ਆਇਆ, ਕੜੀ ਮੁਸ਼ੱਕਤ ਤੋਂ ਬਾਅਦ ਪੂਰੇ ਪਿੰਡ ਨੇ ਮਸਾਂ ਅੱਗ ਤੇ ਕਾਬੂ ਪਾਇਆ, ਛਿੰਦਾ ਨੂੰ ਪਿੰਡ ਦੇ ਬਜ਼ੁਰਗ ਸਾਬਕਾ ਸਰਪੰਚ ਬੋਹੜ ਸਿੰਘ ਨੇ ਪੁੱਛਿਆ,"ਛਿੰਦੇ ਕਿੰਨਾ ਕੁ ਨੁਕਸਾਨ ਹੋਇਆ ਏ"? ਛਿੰਦੇ ਦੇ ਮੰਨ੍ਹ ਦੀ ਹੋ ਗਈ ਤੇ ਉਦਾਸੀ ਦੀ ਐਕਟਿੰਗ ਕਰਦਾ ਬੋਲਿਆ,"ਸਰਪੰਚ ਸਾਬ੍ਹ, ਸੱਭ ਕੁਝ ਸੜ ਗਿਆ, ਬਸ ਆਹ ਕੜਾ ਬਚਿਆ ਏ, ਸੋਨੇ ਦਾ ਏ, ਇਕ ਤੋਲੇ ਦਾ"। ਮੂਰਖਾਂ ਦੇ ਸਰਤਾਜ ਛਿੰਦੇ ਦੇ ਚਿਹਰੇ ਤੇ ਜੇਤੂ ਮੁਸਕਾਨ ਸੀ।

ਆਹ ਤਾਂ ਸੀ ਗੱਲ ਛਿੰਦੇ ਦੀ, ਪਰ ਤੁਸੀਂ ਸੋਚੋ ਕਿ ਆਪਣੇ ਸਭ ਦੇ ਅੰਦਰ ਵੀ, ਕਿਸੇ ਕੋਨੇ ਚ, ਕੋਈ ਲੁਕਿਆ ਛਿੰਦਾ ਤਾਂ ਨ੍ਹੀਂ ਬੈਠਾ, ਜੀ ਹਾਂ , ਇਹ ਛੁਪਿਆ ਊਲੂ ਸਾਡੇ ਸਭ ਵਿੱਚ ਮੌਜੂਦ ਏ। ਦਿਖਾਵੇ ਲਈ ਆਪਾਂ ਆਪਣੀ ਔਕਾਤ ਚੋਂ ਬਾਹਰ ਜਾ ਕੇ, ਵੱਡੀਆਂ ਕੋਠੀਆਂ ਪਾਉਂਦੇ ਆਂ, ਵੱਡੀਆਂ ਗੱਡੀਆਂ, ਵਿਆਹਾਂ ਤੇ ਬੇਲੋੜੇ ਖਰਚੇ, ਮਹਿੰਗੇ ਮੋਬਾਈਲ, ਬ੍ਰਾਂਡੇਡ ਕੱਪੜੇ ਵਗੈਰਾ, ਫਾਲਤੂ ਸ਼ਾਪਿੰਗ ਬਸ ਕੀ-ਕੀ ਦੱਸਾਂ, ਦਰਅਸਲ ਲੋਕਾਂ ਦੇ ਦੇਖਾ-ਦੇਖੀ ਆਪਾਂ ਸਾਰੇ ਹੀਣਭਾਵਨਾ ਦੇ ਸ਼ਿਕਾਰ ਹੋ ਗਏ ਆਂ, ਜਿਸ ਕਰਕੇ ਆਹ ਅਨਮੋਲ ਜਿੰਦਗੀ ਆਪਾਂ, ਕਿਸ਼ਤਾਂ ਭਰਨ ਲਈ ਈ ਜੀਣ ਲੱਗ ਪੈਂਦੇ ਆਂ।

ਜਿਆਦਾਤਰ,, ਮੁਲਾਜ਼ਮ ਆਪਣੀ ਤਨਖਾਹ ਦੇਖ ਇਸ ਜਾਲ ਚ ਫੱਸ ਜਾਂਦੇ ਨੇ ਉਥੇ ਹੀ, ਕਿਸਾਨ ਕੱਚੀ ਫਸਲ ਦੇਖ ਤੇ ਵਪਾਰੀ ਪਿਛਲਾ ਮੁਨਾਫਾ ਦੇਖ, ਬਾਕੀ ਔਕਾਤ ਤੋਂ ਵੱਧ ਕੇ ਖਰੀਦੀ ਕੋਈ ਵੀ ਚੀਜ ਸਿਰਫ ਸਾਂਭੀ ਹੀ ਜਾ ਸਕਦੀ ਏ, ਵਰਤੀ ਨ੍ਹੀਂ ਜਾ ਸਕਦੀ।

ਸਰਕਾਰੀ ਮਹਿਕਮਿਆਂ ਚ ਦਿਖਾਵੇ ਦੀ ਪ੍ਰਵਿਰਤੀ ਜਿਆਦਾਤਰ, ਬੰਦੇ ਦੇ ਰੈਂਕ ਅਨੁਸਾਰ ਵੱਧਦੇ ਕ੍ਰਮ ਚ ਚਲਦੀ ਏ, ਜਿੱਥੇ ਵਾਰ-ਵਾਰ ਆਪਣਾ ਵੱਡੇ ਅਹੁਦੇ ਦੇ ਦਿਖਾਵੇ ਲਈ ਨਿਰੰਤਰ, ਅਭਿਨੈ ਜਾਰੀ ਰਹਿੰਦਾ ਏ ਤਾਂ ਉੱਥੇ ਈ ਵੱਡੇ-ਵੱਡੇ ਰਾਜਨੇਤਾਵਾਂ, ਅਭਿਨੇਤਾਵਾਂ, ਖਿਲਾੜੀਆਂ, ਲੇਖਕਾਂ ਤੇ ਪੱਤਰਕਾਰਾਂ ਦੇ ਵਿੱਚ ਦਾ ਛਿੰਦਾ, ਕਈ ਵਾਰ ਸ਼ਰੇਆਮ ਈ ਦਿ-ਖਾਈ ਦੇ ਜਾਂਦਾ ਏ। ਅਸਲ ਚ ਦਿਖਾਵਾ ਹੁਣ ਇਕ ਵੱਡੀ ਮਹਾਂਮਾਰੀ ਦਾ ਰੂਪ ਧਾਰਣ ਕਰ ਚੁੱਕਾ ਏ।

ਅਖੌਤੀ ਸਮਾਜਸੇਵੀਆਂ ਤੇ ਛੁਟਭਈਏ ਲੀਡਰਾਂ ਦਾ ਛਿੰਦਾ, ਉਨਾਂ ਵੱਲੋਂ ਕੀਤੇ ਮਾਮੂਲੀ ਕੰਮਾਂ ਦੀਆਂ ਵੱਡੀਆਂ ਤਸਵੀਰਾਂ ਦੇ ਵਿੱਚੋਂ ਝਾਕਦਾ ਰਹਿੰਦਾ ਏ, ਤਾਂ ਉੱਥੇ ਈ ਆਪਣੀ ਠੁੱਕ ਬਣਾਉਣ ਲਈ ਦਾਨ ਕਰਨ ਆਲਿਆਂ ਦਾ ਛਿੰਦਾ ਵੀ ਪੱਥਰਾਂ ਤੇ ਲਿੱਖੇ ਨਾਮਾਂ ਵਿਚੋਂ ਸਾਫ ਦਿਖਾਈ ਦਿੰਦਾ ਏ। ਹਾਲਾਂਕਿ ਬਹੁਤ ਸਾਰੇ ਸਮਾਜ ਭਲਾਈ ਦੇ ਨੈਤਿਕ ਕੰਮਾਂ ਦਾ ਸਰਵਜਨਕ ਦਿਖਾਵਾ ਕਰਨਾ ਲਾਜ਼ਮੀ ਏ ਤਾਂ ਜੋ ਹੋਰ ਲੋਕ ਵੀ ਪ੍ਰੇਰਿਤ ਹੋਣ।

ਬਾਕੀ ਮਤਲਬ ਦੇ ਇਸ ਕਾਲੇ ਦੌਰ ਚ ਸਾਡੇ ਜਿਆਦਾਤਰ ਮਿੱਤਰ, ਰਿਸ਼ਤੇਦਾਰ ਸਾਡਾ ਫਿਕਰ ਤਾਂ ਭਾਂਵੇ ਘੱਟ-ਵੱਧ ਈ ਕਰਦੇ ਹੋਣ ਪਰ ਮਦਦ ਕਰਨ ਦਾ ਦਿਖਾਵਾ ਕਰਨ ਆਲੀ ਹਨੇਰੀ ਲਿਆ ਦਿੰਦੇ ਨੇਂ। ਮੈਂ ਤਾਂ ਇਸ ਬੀਮਾਰੀ ਚੋਂ ਨਿਕਲਣ ਲਈ ਯਤਨਸ਼ੀਲ ਆਂ ਤੇ ਆਸ ਕਰਦਾ ਹਾਂ ਕਿ ਤੁਸੀਂ ਵੀ ਜਲਦੀ ਈ ਇਸ ਰੋਗ ਤੋਂ ਨਿਜਾਤ ਪਾ ਲਵੋਗੇ।

# ਬਹੁਜਨ ਸਮਾਜ ਪਾਰਟੀ ਦੇ ਸੰਸਥਾਪਕ ਆਗੂ ਸਾਹਿਬ ਕਾਂਸ਼ੀ ਰਾਮ ਦੇ ਪ੍ਰੀਨਿਰਵਾਣ ਦਿਵਸ ਸਬੰਧੀ 09 ਅਕਤੂਬਰ ਲਈ ਵਿਸ਼ੇਸ਼



ਕੁਲਦੀਪ ਚੰਦ
91-9417563054

ਇਤਿਹਾਸ ਗਵਾਹ ਹੈ ਕਿ ਭਾਰਤ ਵਿੱਚ ਸਦੀਆਂ ਤੱਕ ਵਰਣ ਵਿਵਸਥਾ ਅਧਾਰਤ ਭੇਦਭਾਵ ਕਾਇਮ ਰਿਹਾ ਹੈ ਅਤੇ ਇਸ ਕਾਰਨ ਕੁੱਝ ਅਖੌਤੀ ਲੋਕਾਂ ਵਲੋਂ ਇੱਕ ਵਿਸੇਸ਼ ਵਰਗ ਦੇ ਲੋਕਾਂ ਨਾਲ ਜਾਨਵਰਾਂ ਤੋਂ ਵੀਭੈੜਾ ਵਿਉਹਾਰ ਕੀਤਾ ਜਾਂਦਾ ਰਿਹਾ ਹੈ। ਇਸ ਵਿਤਕਰੇ ਖਿਲਾਫ ਸਮੇਂ ਸਮੇਂ ਤੇ ਕਈ ਸਮਾਜਿਕ, ਰਾਜਨੀਤਿਕ ਅਤੇ ਧਾਰਮਿਕ ਰਹਿਵਰਾਂ ਨੇ ਅਵਾਜ਼ ਉਠਾਈ ਹੈ ਉਨ੍ਹਾਂ ਵਿੱਚ ਪੰਜਾਬ ਦੇ ਰੋਪੜ੍ਹ ਜਿਲ੍ਹੇ ਨਾਲ ਸਬੰਧਿਤ ਆਗੂ ਅਤੇ ਬਹੁਜਨ ਸਮਾਜ ਪਾਰਟੀ ਦੇ ਸੰਸਥਾਪਕ ਬਾਬੂ ਕਾਂਸ਼ੀ ਰਾਮ ਜਿਨ੍ਹਾਂ ਨੂੰ ਸਾਹਿਬ ਅਤੇ ਮਾਨਿਆਵਰ ਵੀ ਕਿਹਾ ਜਾਂਦਾ ਦਾ ਨਾਮ ਵੀ ਸ਼ਾਮਲ ਹੈ। ਆਪ ਦਾ ਜਨਮ 15 ਮਾਰਚ 1934 ਨੂੰ ਨਾਨਕੇ ਘਰ ਨੰਗਲ-ਚੰਡੀਗੜ੍ਹ ਮੁੱਖ ਮਾਰਗ ਤੇ ਬੂੰਗਾ ਸਾਹਿਬ ਕੋਲ ਪੈਂਦੇ ਪਿੰਡ ਪ੍ਰਿਥੀਪੁਰ ਵਿੱਚ ਹੋਇਆ। ਆਪ ਦਾ ਪਰਿਵਾਰ ਰੂਪਨਗਰ ਜਿਲ੍ਹੇ ਦੇ ਪਿੰਡ ਖੁਆਸਪੁਰਾ ਵਿੱਚ ਰਹਿੰਦਾ ਸੀ। ਆਪ ਦੇ ਨਾਨਾ ਦਾ ਨਾਮ ਸਾਹਿਬ ਦਿਤਾ ਸੀ ਅਤੇ ਨਾਨੀ ਦਾ ਨਾਮ ਪ੍ਰਸਿੰਨੀ ਦੇਵੀ ਸੀ। ਆਪਦੀ ਮਾਤਾ ਦਾ ਨਾਮ ਬਿਸ਼ਨ ਕੌਰ ਅਤੇ ਪਿਤਾ ਦਾ ਨਾਮ ਹਰੀ ਸਿੰਘ ਸੀ ਅਤੇ ਆਪ 7 ਭੇਣ ਭਰਾਵਾਂ ਵਿਚੋਂ ਸਭ ਤੋਂ ਵੱਡੇ ਸਨ। ਆਪ ਰਵਿਦਾਸੀਆ ਜਾਤ ਨਾਲ ਸਬੰਧ ਰੱਖਦੇ ਸਨ ਜੋ ਕਿ ਕਈ ਹੋਰ ਜਾਤਾਂ ਵਾਂਗ ਹੀ ਸਦੀਆਂ ਤੋਂ ਅਛੂਤ ਰਹੀ ਹੈ ਅਤੇ ਕਈ ਦੂਜੇ ਵਰਗਾਂ ਦੇ ਅਖੌਤੀ ਮੰਨੂਵਾਦੀ ਲੋਕ ਇਸ ਵਰਗ ਦੇ ਲੋਕਾਂ ਨੂੰ ਛੂਹਣਾ ਵੀ ਪਾਪ ਮੰਨਦੇ ਸਨ। ਆਪ ਨੇ ਇਸ ਗੈਰ ਮਨੁਖੀ ਵਿਤਕਰੇ ਨੂੰ ਅਪਣੇ ਅੱਖੀਂ ਵੇਖਿਆਂ ਅਤੇ ਕਈ ਵਾਰ ਆਪ ਹੰਢਾਇਆ। ਆਪ ਨੇ ਮੁਢਲੀ ਪੜਾਈ ਪਿੰਡ ਮਲਿਕਪੁਰ ਦੇ ਸਰਕਾਰੀ ਸਕੂਲ ਅਤੇ ਇਸਲਾਮਿਕ ਸਕੂਲ ਰੋਪੜ੍ਹ ਤੋਂ ਲੈਣ ਉਪਰੰਤ ਸਰਕਾਰੀ ਕਾਲਜ ਰੋਪੜ੍ਹ ਤੋਂ 1956 ਵਿੱਚ ਵਿਗਿਆਨ ਵਿਸ਼ੇ ਨਾਲ ਗ੍ਰੈਜੁਏਸ਼ਨ ਮੁਕੰਮਲ ਕੀਤੀ। ਇਸ ਦੌਰਾਨ ਆਪਦੀ ਮੰਗਣੀ ਇੱਕ ਕਾਂਗਰਸੀ ਵਿਧਾਇਕ ਦੀ ਲੜਕੀ ਨਾਲ ਹੋ ਚੁੱਕੀ ਸੀ ਪਰ ਆਪ ਨੇ ਵਿਆਹ ਕਰਵਾਉਣ ਤੋਂ ਮਨ੍ਹਾਂ ਕਰ ਦਿਤਾ। ਸਾਲ 1957 ਵਿੱਚ ਆਪ ਨੇ ਸਰਵੇ ਆਫ ਇੰਡੀਆ ਦੀ ਪ੍ਰੀਖਿਆ ਪਾਸ ਕੀਤੀ ਅਤੇ ਸਿਖਲਾਈ ਲਈ ਦੇਹਰਾਦੂਨ ਚੱਲੇ ਗਏ। ਸਿਖਲਾਈ ਦੌਰਾਨ ਸਮੂਹ ਸਿਖਿਆਰਥੀਆਂ ਨੂੰ ਇੱਕ ਬਾਂਡ ਭਰਨ ਲਈ ਕਿਹਾ ਗਿਆ ਜਿਸ ਅਨੁਸਾਰ ਇੱਕ ਨਿਸ਼ਚਿੱਤ ਸਮੇਂ ਲਈ ਸਰਵੇ ਆਫ ਇੰਡੀਆ ਵਿੱਚ ਨੌਕਰੀ ਕਰਨਾ ਜਰੂਰੀ ਸੀ। ਆਪਨੇ ਇਹ ਬਾਂਡ ਭਰਨ ਤੋਂ ਮਨ੍ਹਾਂ ਕਰ ਦਿੱਤਾ ਅਤੇ ਇਹ ਸਿਖਲਾਈ ਛੱਡ ਕੇ ਵਾਪਸ ਆ ਗਏ। ਇਸਤੋਂ ਬਾਦ1958 ਵਿੱਚ ਆਪ ਨੇ ਡਿਫੈਂਸ ਰਿਸਰਚ ਐਂਡ ਡਿਵੈਲਪਮੈਂਟ ਆਰਗੇਨਾਇਜ਼ੇਸ਼ਨ ਪੂਨਾ ਵਿੱਚ ਬਤੌਰ ਸਹਾਇਕ ਵਿਗਿਆਨੀ ਦੀ ਨੌਕਰੀ ਸ਼ੁਰੂ ਕੀਤੀ। ਇਸ ਅਦਾਰੇ ਵਿੱਚ ਆਪ ਨੇ 1965 ਵਿੱਚ ਇੱਕ ਹੋਰ ਸਟਾਫ ਮੈਂਬਰ ਦੀਨਾ ਭਾਨਾ ਜੋਕਿ ਅਛੂਤ ਸੀ ਦੇ ਨਾਲ ਡਾਕਟਰ ਅੰਬੇਡਕਰ ਅਤੇ ਮਹਾਤਮਾ ਬੁੱਧ ਦੇ ਜਨਮ ਦਿਵਸ ਸਬੰਧੀ ਪਹਿਲਾਂ ਤੋਂ ਚੱਲ ਰਹੀਆਂ ਛੁੱਟੀਆਂ ਰੱਦ ਕਰਨ ਦੇ ਵਿਰੋਧ ਵਿੱਚ ਰੋਸ ਪ੍ਰਦਰਸ਼ਨ ਕੀਤਾ ਅਤੇ ਸੰਘਰਸ਼ ਕਰਕੇ ਤੇ ਲੰਬੀ ਲੜਾਈ ਲੜਕੇ ਬੰਦ ਕੀਤੀਆਂ ਗਈਆਂ ਇਹ ਛੁੱਟੀਆਂ ਮੁੜ੍ਹ ਸ਼ੁਰੂ ਕਰਵਾਈਆਂ ਸਨ। ਸਾਲ1971 ਵਿੱਚ ਆਪ ਨੇ ਨੌਕਰੀ ਤੋਂ ਤਿਆਗ ਪੱਤਰ ਦੇ ਦਿਤਾ ਅਤੇ ਸਮਾਜ ਲਈ ਕੰਮ ਕਰਨਾ ਸ਼ੁਰੂ ਕੀਤਾ। ਆਦਿ ਧਰਮ ਮੰਡਲ ਦੇ ਆਗੂ ਅਤੇ ਸੰਸਥਾਪਕ ਬਾਬੂ ਮੰਗੂ ਰਾਮ ਮੂਗੋਵਾਲੀਆ ਅਤੇ ਡਾਕਟਰ ਭੀਮ ਰਾਓ ਅੰਬੇਡਕਰ ਤੋਂ ਬਾਅਦ ਉਹਨਾਂ ਨੇ ਦੇਸ਼ ਦੇ ਚੋਥਾ ਵਰਗ ਮੰਨੇ ਜਾਂਦੇ ਲੋਕਾਂ ਨੂੰ ਸਹੀ ਅਰਥਾਂ ਵਿੱਚ ਏਕੇ ਦੇ ਸੂਤਰ ਵਿੱਚ ਬੰਨਣ ਦਾ ਸੁਪਨਾ ਸੱਚ ਕਰ ਦਿਖਾਇਆ। ਇਸਤੋਂ ਬਾਦ ਆਪਨੇ ਸਾਰਾ ਜੀਵਨ ਸਮਾਜ ਦੇ ਲਿਤਾੜ੍ਹੇ ਵਰਗਾਂ ਦੀ ਭਲਾਈ ਲਈ ਲਗਾ ਦਿਤਾ। 1980 ਵਿੱਚ ਉਨ੍ਹਾਂ ਨੇ 'ਅੰਬੇਦਕਰ ਮੇਲਾ' ਨਾਂ ਦੀ ਪੈਦਲ ਯਾਤਰਾ ਸ਼ੁਰੂ ਕੀਤੀ ਜਿਸ ਵਿੱਚ ਅੰਬੇਡਕਰ ਦੇ ਜੀਵਨ ਅਤੇ ਉਨ੍ਹਾਂ ਦੇ ਵਿਚਾਰਾਂ ਨੂੰ ਤਸਵੀਰਾਂ ਅਤੇ ਕਹਾਣੀ ਰਾਹੀਂ ਦਰਸਾਇਆ ਗਿਆ। 1984 ਵਿੱਚ, ਕਾਂਸ਼ੀ ਰਾਮ ਨੇ ਦਲਿਤ ਸ਼ੋਸ਼ਿਤ ਸਮਾਜ ਸੰਘਰਸ਼ ਸਮਿਤੀ ਡੀ ਐਸ-4 ਦੀ ਸਥਾਪਨਾ ਕੀਤੀ। ਇਹ ਕਮੇਟੀ ਉਨ੍ਹਾਂ ਲੋਕਾਂ ਦੇ ਬਚਾਅ ਲਈ ਬਣਾਈ ਗਈ ਸੀ ਜਿਨ੍ਹਾਂ ਤੇ ਜਾਤੀ ਵਿਵਸਥਾ ਬਾਰੇ ਜਾਗਰੂਕਤਾ ਫੈਲਾਉਣ ਲਈ ਹਮਲਾ ਕੀਤਾ ਗਿਆ ਸੀ। ਆਪ ਨੇ ਮੌਜੂਦਾ ਦਲਿਤ ਲੀਡਰਸ਼ਿਪ ਨੂੰ ਨਕਾਰਦਿਆਂ ਕਿਹਾ ਕਿ ਪੂਨਾ ਪੈਕਟ ਨੇ ਸਿਰਫ ਚਮਚੇ ਹੀ ਪੈਦਾ ਕੀਤੇ ਹਨ।

ਉਹ ਅਕਸਰ ਕਹਿੰਦੇ ਸਨ ਕਿ ਇਸ ਪੂਨਾ ਪੈਕਟ ਸਮਝੋਤੇ ਕਾਰਨ ਕਮਿਊਨਲ ਐਵਾਰਡ ਦੁਆਰਾ ਦੇਸ਼ ਦੇ ਮੂਲ ਨਿਵਾਸੀਆਂ ਨੂੰ ਮਿਲੇ ਵੱਖਰੇ ਵੋਟ ਦੇ ਅਧਿਕਾਰ ਤੋਂ ਬਾਂਝੇ ਰਹਿਣਾ ਪਿਆ ਹੈ। ਵਰਣਨਯੋਗ ਹੈ ਕਿ ਕਾਂਗਰਸ ਪਾਰਟੀ ਵਿੱਚ ਬੈਠੇ ਦਲਿਤ ਆਗੂਆਂ ਵਲੋਂ 24 ਸਤੰਬਰ 1982 ਨੂੰ ਪੂਨਾ ਪੈਕਟ ਦੀ ਗੋਲਡਨ ਜੁਬਲੀ ਮਨਾਉਣ ਦੀ ਤਿਆਰੀ ਚੱਲ ਰਹੀ ਸੀ ਅਤੇ ਪੂਨਾ ਵਿੱਚ ਵਿਸ਼ੇਸ ਪ੍ਰੋਗਰਾਮ ਆਯੋਜਿਤ ਹੋਣਾ ਸੀ ਜਿਸ ਵਿੱਚ ਉਸ ਵੇਲੇ ਦੇ ਪ੍ਰਧਾਨ ਮੰਤਰੀ ਸਵਰਗੀ ਇੰਦਰਾ ਗਾਂਧੀ ਨੇ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਣਾ ਸੀ। ਬਾਮਸੇਫ ਵਲੋਂ ਉਸ ਵੇਲੇ ਪੂਨਾ ਪੈਕਟ ਧਿਕਾਰ ਦਿਵਸ ਮਨੁਉਣ ਦਾ ਫੈਸਲਾ ਕੀਤਾ ਗਿਆ ਅਤੇ ਬਾਮਸੇਫ ਦੇ ਇਸ ਪ੍ਰੋਗਰਾਮ ਨੂੰ ਵੇਖਦਿਆਂ ਕਾਂਗਰਸ ਪਾਰਟੀ ਵਲੋਂ ਗੋਲਡਨ ਜੁਬਲੀ ਮਨਾਉਣ ਦਾ ਪ੍ਰੋਗਰਾਮ ਰੱਦ ਕੀਤਾ ਗਿਆ। ਆਪ ਵਲੋਂ 23 ਸਤੰਬਰ 1982 ਨੂੰ ਪੂਨਾ ਪੈਕਟ ਦੀ 50ਵੀਂ ਵਰ੍ਹੇਗੰਢ ਮੌਕੇ ਪੂਨਾ ਪੈਕਟ ਧਿਕਾਰ ਦਿਵਸ ਮਨਾਇਆ ਗਿਆ ਅਤੇ ਅਪਣੇ ਜੀਵਨਦੀ ਇੱਕੋ ਇੱਕ ਇੱਕਕਿਤਾਬਚਮਚਾ ਯੁੱਗ ਪ੍ਰਕਾਸ਼ਿਤ ਕੀਤੀ ਜਿਸ ਵਿੱਚ ਕਿਹਾ ਕਿ ਇਸ ਪੂਨਾ ਪੈਕਟ ਦੁਆਰਾ ਦਲਿਤਾਂ ਨੂੰ ਅਪਣੇ ਅਸਲੀ ਪ੍ਰਤੀਨਿਧੀ ਚੁਣਨ ਦੇ ਅਧਿਕਾਰ ਤੋਂ ਦੂਰ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਇਹ ਦਲਿਤ ਆਗੂ ਭਾਰਤੀ ਜਨਤਾ ਪਾਰਟੀ ਅਤੇ ਕਾਂਗਰਸ ਵਰਗੀਆਂ ਪਾਰਟੀਆਂ ਨਾਲ ਗੱਠਜੋੜ ਕਰਕੇ ਆਪਣੇ ਨਿੱਜੀ ਮੁਫ਼ਾਦਾਂ ਲਈ ਹੀ ਰਾਜਨੀਤੀ ਕਰਦੇ ਹਨ। ਆਪਨੇ ਸਮਾਜਿਕ-ਰਾਜਨੀਤਿਕ ਜਾਗਰੂਕਤਾ ਪੈਦਾ ਕਰਨ ਲਈ ਅਪਣੇ ਸਾਥੀਆਂ ਨਾਲ ਦੇਸ਼ ਦੇ ਵੱਖ ਵੱਖਭਾਗਾਂ ਵਿੱਚ ਲੱਗਭੱਗ 3000 ਕਿਲੋਮੀਟਰ ਲੰਬੀ ਸਾਇਕਲ ਯਾਤਰਾ ਕੀਤੀ। ਆਪ ਨੇ ਡਾਕਟਰ ਭੀਮ ਰਾਓ ਅੰਬੇਡਕਰ, ਜਯੋਤਿਵਾ ਫੂਲੇ, ਪੈਰੀਅਰ ਰਾਮਾਸਵਾਮੀ ਆਦਿ ਸਮਾਜਿਕ ਅੰਦੋਲਨਕਾਰੀਆਂ ਦੇ ਅੰਦੋਲਨ ਨੂੰ ਅੱਗੇ ਲਿਜਾਉਣ ਲਈ ਮੁਹਿੰਮ ਚਲਾਈ। ਆਪ ਨੇ 06 ਦਸੰਬਰ 1978 ਨੂੰ ਬੈਕਵਰਡ ਐਂਡ ਮਾਇਨਾਰਟੀਜ਼ ਕਮਿਊਨਿਟੀ ਇੰਪਲਾਇਜ਼ ਫੈਡਰੇਸ਼ਨ (ਬਾਮਸੇਫ) ਨਾਮ ਦਾ ਕਰਮਚਾਰੀ ਸੰਗਠਨ ਬਣਾਇਆ ਅਤੇ 6 ਦਸੰਬਰ 1981 ਨੂੰ ਦਲਿਤ ਸ਼ੋਸ਼ਿਤ ਸਮਾਜ ਸੰਘਰਸ਼ ਸਮਿਤੀ (ਡੀ ਐਸ-4) ਨਾਮ ਦਾ ਸਮਾਜਿਕ ਸੰਗਠਨ ਤਿਆਰ ਕੀਤਾ ਅਤੇ 14 ਅਪ੍ਰੈਲ 1984 ਨੂੰ ਰਾਜਨੀਤਿਕ ਪਾਰਟੀ ਬਹੁਜਨ ਸਮਾਜ ਪਾਰਟੀ (ਬੀ ਐਸ ਪੀ) ਬਣਾ ਦਿਤੀ ਅਤੇ ਕਰੋੜ੍ਹਾਂ ਲੋਕਾਂ ਦਾ ਸੁਪਨਾ ਪੂਰਾ ਕਰਨ ਲਈ ਦੇਸ਼ ਦੀ ਸੱਤਾ ਤੇ ਕਾਬਜ ਹੋਣ ਦਾ ਐਲਾਨ ਕਰ ਦਿਤਾ। ਸ਼ੂਦਰ ਵਰਗ ਨਾਲ ਸਬੰਧਿਤ ਲੱਗਭੱਗ 6000 ਜਾਤਾਂ ਨੂੰ ਇੱਕ ਪਲੇਟਫਾਰਮ ਤੇ ਲਿਆਉਣ ਅਤੇ 85 ਫਿਸਦੀ ਵਰਗ ਦੇ ਲੋਕਾਂ ਨੂੰ ਬਹੁਜ਼ਨ ਸਮਝਣ ਦੇ ਤਜ਼ਰਬੇ ਅਤੇ ਜਿੰਨੀ ਜਿਸਦੀ ਸੰਖਿਆ ਭਾਰੀ ਉਤਨੀ ਉਸਦੀ ਹਿੱਸੇਦਾਰੀ ਦੇ ਨਾਹਰੇ ਨਾਲ ਬੀਐਸਪੀ ਰਾਸ਼ਟਰੀ ਪਾਰਟੀ ਬਣ ਗਈ ਅਤੇ ਪਿਛਲੇ ਕਈ ਸਾਲਾਂ ਤੋਂ ਚਲਦੀਆਂ ਰਾਜਨੀਤਿਕ ਪਾਰਟੀਆਂ ਨੂੰ ਪਿੱਛੇ ਛੱਡਕੇ ਥੋੜੇ ਸਮੇਂ ਵਿੱਚ ਹੀ ਤੀਜੇ ਨੰਬਰ ਤੇ ਪਹੁੰਚ ਗਈ। ਕਾਂਸ਼ੀਰਾਮ ਨੇ ਇਸ ਵਿਚਾਰਧਾਰਾ ਦਾ ਪ੍ਰਚਾਰ ਕੀਤਾ ਕਿ ਹੱਕਾਂ ਲਈ ਲੜਨਾ ਚਾਹੀਦਾ ਹੈ ਤਰਲੇ ਕਰਨ ਨਾਲ ਹੱਕ ਨਹੀਂ ਮਿਲਣਗੇ। 1989 ਦੀਆਂ ਲੋਕ ਸਭਾ ਚੋਣਾਂ ਵਿੱਚ ਬੀ ਐਸ ਪੀ ਨੇ ਦੇਸ਼ ਵਿੱਚ ਲੱਗਭੱਗ 2.07 ਫਿਸਦੀ ਵੋਟਾਂ ਪ੍ਰਾਪਤ ਕੀਤੀਆਂ ਅਤੇ 3 ਲੋਕ ਸਭਾ ਮੈਂਬਰ ਬਣੇ। ਸਾਲ 1992 ਵਿੱਚ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਬਹੁਜਨ ਸਮਾਜ ਪਾਰਟੀ ਇੱਕ ਵੱਡੀ ਰਾਜਨੀਤਿਕ ਪਾਰਟੀ ਵਜੋਂ ਸਾਹਮਣੇ ਆਈ ਜਿਸ ਵਿੱਚ 9 ਵਿਧਾਇਕ ਚੁਣੇ ਗਏ ਅਤੇ ਪੰਜਾਬ ਵਿਧਾਨ ਸਭਾ ਵਿੱਚ ਮੁੱਖ ਵਿਰੋਧੀ ਪਾਰਟੀ ਬਣੀ। ਸਾਲ1993 ਵਿੱਚ ਦੇਸ਼ ਦੀ ਰਾਜਨੀਤੀ ਦਾ ਗੜ੍ਹ ਰਹਿਣ ਵਾਲੇ ਉਤੱਰ ਪ੍ਰਦੇਸ਼ ਵਿੱਚ ਬੀ ਐਸ ਪੀ ਨੇ 67 ਵਿਧਾਇਕ ਬਣਾਕੇ ਵੱਡੀ ਜਿੱਤ ਹਾਸਲ ਕੀਤੀ। ਆਪ ਨੇ ਆਪਣੇ ਸਿਆਸੀ ਜੀਵਨ ਦੀ ਸ਼ੁਰੂਆਤ ਛੱਤੀਸਗੜ੍ਹ ਚੋਣਾਂ ਤੋਂ ਕੀਤੀ ਸੀ। ਇੱਥੇ ਕਾਂਸ਼ੀ ਰਾਮ ਨੇ ਪਹਿਲੀ ਵਾਰ ਜੰਜੀਰ ਚੰਪਾ ਤੋਂ ਚੋਣ ਲੜੀ ਸੀ। ਕਾਂਸੀ ਰਾਮ ਆਪ ਖ਼ੁੱਦ ਦੋ ਵਾਰ 1991 ਅਤੇ 1996 ਵਿੱਚ ਲੋਕ ਸਭਾ ਮੈਂਬਰ ਚੁਣੇ ਗਏ। ਦੱਸਣਯੋਗ ਹੈ ਕਿ 1996 ਵਿੱਚ ਪੰਜਾਬ ਦੇ ਜਿਸ ਲੋਕ ਸਭਾ ਹਲਕੇ ਹੁਸ਼ਿਆਰਪੁਰ ਤੋਂ ਆਪ ਲੋਕ ਸਭਾ ਮੈਂਬਰ ਬਣੇ ਇਸੇ ਹਲਕੇ ਤੋਂ ਲੱਗਭੱਗ ਅਜਾਦੀ ਤੋਂ ਪਹਿਲਾਂ ਆਦਿ ਧਰਮ ਮੰਡਲ ਦੇ ਪ੍ਰਧਾਨ ਬਾਬੂ ਮੰਗੂ ਰਾਮ ਮੂਗੋਵਾਲੀਆ ਵਿਧਾਇਕ ਬਣੇ ਸਨ। 18 ਫਰਵਰੀ 2001 ਨੂੰ ਆਦਿ ਧਰਮ ਮੰਡਲ ਦੀ ਸਥਾਪਨਾ ਦੇ 75 ਸਾਲ ਮੁਕੰਮਲ ਹੋਣ ਤੇ ਬਹੁਜਨ ਸਮਾਜ ਪਾਰਟੀ ਵਲੋਂ ਹੁਸ਼ਿਆਰਪੁਰ ਵਿੱਚ ਇੱਕ ਵਿਸ਼ਾਲ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਆਪ ਨੇ ਆਦਿ ਧਰਮ ਮੁਹਿੰਮ ਦੇ ਸਿਧਾਂਤਾਂ ਤੇ ਚੱਲਣ ਦਾ ਸੁਨੇਹਾ ਦਿਤਾ। ਸਾਲ 1998 ਵਿੱਚ ਆਪ ਨੇ ਐਲਾਨ ਕੀਤਾ ਕਿ ਉਹ ਉਦੋਂ ਤੱਕ ਆਪ ਚੋਣ ਨਹੀਂ ਲੜਣਗੇ ਜਦੋਂ ਤੱਕ ਲੋਕ ਸਭਾ ਵਿੱਚ ਘਟੋ ਘੱਟ 100 ਮੈਂਬਰ ਜਿੱਤਕੇ ਨਹੀਂ ਜਾਂਦੇ ਤਾਂ ਜੋ ਦੇਸ਼ ਦੀ ਸੱਤਾ ਦੀ ਚਾਬੀ ਦਲਿਤਾਂ ਦੇ ਹੱਥਾਂ ਵਿੱਚ ਆ ਸਕੇ। ਭਾਰਤੀ ਜਨਤਾ ਪਾਰਟੀ ਆਗੂ ਅਤੇ ਸਾਬਕਾ ਪ੍ਰਧਾਨ ਮੰਤਰੀ ਸਵਰਗੀ ਅਟਲ ਬਿਹਾਰੀ ਵਾਜਪਈ ਨੇ ਇੱਕ ਵਾਰ ਆਪ ਨੂੰ ਰਾਸ਼ਟਰਪਤੀ ਦੇ ਅਹੁਦੇ ਦੀ ਪੇਸ਼ਕਸ਼ ਕੀਤੀ ਪਰ ਆਪ ਨੇ ਇਹ ਕਹਿ ਕੇ ਮਨ੍ਹਾਂ ਕਰ ਦਿੱਤਾ ਕਿ ਉਹ ਤਾਂ ਦੇਸ਼ ਦਾ ਪ੍ਰਧਾਨ ਮੰਤਰੀ ਬਣਕੇ ਰਾਜਸੱਤਾ ਨੂੰ ਸਦੀਆਂ ਤੋਂ ਲਿਤਾੜ੍ਹੇ ਲੋਕਾਂ ਦੇ ਵਿਹੜਿਆਂ ਤੱਕ ਪਹੁੰਚਾਣਾ ਚਾਹੁੰਦੇ ਹਨ। ਆਪ ਨੇ ਚੋਣਾਂ ਦੌਰਾਨ ਇੱਕ ਵੋਟ ਇੱਕ ਨੋਟ ਦਾ ਨਾਹਰਾ ਦੇਕੇ ਲੋਕਾਂ ਨੂੰ ਅਪਣੇ ਨਾਲ ਜੋੜ੍ਹਿਆ ਅਤੇ ਦੇਸ਼ ਦੀਆਂ ਵੱਡੀਆਂ ਰਾਜਨੀਤਿਕ ਪਾਰਟੀਆਂ ਦੇ ਵੋਟ ਬੈਂਕ ਨੂੰ ਸਨ੍ਹ ਲਗਾ ਦਿੱਤੀ। ਆਪ ਚੋਣਾਂ ਸਬੰਧੀ ਅਕਸਰ ਕਹਿੰਦੇ ਸਨ ਕਿ ਪਹਿਲੀ ਚੋਣ ਹਾਰਨ ਲਈ ਦੂਜੀ ਚੋਣ ਹਰਾਉਣ ਲਈ ਅਤੇ ਫਿਰ ਤੀਜੀ ਚੋਣ ਤੋਂ ਜਿੱਤ ਸ਼ੁਰੂ ਹੋ ਜਾਂਦੀ ਹੈ। ਬਹੁਜਨ ਸਮਾਜ ਪਾਰਟੀ ਬੇਸ਼ੱਕ ਪੰਜਾਬ ਵਿੱਚ ਮੁੜ੍ਹ ਕਾਮਯਾਬ ਨਹੀਂ ਹੋ ਸਕੀ ਪਰ ਉੱਤਰ ਪ੍ਰਦੇਸ਼ ਵਿੱਚ ਬੀ ਐਸ ਪੀ ਨੇ ਕਈ ਵਾਰ ਸਰਕਾਰ ਬਣਾਈ ਹੈ। ਆਪ ਸ਼ੂਗਰ ਦੀ ਬਿਮਾਰੀ ਤੋਂ ਪੀੜ੍ਹਿਤ ਸਨ ਅਤੇ ਆਪ ਨੂੰ 1994 ਵਿੱਚ ਦਿਲ ਦਾ ਦੌਰਾ ਪੈ ਗਿਆ। ਸਾਲ 2003 ਵਿੱਚ ਆਪ ਦੀ ਹਾਲਤ ਹੋਰ ਖਰਾਬ ਹੋ ਗਈ ਅਤੇ 2004 ਤੋਂ ਬਾਦ ਆਪ ਨੇ ਹਰ ਤਰਾਂ ਦੇ ਜਨਤਕ ਪ੍ਰੋਗਰਾਮਾਂ ਵਿੱਚ ਜਾਣਾ ਬੰਦ ਕਰ ਦਿਤਾ। ਉਨ੍ਹਾਂ ਨੇ ਮਾਇਆਵਤੀ ਨੂੰ ਬਸਪਾ ਦਾ ਉਤਰਾਧਿਕਾਰੀ ਬਣਾਇਆ ਸੀ। ਅੰਤ ਲੰਬੀ ਬਿਮਾਰੀ ਬਾਦ ਅੱਜ ਦੇ ਦਿਨ ਮਿਤੀ 09 ਅਕਤੂਬਰ 2006 ਨੂੰ ਬਾਬੂ ਕਾਂਸ਼ੀ ਰਾਮ ਸਦੀਵੀ ਵਿਛੋੜਾ ਦੇ ਗਏ। ਆਪ ਦੇ ਪਰਿਵਾਰ ਵਲੋਂ ਬਾਬੂ ਕਾਂਸ਼ੀ ਰਾਮ ਮੈਮੋਰੀਅਲ ਟਰੱਸਟ ਬਣਾਇਆ ਗਿਆ ਹੈ ਜਿਸ ਵਲੋਂ ਉਨ੍ਹਾ ਦੇ ਨਾਨਕੇ ਪਿੰਡ ਪ੍ਰਿਥੀਪੁਰ ਬੂੰਗਾ ਵਿੱਚ ਬਾਬੂ ਕਾਂਸ਼ੀ ਰਾਮ ਨਾਲ ਜੁੜ੍ਹੀਆਂ ਵਸਤਾਂ ਦੀ ਇੱਕ ਲਾਇਬ੍ਰੇਬੀ ਤਿਆਰ ਕੀਤੀ ਗਈ ਹੈ। ਇਸਦਾ ਨੀਂਹ ਪੱਥਰ ਉੱਤਰ ਪ੍ਰਦੇਸ਼ ਦੀ ਸਾਬਕਾ ਮੁੱਖ ਮੰਤਰੀ ਅਤੇ ਮੌਜੂਦਾ ਬੀ ਐਸ ਪੀ ਸੁਪਰੀਮੋ ਕੁਮਾਰੀ ਮਾਇਆਵਤੀ ਨੇ 01 ਅਗਸਤ, 1997 ਨੂੰ ਰੱਖਿਆ ਸੀ ਅਤੇ ਇਸਦਾ ਉਦਘਾਟਨ ਬਾਬੂ ਜੀ ਦੇ ਜਨਮ ਦਿਵਸ ਤੇ 15 ਮਾਰਚ, 2013 ਨੂੰ ਪੀ ਐਲ ਪੂਨੀਆ ਸਾਬਕਾ ਚੇਅਰਮੈਨ ਰਾਸ਼ਟਰੀ ਅਨੁਸੂਚਿਤ ਜਾਤਿ ਆਯੋਗ ਨੇ ਕੀਤਾ ਸੀ। ਕਾਂਗਰਸ ਪਾਰਟੀ ਦੇ ਰਾਜ ਸਭਾ ਮੈਂਬਰ ਸ਼ਮਸ਼ੇਰ ਸਿੰਘ ਦੂਲੋਂ ਵਲੋਂ ਇਸ ਪਿੰਡ ਲਈ ਵਿਸ਼ੇਸ਼ ਗਰਾਂਟ ਦੇਕੇ ਲੱਗਭੱਗ 45 ਲੱਖ ਰੁਪਏ ਨਾਲ ਡਾਕਟਰ ਅੰਬੇਡਕਰ ਭਵਨ ਦੀ ਉਸਾਰੀ ਕਰਵਾਈ ਗਈ ਹੈ ਅਤੇ ਪਿੰਡ ਦੇ ਸਕੂਲ ਲਈ 10 ਲੱਖ ਰੁਪਏ ਖਰਚੇ ਗਏ ਹਨ। ਉਨ੍ਹਾਂ ਦੇ ਸਨਮਾਨ ਵਿੱਚ ਕੁਝ ਪੁਰਸਕਾਰ ਵੀ ਦਿੱਤੇ ਗਏ ਹਨ। ਇਨ੍ਹਾਂ ਪੁਰਸਕਾਰਾਂ ਵਿੱਚ ਕਾਂਸ਼ੀ ਰਾਮ ਅੰਤਰਰਾਸ਼ਟਰੀ ਖੇਡ ਪੁਰਸਕਾਰ, ਕਾਂਸ਼ੀ ਰਾਮ ਕਲਾਰਤਨ ਪੁਰਸਕਾਰ ਅਤੇ ਕਾਂਸ਼ੀ ਰਾਮ ਭਾਸ਼ਾ ਰਤਨ ਸਨਮਾਨ ਸ਼ਾਮਲਹਨ। ਉੱਤਰ ਪ੍ਰਦੇਸ਼ ਦੇ ਇੱਕ ਜ਼ਿਲ੍ਹੇ ਦਾ ਨਾਮ ਕਾਂਸ਼ੀ ਰਾਮ ਨਗਰ ਰੱਖਿਆ ਗਿਆ ਹੈ। ਇਸ ਜ਼ਿਲ੍ਹੇ ਦਾ ਨਾਮ 15 ਅਪ੍ਰੈਲ 2008 ਨੂੰ ਰੱਖਿਆ ਗਿਆ ਸੀ। ਕਾਂਸ਼ੀ ਰਾਮ ਨੇ ਸਾਦਗੀ ਅਪਨਾਉਂਦੇ ਹੋਏ ਆਪਣਾ ਸਾਰਾ ਜੀਵਨ ਦਲਿਤਾਂ ਦੇ ਹਿੱਤਾਂ ਲਈ ਸਮਰਪਿਤ ਕਰ ਦਿੱਤਾ ਸੀ। ਆਪ ਨੇ ਭਾਰਤੀ ਰਾਜਨੀਤੀ ਅਤੇ ਸਮਾਜ ਵਿੱਚ ਵੱਡਾ ਬਦਲਾਅ ਲਿਆਉਣ ਵਿੱਚ ਅਹਿਮ ਭੂਮਿਕਾ ਨਿਭਾਈ ਅਤੇ ਭਾਰਤੀ ਸੰਵਿਧਾਨ ਨੂੰ ਜ਼ਮੀਨ ਤੇ ਲਿਆਉਣ ਦਾ ਕੰਮ ਕੀਤਾ ਹੈ। ਭਾਰਤ ਵਿੱਚ ਅੰਬੇਡਕਰਵਾਦ ਨੂੰ ਜਿਉਂਦਾ ਰੱਖਣ ਵਿੱਚ ਉਨ੍ਹਾਂ ਦਾ ਸਭ ਤੋਂ ਵੱਡਾ ਯੋਗਦਾਨ ਹੈ। ਆਪ ਨੇ ਡਾਕਟਰ ਅੰਬੇਡਕਰ ਦੀ ਮੌਤ ਤੋਂ ਬਾਅਦ ਬਹੁਜਨ ਅੰਦੋਲਨ ਵਿਚ ਪੈਦਾ ਹੋਏ ਖਲਾਅ ਨੂੰ ਨਾ ਸਿਰਫ਼ ਖ਼ਤਮ ਕੀਤਾ ਸਗੋਂ ਇਸ ਨੂੰ ਮੁੜ ਸੁਰਜੀਤ ਵੀ ਕੀਤਾ। ਸਾਹਿਬ ਕਾਂਸ਼ੀ ਰਾਮ ਬੇਸ਼ੱਕ ਬਹੁਜਨ ਸਮਾਜ ਪਾਰਟੀ ਨਾਲ ਹੀ ਜੁੜ੍ਹੇ ਰਹੇ ਪਰੰਤੂ ਹੁਣ ਉਨ੍ਹਾਂ ਨੂੰ ਹਰ ਰਾਜਨੀਤਿਕ ਪਾਰਟੀ ਪੂਰਾ ਮਾਣ ਸਨਮਾਨ ਦਿੰਦੀ ਹੈ ਅਤੇ ਵੱਖ ਵੱਖ ਰਾਜਨੀ-ਤਿਕ ਪਾਰਟੀਆਂ ਦੇ ਆਗੂ ਅਕਸਰ ਇਸ ਸਥਾਨ ਤੇ ਪਹੁੰਚਕੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਂਟ ਕਰਦੇ ਹਨ ਅਤੇ ਉਨ੍ਹਾਂ ਵਲੋਂ ਚਲਾਏ ਗਏ ਅੰਦੋਲਨਾਂ ਤੋਂ ਸੇਧਲੈਂਦੇ ਹਨ। ਅੱਜ ਦੇਸ਼ ਵਿਦੇਸ਼ ਵਿੱਚ ਸਾਹਿਬ ਕਾਂਸ਼ੀ ਰਾਮ ਦੇ ਪ੍ਰੀਨਿਰਵਾਣ ਦਿਵਸ ਮੌਕੇ ਵੱਖ ਵੱਖ ਸੰਗਠਨਾਂ ਵਲੋਂ ਉਨ੍ਹਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਜਾ ਰਹੀ ਹੈ।



ਸਾਹਿਬ ਕਾਂਸ਼ੀ ਰਾਮ
15 ਮਾਰਚ 1934 -- 09 ਅਕਤੂਬਰ 2006

# ਅਦਾਕਾਰ ਰਵੀ ਕਿਸ਼ਨ ਨਾਲ 3 ਕਰੋੜ ਦੀ ਠੱਗੀ

**ਮੁੰਬਈ-** ਮੁੰਬਈ ਦੇ ਕਾਰੋਬਾਰੀ ਨੇ ਭਾਜਪਾ ਸੰਸਦ ਮੈਂਬਰ ਤੇ ਅਦਾਕਾਰ ਰਵੀ ਕਿਸ਼ਨ ਨਾਲ 3.25 ਕਰੋੜ ਦੀ ਠੱਗੀ ਮਾਰੀ ਹੈ। ਸੰਸਦ ਮੈਂਬਰ ਨੇ ਇਸ ਦੀ ਸ਼ਿਕਾਇਤ ਪੁਲਸ ਨੂੰ ਕੀਤੀ ਹੈ। ਸੰਸਦ ਦੇ ਲੋਕ ਸੰਪਰਕ ਅਧਿਕਾਰੀ ਪਵਨ ਦੂਬੇ ਨੇ ਕਿਹਾ ਕਿ ਰਵੀ ਕਿਸ਼ਨ ਨਾਲ ਮੁੰਬਈ ਦੇ ਇਕ ਕਾਰੋਬਾਰੀ ਨੇ 3.25 ਕਰੋੜ ਰੁਪਏ ਦੀ ਠੱਗੀ ਮਾਰੀ ਹੈ। ਇਸ ਮਾਮਲੇ ਸਬੰਧੀ ਕੈਂਟ ਥਾਣੇ ਵਿਚ ਲਿਖਤੀ ਸ਼ਿਕਾਇਤ ਦਰਜ ਕਰਵਾਈ ਗਈ ਹੈ। ਪੁਲਸ ਨੇ ਕਾਰੋਬਾਰੀ ਖ਼ਿਲਾਫ਼ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਗੋਰਖਪੁਰ ਸਦਰ ਤੋਂ ਸੰਸਦ ਮੈਂਬਰ ਅਤੇ ਫ਼ਿਲਮ ਅਦਾਕਾਰ ਰਵੀ ਕਿਸ਼ਨ ਨੇ ਗੋਰਖਪੁਰ ਛਾਉਣੀ ਪੁਲਸ ਸਟੇਸ਼ਨ 'ਚ ਇਕ ਬਿਲਡਰ ਖ਼ਿਲਾਫ਼ 3.25 ਕਰੋੜ ਰੁਪਏ ਦੀ ਧੋਖਾਧੜੀ ਦਾ ਮਾਮਲਾ ਦਰਜ ਕਰਵਾਇਆ ਹੈ।

ਦੱਸ ਦੇਈਏ ਕਿ ਹਾਲ ਹੀ 'ਚ ਰਵੀ ਕਿਸ਼ਨ ਨੇ ਆਪਣੀ ਪਰਿਵਾਰਕ ਸਮੱਸਿਆ ਨੂੰ ਲੈ ਕੇ ਟਵੀਟ ਕੀਤਾ ਸੀ। ਉਸ ਨੇ ਕਿਹਾ ਸੀ ਕਿ ਉਸ ਦੀ ਮਾਂ ਕੈਂਸਰ ਤੋਂ ਪੀੜਤ ਹੈ ਅਤੇ ਉਨ੍ਹਾਂ ਦਾ ਇਲਾਜ ਮੁੰਬਈ ਦੇ ਇੱਕ ਹਸਪਤਾਲ 'ਚ ਚੱਲ ਰਿਹਾ ਹੈ। ਕੁਝ ਮਹੀਨੇ ਪਹਿਲਾਂ ਉਸ ਦੇ ਵੱਡੇ ਭਰਾ ਦੀ ਵੀ ਬੀਮਾਰੀ ਕਾਰਨ ਮੌਤ ਹੋ ਗਈ ਸੀ।

ਪੁਲਸ ਨੇ ਕਿਹਾ ਹੈ ਕਿ ਸ਼ਿਕਾਇਤ ਦਰਜ ਕਰ ਲਈ ਗਈ ਹੈ ਅਤੇ ਬਣਦੀ ਕਾਰਵਾਈ ਕੀਤੀ ਜਾਵੇਗੀ। ਪੁਲਸ ਨੇ ਆਈ. ਪੀ. ਸੀ। ਦੀ ਧਾਰਾ 406 ਤਹਿਤ ਕੇਸ ਦਰਜ ਕਰ ਲਿਆ ਹੈ। ਅਦਾਕਾਰ ਦੇ ਲੋਕ ਸੰਪਰਕ ਅਧਿਕਾਰੀ (ਪੀ.ਆਰ.ਓ।) ਨੇ ਕਿਹਾ ਕਿ ਅਭਿਨੇਤਾ-ਕਮ-ਰਾਜਨੇਤਾ ਨਾਲ ਕਥਿਤ ਤੌਰ 'ਤੇ ਮੁੰਬਈ ਦੇ ਇਕ ਵਪਾਰੀ ਨੇ ਧੋਖਾਧੜੀ ਕੀਤੀ ਹੈ। ਸਾਂਸਦ ਨੇ 2012 'ਚ ਦੋਸ਼ੀ ਜੈਨ ਜਤਿੰਦਰ ਰਮੇਸ਼ ਨੂੰ ਪੈਸੇ ਦਿੱਤੇ ਸਨ। ਹਾਲਾਂਕਿ ਜਦੋਂ ਰਵੀ ਕਿਸ਼ਨ ਨੇ ਆਪਣੇ ਪੈਸੇ ਵਾਪਸ ਮੰਗੇ ਤਾਂ ਬਿਲਡਰ ਨੇ ਉਸ ਨੂੰ 34 ਲੱਖ ਰੁਪਏ ਦੇ 12 ਚੈੱਕ ਦਿੱਤੇ, ਜਿਨ੍ਹਾਂ 'ਚੋਂ ਕੁਝ ਬਾਅਦ 'ਚ ਬਾਊਂਸ ਹੋ ਗਏ। ਰਮੇਸ਼ ਨੂੰ ਰਕਮ



ਵਾਪਸ ਕਰਨ ਲਈ ਮਨਾਉਣ 'ਚ ਅਸਫ਼ਲ ਰਹਿਣ ਤੋਂ ਬਾਅਦ ਕਿਸ਼ਨ ਨੇ ਪੁਲਸ 'ਚ ਸ਼ਿਕਾਇਤ ਦਰਜ ਕਰਵਾਈ।

### 3.25 ਕਰੋੜ ਰੁਪਏ ਦਿੱਤੇ ਸਨ ਵਾਪਰੀ ਨੂੰ

ਪੁਲਸ ਰਿਪੋਰਟ ਅਨੁਸਾਰ, ਸਾਲ 2012 'ਚ ਰਵੀ ਕਿਸ਼ਨ ਨੇ ਪੂਰਬੀ ਮੁੰਬਈ ਦੇ ਰਹਿਣ ਵਾਲੇ ਜੈਨ ਜਤਿੰਦਰ ਰਮੇਸ਼ ਨਾਂ ਦੇ ਇੱਕ ਵਪਾਰੀ ਨੂੰ 3.25 ਕਰੋੜ ਰੁਪਏ ਦਿੱਤੇ ਸਨ ਅਤੇ ਜਦੋਂ ਉਸ ਨੂੰ ਪੈਸੇ ਵਾਪਸ ਕਰਨ ਲਈ ਕਿਹਾ ਤਾਂ ਉਸ ਨੇ ਕਿਸ਼ਨ ਨੂੰ 34 ਲੱਖ ਦੇ 12 ਚੈੱਕ ਦਿੱਤੇ ਅਤੇ ਜਦੋਂ ਸੰਸਦ ਮੈਂਬਰ ਨੇ 7 ਦਸੰਬਰ, 2021 ਨੂੰ ਸਟੇਟ ਬੈਂਕ ਆਫ਼ ਇੰਡੀਆ ਦੀ ਬੈਂਕ ਰੋਡ ਗੋਰਖਪੁਰ ਸ਼ਾਖਾ 'ਚ 34 ਲੱਖ ਰੁਪਏ ਦਾ ਚੈੱਕ ਜਮ੍ਹਾਂ ਕਰਵਾਇਆ ਪਰ ਚੈੱਕ ਬਾਊਂਸ ਹੋ ਗਿਆ। ਜਦੋਂ ਵਪਾਰੀ ਲਗਾਤਾਰ ਪੈਸੇ ਮੰਗਣ ਦੇ ਬਾਵਜੂਦ ਪੈਸੇ ਵਾਪਸ ਕਰਨ ਲਈ ਰਾਜ਼ੀ ਨਹੀਂ ਹੋਇਆ ਤਾਂ ਸੰਸਦ ਮੈਂਬਰ ਨੇ ਪੁਲਸ ਨੂੰ ਸ਼ਿਕਾਇਤ ਕੀਤੀ।

ਕੈਂਟ ਥਾਣਾ ਇੰਚਾਰਜ ਸ਼ਸ਼ੀ ਭੂਸ਼ਣ ਰਾਏ ਨੇ ਦੱਸਿਆ ਕਿ ਪੁਲਸ ਨੇ ਇਸ ਸਬੰਧੀ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਪਹਿਲਾਂ ਸੰਸਦ ਮੈਂਬਰ ਕੈਂਟ ਥਾਣਾ ਖੇਤਰ ਦੇ ਸਿੰਘਾਰੀਆ 'ਚ ਰਹਿੰਦੇ ਸਨ ਪਰ ਹਾਲ ਹੀ 'ਚ ਉਹ ਪਲੈਨੀਟੇਰੀਅਮ ਲੇਕ ਵਿਊ ਕਾਲੋਨੀ ਸਥਿਤ ਘਰ 'ਚ ਸ਼ਿਫਟ ਹੋ ਗਏ ਹਨ।

# 28 ਸਤੰਬਰ 2022 ਲਈ ਅੰਤਰਰਾਸ਼ਟਰੀ ਸੁਰੱਖਿਅਤ ਗਰਭਪਾਤ ਦਿਵਸ ਸਬੰਧੀ ਵਿਸ਼ੇਸ਼



ਕੁਲਦੀਪ ਚੰਦ
91-9417563054

28 ਸਤੰਬਰ ਨੂੰ ਅੰਤਰਰਾਸ਼ਟਰੀ ਸੁਰੱਖਿਅਤ ਗਰਭਪਾਤ ਦਿਵਸ ਵਜੋਂ ਮਨਾਇਆ ਜਾ ਰਿਹਾ ਹੈ। ਗਰਭਪਾਤ ਦਾ ਨਾਮ ਸੁਣਦਿਆਂ ਬਹੁਤੇ ਲੋਕਾਂ ਦੇ ਦਿਮਾਗ ਵਿੱਚ ਕਈ ਤਰ੍ਹਾਂ ਦੇ ਖਿਆਲ ਆਂਦੇ ਹਨ ਅਤੇ ਕਿਸੇ ਮਹਿਲਾ ਵਲੋਂ ਗਰਭਪਾਤ ਕਰਵਾਉਣ ਬਾਰੇ ਪਤਾ ਲੱਗਣ ਤੇ ਉਸਨੂੰ ਕਈ ਥਾਵਾਂ ਤੇ ਅਪਰਾਧਣ ਅਤੇ ਪਾਪਣ ਤੱਕ ਵੀ ਮੰਨਿਆ ਜਾਂਦਾ ਹੈ। ਸਮਾਜ ਵਿੱਚ ਲੜਕਿਆਂ ਦੇ ਮੁਕਾਬਲੇ ਘੱਟ ਰਹੀ ਲੜਕੀਆਂ ਦੀ ਗਿਣਤੀ ਦਾ ਕਾਰਨ ਵੀ ਅਕਸਰ ਗਰਭਪਾਤ ਨੂੰ ਹੀ ਮੰਨਿਆਂ ਜਾਂਦਾ ਹੈ। ਜਨਮ ਤੋਂ ਪਹਿਲਾਂ ਗਰਭ ਵਿੱਚ ਬੱਚੇ ਦੇ ਲਿੰਗ ਦੀ ਪਹਿਚਾਣ ਰੋਕਣ ਲਈ ਬਣਾਏ ਗਏ ਪੀਸੀਪੀਐਨਡੀਟੀ ਐਕਟ 1994 ਲਾਗੂ ਹੋਣ ਤੋਂ ਬਾਦ ਤਾਂ ਗਰਭਪਾਤ ਲਈ ਬਣਾਏ ਗਏ ਐਮਟੀਪੀ ਐਕਟ ਅਨੁਸਾਰ ਕਨੂੰਨੀ ਤੋਰ ਤੇ ਮੰਨਜੂਰਸ਼ੁਦਾ ਗਰਭਪਾਤ ਦੀਆਂ ਸੇਵਾਵਾਂ ਅਤੇ ਸਹੂਲਤਾਂ ਲੈਣ ਲਈ ਵੀ ਬਹੁਤੀਆਂ ਮਹਿਲਾਵਾਂ ਨੂੰ ਮੁਸ਼ਕਿਲਾਂ ਆ ਰਹੀਆਂ ਹਨ ਅਤੇ ਕਈਆਂ ਨੂੰ ਮਜਬੂਰਨ ਅਸੁਰੱਖਿਅਤ ਗਰਭਪਾਤ ਹੀ ਕਰਵਾਉਣਾਂ ਪੈਂਦਾ ਹੈ ਜਿਸ ਨਾਲ ਕਈ ਵਾਰ ਮਹਿਲਾਵਾਂ ਦੀ ਮੋਤ ਵੀ ਹੋ ਜਾਂਦੀ ਹੈ। ਪ੍ਰਾਪਤ ਅੰਕੜਿਆਂ ਅਨੁਸਾਰ ਵਿਸ਼ਵ ਪੱਧਰ ਤੇ ਹਰ ਸਾਲ ਲੱਗਭੱਗ 5.6 ਕਰੋੜ੍ਹ ਗਰਭਪਾਤ ਹੁੰਦੇ ਹਨ। ਸਰਕਾਰੀ ਰਿਪੋਰਟਾਂ ਅਨੁਸਾਰ ਭਾਰਤ ਵਿੱਚ ਹਰ ਸਾਲ ਲੱਗਭੱਗ ਸੱਤ ਲੱਖ ਗਰਭਪਾਤ ਜਿਸ ਵਿੱਚ ਪ੍ਰਾਈਵੇਟ ਸਿਹਤ ਅਦਾਰਿਆਂ ਅਤੇ ਘਰਾਂ ਵਿੱਚ ਕੀਤੇ ਜਾਣ ਵਾਲੇ ਗਰਭਪਾਤ ਸ਼ਾਮਿਲ ਨਹੀਂ ਹਨ ਕੀਤੇ ਜਾਂਦੇ ਹਨ। ਭਾਰਤ ਵਿੱਚ 56 ਫਿਸਦੀ ਗਰਭਪਾਤ ਅਸੁਰੱਖਿਅਤ ਹੁੰਦੇ ਹਨ ਅਤੇ ਮਾਵਾਂ ਦੀਆਂ ਹੋਣ ਵਾਲੀਆਂ ਕੁੱਲ ਮੋਤਾਂ ਵਿੱਚੋਂ 8.5 ਫਿਸਦੀ ਮੌਤਾਂ ਅਸੁਰੱਖਿਅਤ ਗਰਭਪਾਤ ਕਾਰਨ ਹੀ ਹੁੰਦੀਆਂ ਹਨ ਅਤੇ ਹਰ ਰੋਜ ਅਸੁਰੱਖਿਅਤ ਗਰਭਪਾਤ ਕਾਰਨ ਔਸਤਨ 10 ਮਹਿਲਾਵਾਂ ਦੀ ਮੌਤ ਹੁੰਦੀ ਹੈ। ਲੇਸੈਂਟ ਗਲੋਵਲ ਹੈਲਥ ਜਰਨਲ ਦੀ ਰਿਪੋਰਟ ਅਨੁਸਾਰ ਭਾਰਤ ਵਿੱਚ ਕੁੱਲ 1.56 ਕਰੋੜ੍ਹ ਗਰਭਪਾਤਾਂ ਵਿਚੋਂ ਸਿਰਫ 30.4 ਲੱਖ ਗਰਭਪਾਤ ਹੀ ਸਿਹਤ ਸਹੂਲਤਾਂ ਵਾਲੇ ਅਦਾਰਿਆਂ ਵਿੱਚ ਕੀਤੇ ਗਏ ਹਨ। ਰਾਸ਼ਟਰੀ ਪਰਿਵਾਰ ਸਿਹਤ ਸਰਵੇਖਣ ਦੀ ਰਿਪੋਰਟ ਅਨੁਸਾਰ ਦੇਸ਼ ਵਿੱਚ ਹੋਣ ਵਾਲੇ ਗਰਭਪਾਤਾਂ ਵਿੱਚੋਂ ਲੱਗਭੱਗ 20 ਫਿਸਦੀ ਜਨਤਕ ਸਿਹਤ ਅਦਾਰਿਆਂ ਵਿੱਚ ਕੀਤੇ ਜਾਂਦੇ ਹਨ, ਲੱਗਭੱਗ 53 ਫਿਸਦੀ ਪ੍ਰਾਇਵੇਟ ਸਿਹਤ ਕੇਂਦਰਾਂ ਵਿੱਚ ਕੀਤੇ ਜਾਂਦੇ ਹਨ ਅਤੇ ਲੱਗਭੱਗ 27 ਫਿਸਦੀ ਗਰਭਪਾਤ ਘਰਾਂ ਵਿੱਚ ਹੀ ਕੀਤੇ ਜਾਂਦੇ ਹਨ। ਗਰਭਪਾਤ ਕਰਵਾਉਣ ਵਾਲੀਆਂ ਲੱਗਭੱਗ 19 ਫਿਸਦੀ ਮਹਿਲਾਵਾਂ ਨੂੰ ਗਰਭਪਾਤ ਤੋਂ ਬਾਦ ਕਈ ਤਰਾਂ ਦੀਆਂ ਸਮੱਸਿਆਵਾਂ ਪੇਸ਼ ਆਈਆਂ ਹਨ। ਇਸਨੂੰ ਵੇਖਦੇ ਹੋਏ ਸਾਲ 2015 ਤੋਂ 28 ਸਤੰਬਰ ਦਾ ਦਿਨ ਅੰਤਰਰਾਸ਼ਟਰੀ ਸੁਰੱਖਿਅਤ ਗਰਭਪਾਤ ਦਿਵਸ ਦੇ ਤੋਰ ਤੇ ਮਨਾਇਆ ਜਾ ਰਿਹਾ ਹੈ। ਜੇਕਰ ਇਸ ਦਿਨ ਦਾ ਪਿਛੋਕੜ੍ਹ ਵੇਖੀਏ ਤਾਂ ਸਾਲ 1990 ਵਿੱਚ ਲੈਟਿਨ ਅਮਰੀਕਾ ਅਤੇ ਕੈਰੇਬੀਅਨ ਵਿੱਚ ਗਰਭਪਾਤ ਦੀ ਘੋਸ਼ਣਾ ਕਰਨ ਲਈ ਕਾਰਵਾਈ ਦਿਵਸ ਵਜੋਂ ਮਨਾਇਆ ਗਿਆ ਸੀ। ਸਾਲ 2011 ਵਿੱਚ ਮਹਿਲਾਵਾਂ ਦੇ ਗਲੋਵਲ ਨੈਟਵਰਕ ਫਾਰ ਰਿਪ੍ਰੋਡਕਟਿਵ ਰਾਇਟਸ ਨੇ ਇਸ ਨੂੰ ਅੰਤਰਰਾਸ਼ਟਰੀ ਦਿਵਸ ਵਜੋਂ ਘੋਸ਼ਿਤ ਕੀਤਾ ਹੈ। 28 ਸਤੰਬਰ ਦਾ ਦਿਨ ਸਾਲ 1871 ਵਿੱਚ ਬ੍ਰਾਜੀਲ ਦੀ ਸੰਸਦ ਦੁਆਰਾ ਪਾਸ ਕੀਤੇ ਗਏ ਜਨਮ ਨਿਰਮਾਣ ਦੇ ਕਨੂੰਨ ਦੀ ਯਾਦ ਦਿਵਾਉਣ ਲਈ ਚੁਣਿਆ ਗਿਆ ਸੀ ਕਿਉਂਕਿ ਇਹ ਕਨੂੰਨ ਉਸ ਸਮੇਂ ਇੱਕ ਮਹੱਤਵਪੂਰਨ ਕਨੂੰਨੀ ਸੁਧਾਰ ਸੀ ਜਿਸਦਾ ਉਦੇਸ਼ ਬ੍ਰਾਜ਼ੀਲ ਵਿੱਚ ਗੁਲਾਮ ਲੋਕਾਂ ਦੇ ਬੱਚਿਆਂ ਨੂੰ ਅਜ਼ਾਦੀ ਪ੍ਰਦਾਨ ਕਰਨਾ ਸੀ। ਸਾਲ 2015 ਵਿੱਚ ਇਸ ਦਿਨ ਨੂੰ ਅੰਤਰਰਾਸ਼ਟਰੀ ਸੁਰੱਖਿਅਤ ਗਰਭਪਾਤ ਦਿਵਸ ਵਿੱਚ ਬਦਲਿਆ ਗਿਆ ਅਤੇ ਲੱਗਭੱਗ 87 ਦੇਸ਼ਾਂ ਵਿੱਚ ਸਮਾਜਿਕ ਸੰਸਥਾਵਾਂ ਦੁਆਰਾ ਵੱਖ-ਵੱਖ ਗਤੀਵਿਧੀਆਂ ਦਾ ਆਯੋਜਨ ਕੀਤਾ ਗਿਆ ਅਤੇ 28 ਸਤੰਬਰ 2019 ਨੂੰ ਮਾਲਟਾ ਵਿੱਚ ਗਰਭਪਾਤ ਦੇ ਕਨੂੰਨੀਕਰਣ ਦੇ ਹੱਕ ਵਿੱਚ ਪ੍ਰਦਰਸ਼ਨ ਕੀਤਾ ਗਿਆ ਹੈ। ਇਸ ਸਾਲ 28 ਸਤੰਬਰ 2022 ਲਈ ਅੰਤਰਰਾਸ਼ਟਰੀ ਸੁਰੱਖਿਅਤ ਗਰਭਪਾਤ ਦਿਵਸ ਲਈ ਮੁੱਖ ਉਦੇਸ਼ "ਅਨਿਸ਼ਚਿਤ ਸਮਿਆਂ ਵਿੱਚ ਗਰਭਪਾਤ'' ਹੈ। ਅਨਿਸ਼ਚਿਤਤਾ ਬਹੁਤ ਪ੍ਰਭਾਵਿਤ ਕਰਦੀ ਹੈ ਕਿ ਔਰਤਾਂ ਬੱਚੇ ਪੈਦਾ ਕਰਨ ਬਾਰੇ ਕਿਵੇਂ ਮਹਿਸੂਸ ਕਰਦੀਆਂ ਹਨ। ਰਾਜਨੀਤਿਕ ਸੰਕਟ ਅਤੇ ਵਿਦਰੋਹ, ਫੌਜੀ ਕਾਰਵਾਈਆਂ, ਯੁੱਧ, ਹਮਲੇ, ਰਾਜ ਪਲਟੇ, ਮਨੁੱਖਤਾਵਾਦੀ ਸੰਕਟ, ਸ਼ਰਨਾਰਥੀ ਸੰਕਟ, ਪਰਵਾਸ ਸੰਕਟ, ਆਰਥਿਕ ਸੰਕਟ, ਜਨਤਕ ਸਿਹਤ ਅਤੇ ਸਿਹਤ ਸੇਵਾਵਾਂ ਦੇ ਸੰਕਟ। , ਭੋਜਨ ਸੰਕਟਕਾਲਾਂ, ਜਲਵਾਯੂ ਸੰਕਟਕਾਲਾਂ, ਕੋਵਿਡ-19 ਮਹਾਂਮਾਰੀ, ਨਿਰੰਤਰ ਅਤੇ ਵਧਦੀ ਗਰੀਬੀ, ਲਗਾਤਾਰ ਅਤੇ ਵਧਦੀ ਬੇਰੁਜ਼ਗਾਰੀ ਅਤੇ ਅਨਿਸ਼ਚਿਤ ਤਨਖਾਹ, ਮਹਿੰਗਾਈ ਅਤੇ ਰਹਿਣ-ਸਹਿਣ ਦੀਆਂ ਕੀਮਤਾਂ ਵਿੱਚ ਵਾਧਾ, ਇੰਟਰਨੈਟ ਸੰਚਾਰ ਵਿੱਚ ਵਿਗਾੜ ਆਦਿ ਅਨਿਸ਼ਚਿਤ ਸਮੇਂ ਦੇ ਕਾਰਨ ਹਨ। ਹੁਣ ਵਿਸ਼ਵ ਦੇ ਕਈ ਨੇਤਾਵਾਂ ਨੇ ਇਸ ਦਿਨ ਦੇ ਸਮੱਰਥਨ ਵਿੱਚ ਬਿਆਨ ਦੇਣਾ ਸ਼ੁਰੂ ਕਰ ਦਿਤਾ ਹੈ ਅਤੇ ਵੱਖ ਵੱਖ ਮੀਡੀਆ ਰਿਪੋਰਟਾਂ ਵੀ ਇਸਦੇ ਹੱਕ ਵਿੱਚ ਆ ਰਹੀਆਂ ਹਨ। ਅਰਜਨਟਾਇਨਾ, ਦੱਖਣੀ ਕੋਰੀਆ, ਥਾਇਲੈਂਡ, ਇਕਵਾਡੋਰ ਅਤੇ ਦੱਖਣੀ ਅਸਟ੍ਰੇਲੀਆ ਵਿੱਚ ਗਰਭਪਾਤ ਸਬੰਧੀ ਕਨੂੰਨਾਂ ਵਿੱਚ ਪ੍ਰਗਤੀਸ਼ੀਲ ਸੁਧਾਰ ਕੀਤੇ ਗਏ ਹਨ ਅਤੇ ਆਇਰਲੈਂਡ, ਬ੍ਰਿਟੇਨ, ਫਰਾਂਸ, ਅਮਰੀਕਾ, ਨੇਪਾਲ ਅਤੇ ਹੋਰ ਥਾਵਾਂ ਤੇ ਗਰਭਪਾਤ ਦੀਆਂ ਗੋਲੀਆਂ ਉਪਲੱਭਦ ਕਰਵਾਉਣ ਲਈ ਟੈਲੀਮੈਡੀਸਿਨ ਦੀ ਵਰਤੋਂ ਕੀਤੀ ਗਈ ਹੈ। ਗੋਲੀਆਂ ਦੇ ਨਾਲ ਸਵੈਪ੍ਰਬੰਧਿਤ ਗਰਭਪਾਤ ਨੂੰ 12 ਹਫ਼ਤਿਆਂ ਤੱਕ




ਸੁਰੱਖਿਅਤ ਮੰਨਿਆ ਗਿਆ ਹੈ ਅਤੇ ਵਿਸ਼ਵ ਸਿਹਤ ਸੰਗਠਨ ਦੁਆਰਾ ਨਵੀਂ ਸੇਧ ਦਿੱਤੀ ਗਈ ਹੈ। ਮਹਾਂਮਾਰੀ ਦੇ ਬਾਵਜੂਦ ਅਰਜਨਟੀਨਾ, ਕੋਲੰਬੀਆ, ਮੈਕਸੀਕੋ, ਬੇਨਿਨ ਅਤੇ ਕੀਨੀਆ ਵਿੱਚ ਗਰਭਪਾਤ ਕਾਨੂੰਨ ਸੁਧਾਰ ਦੀਆਂ ਮਹੱਤਵਪੂਰਨ ਜਿੱਤਾਂ ਹੋਈਆਂ ਹਨ। ਅਕਤੂਬਰ 2021 ਵਿੱਚ ਚੀਨ ਜਿਸਨੇ ਕਈ ਸਾਲਾਂ ਤੋਂ ਔਰਤਾਂ ਨੂੰ ਸਿਰਫ਼ ਇਕ ਬੱਚੇ ਤੋਂ ਬਾਅਦ ਗਰਭਪਾਤ ਕਰਵਾਉਣ ਲਈ ਮਜਬੂਰ ਕੀਤਾ ਸੀ ਨੇ ਨਵਾਂ ਕਾਨੂੰਨ ਲਾਗੂ ਕਰ ਕੇ ਗ਼ੈਰ ਮੈਡੀਕਲ ਉਦੇਸ਼ਾਂ ਲਈ ਗਰਭਪਾਤ ਤੇ ਰੋਕ ਲਗਾ ਕੇ ਉਨ੍ਹਾਂ ਨੂੰ ਜ਼ਿਆਦਾ ਬੱਚੇ ਪੈਦਾ ਕਰਨ ਲਈ ਮਜਬੂਰ ਕਰ ਦਿੱਤਾ ਸੀ। ਈਰਾਨ ਨੇ ਨਵੰਬਰ 2021 ਵਿਚ ਇਕ ਅਪਰਾਧਕ ਕਾਨੂੰਨ ਲਾਗੂ ਕੀਤਾ ਸੀ ਜੋ ਗਰਭਪਾਤ, ਗਰਭ ਨਿਰੋਧਕ, ਸਵੈ-ਇੱਛਤ ਨਸਬੰਦੀ ਅਤੇ ਸਬੰਧਤ ਜਾਣਕਾਰੀ ਦੀ ਪਹੁੰਚ ਨੂੰ ਗੰਭੀਰ ਰੂਪ ਨਾਲ ਸੀਮਿਤ ਕਰਦਾ ਹੈ। ਔਰਤਾਂ ਦੇ ਅਧਿਕਾਰਾਂ ਦੀ ਉਲੰਘਣਾ ਬਹੁਤ ਸਾਰੇ ਬੇਇਨਸਾਫ਼ੀ ਕਾਨੂੰਨਾਂ ਵਿੱਚ ਸ਼ਾਮਲ ਹੈ। ਜੂਨ 2022 ਵਿੱਚ ਸੰਯੁਕਤ ਰਾਜ ਦੀ ਸੁਪਰੀਮ ਕੋਰਟ ਦੇ ਬਹੁਗਿਣਤੀ ਜੱਜਾਂ ਨੇ ਇਸ ਗੱਲ ਤੋਂ ਇਨਕਾਰ ਕਰ ਦਿੱਤਾ ਸੀ ਕਿ ਸੁਰੱਖਿਅਤ ਅਤੇ ਕਾਨੂੰਨੀ ਗਰਭਪਾਤ ਤੱਕ ਪਹੁੰਚ ਕਰਨ ਦਾ ਸੰਵਿਧਾਨਕ ਅਧਿਕਾਰ ਹੈ। ਪਰ ਇਹ ਔਰਤਾਂ ਤੇ ਅੱਤਿਆਚਾਰ ਦੀ ਕੋਈ ਅਨੋਖੀ ਘਟਨਾ ਨਹੀਂ ਸੀ। ਸੁਰੱਖਿਅਤ ਗਰਭਪਾਤ ਦੇ ਹੱਕ ਲਈ ਸੰਸਾਰ ਭਰ ਵਿੱਚ ਮੁਹਿੰਮ ਦੇ 100 ਸਾਲਾਂ ਦੇ ਬਾਵਜੂਦ ਗਰਭਪਾਤ ਦਾ ਲਗਾਤਾਰ ਅਪਰਾਧੀਕਰਨ ਹਰ ਸਾਲ ਅਣਗਿਣਤ ਹਜ਼ਾਰਾਂ ਔਰਤਾਂ ਨੂੰ ਨੁਕਸਾਨ ਪਹੁੰਚਾਉਂਦਾ ਹੈ। ਭਾਰਤ ਵਿੱਚ 1971 ਤੋਂ ਪਹਿਲਾਂ ਗਰਭਪਾਤ ਗੈਰ ਕਨੂੰਨੀ ਸੀ ਅਤੇ ਆਈ ਪੀ ਸੀ ਦੀ ਧਾਰਾ 312 ਅਧੀਨ ਇੱਕ ਸਜ਼ਾਯੋਗ ਅਪਰਾਧ ਮੰਨਿਆ ਜਾਂਦਾ ਸੀ। ਭਾਰਤ ਵਿੱਚ ਵਧਦੀ ਜਨਸੰਖਿਆ, ਮਾਂਵਾਂ ਦੀ ਮੌਤ ਦਰ ਅਤੇ ਅਸੁਰੱਖਿਅਤ ਗਰਭਪਾਤ ਦੀਆਂ ਘਟਨਾਵਾਂ ਨੂੰ ਵੇਖਦੇ ਹੋਏ ਭਾਰਤ ਸਰਕਾਰ ਨੇ ਗਰਭਪਾਤ ਦੇ ਸਮਾਜਿਕ-ਸੰਸਕ੍ਰਿਤਿਕ, ਕਨੂੰਨੀ ਅਤੇ ਵਿਧਾਨਿਕ ਸਬੰਧੀ ਪਹਿਲੂਆਂ ਦੀ ਸਮੀਖਿਆ ਲਈ 1964 ਵਿੱਚ ਸ਼ਾਂਤੀ ਲਾਲ ਕਮੇਟੀ ਦਾ ਗਠਨ ਕੀਤਾ ਗਿਆ।

ਸਾਲ 1966 ਵਿੱਚ ਇਸ ਕਮੇਟੀ ਦੀਆਂ ਸਿਫਾਰਿਸ਼ਾਂ ਤੇ ਕੁੱਝ ਵਿਸ਼ੇਸ ਹਾਲਤਾਂ ਵਿੱਚ ਗਰਭਪਾਤ ਸੇਵਾਵਾਂ ਨੂੰ ਕਨੂੰਨੀ ਤੋਰ ਤੇ ਕਰਨ ਦਾ ਪ੍ਰਸਤਾਵ ਰੱਖਿਆ ਗਿਆ ਅਤੇ ਬਿੱਲ ਪੇਸ਼ ਕੀਤਾ ਗਿਆ ਜਿਸਨੇ ਬਾਦ ਵਿੱਚ ਐਮਟੀਪੀ ਐਕਟ 1971 ਦਾ ਰੂਪ ਲਿਆ ਹੈ। ਸਾਲ 1975 ਵਿੱਚ ਇਸ ਸਬੰਧੀ ਨਿਯਮ ਬਣਾਏ ਗਏ ਹਨ। ਭਾਰਤ ਵਿੱਚ ਗਰਭਪਾਤ ਦੀ ਸਹੂਲਤ ਸਬੰਧੀ ਬਣਾਏ ਗਏ ਐਮਟੀਪੀ ਐਕਟ 1971 ਨੂੰ ਲਾਗੂ ਹੋਇਆ ਅੱਧੀ ਸਦੀ ਬੀਤ ਰਹੀ ਹੈ ਅਤੇ ਇਸ ਦੌਰਾਨ ਇਸ ਐਕਟ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਸਾਲ 2002, 2003, 2014, 2016 ਅਤੇ ਹੁਣ 2021 ਵਿੱਚ ਸੋਧ ਕੀਤੀ ਗਈ ਹੈ। ਸਾਲ 2017 ਤੱਕ ਸੁਰੱਖਿਅਤ ਅਤੇ ਅਸੁਰ-ਖਿਅਤ ਦੇ ਰੂਪ ਵਿੱਚ ਗਰਭਪਾਤ ਦਾ ਇੱਕ ਵੱਖਰਾ ਵਰਗੀਕਰਨ ਸੀ। ਸਾਲ 2021 ਵਿੱਚ ਐਕਟ ਵਿੱਚ ਕੁਝ ਸੋਧਾਂ ਦੇ ਨਾਲ ਪਾਸ ਕੀਤਾ ਗਿਆ ਸੀ ਜਿਸ ਵਿੱਚ ਸਾਰੀਆਂ ਔਰਤਾਂ ਨੂੰ ਗਰਭ ਨਿਰੋਧਕ ਅਸਫਲਤਾ ਦੇ ਆਧਾਰ ਤੇ ਸੁਰੱਖਿਅਤ ਗਰਭਪਾਤ ਸੇਵਾਵਾਂ ਲੈਣ ਦੀ ਇਜਾਜ਼ਤ, ਔਰਤਾਂ ਦੀਆਂ ਵਿਸ਼ੇਸ਼ ਸ਼੍ਰੇਣੀਆਂ ਲਈ ਗਰਭ ਅਵਸਥਾ ਦੀ ਸੀਮਾ 24 ਹਫ਼ਤਿਆਂ ਤੱਕ ਵਧਾਉਣ ਅਤੇ ਇੱਕ ਪ੍ਰਦਾਤਾ ਦੀ ਰਾਏ ਸ਼ਾਮਲ ਹੈ। ਗਰਭਪਾਤ ਹੁਣ 24 ਹਫ਼ਤਿਆਂ ਦੀ ਗਰਭ ਅਵਸਥਾ ਤੱਕ ਕੀਤਾ ਜਾ ਸਕਦਾ ਹੈ ਕਿਉਂਕਿ ਐਮਟੀਪੀ ਸੋਧ ਐਕਟ 24 ਸਤੰਬਰ 2021 ਤੋਂ ਗਜ਼ਟ ਵਿੱਚ ਨੋਟੀਫਿਕੇਸ਼ਨ ਦੁਆਰਾ ਲਾਗੂ ਹੋ ਗਿਆ ਹੈ। ਗਰਭਪਾਤ ਨੂੰ ਸਰਕਾਰ ਦੇ ਜਨਤਕ ਰਾਸ਼ਟਰੀ ਸਿਹਤ ਬੀਮਾ ਫੰਡ, ਆਯੂਸ਼ਮਾਨ ਭਾਰਤ ਅਤੇ ਕਰਮਚਾਰੀਆਂ ਦੇ ਰਾਜ ਬੀਮਾ ਦੁਆਰਾ 100ਗ਼ ਕਵਰ ਕੀਤਾ ਜਾਂਦਾ ਹੈ। ਭਾਰਤ ਵਿੱਚ ਗਰਭਪਾਤ ਕਾਨੂੰਨ ਦੇ ਬਾਵਜੂਦ ਸੇਵਾਵਾਂ ਤੱਕ ਪਹੁੰਚ ਵਿੱਚ ਰੁਕਾਵਟ ਆਉਂਦੀ ਹੈ ਅਤੇ ਬਹੁਤ ਸਾਰੀਆਂ ਔਰਤਾਂ ਪਰਿਵਾਰ ਦੇ ਡਰ ਕਾਰਨ ਗਰਭਪਾਤ ਦੇ ਅਸੁਰੱਖਿਅਤ ਤਰੀਕਿਆਂ ਦਾ ਸਹਾਰਾ ਲੈਂਦੀਆਂ ਹਨ। ਹਿਡਨ ਪਾਕੇਟ ਕਲੈਕਟਿਵ ਗਰਭਪਾਤ ਦੇ ਕਾਨੂੰਨੀ, ਮੈਡੀਕਲ ਅਤੇ ਮਨੋਵਿਗਿਆਨਕ ਪਹਿਲੂਆਂ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਆਨਲਾਈਨ ਸਪੇਸ ਅਤੇ ਸੋਸ਼ਲ ਮੀਡੀਆ ਪਲੇਟਫਾਰਮਾਂ ਦੀ ਵਰਤੋਂ ਕਰਦਾ ਹੈ ਅਤੇ ਸਥਾਨਕ ਭਾਸ਼ਾਵਾਂ ਵਿੱਚ ਡਿਜੀਟਲ ਮੁਹਿੰਮਾਂ ਚਲਾਉਂਦੀ ਹੈ। ਕਲਾਇੰਟ ਪ੍ਰੋਫਾਈਲ ਅਧਿਐਨ ਗਰਭਪਾਤ ਸੇਵਾਵਾਂ ਦੀ ਮੰਗ ਕਰਨ ਵਾਲੀਆਂ ਔਰਤਾਂ ਦੇ ਸਮਾਜਿਕ-ਆਰਥਿਕ ਪ੍ਰੋਫਾਈਲਾਂ ਅਤੇ ਭਾਰਤ ਵਿੱਚ ਜਨਤਕ ਸਿਹਤ ਸਹੂਲਤਾਂ ਤੇ ਗਰਭਪਾਤ ਸੇਵਾਵਾਂ ਪ੍ਰਾਪਤ ਕਰਨ ਦੀਆਂ ਲਾਗਤਾਂ ਤੇ ਕੇਂਦ੍ਰਿਤ ਕਰਦਾ ਹੈ ਨੇ ਖੁਲਾਸਾ ਕੀਤਾ ਹੈ ਕਿ ਜਨਤਕ ਸਿਹਤ ਤੇ ਗਰਭਪਾਤ ਕਰਵਾਉਣ ਵਾਲੀਆਂ ਔਰਤਾਂ ਵਿੱਚੋਂ 57ਗ਼ ਸਹੂਲਤਾਂ ਮਾੜੀਆਂ ਸਨ। ਕਾਮਨਹੈਲਥ ਵਲੋਂ ਵੱਖ ਵੱਖ ਸੰਸਥਾਵਾਂ ਨਾਲ ਮਿਲਕੇ ਕੀਤੇ ਗਏ ਅਧਿਐਨ ਦੀਆਂ ਰਿਪੋਰਟਾਂ ਅਨੁਸਾਰ ਕੋਵਿਡ-19 ਸਬੰਧੀ ਹੋਈ ਤਾਲਾਬੰਦੀ ਦੌਰਾਨ ਜਨਵਰੀ ਤੋਂ ਜੂਨ 2020 ਦੇ ਸਮੇਂ ਵਿਚਕਾਰ ਲੱਗਭੱਗ 9.2 ਲੱਖ ਮਹਿਲਾਵਾਂ ਜੋ ਗਰਭਪਾਤ ਕਰਵਾਉਣਾ ਚਾਹੁੰਦੀਆਂ ਸਨ ਨੂੰ ਇਹ ਸੇਵਾਵਾਂ ਨਹੀਂ ਮਿਲੀਆਂ ਹਨ। ਇਹ ਮਹਿਲਾਵਾਂ ਉਨ੍ਹਾਂ 13 ਲੱਖ ਮਹਿਲਾਵਾਂ ਵਿੱਚ ਸ਼ਾਮਿਲ ਹਨ ਜਿਨ੍ਹਾਂ ਨੂੰ ਪ੍ਰਜਣਨ ਸਿਹਤ ਸਬੰਧੀ ਕਿਸੇ ਕਿਸਮ ਦੀਆਂ ਸੇਵਾਵਾਂ ਨਹੀਂ ਮਿਲੀਆਂ ਹਨ। ਇਸ ਅਧਿਐਨ ਅਨੁਸਾਰ ਭਾਰਤ ਵਿੱਚ ਲੱਗਭੱਗ 6.5 ਲੱਖ ਅਣਚਾਹੇ ਗਰਭ ਵਧੇ ਹਨ, ਲੱਗਭੱਗ 10 ਲੱਖ ਅਸੁਰਖਿੱਅਤ ਗਰਭਪਾਤ ਹੋਏ ਹਨ ਅਤੇ ਲੱਗਭੱਗ 2600 ਮਾਂਵਾਂ ਦੀ ਮੌਤ ਹੋਈ ਹੈ। ਰਿਪੋਰਟ ਅਨੁਸਾਰ 36 ਦੇਸ਼ਾਂ ਵਿੱਚ ਪਰਿਵਾਰ ਨਿਯੋਜਨ ਅਤੇ ਸੁਰੱਖਿਅਤ ਗਰਭਪਾਤ ਸਬੰਧੀ ਹੋਈਆਂ ਕਮੀਆਂ ਦੇ ਮਾਮਲਿਆਂ ਵਿੱਚ 75 ਫਿਸਦੀ ਮਾਮਲੇ ਭਾਰਤ ਵਿੱਚ ਹੀ ਪਾਏ ਗਏ ਹਨ। ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਭਾਰਤ ਸਰਕਾਰ ਨਾਲ ਮਿਲਕੇ ਆਈ ਪਾਸ ਡਿਵੈਲਪਮੈਂਟ ਫਾਂਉਡੇਸਨ ਵਲੋਂ ਕੀਤੀ ਗਈ ਇੱਕ ਸਟਡੀ ਰਿਪੋਰਟ ਅਨੁਸਾਰ ਦੇਸ਼ ਦੇ 12 ਰਾਜਾਂ ਵਿੱਚ ਲੱਗਭੱਗ 18.5 ਲੱਖ ਜਰੂਰਤਮੰਦ ਲੜਕੀਆਂ ਅਤੇ ਮਹਿਲਾਵਾਂ ਨੂੰ ਗਰਭਪਾਤ ਦੀ ਸਹੂਲਤ ਨਹੀਂ ਮਿਲ ਸਕੀ ਹੈ। ਫੈਮਿਲੀ ਪਲੈਨਿੰਗ ਐਸੋਸਿਏਸਨ ਆਫ ਇੰਡੀਆਂ ਸੰਸਥਾ ਜੋਕਿ ਕਈ ਰਾਜਾਂ ਵਿੱਚ ਸੁਰੱਖਿਅੱਤ ਗਰਭਪਾਤ ਕਲੀਨਿਕ ਚਲਾ ਰਹੀ ਹੈ ਅਨੁਸਾਰ ਕਈ ਜਰੂਰਤਮੰਦ ਮਹਿਲਾਵਾਂ ਨੂੰ ਇਹ ਸਹੂਲਤ ਨਹੀਂ ਮਿਲੀ ਹੈ ਜਿਸ ਕਾਰਨ ਕਈਆਂ ਨੂੰ ਅਸੁੱਰਖਿਅਤ ਗਰਭਪਾਤ ਕਰਵਾਉਣਾ ਪਿਆ ਹੈ ਅਤੇ ਕਈਆਂ ਨੂੰ ਦੇਰੀ ਹੋਣ ਕਾਰਨ ਅਣਚਾਹੇ ਗਰਭ ਨੂੰ ਰੱਖਣਾ ਪਿਆ ਹੈ। ਭਾਰਤ ਵਿੱਚ ਕਈ ਵਾਰ ਮਹਿਲਾਵਾਂ ਅਤੇ ਸਮ-ਾਜਿਕ ਸੰਗਠਨਾਂ ਨੂੰ ਐਮਟੀਪੀ ਐਕਟ ਜਿਸ ਅਨੁਸਾਰ ਕਨੂੰਨੀ ਤੋਰ ਤੇ ਹੀ ਗਰਭਪਾਤ ਕਰਵ-ਾਇਆ ਜਾ ਸਕਦਾ ਹੈ ਲਈ ਵੀ ਮਾਣਯੋਗ ਅਦਾਲਤਾਂ ਦਾ ਸਹਾਰਾ ਲੈਣਾ ਪਿਆ ਹੈ ਅਤੇ ਕਈ ਵਾਰ ਮਾਣਯੋਗ ਅਦਾਲਤਾਂ ਨੇ ਵੀ ਸਰਕਾਰਾਂ ਨੂੰ ਨਿਰਦੇਸ ਦਿਤੇ ਹਨ। ਸੈਂਟਰ ਫਾਰ ਰੀਪ੍ਰੋਡਕਟਿਵ ਰਾਈਟਸ ਦੀ ਇਕ ਰਿਪੋਰਟ ਵਿਚ ਇਨ੍ਹਾਂ ਵਿਚੋਂ ਕੁਝ ਮਾਮਲਿਆਂ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ ਜੋ ਅਦਾਲਤ ਵਿਚ ਆਏ ਹਨ। ਪ੍ਰਤਿਗਿਆ ਮੁਹਿੰਮ ਦੀ ਇੱਕ ਹੋਰ ਰਿਪੋਰਟ ਸੁਰੱਖਿਅਤ ਗਰਭਪਾਤ ਤੱਕ ਪਹੁੰਚ ਵਿੱਚ ਨਿਆਂਪਾਲਿਕਾ ਦੀ ਭੂਮਿਕਾ ਦਾ ਮੁਲਾਂਕਣ ਕਰਦੀ ਹੈ। ਇਹ ਰਿਪੋਰਟ ਇਜਾਜ਼ਤ ਲਈ ਅਦਾਲਤਾਂ ਤੱਕ ਪਹੁੰਚਣ ਵਾਲੇ ਕੇਸਾਂ ਦੀ ਗਿਣਤੀ ਵਿੱਚ ਵੱਧ ਰਹੇ ਵਾਧੇ ਨੂੰ ਉਜਾਗਰ ਕਰਦੀ ਹੈ।

ਗਰਭ ਸਮਾਪਤੀ ਦੀ ਆਗਿਆ ਦੇਣ ਵਾਲੇ ਕਈ ਆਦੇਸ਼ ਮੈਡੀਕਲ ਬੋਰਡ ਦੀ ਰਾਏ ਅਤੇ ਪਿਛਲੇ ਕੇਸਾਂ ਵਿੱਚ ਪਹਿਲਾਂ ਹੀ ਨਿਰਧਾਰਤ ਕੀਤੇ ਗਏ ਫੈਸਲਿਆਂ ਤੇ ਅਧਾਰਤ ਹਨ। ਜੇਕਰ ਕੁੱਝ ਮਾਮਲਿਆਂ ਦੀ ਗੱਲ ਕਰੀਏ ਤਾਂ ਦਸੰਬਰ 2017 ਵਿੱਚ ਇੱਕ 13 ਸਾਲ ਦੀ ਬਲਾਤਕਾਰ ਪੀੜ੍ਹਿਤਾ ਲੜਕੀ ਜੋ ਕਿ ਗਰਭਵਤੀ ਹੋ ਗਈ ਸੀ ਦੇ ਪਿਤਾ ਦੀ ਅਪੀਲ ਤੇ ਮੁੰਬਈ ਦੀ ਮਾਨਯੋਗ ਅਦਾਲਤ ਨੇ ਮੈਡੀਕਲ ਰਿਪੋਰਟਾਂ ਦੇ ਅਧਾਰ ਤੇ 26 ਹਫਤਿਆਂ ਦੇ ਗਰਭ ਦੇ ਗਰਭਪਾਤ ਦੀ ਮੰਨਜੂਰੀ ਦਿਤੀ ਹੈ, ਅਕਤੂਬਰ 2017 ਵਿੱਚ ਮਾਣਯੋਗ ਸੁਪਰੀਮ ਕੌਰਟ ਨੇ ਵੀ ਦੋ ਮਹਿਲਾਵਾਂ ਦੇ 29 ਅਤੇ 30 ਹਫਤਿਆਂ ਦੇ ਗਰਭ ਨੂੰ ਵੀ ਮੈਡੀਕਲ ਰਿਪੌਰਟਾਂ ਦੇ ਅਧਾਰ ਤੇ ਗਰਭਪਾਤ ਕਰਵਾਉਣ ਦੀ ਇਜਾਜਤ ਦਿਤੀ ਹੈ। ਹਿਮਾਚਲ ਦੀ ਮਾਣਯੋਗ ਹਾਈ ਕੌਰਟ ਨੇ ਇੱਕ 19 ਸਾਲ ਦੀ ਲੜਕੀ ਜੋ ਕਿ ਦਿਮਾਗੀ ਤੌਰ ਤੇ ਠੀਕ ਨਹੀਂ ਸੀ ਦੀ ਮਾਂ ਦੀ ਅਪੀਲ ਤੇ ਲੜਕੀ ਦੇ 32 ਹਫਤਿਆਂ ਦੇ ਗਰਭ ਨੂੰ ਵੀ ਮੈਡੀਕਲ ਰਿਪੌਰਟਾਂ ਦੇ ਅਧਾਰ ਤੇ ਗਰਭਪਾਤ ਕਰਵਾਉਣ ਦੀ ਇਜਾਜਤ ਦਿਤੀ ਹੈ। ਇਸ ਤਰਾਂ ਕਈ ਵਾਰ ਮਾਣਯੋਗ ਅਦਾਲਤਾਂ ਦੇ ਹੁਕਮਾਂ ਨਾਲ ਮਹਿਲਾਵਾਂ ਨੂੰ ਇਹ ਸਹੂਲਤ ਮਿਲੀ ਹੈ। ਏਸ਼ੀਆ ਸੇਫ ਆਬਰਸ਼ਨ ਪਾਰਟਨਰਸ਼ਿਪ ਸੰਸਥਾ ਵਲੋਂ ਜਾਰੀ ਰਿਪੋਰਟ ਅਨੁਸਾਰ ਦੇਸ਼ ਵਿੱਚ 80 ਫਿਸਦੀ ਮਹਿਲਾਵਾਂ ਨੂੰ ਐਮ ਟੀ ਪੀ ਐਕਟ ਬਾਰੇ ਕੋਈ ਵੀ ਜਾਣਕਾਰੀ ਨਹੀਂ ਹੈ। ਮਾਣਯੋਗ ਮਦਰਾਸ ਹਾਈ ਕੌਰਟ ਨੇ ਵੀ ਇੱਕ ਕੇਸ ਵਿੱਚ ਕਿਹਾ ਹੈ ਕਿ ਦੇਸ਼ ਵਿੱਚ ਹਰ ਸਾਲ ਲੱਗਭੱਗ 17 ਲੱਖ ਬੱਚੇ ਕਿਸੇ ਤਰਾਂ ਦੇ ਸ਼ਰੀਰਕ ਵਿਕਾਰ ਵਾਲੇ ਜਨਮ ਲੈ ਰਹੇ ਹਨ ਇਸ ਲਈ ਗਰਭਪਾਤ ਦੀ ਸਹੂਲਤ ਦਾ ਸਮਾਂ ਵਧਾਉਣਾ ਚਾਹੀਦਾ ਹੈ। ਸਰਕਾਰ ਵਲੋਂ ਗਰਭਪਾਤ ਕਰਵਾਉਣ ਦੀ ਸਮਾਂ ਸੀਮਾ ਵਿੱਚ ਵਾਧਾ ਕੀਤਾ ਗਿਆ ਹੈ। ਮਹਿਲਾਵਾਂ ਦੇ ਅਧਿਕਾਰਾਂ ਲਈ ਕੰਮ ਕਰਨ ਵਾਲੇ ਸੰਗਠਨਾਂ ਦੀ ਮੰਗ ਹੈ ਕਿ ਸੁਰੱਖਿਅਤ ਗਰਭਪਾਤ ਲਈ ਵਿਸ਼ਵ ਸਿਹਤ ਸੰਗਠਨ ਦੇ ਨਿਰਦੇਸ਼ਾਂ ਅਨੁਸਾਰ ਗਰਭ ਅਵਸਥਾ ਦੇ 12 ਹਫਤਿਆਂ ਤੱਕ ਟੈਲੀਮੈਡੀਸਿਨ ਅਤੇ ਸਵੈ-ਪ੍ਰਬੰਧਿਤ ਗਰਭਪਾਤ ਦੀ ਵਰਤੋਂ ਦੀ ਆਗਿਆ ਦਿਤੀ ਜਾਵੇ, ਦੂਜੀ ਤਿਮਾਹੀ ਵਿੱਚ ਡਾਕਟਰੀ ਗਰਭਪਾਤ ਦੀ ਆਗਿਆ ਦੇਵੋ, ਕਲੀਨਿਕ ਵਿੱਚ ਸਮਾਜਿਕ ਦੂਰੀਆਂ ਦੇ ਨਾਲ ਅਪ੍ਰੇਸ਼ਨ ਥਿਏਟਰ ਦੀਆਂ ਸਥਿਤੀਆਂ ਦੀ ਜਰੂਰਤ ਤੋਂ ਬਿਨਾਂ ਰਾਸ਼ਟਰੀ ਜਰੂਰੀ ਦਵਾਈਆਂ ਦੀਆਂ ਸੂਚੀ ਤੇ ਮੈਡੀਕਲ ਗਰਭਪਾਤ ਦੀਆਂ ਗੋਲੀਆਂ ਨੂੰ ਮੰਨਜੂਰੀ ਦਿਤੀ ਜਾਵੇ, ਗਰਭਪਾਤ ਨਾਲ ਜੁੜ੍ਹੀ ਅਪਰਾਧ ਦੀ ਧਾਰਨਾ ਨੂੰ ਘਟਾਇਆ ਜਾਵੇ ਅਤੇ ਕਨੂੰਨੀ ਅਧਾਰ ਦਾ ਵਿਸਤਾਰ ਕੀਤਾ ਜਾਵੇ। ਸਰਕਾਰ ਨੂੰ ਮਹਿਲਾਵਾਂ ਦੀ ਸੁਰੱਖਿਆ ਲਈ ਐਮਟੀਪੀ ਐਕਟ ਅਨੁਸਾਰ ਗਰਭਪਾਤ ਕਰਵਾਉਣ ਦੀ ਸਹੂਲਤ ਸਮੂਹ ਸਰਕਾਰੀ ਸਿਹਤ ਕੇਂਦਰਾਂ ਵਿੱਚ ਮੁੱਫਤ ਉਪਲੱਭਦ ਕਰਵਾਉਣੀ ਚਾਹੀਦੀ ਹੈ ਤਾਂ ਜੋ ਸੁਰੱਖਿਅਤ ਗਰਭਪਾਤ ਦਿਵਸ ਦਾ ਉਦੇਸ਼ ਪੂਰਾ ਹੋ ਸਕੇ।

# ਸ ਸਤਨਾਮ ਸਿੰਘ (ਪਾਬਲਾ) ਬਸਿਆਲਾ ਵਾਲੇ ਆਸਟਰੇਲੀਆ ਵਿਖੇ ਜਸਟਿਸ ਆਫ ਦੀ ਪੀਸ ਨਿਯੁਕਤ

**ਆਕਲੈਂਡ, (ਹਰਜਿੰਦਰ ਸਿੰਘ ਬਸਿਆਲਾ)-** ਡੂੰਘੇ ਧਰਾਤਲ, ਡਿੱਗਰਾਂ ਦੀ ਮਾਰ, ਅੱਗ ਦੀਆਂ ਲਾਟਾਂ ਸਹਿਣ ਉਪਰੰਤ ਕਿਸੇ ਤਰਾਸ਼ੇ ਹੋਣ ਗਹਿਣੇ ਨੇ ਆਪਣੀ ਚਮਕ ਵੇਖ ਕੇ ਆਪਣਾ ਜੀਵਨ ਕਿਆ ਖੂਬਸੂਰਤ ਵਰਨਣ ਕੀਤਾ ਹੈ:-

''ਖੁਸ਼ੀਆਂ ਭਾਵੇਂ ਨਿੱਕੀਆ ਨੇ, ਪਰ ਅਸੀਂ ਆਪ ਕਮਾਈਆਂ ਨੇ॥
ਕਿੰਝ ਜੀਣਾ (ਚਮਕਣਾ) ਇਸ ਜੱਗ 'ਤੇ ਸੱਜਣਾ,
ਇਹ ਅਕਲਾ ਸਾਨੂੰ ਠੋਕਰਾਂ ਖਾ ਕੇ ਆਈਆਂ ਨੇ।।''

ਆਸਟਰੇਲੀਆ ਵਸਦੇ ਭਾਰਤੀ ਖਾਸ ਕਰ ਪੰਜਾਬੀ ਭਾਈਚਾਰੇ ਨੂੰ ਇਸ ਗੱਲ ਦੀ ਅਤਿਅੰਤ ਖੁਸ਼ੀ ਹੋਵੇਗੀ ਕਿ ਮੈਲ-ਬੋਰਨ ਵਸਦੇ ਪੰਜਾਬੀ ਭਾਈਚਾਰੀ ਦੀ ਜਾਣੀ-ਪਹਿਚਾਣੀ ਸਖਸ਼ੀਅਤ ਸ। ਸਤਨਾਮ ਸਿੰਘ ਪਾਬਲਾ ਬਸਿਆਲਾ ਵਾਲੇ ਅੱਜ ਸਵੇਰੇ 'ਬਰੌਡਮੀਡੋ ਮੈਜਿਸਟ੍ਰੇਟ ਕੋਰਟ' ਵਿਕਟੋਰੀਆ ਵਿਖੇ ਮਾਣਯੋਗ ਜੱਜ ਸਾਹਿਬਾ ਸਟੈਲਾ ਸਟ੍ਰਬਰਿੱਜ ਕੋਲੋਂ ਸੰਵਿਧਾਨ ਦੀ ਸਹੁੰ ਚੁੱਕ ਕੇ 'ਜਸਟਿਸ ਆਫ ਦੀ ਪੀਸ' ਬਣ ਗਏ ਹਨ। ਵਿਕਟੋਰੀਆ ਦੇ ਖੇਤਰ ਵਿਚ




ਇੰਗਲਿਸ਼ ਦੇ ਨਾਲ-ਨਾਲ ਪੰਜਾਬੀ ਅਤੇ ਹਿੰਦੀ ਬੋਲਣ ਵਾਲੇ ਜੇ।ਪੀਜ਼ ਦੀ ਹਮੇਸ਼ਾਂ ਲੋੜ ਰਹਿੰਦੀ ਹੈ ਅਤੇ ਇਸ ਸੇਵਾ ਤੋਂ ਪੰਜਾਬੀ ਅਤੇ ਹਿੰਦੀ ਭਾਸ਼ਾ ਬੋਲਣ ਵਾਲੇ ਭਾਰਤੀ ਭਾਈਚਾਰੇ ਨੂੰ ਕਾਫੀ ਸਹਾਇਤਾ ਮਿਲੇਗੀ। ਅੱਜ ਉਨ੍ਹਾਂ ਦੇ ਨਾਲ ਦੋ ਹੋਰ ਪੰਜਾਬੀਆਂ ਸ। ਹਰਪ੍ਰੀਤ ਸਿੰਘ ਭਸੀਨ ਅਤੇ ਸ੍ਰੀ ਮੁਨੀਸ਼ ਬਾਂਸਲ ਨੇ ਵੀ ਜੇ।ਪੀ। ਦੀ ਸਹੁੰ ਚੁੱਕੀ।

ਆਸਟਰੇਲੀਆ ਦੇ ਵਿਚ 'ਜਸਟਿਸ ਆਫ ਦਾ ਪੀਸ' ਜਿਸ ਨੂੰ ਆਮ ਤੌਰ ਉਤੇ ਜੇ।ਪੀ। ਦੇ ਨਾਂਅ ਨਾਲ ਜਾਣਿਆ ਜਾਂਦਾ ਹੈ, ਇਕ ਤਰ੍ਹਾਂ ਨਾਲ ਕਮਿਊਨਿਟੀ ਦੇ ਵਿਚ ਪ੍ਰਸ਼ਾਸ਼ਨਿਕ ਅਧਿਕਾਰੀ ਹੁੰਦਾ ਹੈ ਜੋ ਕਿ ਵੱਖ-ਵੱਖ ਤਰ੍ਹਾਂ ਦੀਆਂ ਸੇਵਾਵਾਂ ਦਿੰਦਾ ਹੈ, ਜਿਨ੍ਹਾਂ ਦੀ ਮਾਨਤਾ ਸਰਕਾਰੀ ਏਜੰਸੀਆਂ ਦੇ ਵਿਚ ਹੁੰਦੀ ਹੈ। ਉਦਾਹਰਣ ਦੇ ਤੌਰ ਉਤੇ ਸਰਟੀਫਿਕੇਟ, ਪਾਸਪੋਰਟ, ਸਪਾਂਸਰਸ਼ਿੱਪ, ਹਲਫੀਆ ਬਿਆਨ, ਪਹਿਚਾਣ ਪੱਤਰ ਆਦਿ ਤਸਦੀਕ ਕਰਨੇ ਹੁੰਦੇ ਹਨ। ਇਹ ਸੇਵਾ ਨਿਸ਼ਕਾਮ ਹੁੰਦੀ ਹੈ ਅਤੇ ਲੋਕ ਸਮਾਂ ਲੈ ਕੇ ਮਿਲਦੇ ਹਨ ਜਾਂ ਨਿਰਧਾਰਤ ਜਗ੍ਹਾ ਉਤੇ ਜਾ ਕੇ ਸੇਵਾ ਕਰਨੀ ਹੁੰਦੀ ਹੈ।

# ਪੰਚਾਇਤੀ ਬਿਲ ਅਤੇ ਡਾ ਅੰਬੇਡਕਰ ਦੇ ਸੁਝਾਅ



ਹਰਦੀਪ ਸਿੰਘ ਚੁੰਬਰ
91-94636-01616







ਸੰਸਾਰ ਦੇ ਹਰ ਦੇਸ ਦੇ ਸੰਵਿਧਾਨ ਦਾ ਢਾਂਚਾ ਉਸ ਦੇਸ਼ ਦੇ ਸਮਾਜਿਕ ਸਿਸਟਮ ਦੇ ਹਿਸਾਬ ਨਾਲ ਹੀ ਬਣਿਆ ਗਿਆ ਹੁੰਦਾ ਹੈ ਅਤੇ ਹੋਣਾ ਵੀ ਚਾਹੀਦਾ ਹੈ। ਅਤੇ ਸਮਾਜਿਕ ਸਿਸਟਮ ਨਿਆਇਕ ਢਾਂਚੇ ਨੂੰ ਪ੍ਰਭਾਵਤ ਕਰਦਾ ਹੈ। ਭਾਰਤ ਦਾ ਹਿੰਦੂਵਾਦੀ ਸਮਾਜਿਕ ਪ੍ਰਬੰਧ ਸੰਸਾਰ ਦੇ ਬਾਕੀ ਦੇਸ਼ਾਂ ਨਾਲੋਂ ਬਹੁਤ ਕੁਝ ਵੱਖਰਾ ਹੈ। ਇਹ ਢਾਂਚਾ ਹਰ ਮਨੁੱਖ ਲਈਆਰਥਿਕ, ਸਮਾਜਿਕ, ਰਾਜਨੀਤਿਕ, ਨਿਆਇ, ਮਾਨ ਅਤੇ ਸਨਮਾਨ ਨਿਰਧਾਰਤ ਕਰਦਾ ਹੈ।

ਭਾਰਤ ਵਿੱਚ ਬ੍ਰਾਹਮਣਵਾਦੀ ਸਮਾਜਿਕ ਢਾਂਚਾ ਵਰਣਾਂ ਜਾਤੀਆਂ ਵਿੱਚ ਵੰਡਿਆ ਸਮਾਜ ਹੈ। ਇਹ ਇੱਕ ਉੱਪਰ ਤੋਂ ਥੱਲੇ ਵੱਲ ਆਉਂਦੀ ਪੌੜੀਦਾਰ ਵੰਡ ਹੈ। ਹਿੰਦੂਵਾਦੀ ਵਰਣਵਾਦੀ ਪੌੜੀ ਦੇ ਸਭ ਨਾਲੋਂ ਉੱਪਰ ਵਾਲੇ ਸਥਾਨ ਉੱਤੇ ਬ੍ਰਾਹਮਣ ਅਤੇ ਸਭ ਨਾਲੋਂਸ਼ੂਦਰ ਹੈ। ਹਰ ਵਰਣ ਵਿੱਚ ਜਾਤੀਆਂ ਹਨ, ਜਾਤੀਆਂ ਦਾ ਢਾਂਚਾ ਵੀ ਪੌੜੀਦਾਰ ਹੈ, ਸਭ ਦੇ ਸਬੰਧ ਨਿਰਧਾਰਤ ਹਨ। ਵਰਣਾਂ ਦੇ ਅੰਦਰ ਦਾ ਸਮਾਜ ਛਛੂਤ ਸਮਾਜ ਹੈ, ਇੱਕ ਦੂਜੇ ਨੂੰ ਛੂਹ ਸਕਦੇ ਹਨ ਪਰ ਸਭ ਦੇ ਕੰਮ ਰੁਤਬੇ ਜਾਤੀਆਂ ਦੇ ਹਿਸਾਬ ਨਾਲ ਇਕ ਦੂਜੇ ਤੋਂ ਵਖਰੇ ਅਤੇ ਵੱਡੇ, ਛੋਟੇ ਹਨ। ਇਹ ਰੁਤਬੇ ਆਰਥਿਕ ਸਮਾਜਿਕ ਰਾਜਨੀਤਿਕ ਤੇ ਨਿਆਇ ਮਾਨ ਸਨਮਾਨ ਨੂੰ ਪ੍ਰਭਾਵਤ ਕਰਦੇ ਹਨ।

ਬ੍ਰਾਹਮਣਵਾਦੀ ਸਮਾਜਿਕ ਵਰਣਵਾਦੀ ਢਾਂਚੇ ਤੋਂ ਬਾਹਰ ਹਿੰਦੂਆਂ ਦੇ ਗੁਲਾਮ ਤੋਂ ਬਦਤਰ ਬਣਾ ਕੇ ਰੱਖਿਆ ਅਛੂਤ ਸਮਾਜ ਹੈ। ਇਹ ਵੀ ਜਾਤੀਵਾਦੀ ਢਾਂਚਾ ਵਾ ਪੌੜੀਦਾਰ ਹੈ, ਜਾਤੀਆਂ ਇੱਕ ਦੂਜੇ ਤੋਂ ਉੱਚੀਆਂ ਅਤੇ ਨੀਵੀਂਆਂ ਹਨ। ਇਹਨਾਂ ਦੇ ਸਬੰਧ ਵੀ ਆਪਸ ਵਿੱਚ ਨਿਰਧਾਰਤ ਹਨ। ਹਿੰਦੂਵਾਦੀ ਢਾਂਚੇ ਵਿੱਚ ਵਰਣਵਾਦੀ ਅਤੇ ਆਵਰਣ ਦੇ ਰੁਤਬੇ ਮਾਨ ਸਨਮਾਨ ਜਾਤੀ ਅਧਾਰਤ ਹਨ।

1932 ਵਿੱਚ ਤੀਜੀ ਆਖਰੀ ਗੋਲਮੇਜ਼ ਕਾਨਫਰੰਸ ਖਤਮ ਹੋ ਚੁੱਕੀ ਸੀ। ਡਾ ਅੰਬੇਡਕਰ ਨੇ ਭਾਰਤ ਦੇ ਦੱਬੇ ਕੁਚਲੇ ਹਜਾਰਾਂ ਸਾਲਾਂ ਤੋਂ ਬੇਦਖ਼ਲ ਸਮਾਜ ਦੀ ਭਾਰਤ ਵਿੱਚ ਹਰ ਪੱਧਰ ਉੱਤੇ ਹਿੱਸੇਦਾਰੀ ਦੀ ਜੋਰਦਾਰ ਮੰਗ ਉਠਾਈ ਜਾ ਚੁੱਕੀ ਸੀ। 17 ਜੁਲਾਈ 1932 ਨੂੰ ਪ੍ਰਧਾਨ ਮੰਤਰੀ ਮੈਕਡੋਨਾਲਡ ਨੇ ਡਾ ਅੰਬੇਡਕਰ ਦੀ ਮੰਗ ਨੂੰ ਜਾਇਜ਼ ਮੰਨਦੇ ਹੋਏ ਕਮਿਊਨਲ ਐਵਾਰਡ ਦੇ ਦਿੱਤਾ ਗਿਆ ਸੀ। ਗਾਂਧੀ ਨੇ ਪ੍ਰਧਾਨ ਮੰਤਰੀ ਕਈ ਪੱਤਰ ਲਿੱਖਕੇ ਐਵਾਰਡ ਨੂੰ ਵਾਪਸ ਕਰਨ ਦੀ ਮੰਗ ਉਠਾਈ, ਮਰਨ ਵਰਤ ਦੀ ਧਮਕੀ ਵੀ ਦਿੱਤੀ ਪਰ ਅੰਗਰੇਜ ਸਰਕਾਰ ਉੱਤੇ ਉਸ ਦਾ ਕੋਈ ਜੋਰ ਨਾ ਚਲਿਆ। ਭਾਰਤੀ ਅਛੂਤਾਂ ਨੂੰ ਬੇਦਖ਼ਲ ਕਰਕੇ ਉਹਨਾ ਦੇ ਅਧਿਕਾਰਾਂ ਦਾ ਲਗਾ ਤਾਰ ਸ਼ੋਸ਼ਣ ਕਰਨ ਵਾਲਿਆਂ ਦਾ ਜੋਰ ਇਕ ਵਾਰ ਫਿਰ ਤੋਂ ਭਾਰਤ ਦੇ ਅਛੂਤਾਂ ਉੱਤੇ ਹੀ ਚਲਿਆ।

ਗਾਂਧੀ ਨੇ ਪੂਣੇ ਦੀ ਯਰਵਦਾ ਜੇਲ੍ਹ ਦੇ ਅੰਦਰ ਹੀ 20 ਸਤੰਬਰ ਨੂੰ ਮਰਨ ਵਰ ਰੱਖ ਦਿੱਤਾ। ਹਿੰਦੂ ਕਾਂਗਰਸੀਆਂ ਨੇ ਗਾਂਧੀ ਦੀ ਜਾਨ ਨੂੰ ਖ਼ਤਰਾ ਲੈ ਕੇ ਮੀਡੀਆ ਵਿੱਚ ਹਾਲਦੂਹਾਈ ਪਾਈ ਗਈ। ਡਾ। ਅੰਬੇਡਕਰ ਨੂੰ ਖਲਨਾਇਕ ਬਣਾ ਕੇ ਪੇਸ਼ ਕੀਤਾ ਗਿਆ। ਅਛੂਤਾਂ ਦੇ ਘਰਾਂ ਉੱਤੇ ਹਮਲੇ ਅਤੇ ਅੱਗਾਂ ਲਾਈਆਂ ਗਈਆਂ। ਡਾ ਅੰਬੇਡਕਰ ਉੱਤੇ ਦਬਾਉ ਬਣਾਕੇ ਸਮਝੌਤਾ ਕਰ ਲਿਆ।

ਸਮਝੌਤਾ ਬਰਾਬਰੀ ਦੇ ਅਧਾਰ ਉੱਤੇ ਹੁੰਦਾ ਹੈ, ਦਬਾਓ ਬਣਾਕੇ ਦਸਤਾਵੇਜ਼ੀ ਲਿਖਤਾਂ ਉੱਤੇ ਦਸਤਖਤ ਕਰਵਾ ਲੈਣਾ ਸਮਝੌਤਾ ਨਹੀਂ ਸ਼ੋਸ਼ਣ ਕਰਤਾ ਦੁਆਰਾ ਸ਼ੋਸ਼ਤ ਦੀ ਮਜ਼ਬੂਰੀ ਦਾ ਲਾਭ ਉਠਾਉਣਾ ਹੁੰਦਾ ਹੈ। ਇਹ ਜਖਮ ਹੁੰਦਾ ਹੈ ਜਿਹੜਾ ਉਸ ਸਮੇਂ ਤੱਕ ਨਹੀਂ ਭਰਦਾ ਜਦੋਂ ਤੱਕ ਬਰਾਬਰੀ ਦੇ ਅਧਾਰ ਉੱਤੇ ਸਮਝੌਤਾ ਦੁਬਾਰਾ ਨਹੀਂ ਹੁੰਦਾ।

ਅਜਿਹੇ ਮਾਹੌਲ ਦੇ ਬਾਅਦ ਅੰਗਰੇਜ ਸਰਕਾਰ ਦੀ ਦਿਸ਼ਾ ਨਿਰਦੇਸ਼ ਅਨੁਸਾਰ ਭਾਰਤ ਦੇ ਰਾਜਨੀਤਿਕ ਸੁਧਾਰਾਂ ਦੇ ਚਲਦੇ ਭਾਰਤ ਲਈ ਇਸ ਦਾ ਸੰਵਿਧਾਨ ਢਾਂਚਾ ਬਨਾਉਣ ਦਾ ਕੰਮ ਤੇਜ ਕਰ ਦਿੱਤਾ ਗਿਆ ਸੀ। 1933 ਦੇ ਫਰਵਰੀ ਦੇ ਦੂਜੇ ਹਫ਼ਤੇ ਪੰਚਾਇਤਾਂ ਦੇ ਗਠਨ ਦਾ ਬਿਲ ਪੇਸ਼ ਕੀਤਾ ਗਿਆ। ਪਹਿਲੇ ਦਿਨ ਡਾ। ਅੰਬੇਡਕਰ ਨੇ ਇਸ ਨੂੰ ਨਕਾਰ ਦਿੱਤਾ ਸੀ।

ਡਾ। ਬੀ। ਆਰ। ਅੰਬੇਡਕਰ ਨੇ 10 ਫਰਵਰੀ, 1933 ਨੂੰ ਪੰਚਾਇਤ ਬਿਲ ਦੇ ਸਬੰਧ ਵਿੱਚ ਕਿਹਾ ਕਿ ਸ਼੍ਰੀਮਾਨ ਪ੍ਰਧਾਨ ਜੀ, ਮੈਂ ਇਸ ਬਿੱਲ ਦੇ ਇੰਚਾਰਜ ਮਾਨਯੋਗ ਮੰਤਰੀ ਨੂੰ, ਇਸ ਸੰਸ਼ੋਧਨ ਨੂੰ ਲਿਆਉਣ ਲਈ ਵਧਾਈ ਦਿੰਦਾ ਹਾਂ, ਜੋ ਕਿ ਇਸ ਸੂਬੇ ਦੀਆਂ ਦੋ ਵੱਡੀਆਂ ਘੱਟ ਗਿਣਤੀਆਂ ਨਾਲ ਕੁਝ ਇਨਸਾਫ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਮੈਂ ਮੰਤਰੀ ਦਾ ਸ਼ੁਕਰਗੁਜ਼ਾਰ ਹਾਂ ਕਿ ਮੈਂ ਮਹਿਸੂਸ ਕਰਦਾ ਹਾਂ ਕਿ ਮੈਨੂੰ ਆਪਣੇ ਸਤਿਕਾਰਯੋਗ ਮਿੱਤਰ ਮਿਸਟਰ ਮਿੱਠਾ ਦੀ ਸੋਧ ਦਾ ਸਮਰਥਨ ਕਰਨਾ ਚਾਹੀਦਾ ਹੈ।

ਸਥਾਨਕ ਸਵੈ-ਸ਼ਾਸਨ ਦੇ ਮਾਣਯੋਗ ਮੰਤਰੀ ਨੇ ਆਪਣੀ ਸੋਧ ਨੂੰ ਆਮ ਸ਼ਬਦਾਂ ਵਿੱਚ ਬਿਆਨ ਕੀਤਾ ਹੈ। ਉਹ ਘੱਟ-ਗਿਣਤੀ ਸਮੁਦਾਇਆਂ ਦੇ ਮੈਂਬਰਾਂ ਦੀ ਗ੍ਰਾਮੀਣ ਪੰਚਾਇਤ ਵਿੱਚ ਨਿਯੁਕਤੀ ਲਈ ਉਪਬੰਧ ਕਰਨ ਦੇ ਮਾਮਲੇ ਵਿੱਚ ਕੁਲੈਕਟਰ ਉੱਤੇ ਇੱਕ ਜ਼ਿੰਮੇਵਾਰੀ ਥੋਪਣਾ ਚਾਹੁੰਦਾ ਹੈ। ਅਜਿਹਾ ਕਰਦੇ ਸਮੇਂ ਕੁਲੈਕਟਰ ਨੂੰ ਵਿਸ਼ੇਸ਼ ਤੌਰ 'ਤੇ ਮੁਹੰਮਡਨਾਂ ਅਤੇ ਬੇਦਖ਼ਲ ਵਰਗਾਂ ਦਾ ਧਿਆਨ ਵਿੱਚ ਰੱਖਣਾ ਚਾਹੀਦਾ ਹੈ।

## ਫਿਰਕੂ ਪ੍ਰਤੀਨਿਧਤਾ ਦੇ ਸਿਧਾਂਤ ਦੀ ਮਾਨਤਾ

ਸਰ, ਮੈਨੂੰ ਸਮਝ ਨਹੀਂ ਆਉਂਦੀ ਕਿ ਸੋਧ ਨੂੰ ਆਮ ਸ਼ਬਦਾਂ ਵਿਚ ਸਵੀਕਾਰ ਕਰਨ ਵਾਲੇ ਮਾਣਯੋਗ ਮੈਂਬਰਾਂ ਨੂੰ ਉਸ ਸੋਧ ਦੇ ਵਿਸ਼ੇਸ਼ੀਕਰਨ 'ਤੇ ਇਤਰਾਜ਼ ਕਿਉਂ ਕਰਨਾ ਚਾਹੀਦਾ ਹੈ। ਕੀ ਉਹ ਇਹ ਸੋਚਦੇ ਹਨ ਜਾਂ ਨਹੀਂ ਸੋਚਦੇ ਕਿ ਇਸ ਸੂਬੇ ਵਿੱਚ ਘੱਟ ਗਿਣਤੀਆਂ ਹਨ ਅਤੇ ਮਾਨਯੋਗ ਮੰਤਰੀ ਦੀ ਵਿਵਸਥਾ ਇਹਨਾਂ ਘੱਟ ਗਿਣਤੀਆਂ ਦੇ ਹਿੱਤਾਂ ਦੀ ਰਾਖੀ ਕਰਨਾ ਹੈ? ਜੇਕਰ ਘੱਟ-ਗਿਣਤੀਆਂ ਹਨ, ਤਾਂ ਉਨ੍ਹਾਂ ਘੱਟ-ਗਿਣਤੀਆਂ ਦਾ ਖਾਸ ਤੌਰ 'ਤੇ ਇਕ ਧਾਰਾ ਵਿਚ ਨਾਂ ਲਿਆ ਜਾਵੇ ਤਾਂ ਕੀ ਹਰਜ਼ ਹੈ? ਜੇਕਰ ਆਮ ਸੋਧ ਨੂੰ ਸਵੀਕਾਰ ਕਰ ਲਿਆ ਜਾਵੇ ਕਿ ਘੱਟ-ਗਿਣਤੀਆਂ ਦੀ ਰੱਖਿਆ ਕੀਤੀ ਜਾਣੀ ਚਾਹੀਦੀ ਹੈ ਅਤੇ ਜੇਕਰ ਅਸੀਂ, ਇਸ ਪ੍ਰੈਜ਼ੀਡੈਂਸੀ ਦੇ ਮਾਮਲਿਆਂ ਦੇ ਆਪਣੇ ਆਮ ਗਿਆਨ ਦੁਆਰਾ, ਜਾਣਦੇ ਹਾਂ ਕਿ ਹਰੇਕ ਪਿੰਡ ਵਿੱਚ ਜੇਕਰ ਕੋਈ ਹੋਰ ਘੱਟ ਗਿਣਤੀਆਂ ਨਹੀਂ ਹਨ, ਤਾਂ ਨਿਸ਼ਚਿਤ ਤੌਰ 'ਤੇ ਦੱਬੇ-ਕੁਚਲੇ ਵਰਗ ਅਤੇ ਮੁਹੰਮਡਨ ਹਨ। ਮੈਨੂੰ ਬਿਲਕੁਲ ਸਮਝ ਨਹੀਂ ਆਉਂਦੀ ਕਿ ਜੇ ਇਨ੍ਹਾਂ ਵਿਸ਼ੇਸ਼ ਘੱਟ ਗਿਣਤੀਆਂ ਦਾ ਜ਼ਿਕਰ ਧਾਰਾ ਵਿੱਚ ਹੀ ਕੀਤਾ ਗਿਆ ਹੋਵੇ ਤਾਂ ਇਸ ਵਿੱਚ ਕੀ ਇਤਰਾਜ਼ ਹੋ ਸਕਦਾ ਹੈ। ਇਹ ਸਵੀਕਾਰ ਕਰੋ ਕਿ ਅਜਿਹੇ ਭਾਈਚਾਰੇ ਹਨ ਜਿਨ੍ਹਾਂ ਨੂੰ ਵਿਸ਼ੇਸ਼ ਸੁਰੱਖਿਆ ਦੀ ਲੋੜ ਹੈ, ਅਤੇਜੇਕਰ ਸਾਡਾ ਮਤਲਬ ਘੱਟ-ਗਿਣਤੀਆਂ ਦੀ ਰੱਖਿਆ ਹੈ, ਤਾਂ ਆਓ ਅਸੀਂ ਉਸ ਭਾਈਚਾਰੇ ਨੂੰ ਨਿਰਧਾਰਤ ਕਰੀਏ ਜਿਸ ਨੂੰ ਸੁਰੱਖਿਆ ਲੋੜ ਹੈ।

ਇਸ ਸਦਨ ਵਿੱਚ ਮੇਰੇ ਸਤਿਕਾਰਯੋਗ ਮਿੱਤਰ ਵੱਲੋਂ ਜੋ ਬੇਨਤੀ ਕੀਤੀ ਗਈ ਹੈ, ਉਹ ਇੱਕ ਬੇਨਤੀ ਹੈ ਜੋ ਗੋਲਮੇਜ਼ ਕਾਨਫਰੰਸ ਵਿੱਚ ਬਹੁਤ ਸਾਰੇ ਦਿੱਗਜਾਂ ਦੁਆਰਾ ਕੀਤੀ ਗਈ ਹੈ, ਅਤੇ ਅਸੀਂ ਜਾਣਦੇ ਹਾਂ, ਸਰ, ਉਹ ਸਾਰੇ ਨਮੋਸ਼ੀ ਦੇ ਹਾਲ ਵਿੱਚ ਆਏ ਸਨ। ਜੇ ਮੈਂ ਨਿੱਜੀ ਤਜਰਬੇ ਤੋਂ ਗੱਲ ਕਰ ਸਕਦਾ ਹਾਂ, ਜੇ ਗੋਲਮੇਜ਼ ਕਾਨਫਰੰਸ ਵਿਚ ਕੋਈ ਤੁਫਾਨ ਲਿਆਂਦਾ ਹੈ, ਤਾਂ ਉਹ ਇਨ੍ਹਾਂ ਦਿੱਗਜਾਂ ਦਾ ਅਕਾਦਮਿਕ ਰਵੱਈਆ ਹੈ।

ਜਨਾਬ, ਭਾਰਤ ਯੂਰਪ ਨਹੀਂ ਹੈ ਨਾਂ ਹੀ ਇੰਗਲੈਂਡ ਭਾਰਤ ਹੈ। ਇੰਗਲੈਂਡ ਜਾਤ-ਪਾਤ ਨੂੰ ਨਹੀਂ ਜਾਣਦਾ। ਸਿੱਟੇ ਵਜੋਂ, ਜੋ ਰਾਜਨੀਤਿਕ ਪ੍ਰਬੰਧ ਇੰਗਲੈਂਡ ਦੇ ਅਨੁਕੂਲ ਹੋ ਸਕਦਾ ਹੈ। ਅਸੀਂ ਜਾਤਪਾਤ ਕਰਦੇ ਹਾਂ ਇਸ ਲਈਉਹਨਾ ਦਾ ਪ੍ਰਬੰਧਨ ਕਦੇ ਵੀ ਭਾਰਤ ਦੇ ਅਨੁਕੂਲ ਨਹੀਂ ਹੋ ਸਕਦਾ। ਆਓ ਇਸ ਤੱਥ ਨੂੰ ਪਛਾਣੀਏ ਅਤੇ ਮੈਂ ਇੱਕ ਕਦਮ ਹੋਰ ਅੱਗੇ ਵਧਾਂਗਾ, ਸਰ ਇਹ ਕਹਿੰਦੇ ਹੋਏ ਕਿ, ਭਾਰਤੀ ਰਾਜਨੀਤੀ ਦੇ ਹੋਰ ਜਾਣਕਾਰ ਜੋ ਵੀ ਕਹਿਣ, ਮੈਂ ਇਸ ਪ੍ਰਸਤਾਵ ਨੂੰ ਕਾਇਮ ਰੱਖਦਾ ਹਾਂ ਕਿ ਆਉਣ ਵਾਲੇ ਭਾਰਤੀ ਸੰਵਿਧਾਨ ਵਿੱਚ ਜੇ ਕੋਈ ਚੰਗਾ ਹੈ, ਤਾਂ ਉਹ ਹੈ ਫਿਰਕੂ ਪ੍ਰਤੀਨਿਧਤਾ ਦੇ ਸਿਧਾਂਤ ਦੀ ਮਾਨਤਾ।

## ਮੁੱਦਿਆਂ ਦਾ ਫੈਸਲਾ ਕਰਨ ਵਿੱਚ ਹਿੱਸਾ

ਮੈਂ ਜੋ ਕਹਿ ਰਿਹਾ ਹਾਂ, ਉਸ ਵਿੱਚ ਮੈਨੂੰ ਕੋਈ ਸ਼ਰਮ ਨਹੀਂ ਹੈ। ਮੈਂ ਜਾਣਦਾ ਹਾਂ, ਮੈਂ ਕਹਿ ਰਿਹਾ ਹਾਂ, ਇਹ ਭਾਰਤੀ ਸੰਵਿਧਾਨ ਦਾ ਸਭ ਤੋਂ ਵਧੀਆ ਹਿੱਸਾ ਹੋਣ ਜਾ ਰਿਹਾ ਹੈ। ਅਸੀਂ ਨਹੀਂ ਚਾਹੁੰਦੇ, ਮੈਂ ਨਹੀਂ ਚਾਹੁੰਦਾ, ਸਿਰਫ਼ ਬੈਲਟ ਬਾਕਸ ਵਿੱਚ ਜਾਣ ਦਾ ਅਧਿਕਾਰ ਹੈ ਅਤੇ ਇਹ ਨਾ ਜਾਣਨਾ ਕਿ ਮੇਰਾ ਪ੍ਰਤੀਨਿਧੀ ਕੌਣ ਹੈ, ਜਾਂ ਕੀ ਮੇਰੀ ਪ੍ਰਤੀਨਿਧਤਾ ਕਰਨ ਲਈ ਕੋਈ ਪ੍ਰਤੀਨਿਧੀ ਹੋਣ ਜਾ ਰਿਹਾ ਹੈ। ਮੈਂ ਇੱਕ ਅਜਿਹੀ ਪ੍ਰਣਾਲੀ ਚਾਹੁੰਦਾ ਹਾਂ ਜਿਸ ਵਿੱਚ ਨਾ ਸਿਰਫ਼ ਮੈਨੂੰ ਬੈਲਟ ਬਾਕਸ ਵਿੱਚ ਜਾਣ ਦਾ ਅਧਿਕਾਰ ਹੋਵੇਗਾ, ਬਲਕਿ ਮੈਨੂੰ ਮੇਰੇ ਆਪਣੇ ਵਰਗ ਨਾਲ ਸਬੰਧਤ ਲੋਕਾਂ ਦੀ ਇੱਕ ਸੰਸਥਾ ਰੱਖਣ ਦਾ ਅਧਿਕਾਰ ਹੋਵੇਗਾ ਜੋ ਸਦਨ ਦੇ ਅੰਦਰ ਹੋਣਗੇ, ਨਾ ਸਿਰਫ ਮੁੱਦਿਆਂ 'ਤੇ ਚਰਚਾ ਕਰਨਗੇ, ਸਗੋਂ ਮੁੱਦਿਆਂ ਦਾ ਫੈਸਲਾ ਕਰਨ ਵਿੱਚ ਹਿੱਸਾ ਲੈਣਗੇ।

ਇਸ ਲਈ ਮੈਂ ਕਹਿੰਦਾ ਹਾਂ ਕਿ ਫਿਰਕੂ ਨੁਮਾਇੰਦਗੀ ਕੋਈ ਵਹਿਸ਼ੀ ਚੀਜ਼ ਨਹੀਂ ਹੈ, ਇਹ ਜ਼ਹਿਰ ਨਹੀਂ ਹੈ, ਇਹ ਸਭ ਤੋਂ ਵਧੀਆ ਪ੍ਰਬੰਧ ਹੈ ਜੋ ਇਸ ਦੇਸ਼ ਵਿੱਚ ਵੱਖ-ਵੱਖ ਵਰਗਾਂ ਦੀ ਸੁਰੱਖਿਆ ਅਤੇ ਤਰੱਕੀ ਲਈ ਕੀਤਾ ਜਾ ਸਕਦਾ ਹੈ। ਮੈਂ ਇਸ ਨੂੰ ਸੰਵਿਧਾਨ ਦੀ ਬੇਅਦਬੀ ਨਹੀਂ ਕਹਿੰਦਾ। ਮੈਂ ਇਸਨੂੰ ਕਹਿੰਦਾ ਹਾਂ ਤਾਂ ਡਾ ਐਮ ਕੇ ਦੀਕਸ਼ਿਤ ਨੇ ਡਾ ਅੰਬੇਡਕਰ ਦੇ ਅਧੂਰੇ ਵਾਕ ਨੂੰ ਪੂਰਾ ਕਰਦੇ ਕਿਹਾ,“ਸ਼ਿੰਗਾਰ”। ਤਾਂ ਅਗੋਂ ਡਾ।ਅੰਬੇਡਕਰ ਨੇ ਕਿਹਾ ਹਾਂ, ਸੰਵਿਧਾਨ ਦਾ ਸ਼ਿੰਗਾਰ।

## ਨਿਆਂਪਾਲਿਕਾ ਦੇ ਕੰਮ ਕਾਰ ਉੱਤੇ ਸਵਾਲ

ਫਿਰ ਮੇਰਾ ਸਤਿਕਾਰਯੋਗ ਦੋਸਤ ਪੁੱਛਦਾ ਹੈ ਕਿ ਕੀ ਸਾਨੂੰ ਨਿਆਂਪਾਲਿਕਾ ਵਿੱਚ ਇਸ ਸਿਧਾਂਤ ਨੂੰ ਮੰਨਣਾ ਚਾਹੀਦਾ ਹੈ? ਖੈਰ, ਜੇ ਮੇਰਾ ਸਤਿਕਾਰਯੋਗ ਦੋਸਤ ਮੈਨੂੰ ਯਕੀਨ ਦਿਵਾ ਸਕਦਾ ਹੈ ਕਿ ਮੌਜੂਦਾ ਨਿਆਂਪਾਲਿਕਾ ਇਸ ਦੇ ਫਿਰਕੂ ਪੱਖਪਾਤ ਤੋਂ ਬਿਨਾਂ ਨਹੀਂ ਹੈ, ਕਿ ਬ੍ਰਾਹਮਣ ਜੱਜ, ਜਦੋਂ ਉਹ ਬ੍ਰਾਹਮਣ ਪ੍ਰਤੀਵਾਦੀ ਅਤੇ ਬ੍ਰਾਹਮਣ ਮੁੱਦਈ ਵਿਚਕਾਰ ਮੁੱਦਿਆਂ 'ਤੇ ਫੈਸਲਾ ਕਰਨ ਲਈ ਬੈਠਦਾ ਹੈ, ਤਾਂ ਉਹ ਸਿਰਫ ਜੱਜ ਵਜੋਂ ਫੈਸਲਾ ਕਰਦਾ ਹੈ, ਸ਼ਾਇਦ ਮੈਂ ਉਸ ਦੇ ਪ੍ਰਸਤਾਵ ਨੂੰ ਅਨੁਕੂਲਤਾ ਨਾਲ ਵਿਚਾਰਨ ਲਈ ਝੁਕਿਆ ਹੋਵਾਂਗਾ। ਪਰ ਮੈਂ ਜਾਣਦਾ ਹਾਂ ਕਿ ਸਾਡੇ ਕੋਲ ਕਿਸ ਤਰ੍ਹਾਂ ਦੀ ਨਿਆਂਪਾਲਿਕਾ ਹੈ। ਜੇ ਮੇਰੇ ਸਤਿਕਾਰਯੋਗ ਦੋਸਤ ਅਤੇ ਇਸ ਸਦਨ ਵਿੱਚ ਸਬਰ ਹੁੰਦਾ, ਤਾਂ ਮੈਂ ਢੇਰਾਂ ਕਹਾਣੀਆਂ ਸੁਣਾਕੇ ਉਸ ਦੇ ਸ਼ੱਕ ਨੂੰ ਦੂਰ ਕਰ ਸਕਦਾ ਹਾਂ। ਮੇਰੀ ਜਾਣਕਾਰੀ ਅਨੁਸਾਰ ਜਿੱਥੇਨਿਆਂਪਾਲਿਕਾ ਨੇ ਆਪਣੀ ਸਥਿਤੀ ਦਾ ਦੁਰਵਿਵਹਾਰ ਕੀਤਾ ਹੈ ਅਤੇ ਵਿਭਚਾਰ ਕੀਤਾ ਹੈ।

ਉਹ ਲੋਕ ਜੋ ਖੂਨ ਦਿਆਂ ਬੰਧਨਾਂ ਨਾਲ, ਰਿਸ਼ਤੇਦਾਰੀਆਂ ਦੇ ਰਿਸ਼ਤਿਆਂ ਨਾਲ ਬੱਝੇ ਹੋਏ ਹਨ, ਸਿਆਸੀ ਤੌਰ 'ਤੇ ਵਰਤਣ ਦੀ ਕੋਈ ਸਾਜ਼ਿਸ਼ ਨਹੀਂ ਕਰਨਗੇ ਅਤੇ ਨਿ-ਆਇਕ ਸ਼ਕਤੀ ਜੋ ਉਹਨਾਂ ਨੂੰ ਦੂਜੀਆਂ ਜਮਾਤਾਂ ਨੂੰ ਹੇਠਾਂ ਰੱਖਣ ਲਈ ਸ਼ਕਤੀ ਮਿਲੇਗੀ। ਇਸ ਉੱਤੇ ਟਿੱਪਣੀ ਕਰਦੇ ਹੋਏ ਸਦਨ ਦੇ ਮੈਂਬਰ ਰਾਓ ਬਹਾਦੁਰ ਆਰ।ਆਰ। ਕਾਲੇ ਨੇ ਕਿਹਾ, “ਫਿਰ ਸਰ, ਮੈਂ ਨਿਆਂਪਾਲਿਕਾ ਦੇ ਸਬੰਧ ਵਿੱਚ ਆਪਣੇ ਸਤਿਕਾਰਯੋਗ ਮਿੱਤਰ ਡਾ। ਅੰਬੇਡਕਰ ਦੀਆਂ ਟਿੱਪਣੀਆਂ 'ਤੇ ਇਤਰਾਜ਼ ਕਰਦਾ ਹਾਂ। ਇਹ ਸੁਣ ਕੇ ਮੈਨੂੰ ਨਿਸ਼ਚਿਤ ਤੌਰ 'ਤੇ ਦੁੱਖ ਹੋਇਆ ਕਿ ਉਸਨੇ ਸਾਡੀ ਨਿਆਂਪਾਲਿਕਾ ਦੀ ਸੱਚਾਈ ਅਤੇ ਇਨਸਾਫ਼'ਤੇ ਸਵਾਲ ਉਠਾਏ ਹਨ।

ਇਸ ਨੂੰ ਦੇਸ਼ ਦੇ ਸਭ ਤੋਂ ਉੱਚੇ ਟ੍ਰਿਬਿਊਨਲ, ਅਰਥਾਤ, ਪ੍ਰੀਵੀ ਕੌਂਸਲ ਦੁਆਰਾ ਸਮੇਂ-ਸਮੇਂ 'ਤੇ ਆਪਣੇ ਫੈਸਲਿਆਂ ਵਿੱਚ, ਪੂਰੀ ਦੁਨੀਆ ਵਿੱਚ ਸਭ ਤੋਂ ਵਧੀਆ ਨਿਆਂਪਾਲਿਕਾ ਵਜੋਂ ਸਿੱਧ ਕੀਤਾ ਹੈ। ਇਹ ਇੱਕ ਗੰਭੀਰ ਨਿੰਦਿਆ ਹੈ। ਮੈਨੂੰ ਬਹੁਤ ਦੁੱਖ ਹੋਇਆ ਜਦੋਂ ਮੈਂ ਆਪਣੇ ਸਤਿਕਾਰਯੋਗ ਦੋਸਤ ਡਾ ਅੰਬੇਡਕਰ ਨੂੰ ਇਹ ਕਹਿੰਦੇ ਸੁਣਿਆ, “ਮੈਂ ਜਾਣਦਾ ਹਾਂ ਕਿ ਸਾਡੇ ਕੋਲ ਕਿਹੋ ਜਿਹੀ ਨਿਆਂਪਾਲਿਕਾ ਹੈ, ਉਹ ਕੇਸਾਂ ਦੇ ਨਿਪਟਾਰੇ ਵਿੱਚ ਫਿਰਕੂ ਵਿਚਾਰਾਂ ਦੁਆਰਾ ਪ੍ਰਭਾਵਤ ਹੁੰਦੀ ਹੈ”।

ਰਾਓ ਬਹਾਦੁਰ ਆਰ। ਆਰ ਕਾਲੇਮਾਨਯੋਗ ਮੈਂਬਰ‘ਤੇ ਸਵਾਲ ਖੜਾ ਕਰਕੇ ਪੁੱਛਦੇ ਹਨ ਤਾਂ ਡਾ ਮੌਲਵੀ ਸਰ ਰਫੀਉਦੀਨ ਅਹਿਮਦ ਅਗੋਂ ਕਟਾਸ ਕਰਦੇ ਕਹਿੰਦੇ ਹਨ,“ਤੁਹਾਡਾ ਜੀਜਾ, ਅਤੇ ਇੱਕ ਹਿੰਦੂ”।

ਰਾਓ ਬਹਾਦੁਰ ਆਰ ਆਰ ਕਾਲੇ ਕਹਿੰਦੇ ਹਨ "ਜੀਜਾ" ਤੋਂ ਤੁਹਾਡਾ ਕੀ ਮਤਲਬ ਹੈ? ਮੈਨੂੰ ਨਹੀਂ ਪਤਾ ਕਿ ਮੇਰੇ ਸਤਿਕਾਰਯੋਗ ਮਿੱਤਰ ਡਾ: ਅੰਬੇਡਕਰ ਨੂੰ ਕੀ ਅਦਾਲਤੀ ਤਜਰਬਾ ਹੈ, ਉਸ ਕੋਲ ਕੁਝ ਤਜਰਬਾ ਹੋ ਸਕਦਾ ਹੈ, ਪਰ ਮੇਰੇ ਕੋਲ 40 ਸਾਲਾਂ ਤੋਂ ਵੱਧ ਦਾ ਤਜਰਬਾ ਹੈ, ਮੈਂ ਡਾ ਅੰ-ਬੇਡਕਰ ਨੂੰ ਪ੍ਰੇਰਨਾ ਦੇ ਸਰੋਤ ਲੋਕਾਂ ਦੀ ਮਾਨਸਿਕਤਾ ਨੂੰ ਸਮਝ ਸਕਦਾ ਹਾਂ-ਕਿਉਂ ਉਹ ਚਾਹੁੰਦੇ ਹਨ ਕਿ ਪਿੰਡ ਦੀ ਪੰਚਾਇਤ ਵਿੱਚ ਕਿਸੇ ਵਿਸ਼ੇਸ਼ ਭਾਈਚਾਰੇ ਨੂੰ ਨੁਮ-ਾਇੰਦਗੀ ਦਿਤੀ ਜਾਵੇ। ਇਹ ਉਨ੍ਹਾਂ ਦੇ ਮਾਨਸਿਕ ਰਵੱਈਏ ਨੂੰ ਦਰਸਾਉਂਦਾ ਹੈ।

ਇਸ ਤੋਂ ਬਾਅਦ ਰਾਓ ਬਹਾਦੁਰ ਜੀ। ਕੇ। ਚਿਤਲੇ (ਅਹਿਮਦਨਗਰ ਜ਼ਿਲ੍ਹਾ) ਇੱਕ ਬਿੰਦੂ ਨੂੰ ਉਠਾਉਂਦੇ ਹੋਏ ਕਹਿੰਦੇ ਹਨ, ਸਰ, ਮੇਰੇ ਸਤਿਕਾਰਯੋਗ ਮਿੱਤਰ ਡਾ ਅੰਬੇਡਕਰ ਦਾ ਕੱਲ੍ਹ ਦਾ ਬ੍ਰਾਹਮਣ ਨਿਆਂਪਾਲਿਕਾ 'ਤੇ ਇੱਕ ਵਰਗ ਵਜੋਂ ਹਮਲਾ ਇੱਕ ਅਜਿਹਾ ਉਦਾਹਰਣ ਹੈ ਜੋ ਮੈਂ ਅਜੇ ਤੱਕ ਇਨ੍ਹਾਂ ਵਿੱਚੋਂ ਕਿਸੇ ਵੀ ਕੌਂਸਲ ਵਿੱਚ ਨਹੀਂ ਮਿਲਿਆ ਹਾਲਾਂਕਿ ਉਹ ਲਗਭਗ 12 ਸਾਲਾਂ ਤੋਂ ਇਨ੍ਹਾਂ ਅਧਿਕਾਰਾਂ ਦੀ ਵਰਤੋਂ ਕਰ ਰਹੇ ਹਨ।

ਅੱਗੇ ਮਾਨਯੋਗ ਸ਼੍ਰੀ ਆਰ ਡੀ ਬੈੱਲ ਕਹਿੰਦੇ ਹਨ, ਸਰ, ਇਸ ਤੋਂ ਪਹਿਲਾਂ, ਬਹਿਸ ਹੋਰ ਅੱਗੇ ਵਧੇ, ਜੇਕਰ ਕੋਈ ਚਰਚਾ ਕਰਨੀ ਹੈ, ਤਾਂ ਮੇਰੇ ਖਿਆਲ ਵਿੱਚ ਸਦਨ ਨੂੰ ਸਹੀ ਸ਼ਬਦਾਂ ਦਾ ਪਤਾ ਹੋਣਾ ਚਾਹੀਦਾ ਹੈ ਜੋ ਮਾਣਯੋਗ ਮੈਂਬਰ ਡਾ। ਅੰਬੇਡਕਰ ਨੇ ਕਿਹਾ ਹੈ।

ਮੌਲਵੀ ਸਰ ਰਫੀਉਦੀਨ ਅਹਿਮਦ- ਸਰ, ਕਿਉਂਕਿ ਇਸ ਚਰਚਾ ਦਾ ਅਸਰ ਮਾਨਯੋਗ ਮੈਂਬਰ ਡਾ ਅੰਬੇਡਕਰ ਦੀ ਮੌਜੂਦਗੀ 'ਤੇ ਪਵੇਗਾ, ਜੇਕਰ ਇਹ ਬਹਿਸ ਉਨ੍ਹਾਂ ਦੇ ਇੱਥੇ ਮੌਜੂਦ ਹੋਣ 'ਤੇ ਹੁੰਦੀ ਹੈ, ਤਾਂ ਇਹ ਬਹੁਤ ਹੀ ਪ੍ਰਸੰਗਿਕ ਹੋਵੇਗੀ।

ਮਾਣਯੋਗ ਪ੍ਰਧਾਨ: ਮਾਣਯੋਗ ਮੈਂਬਰ ਸਰ ਰਫੀਉਦੀਨ ਅਹਿਮਦ ਦੁਆਰਾ ਦਿੱਤੇ ਸੁਝਾਅ ਨੂੰ ਸਵੀਕਾਰ ਨਹੀਂ ਕੀਤਾ ਜਾ ਸਕਦਾ ਹੈ ਅਤੇ ਸਦਨ ਉਦੋਂ ਤੱਕ ਉਡੀਕ ਨਹੀਂ ਕਰ ਸਕਦਾ

ਜਿਵੇਂ ਕਿ ਮਾਣਯੋਗ ਸਦਨ ਦੇ ਮੈਂਬਰ ਨੇ ਇਸ਼ਾਰਾ ਕੀਤਾ ਕਿ ਜ਼ਾਹਰ ਹੈ ਕਿ ਮਾਨਯੋਗ ਮੈਂਬਰ ਡਾ। ਅੰਬੇਡਕਰ ਨੇ ਅਜੇ ਤੱਕ ਆਪਣੇ ਬਿਆਨ ਦੀ ਪ੍ਰਤੀਲਿਪੀ ਨਹੀਂ ਪੜ੍ਹੀ ਹੈ। ਜੇ ਉਹ ਇਸ ਨੂੰ ਪੜ੍ਹਦਾ ਹੈ, ਤਾਂ ਮੈਨੂੰ ਯਕੀਨ ਹੈ ਕਿ ਉਹ ਮਹਿਸੂਸ ਕਰੇਗਾ, ਜਾਂ ਮਹਿਸੂਸ ਕਰਨਾ ਚਾਹੀਦਾ ਹੈ, ਜਿਵੇਂ ਕਿ ਸਾਰਾ ਸਦਨ ਕਰਦਾ ਹੈ।

ਮੈਂ ਖੁਦ ਇਸ ਸਦਨ ਦੇ ਮਾਣਯੋਗ ਮੈਂਬਰਾਂ ਨੂੰ ਚੇਤਾਵਨੀ ਦੇਵਾਂਗਾ ਕਿ "ਨਿਆਂਪਾਲਿਕਾ ਵਰਗੀ ਉੱਚ ਸਤਿਕਾਰਤ ਸੇਵਾਵਾਂਦੀ ਨਿੰਦਾ ਕਰਨਾ ਬਹੁਤ ਹੀ ਗੈਰ-ਸੰਸਦੀ ਹੈ, ਮੈਂ ਸਮਝਦਾ ਹਾਂ ਕਿ ਮਾਣਯੋਗ ਮੈਂਬਰ ਗਲਤ ਸੀ, ਅਤੇ ਉਠਾਇਆ ਗਿਆ ਨੁਕਤਾ ਭਵਿੱਖ ਵਿੱਚ ਸਦਨ ਦੇ ਮਾਰਗਦਰਸ਼ਨ ਲਈ ਕਾਫ਼ੀ ਉਪਯੋਗੀ ਹੋਵੇਗਾ।

ਉਪਰੋਕਤ ਸੰਵਿਧਾਨ ਪ੍ਰਕਿਰਿਆ ਅੰਗਰੇਜ਼ ਸ਼ਾਸਨ ਦੇ ਦੌਰਾਨ ਦੀ ਭਾਰਤ ਦੇ ਸੰਵਿਧਾਨ ਬਨਾਉਣ ਦੀ ਸੀ। 1947 ਦੇ ਸੱਤਾ ਪਰਿਵਰਤਨ ਦੇ ਬਾਅਦ ਭਾਰਤ ਦਾ ਨਵਾਂ ਸੰਵਿਧਾਨ ਤਿਆਰ ਕਰਕੇ 26 ਜਨਵਰੀ 1950 ਨੂੰ ਲਾਗੂ ਕਰ ਦਿੱਤਾ ਗਿਆ।

ਬਹੁਤ ਕੁਝ ਬਦਲਿਆ ਪਰ ਜਿਹੜਾ ਕੰਮ ਭਾਰਤ ਦੇ ਅਛੂਤਾਂ ਨੂੰ ਅਜ਼ਾਦ ਕਰਨ ਦਾ ਮੈਕਡੋਨਾਲਡ ਐਵਾਰਡ ਨੇ ਕਰਨਾ ਸੀ ਉਹ ਕਦੇ ਵੀ ਕੰਮ ਪੂਰਾ ਨਹੀਂ ਹੋ ਸਕਿਆ। ਭਾਰਤ ਦੇ ਐਸਸੀ ਐਸਟੀ ਦਾ 1932 ਵਿੱਚ ਗਾਂਧੀ ਦੁਆਰਾ ਕੀਤਾ ਇਹ ਸਭ ਨਾਲੋਂ ਵੱਡਾ ਨੁਕਸਾਨ ਹੈ।

ਇਹਨਾਂ ਹੀ ਕਾਰਨਾਂ ਦੇ ਕਰਕੇ ਭਾਰਤ ਦੇ ਐਸਸੀ ਐਸਟੀ ਸਮਾਜ ਦੇ ਕੋਟੇ ਵਾਲੇ ਹਰ ਪੱਧਰ ਦੇ ਨੇਤਾ ਕੇਵਲ ਗਿਣਤੀ ਮਾਤਰ ਦੇ ਰਾਜਨੀਤਿਕ ਪਾਰਟੀਆਂ ਦੇ ਸੀਰੀ ਦੀ ਤਰਾਂ ਹੀ ਬਣਕੇ ਰਹਿ ਜਾਂਦੇ ਹਨ ਆਪਣੇ ਸਮਾਜ ਦੀ ਸੁਰੱਖਿਆ ਜਾ ਹੋਰ ਮੁੱਦੇ ਉਠਾਉਣ ਵਿੱਚ ਨਾਕਾਮ ਰਹਿੰਦੇ ਹਨ। ਇਸ ਦਾ ਕਾਰਨ ਉਹਨਾ ਦੀ ਨਿਰਭਰਤਾ ਆਪਣੇ ਸਮਾਜ ਉੱਤੇ ਨਾ ਹੋ ਕੇ, ਅਦਰ ਸਮਾਜ ਉੱਤੇ ਹੋਣਾ ਮੁੱਖ ਹੈ।

# "ਦਰਦ - ਏ - ਦਾਸਤਾਨ" ਦੁਖੜੇ ਸਮਾਜ ਦੇ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਕਦੇ ਸੰਜੀਦਗੀ ਨਾਲ ਵਿਚਾਰ ਹੀ ਨਹੀਂ ਕੀਤਾ। ਜੰਜ ਘਰ ਵਾਲੀ ਥਾਂ ਦੀ ਨਿਸ਼ਾਨ ਦੇਹੀ ਤੋਂ ਪਹਿਲਾ ਵਾਪਰੀ ਇਕ ਛੋਟੀ ਜਿਹੀ ਘਟਨਾ ਆਪ ਸਭ ਨਾਲ ਸਾਂਝੀ ਕਰਨੀ ਚਾਹਾਂਗਾ । ਭਾਈਚਾਰੇ ਚੋਂ ਹਮਦਰਦ, ਜੋ ਮੇਰੀ ਸਲਾਮਤੀ ਚਾਹੁੰਦੇ ਸਨ ਅਤੇ ਦੂਆ ਕਰਦੇ ਸਨ ਕਿ ਭਗਵਾਨ ਹਮੇਸ਼ਾ ਤੇਰੇ ਅੰਗ – ਸੰਗ ਰਹੇ , ਤੈਨੂੰ ਤੱਤੀ ਵਾ ਨਾ ਲੱਗੇ । ਮੈਨੂੰ ਜ਼ਿੰਦਗੀ ਦਾ ਕੋਈ ਕੌੜਾ–ਕਸੈਲਾ ਤਜਰਬਾ ਨਹੀਂ ਸੀ। ਮੇਰੀ ਪੂਜਨੀਕ ਮਾਤਾ, ਚਾਚੀਆਂ, ਤਾਈਆਂ, ਦਾਦੀ, ਅਤੇ ਕਬੀਲੇ ਦੀਆਂ ਹੋਰ ਪੂਜਨੀਕ ਅਤੇ ਸਤਿਕਾਰਨੀਆਂ – ਦਾਦੀਆਂ , ਤਾਈਆਂ , ਚਾਚੀਆਂ , ਭੂਆ–ਭੈਣਾਂ ਆਦਿ ਸਭ ਨਸੀਹਤਾਂ ਦੇ ਰਹੇ ਸਨ। ਆਪੋ – ਆਪਣੇ ਜ਼ਿੰਦਗੀ ਦੇ ਤਜਰਬੇ , ਅਤੇ ਅਨੁਭਵ ਤੋਂ ਮੈਨੂੰ ਸੁਚੇਤ ਕਰਾ ਰਹੇ ਸਨ। ਖਤਰੇ ਦਾ ਖ਼ਦਸ਼ਾ ਹੋਣ ਦਾ ਸ਼ੱਕ ਵੀ ਉਨ੍ਹਾਂ ਦੇ ਵਿਚਾਰਾਂ ਚੋਂ ਸਾਫ਼ ਝਲਕਦਾ ਸੀ , ਅੰਦਰੋਂ ਅੰਦਰ ਡਰ ਮਹਿਸੂਸ ਕਰ ਰਹੀਆਂ ਸਨ। ਪਰ ਸਾਫ਼ 2 , ਖਤਰੇ ਦਾ ਕਹਿ ਕੇ, ਮੇਰਾ ਹੌਸਲਾ ਤੋੜਨ ਤੋਂ ਸੰਕੋਚ ਕਰ ਰਹੀਆਂ ਸਨ; ਇਨ੍ਹਾਂ ਸਵਾਸਾਂ ਲਈ, ਜੋ ਮੈਂ ਅੱਜ ਤੱਕ ਲੈਂਦਾ ਰਿਹਾ ਹਾਂ, ਈਸ਼ਵਰ ਦੇ ਨਾਲ 2 ਉਨ੍ਹਾਂ ਮਾਤਾਵਾਂ ਦਾ ਰਿਣੀ ਹਾਂ: ਧੰਨੋ , ਨੰਤੀ, ਬੰਤੀ, ਸੰਤੀ, ਚੰਨੋ, ਠਾਕਰੀ, ਬਾਵੀ, ਸੁਰਜੀਤ ਕੌਰ, ਫਿੰਨੋ, ਪਰੀਤੋ, ਰਤਨ ਕੌਰ ਅਤੇ ਹੋਰ ਬਹੁਤ ਸਾਰੀਆਂ ਬੀਬੀਆਂ ਭੈਣਾਂ ...

ਉਮਰ ਦਾ ਪੜਾ ਅੱਲ੍ਹੜਪੁਣੇ ਚੋਂ ਬੇਖੌਫ਼ ਅੱਗੇ ਵਧਣਾ ਚਾਹੁੰਦਾ ਸੀ । ਐਨੀ ਸਮਝ ਨਹੀਂ ਸੀ ਕਿ ਆਉਣ ਵਾਲੇ ਖਤਰਿਆਂ ਨੂੰ ਭਾਂਪ ਸਕੀਏ । ਦੁੱਖਾਂ – ਖਤਰਿਆਂ ਤੋਂਬੇਖ਼ਬਰ ਜੀਵਨ ਦਾ ਅਰੰਭ ਹੋਇਆ, ਪਹਿਲਾ ਖਤਰਾ ਉਦੋਂ ਆਇਆ ਜਦੋਂ ਪਟਵਾਰੀ ਨਿਸ਼ਾਨ ਦੇਹੀ ਦੇਣ ਵਾਸਤੇ ਆਇਆ ਤਾਂ ਕਾਫ਼ੀ ਦੂਰ ਤੋਂ ਮਿਣ ਦੇ–ਮਿਣ ਦੇ, ਗਿਣ ਦੇ ਆਉਂਦੇ ਸਨ, ਉਨ੍ਹਾਂ ਦਾ ਕੋਈ ਸੂਚਕ ਨਿਸ਼ਾਨ , ਹੱਦ ਬੰਦੀ ਦੇ ਹਿਸਾਬ ਨਾਲ ਇਕ ਪਿੰਡ ਦੀ ਹੱਦ ਬੰਦੀ ਦਾ ਦੂਜੇ ਪਿੰਡ ਦੀ ਹੱਦ ਤਕ ਤਹਿ ਹੁੰਦਾ ਹੈ। ਜਦੋਂਪਟਵਾਰੀ ਮਿਣਤੀ ਕਰਦੇ ਕਰਦੇ ਬਹੁਤ ਸਾਰੇ ਲੋਕਾਂ ਦੇ ਥਾਂਵਾਂ ਵਿੱਚ ਦੀ ਗੁਜ਼ਰੇ ਤਾਂ ਕਈਆਂ ਲੋਕਾਂ ਨੇ ਨਰਾਜ਼ਗੀ ਜ਼ਾਹਰ ਕੀਤੀ। ਜ਼ਿਆਦਾਤਰ ਲੋਕਾਂ ਨੇ ਸ਼ਾਮਲਾਟਾਂ ਤੇਕਬਜ਼ਾ ਕੀਤਾ ਹੋਇਆ ਸੀ, ਤਾਂ ਕਰਕੇ ਉਹ ਡਰਦੇ ਸਨ, ਕਿ ਕੋਈ ਮੁਸ਼ਕਲ ਖੜੀ ਨਾ ਹੋ ਜਾਵੇ – ਉਹ ਆਪਣੀ ਜਗਾ ਠੀਕ ਸਨ । ਬਹੁਤ ਸਾਰੇ ਹੋਰ ਲੋਕ ਵੀਪਟਵਾਰੀ ਦੇ ਨਾਲ ਨਾਲ ਚੱਲ ਰਹੇ ਸਨ। ਗੁਰੂ ਘਰ ਦੇ ਮੂਹਰੇ ਪਿੱਪ.ਲ ਦਾ ਇਕ ਪੇੜ ਸੀ , ਉੱਥੇ, ਇਕ ਅੱਖੜ ਜੱਟ, ਨਾਮ ਸੀ ਜਮਾਦਾਰ, ਫ਼ੌਜ ਚੋਂ ਰਹਿ ਚੁੱਕਾ ਸੀ, ਉਸ ਨੇ ਪੰਗਾ ਪਾ ਲਿਆ ਤੇ ਕਹਿੰਦਾ "ਲੁਟਾ ਜਿਹਾ ਵਾਲਮੀਕਿ ਆਂ – ਦਾ ਛੋਕਰਾ , ਕੱਲ ਜੰਮਿਆ ਤੇ ਅੱਜ ਸਾਡੇ ਨਾਲ ਆਢਾ ਲਾ ਰਿਹਾ ਤੂੰ! ; ਸਾਡੀਆਂ ਪੈੜਾਂਨਾਪਣ ਲੱਗਾ ; ਇਕ ਚਪੇੜ ਦੀ ਮਾਰ ਨਹੀਂ ਤੂੰ" ਕਹਿ ਕੇ ਉਸ ਨੇ ਆਪਣਾ ਹੱਥ ਮੇਰੇ ਚਪੇੜ ਮਾਰਨ ਲਈ ਉੱਪਰ ਚੁੱਕਿਆ ਤੇ ਮੈਂ ਭੈ ਭੀਤ ਹੋ ਗਿਆ; ਬਹੁਤ ਡਰਗਿਆ ਸੀ, ਮੇਰੀ ਕੋਈ ਗਲਤੀ ਵੀ ਨਹੀਂ ਸੀ । ਮਾਂਵਾਂ – ਭੈਣਾਂ ਦੀ ਦਿੱਤੀ ਨਸੀਹਤ ਮਨ ਚੋਂ ਘੁੰਮਣ ਲੱਗੀ। ਆਪਣੇ ਆਪ ਨੂੰ ਸੰਭਾ.ਲਦੇ ਹੋਏ ਥੋੜਾ ਦਲੇਰ ਬਣਨ ਦੀਕੋਸ਼ਸ਼ ਕਰ ਰਿਹਾ ਸਾਂ। ਮੈਂ ਸਮਝ ਨਹੀਂ ਸਕਿਆ ਕਿ ਤਾਇਆ ਜਮਾਦਾਰ ਮੇਰੇ ਤੇ ਕਿਉਂ ਗ਼ੁੱਸੇ ਹੋ ਗਿਆ। ਜਦੋਂ ਮੇਰੇ ਚਪੇੜ ਮਾਰਨ ਵਾਸਤੇ ਜਮਾਦਾਰ ਨੇ ਆਪਣਾ ਹੱਥਉੱਪਰ ਕੀਤਾ ਤਾਂ ਨਿਰਮਲ ਸਿੰਘ ਕੂਕਿਆ ਦਾ ਮੇਰੀ ਸਾਈਡ ਖੜਾ ਹੋ ਗਿਆ ਤੇ ਜਮਾਦਾਰ ਨੂੰ ਕਿਹਾ " ਹਿੰਮਤ ਹੈ, ਤਾਂ ਮਾਰ ਥੱਪੜ ! ਦੱਸ, ਕੇਬੇ ਦੀ ਕੀ ਗਲਤੀ ਹੈ, ਉਹ ਵਿਚਾਰੇ ਆਪਣੇ ਜੰਜ ਘਰ ਵਾਲੇ ਥਾਂ ਦੀ ਨਿਸ਼ਾਨ ਦੇਹੀ ਦਾ ਰਕਬਾ ਲੱਭਣਾ ਚਾਹੁੰਦੇ ਹਨ, ਉਨ੍ਹਾਂ ਨੂੰ ਰਾਹ ਦਿਖਾਉਣ ਦੀ ਵਜਾਏ, ਤੁਸੀਂ ਮਾਰ ਧਾੜ ਕਰ ਰਹਿ ਹੋ, ਗਰੀਬਾਂ ਨਾਲ ਸਰਾਸਰ ਧੱਕਾ ਹੈ॥ ਕੇਬਿਆ! ਮੈਂ ਤੇਰੇ ਨਾਲ ਖੜਾ ਹਾਂ, ਲਾਓ ਹੱਥ ਫਿਰ ਦੇਖਦੇ ਹਾਂ"।

ਨਿਰਮਲ ਸਿੰਘ ਦੀਆਂ ਤਾੜਨਾ ਭਰੀਆਂ, ਇਹ ਗੱਲਾਂ ਸੁਣ ਕੇ ਜਮਾਦਾਰ ਕੁਝ ਠਠੰਬਰ ਗਿਆ ਤੇ ਆਪਣਾ ਹੱਥ ਥੱਲੇ ਕਰਦਾ ਹੋਇਆ, ਹੌਲੀ 2 ਕਦਮ ਪਿੱਛੇ ਨੂੰਭਰਨ ਲੱਗ ਪਿਆ, ਤਾਂ ਜਾ ਕੇ ਮੈਂ ਸੁੱਖ ਦਾ ਸਾਹ ਲਿਆ। ਜੇ ਝਗੜਾ ਵੱਧ ਜਾਂਦਾ ਤਾਂ ਬਹੁਤ ਵੱਡੀ ਸਮੱਸਿਆ ਦਾ ਰੂਪ ਧਾਰਨ ਕਰ ਜਾਣਾ ਸੀ, ਖੁਦਾ ਦਾ ਸ਼ੁਕਰ ਹੈਕਿ ਸਾਰਾ ਕੁਝ ਠੀਕ – ਠਾਕ ਨਿਪਟ ਗਿਆ । ਪਹਿਲਾਂ ਤਾਂ ਖਤਰਾ ਬਹੁਤ ਵਧ ਰਿਹਾ ਸੀ। ਇਸ ਘਟਨਾ ਕਰਮ ਤੋਂ ਬਾਦ ਪਟਵਾਰੀ ਨੇ ਆਪਣਾ ਕੰਮ ਦਵਾਰਾਂ ਫਿਰਅਰੰਭ ਕੀਤਾ । ਛੋਟੀਆਂ – ਮੋਟੀਆਂ ਕਈ ਹੋਰ ਸਮੱਸਿਆਵਾਂ ਦਾ ਵੀ, ਸਾਨੂੰ ਸਾਹਮਣਾ ਕਰਨਾ ਪਿਆ, ਪਰ ਉਹ ਜਲਦੀ ਸੁਲਝ ਗਈਆਂ। ਅੱਲਾ ਦੇ ਫ਼ਜਲ ਨਾਲ, ਰਸਤਿਆਂ ਦੀਆਂ ਰੁਕਾਵਟਾਂ ਨਾਲ ਜੂਝਦੇ ਹੋਏ, ਨਿਸ਼ਾਨ ਦੇਹੀ ਤੱਕ ਪਹੁੰਚਣ ਚੋਂ ਸਫਲ ਹੋ ਹੀ ਗਏ। ਭਾਈਚਾਰਾ ਬਹੁਤ ਖੁਸ਼ ਸੀ। ਸਾਰਿਆ ਨੇ ਰਲ ਕੇ ਰੱਬ ਦਾਸ਼ੁਕਰਾਨਾ ਕੀਤਾ ਅਤੇ ਆਉਣ ਵਾਲੇ ਲੋਹੜੀ – ਮਾਘੀ ਦੇ ਤਿਉਹਾਰ ਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ , ਧਰਤੀ ਦੇ ਇਸ ਟੁਕੜੇ ਤੇ ਬਿਰਾਜਮਾਨ ਕਰ ਸਕਣਦੇ ਯੋਗ ਹੋਣ ਲਈ ਅਰਦਾਸ ਕੀਤੀ।

ਸੁੱਖਾ ਲੱਧਾ , ਖੁਸ਼ੀਆਂ ਭਰਿਆ ਅਤੇ ਰੁਹਾਨੀਅਤ ਨਾਲ ਭਰਪੂਰ ਮਹੀਨਾ, ਜਨਵਰੀ, ਸੰਨ 1971, ਲੋਹੜੀ ਦੀ ਰਾਤ ਸੀ ।ਧੂਣੀਆਂ ਦੀ ਭਰਮਾਰ ਸੀ – ਕਈਥਾਂਵਾਂ ਤੇ ਲੋਕ ਠੰਢੀ ਰਾਤ ਨੂੰ ਅੱਗ ਦੇ ਸੇਕ ਦਾ ਅਨੰਦ ਲੈ ਰਹੇ ਸਨ ਪਰ ਸਾਡੇ ਜਵਾਨ ਮੁੰਡਿਆਂ ਨੇ, ਲਾਗਲੀ ਟਿੱਬੀ ਤੋਂ ਰੇਤ – ਮਿੱਟੀ ਢੋਂਦਿਆ ਹੀ, ਰਾਤ ਗੁਜ਼ਾਰ ਦਿੱਤੀ। ਠੰਢ ਦੀ ਸਰਦ ਰਾਤ ਵਿੱਚ ਵੀ, ਸਖ਼ਤ ਮਿਹਨਤ ਕਾਰਨ ਮੁੰਡਿਆਂ ਦੇ ਸਰੀਰ ਗਰਮੀ ਦਾ ਨਿੱਘ ਮਹਿਸੂਸ ਕਰ ਰਹੇ ਸਨ। ਜੰਜ ਘਰ ਵਾਲੀ ਜਗ੍ਹਾ ਬਹੁਤਨੀਵੀਂ ਸੀ, ਮੁੰਡਿਆਂ ਨੇ ਪ੍ਰਣ ਕੀਤਾ ਸੀ ਕਿ 1971 ਦੀ ਲੋਹੜੀ– ਮਾਘੀ, ਅਸੀਂ ਡੂੰਮ ਪੂਰ ਕੇ ਹੀ ਮਨਾਵਾਂਗੇ। ਤੜਕਸਾਰ ਤੱਕ ਜੰਜ ਘਰ ਵਾਲੀ ਸਾਰੀ ਥਾਂ ਧਰਾਤਲਚੋਂ ਤਬਦੀਲ ਹੋ ਗਈ, ਪੂਰਾ ਲੈਵਲ ਕਰਕੇ ਮੁੰਡਿਆਂ ਨੇ ਸੁੱਖ ਦਾ ਸਾਹ ਲਿਆ। ਮੁੜ੍ਹਕੇ ਨਾਲ ਨਮ ਹੋਏ ਕੱਪੜੇ ਉਤਾਰ ਕੇ ਜਵਾਨਾਂ ਨੇ ਇਸ਼ਨਾਨ ਪਾਨ ਕੀਤਾ ਤੇ ਧੂਣੀਦੀ ਪਰਕਰਮਾ ਚੋਂ ਬੈਠ ਕੇ ਆਉਣ ਵਾਲੀ ਪ੍ਰਭਾਤ (ਸਵੇਰ) ਦਾ ਪ੍ਰੋਗਰਾਮ ਉਲੀਕਣ ਲੱਗੇ। ਵੱਖ ਵੱਖ ਕੰਮਾਂ ਦੀਆਂ ਜ਼ੁੰਮੇਵਾਰੀਆਂ ਲੈ ਲਈਆਂ ਤੇ ਪੂਰੀ ਸ਼ਰਧਾ ਨਾਲਨਿਭਾਉਣ ਦਾ ਸੰਕਲਪ ਲਿਆ।

ਰੇਤਾ–ਮਿੱਟੀ ਦੀ ਸੇਵਾ ਕਰਨ ਵਾਲੇ ਭਰਾਵਾਂ ਦੇ ਸਹਿਯੋਗ ਨਾਲ ਹੀ ਇਹ ਕੰਮ ਇਕ ਰਾਤ ਚੋਂ ਸਿਰੇ ਚੜ੍ਹ ਸਕਿਆ। ਧੰਨਵਾਦ ਮੁੰਡਿਆਂ ਦਾ : ਪਾਛ , ਭਜੀ, ਜਗੀਰੀ , ਬੂਟਾ, ਜੀਤ, ਮਲਕੀਤ, ਗਾਛੂ, ਬੰਸੂ, ਕੇਬਾ, ਸ਼ੀਰੀ, ਪਾਸ਼, ਬੂਟਾ , ਜੀਤ, ਮੀਤ, ਮੀਤੂ, ਗਿੱਗਾ, ਪਾਲੂ , ਗਾਲਾ, ਬੂਟਾ, ਅਰਜਣ, ਮੰਗੀ, ਕਾਲਾ ਭੋ.ਲਾ ਅਤੇ ਹੋਰ ਬਹੁਤ ਸਾਰੇ ਛੋਟੀ ਉਮਰ ਦੇ ਬੱਚਿਆਂ ਨੇ ਵੀ ਖੁਸ਼ੀ 2 ਇਸ ਸੇਵਾ ਵਿੱਚ ਆਪਣਾ ਸਹਿਯੋਗ ਦਿੱਤਾ। ਜ਼ਮੀਨ ਦਾ ਟੁਕੜਾ ਐਨ ਪੱਧਰਾਹੋ ਜਾਣ ਤੋਂ ਬਾਦ, ਨਿੱਕੀ 2 ਉਮਰ ਦੇ ਬੱਚੇ ਹਮਜੋਲੀਆਂ ਸਮੇਤ , ਭੰਗੜਾ – ਨਾਚ ਚੋਂ ਮਸਤ ਹੋ ਕੇ ਕਿਲਕਾਰੀਆਂ ਨਾਲ, ਆਪਣੀ ਖੁਸ਼ੀ ਦਾ ਪ੍ਰਗਟਾਵਾ ਕਰ ਰਹੇ ਸਨ। ਬੜੇ – ਬਜ਼ੁਰਗ , ਸੇਵਾਦਾਰਾਂ ਨੂੰ ਅਸ਼ੀਰਵਾਦ ਦੇ ਰਹਿ ਸਨ ਅਤੇ ਨਿੱਕੇ ਬੱਚਿਆਂ ਦੀਆਂ ਅਨੰਦ ਭਰਪੂਰ ਮਸਤੀਆਂ ਦੇਖ–ਖੁਦ ਵੀ ਬੱਚਿਆਂਨਾਲ ਖੇਲਣ ਚੋਂ ਰੁੱਝ ਗਏ। ਗਰੀਬੀ ਦਾ ਆਲਮ , ਨਿੱਕੀ ਜਿਹੀ ਪ੍ਰਾਪਤੀ ਨਾਲ ਆਪਣੇ ਆਪ ਨੂੰ ਕਿੰਨਾ ਵੱਡਾ ਮਹਿਸੂਸ ਕਰਨ ਲੱਗ ਜਾਂਦਾ ਹੈ। ਖੁਸ਼ੀਦੀਆ ਉਹ ਘੜੀਆਂ, ਮੇਰੇ ਮਨ ਨੂੰ ਧਰਵਾਸ ਤਾਂ ਦੇ ਰਹੀਆਂ ਸਨ ਪਰ ਕਿਸੇ ਹੋਰ ਅਣਸੁਖਾਵੀਂ ਘਟਨਾ ਦੀ ਚਿੰਤਾ ਮਨ ਚੋਂ ਮੌਜੂਦ ਸੀ। ਮੁੰਡਿਆਂ ਦਾਧੰਨਵਾਦ ਕਰਦਿਆਂ ਅੱਖਾਂ ਨਮ ਹੋ ਜਾਂਦੀਆਂ, ਉਨ੍ਹਾਂ ਦੀ ਸਖ਼ਤ ਮਿਹਨਤ ਅਤੇ ਸਹਿਯੋਗ, ਲਗਨ ਅਤੇ ਏਕਤਾ ਮੇਰੇ ਹਿਰਦੇ ਚੋਂ ਵੱਸ ਗਈ। ਕਬੀਲੇ ਦੇਸਾਰੇ ਪਰਿਵਾਰਾਂ ਅਤੇ ਹਰ ਇਨਸਾਨ ਤੋਂ, ਜੋ ਇੱਜ਼ਤ ਮੇਰੇ ਹਿੱਸੇ ਆਈ ਮੈਂ ਕਦੀ ਨਹੀਂ ਭੁਲਾ ਸਕਦਾ, ਅੱਜ ਤੱਕ ਉਹੀ ਮਾਣ ਅਤੇ ਸਤਿਕਾਰ ਬਰਕਰਾਰ ਹੈ ।

**ਅਗਲੇ ਅੰਕ ਚੋਂ ਫਿਰ ਮਿਲਾਂਗੇ**
**ਪਾਠਕਾਂ ਦਾ : ਕੇਵਲ ਸਿੰਘ ਸਿੱਧੂ**

## ਗੁਰਦੁਆਰਾ ਪੰਜਾ ਸਾਹਿਬ 'ਚ ਬੇਅਦਬੀ; ਸਿੱਖ ਭਾਈਚਾਰੇ ਵਿੱਚ ਰੋਸ

**ਅੰਮ੍ਰਿਤਸਰ–** ਪਾਕਿਸਤਾਨ ਵਿੱਚ ਇੱਕ ਫ਼ਿਲਮ ਦੀ ਟੀਮ ਵੱਲੋਂ ਜੋੜੇ ਪਹਿਨ ਕੇ ਗੁਰਦੁਆਰਾ ਪੰਜਾ ਸਾਹਿਬ ਵਿੱਚ ਸ਼ੂਟਿੰਗ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ ਜਿਸ ਮਗਰੋਂ ਸਿੱਖ ਭਾਈਚਾਰੇ ਵਿੱਚ ਰੋਸ ਹੈ। ਸੋਸ਼ਲ ਮੀਡੀਆ 'ਤੇ ਵਾਇਰਲ ਵੀਡੀਓ ਵਿੱਚ ਕੁਝ ਵਿਅਕਤੀਆਂ ਦਾ ਗਰੁੱਪ ਮੂਵੀ ਕੈਮਰਿਆਂ ਅਤੇ ਸਹਾਇਕ ਸਟਾਫ ਸਣੇ ਲਹਿੰਦੇ ਪੰਜਾਬ ਦੇ ਅਟਕ ਜ਼ਿਲ੍ਹੇ ਵਿੱਚ ਹਸਨ ਅਬਦਾਲ ਸਥਿਤ ਗੁਰਦੁਆਰੇ ਵਿੱਚ ਟਹਿਲਦਾ ਹੋਇਆ ਦਿਖਾਈ ਦੇ ਰਿਹਾ ਹੈ। ਗੁਰਦੁਆਰਾ ਕੰਪਲੈਕਸ 'ਚ ਮੌਕੇ 'ਤੇ ਹਾਜ਼ਰ ਸ਼ਰਧਾਲੂਆਂ ਨੇ ਇਸ ਦਾ ਵਿਰੋਧ ਕੀਤਾ। ਉਨ੍ਹਾਂ ਨੇ ਫ਼ਿਲਮ ਟੀਮ ਨੂੰ ਉਥੋਂ ਜਾਣ ਅਤੇ ਫੁਟੇਜ ਡਿਲੀਟ ਕਰਨ ਲਈ ਆਖਿਆ। ਘਟਨਾ ਦੇ ਵੀਡੀਓ ਬਣਾਉਣ ਵਾਲੇ ਵਿਅਕਤੀ ਮੁਤਾਬਕ ਫ਼ਿਲਮ ਟੀਮ ਸਿਰਫ ਉਥੇ ਸ਼ੂਟਿੰਗ ਕਰਨ ਆਈ ਸੀ। ਦੂਜੇ ਪਾਸੇ ਫ਼ਿਲਮ ਅਮਲਾ ਇਹ ਕਹਿੰਦਾ ਸੁਣਾਈ ਦੇ ਰਿਹਾ ਹੈ, "ਅਸੀਂ ਤਾਂ ਤੁਹਾਡੇ ਮਹਿਮਾਨ ਹਾਂ ਅਤੇ ਤੁਸੀਂ ਸਾਡੇ ਨਾਲ ਅਜਿਹਾ ਸਲੂਕ ਕਰ ਰਹੇ ਹੋ।" ਅਮਲੇ ਦੇ ਇੱਕ ਮੈਂਬਰ ਨੇ ਕਿਹਾ ਕਿ ਸਿੱਖ ਸ਼ਰਧਾਲੂਆਂ ਵੱਲੋਂ ਵਿਰੋਧ ਕਰਨ 'ਤੇ ਉਨ੍ਹਾਂ ਨੇ ਸ਼ੂਟਿੰਗ ਰੋਕ ਦਿੱਤੀ। ਸੂਤਰਾਂ ਮੁਤਾਬਕ ਟੀਮ ਵੱਲੋਂ ਫ਼ਿਲਮ 'ਲਾਹੌਰ ਲਾਹੌਰ ਹੈ' ਦੀ ਸ਼ੂਟਿੰਗ ਕੀਤੀ ਜਾ ਰਹੀ ਸੀ। ਦੂਜੇ ਪਾਸੇ ਸਿੱਖ ਆਗੂ ਮਨਜਿੰਦਰ ਸਿੰਘ ਸਿਰਸਾ ਨੇ ਘਟਨਾ ਦਾ ਨੋਟਿਸ ਲੈਂਦਿਆਂ ਟਵੀਟ ਕੀਤਾ, "ਪਾਕਿਸਤਾਨ 'ਚ ਧਾਰਮਿਕ ਸਥਾਨਾਂ 'ਤੇ ਲਗਾਤਾਰ ਬੇਅਦਬੀ ਵਾਲੀਆਂ ਕਾਰਵਾਈਆਂ ਹੋ ਰਹੀਆਂ।" ਸਿਰਸਾ ਨੇ ਦਾਅਵਾ ਕੀਤਾ ਕਿ ਘਟਨਾ ਦੀ ਵੀਡੀਓ ਬਣਾਉਣ ਵਾਲਾ ਵਿਅਕਤੀ ਨੂੰ ਵੀਡੀਓ ਵਾਇਰਲ ਹੋਣ ਮਗਰੋਂ ਕਥਿਤ ਲਾਪਤਾ ਹੈ ਅਤੇ ਸਥਾਨਕ ਲੋਕਾਂ ਵੱਲੋਂ ਉਸ ਨੂੰ ਵੀਡੀਓ ਵਾਇਰਲ ਕਰਨ ਖ਼ਿਲਾਫ਼ ਧਮਕੀਆਂ ਦਿੱਤੀਆਂ ਗਈਆਂ। ਉਨ੍ਹਾਂ ਨੇ ਵਿਦੇਸ਼ ਮੰਤਰਾਲੇ ਨੂੰ ਇਹ ਮਾਮਲਾ ਪਾਕਿਸਤਾਨ ਸਰਕਾਰ ਕੋਲ ਉਠਾਉਣ ਦੀ ਅਪੀਲ ਕੀਤੀ ਹੈ।



## ਉੱਤਰੀ ਕੋਰੀਆ ਵੱਲੋਂ ਜਾਪਾਨ ਉਪਰੋਂ ਮਿਜ਼ਾਈਲ ਲੰਘਾਈ

**ਸਿਓਲ–** ਉੱਤਰੀ ਕੋਰੀਆ ਨੇ ਅੱਜ ਜਾਪਾਨ ਦੇ ਉਪਰੋਂ ਬੈਲਿਸਟਿਕ ਮਿਜ਼ਾਈਲ ਦਾਗੀ ਹੈ। ਪੰਜ ਸਾਲਾਂ ਵਿਚ ਉੱਤਰੀ ਕੋਰੀਆ ਨੇ ਅਜਿਹੀ ਕਾਰਵਾਈ ਪਹਿਲੀ ਵਾਰ ਕੀਤੀ ਹੈ। ਮਿਜ਼ਾਈਲ ਦਾਗੇ ਜਾਣ ਕਾਰਨ ਜਾਪਾਨ ਨੂੰ ਅੱਜ ਇਮਾਰਤਾਂ ਖਾਲੀ ਕਰਨ ਤੇ ਰੇਲ ਗੱਡੀਆਂ ਬੰਦ ਕਰਨ ਦੇ ਹੁਕਮ ਜਾਰੀ ਕਰਨੇ ਪਏ। ਦੱਸਣਯੋਗ ਹੈ ਕਿ ਪਰਮਾਣੂ ਸਮਰੱਥਾ ਵਾਲੀ ਇਹ ਮਿਜ਼ਾਈਲ ਜਾਪਾਨ ਦੇ ਉਪਰੋਂ ਗੁਜ਼ਰੀ ਹੈ ਤੇ ਇਹ ਅਮਰੀਕੀ ਖੇਤਰ



ਗੁਆਮ ਤੇ ਉਸ ਤੋਂ ਵੀ ਅੱਗੇ ਤੱਕ ਵੀ ਮਾਰ ਕਰ ਸਕਦੀ ਹੈ। ਇਸ ਵਰ੍ਹੇ 'ਚ ਇਹ ਉੱਤਰੀ ਕੋਰੀਆ ਦੀ ਸਭ ਤੋਂ ਭੜਕਾਊ ਕਾਰਵਾਈ ਮੰਨੀ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਪਰਮਾਣੂ ਤਾਕਤ ਨਾਲ ਪੂਰੀ ਤਰ੍ਹਾਂ ਸਮਰੱਥ ਹੋਣ ਲਈ ਉੱਤਰੀ ਕੋਰੀਆ ਲਗਾਤਾਰ ਮਿਜ਼ਾਈਲਾਂ ਦਾਗ ਰਿਹਾ ਹੈ। ਅਮਰੀਕਾ ਨੇ ਕੋਰੀਆ ਦੀ ਕਾਰਵਾਈ ਦੀ ਨਿਖੇਧੀ ਕੀਤੀ ਹੈ ਤੇ ਇਸ ਮਿਜ਼ਾਈਲ ਨੂੰ 'ਲੰਮੀ ਦੂਰੀ ਤੱਕ ਮਾਰ ਕਰਨ ਵਾਲੀ ਬੈਲਿਸਟਿਕ ਮਿਜ਼ਾਈਲ' ਦੱਸਿਆ ਹੈ।

## ਭਾਰਤੀ ਮੂਲ ਦੇ ਵਿਵੇਕ ਲਾਲ ਨੂੰ ਅਮਰੀਕੀ ਰਾਸ਼ਟਰਪਤੀ ਨੇ ਲਾਈਫਟਾਈਮ ਅਚੀਵਮੈਂਟ ਐਵਾਰਡ ਨਾਲ ਕੀਤਾ ਸਨਮਾਨਿਤ

**ਵਾਸ਼ਿੰਗਟਨ–** ਜਨਰਲ ਐਟਾਮਿਕਸ ਗਲੋਬਲ ਕਾਰਪੋਰੇਸ਼ਨ ਦੇ ਮੁੱਖ ਕਾਰਜਕਾਰੀ ਭਾਰਤੀ ਮੂਲ ਦੇ ਡਾ। ਵਿਵੇਕ ਲਾਲ ਨੂੰ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ 'ਵਿਦ ਗ੍ਰੇਟਫੁਲ ਰਿਕੋਗਨੇਸ਼ਨ' ਦੇ ਮਾਣ–ਪੱਤਰ ਦੇ ਨਾਲ ਲਾਈਫਟਾਈਮ ਅਚੀਵਮੈਂਟ ਐਵਾਰਡ ਨਾਲ ਸਨਮਾਨਿਤ ਕੀਤਾ ਹੈ। ਅਧਿਕਾਰਕ ਬਿਆਨ ਮੁਤਾਬਕ, ਅਮਰੀਕੀ ਰਾਸ਼ਟਰਪਤੀ ਵੱਲੋਂ ਇਸ 'ਤੇ ਵਿਅਕਤੀਗਤ ਰੂਪ ਨਾਲ ਦਸਤਖ਼ਤ ਵੀ ਕੀਤੇ ਗਏ ਸੀ। ਵਿਚਿਟਾ ਸਟੇਟ ਯੂਨੀਵਰਸਿਟੀ ਤੋਂ ਏਅਰੋਸਪੇਸ ਇੰਜੀਨੀਅਰਿੰਗ ਵਿਚ ਪੀਐੱਚਡੀ ਡਾ ਲਾਲ ਨੂੰ ਅਮੈਰੀਕਾਰਪਸ ਅਤੇ ਰਾਸ਼ਟਰਪਤੀ ਵੱਲੋਂ ਸਨਮਾਨ ਪੱਤਰ ਦਿੱਤਾ ਗਿਆ। ਅਮੈਰੀਕਾਰਪਸ ਅਮਰੀਕੀ ਸਰਕਾਰ ਨਾਲ ਜੁੜ੍ਹਿਆ ਸੰਗਠਨ ਹੈ। ਇਸ ਦਾ ਉਦੇਸ਼ ਉਨ੍ਹਾਂ ਸਰਗਰਮੀਆਂ ਨੂੰ ਵਧਾਉਣਾ ਹੈ, ਜੋ ਅਮਰੀਕੀਆਂ ਨੂੰ ਭਾਈਚਾਰਕ ਸੇਵਾ ਨਾਲ ਜੋੜ੍ਹਦੀ ਹੈ। ਜਨਰਲ ਐਟਾਮਿਕਸ ਗਲੋਬਲ ਕਾਰਪੋਰੇਸ਼ਨ, ਪਰਮਾਣੂ ਤਕਨੀਕ ਦੇ ਖ਼ਾਸ ਖੇਤਰਾਂ ਵਿਚ ਦੁਨੀਆ ਦੀ ਅਗਾਂਹਵਧੂ ਕੰਪਨੀ ਹੈ। ਇਸ ਨੇ ਪ੍ਰੇਡੇਟਰ, ਰੀਪਰ ਅਤੇ ਗਾਰਜੀਅਨ ਡ੍ਰੋਨ ਵਰਗੇ ਅਤਿ–ਆਧੁਨਿਕ ਮਾਨਵ ਰਹਿਤ ਹਵਾਈ ਵਾਹਨ (ਯੂਏਵੀ) ਵਿਕਸਿਤ ਕੀਤੇ ਹਨ। ਜਨਰਲ ਐਟਾਮਿਕਸ ਗਲੋਬਲ ਕਾਰਪੋਰੇਸ਼ਨ ਤੋਂ ਪਹਿਲਾਂ ਡਾ ਲਾਲ ਨਾਸਾ ਵਿਚ ਵੀ ਕੰਮ ਕਰ ਚੁੱਕੇ ਹਨ।



### ਚਾਰ ਭਾਰਤੀ ਮੂਲ ਦੇ ਅੱਲ੍ਹੜਾਂ ਨੂੰ ਗਲੋਰੀਆ ਬੈਰਨ ਪੁਰਸਕਾਰ

ਲੋਕਾਂ ਦੇ ਜੀਵਨ, ਭਾਈਚਾਰਕ ਤੇ ਵਾਤਾਵਰਨ ਵਿਚ ਸਕਾਰਾਤਮਕ ਬਦਲਾਅ ਲਿਆਉਣ ਲਈ ਚਾਰ ਭਾਰਤੀ–ਅਮਰੀਕੀ ਅੱਲ੍ਹੜਾਂ ਨੂੰ ਯੰਗ ਹੀਰੋਜ਼ ਲਈ ਗਲੋਰੀਆ ਬੈਰਨ ਪੁਰਸਕਾਰ ਮਿਲਿਆ ਹੈ। ਜੇਤੂਆਂ ਵਿਚ ਫਲੋਰਿਡਾ ਦੀ 17 ਸਾਲਾ ਕਰੀਨਾ ਸੈਮੂਅਲ, ਕੈਲੀਫੋਰਨੀਆ ਤੋਂ 17 ਸਾਲਾ ਕਰੁਣ ਕੌਸ਼ਿਕ, ਓਹੀਓ ਤੋਂ 18 ਸਾਲਾ ਲਲਿਤਾ ਅਚਾਰੀਆ ਅਤੇ ਨਿਊ ਜਰਸੀ ਤੋਂ 13 ਸਾਲਾ ਸ੍ਰੀ ਨਿਹਾਲ ਤਮੰਨਾ ਸ਼ਾਮਲ ਹਨ। ਲੇਖਕ ਟੀਏ ਬੈਰਨ ਵੱਲੋਂ 2001 ਵਿਚ ਸਥਾਪਤ ਬੈਰਨ ਪੁਰਸਕਾਰ ਇਕ ਗ਼ੈਰ–ਲਾਭਕਾਰੀ ਸੰਗਠਨ ਹੈ, ਜੋ ਹਰ ਸਾਲ 8 ਤੋਂ 18 ਦੀ ਉਮਰ ਦੇ 25 ਸਰਬੋਤਮ ਨੌਜਵਾਨਾਂ ਨੂੰ ਸਨਮਾਨਿਤ ਕਰਦਾ ਹੈ। ਹਰ ਸਾਲ 15 ਟਾਪ ਜੇਤੂਆਂ ਨੂੰ ਪੁਰਸਕਾਰ ਸਵਰੂਪ 10 ਹਜ਼ਾਰ ਡਾਲਰ ਦਿੱਤਾ ਜਾਂਦਾ ਹੈ।

## ਸਿੱਧੂ ਮੂਸੇਵਾਲਾ ਕਤਲਕਾਂਡ 'ਚ ਸ਼ਾਮਲ ਟੀਨੂੰ ਦੇ ਫਰਾਰ ਹੋਣ 'ਚ ਕਈ ਪੈਂਤੜੇ

**ਚੰਡੀਗੜ੍ਹ–** ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਕਤਲ ਕਾਂਡ ਦੇ ਮੁਲਜ਼ਮ ਗੈਂਗਸਟਰ ਦੀਪਕ ਟੀਨੂੰ ਦੇ ਭਗੌੜੇ ਮਾਮਲੇ ਵਿੱਚ ਕਈ ਪੇਚੀਦਗੀਆਂ ਹਨ। ਸੀਆਈਏ ਮਾਨਸਾ ਦੇ ਇੰਚਾਰਜ ਏਐਸਆਈ ਪ੍ਰਿਤਪਾਲ ਸਿੰਘ ਖ਼ੁਦ ਟੀਨੂੰ ਨੂੰ ਆਪਣੀ ਕਾਰ ਵਿੱਚ ਘਰ ਲੈ ਗਏ ਅਤੇ ਉਸ ਨੂੰ ਆਪਣੀ ਪ੍ਰੇਮਿਕਾ ਨੂੰ ਮਿਲਣ ਦਾ ਮੌਕਾ ਦਿੱਤਾ। ਪੁਲਿਸ ਅਧਿਕਾਰੀ ਹੁਣ ਜਾਂਚ ਕਰ ਰਹੇ ਹਨ ਕਿ ਕੀ ਪ੍ਰਿਤਪਾਲ ਹੀ ਗੈਂਗਸਟਰਾਂ ਨੂੰ ਹਥਿਆਰ ਸਪਲਾਈ ਕਰਦਾ ਸੀ। ਆਈਜੀ ਐਮਐਸ ਛੀਨਾ ਨੇ ਬੀਤੇ ਦਿਨ ਵੀ ਮੁਲਜ਼ਮ ਪ੍ਰਿਤਪਾਲ ਸਿੰਘ ਤੋਂ ਤਿੰਨ ਘੰਟੇ ਪੁੱਛਗਿੱਛ ਕੀਤੀ। ਉਨ੍ਹਾਂ ਮਾਨਸਾ ਪੁਲੀਸ ਨੂੰ ਮੁਲਜ਼ਮਾਂ ਨਾਲ ਸਖ਼ਤੀ ਨਾਲ ਨਜਿੱਠਣ ਲਈ ਕਿਹਾ ਹੈ। ਉਨ੍ਹਾਂ ਕਿਹਾ ਕਿ ਜੇਕਰ ਉਨ੍ਹਾਂ ਨੂੰ ਰਿਪੋਰਟ ਮਿਲੀ ਕਿ ਪ੍ਰਿਤਪਾਲ ਨਾਲ ਨਰਮੀ ਵਾਲਾ ਸਲੂਕ ਕੀਤਾ ਜਾ ਰਿਹਾ ਹੈ ਤਾਂ ਅਜਿਹੇ ਮੁਲਾਜ਼ਮਾਂ ਤੇ ਅਧਿਕਾਰੀਆਂ ਦਾ ਭਲਾ ਨਹੀਂ ਹੋਵੇਗਾ। ਪ੍ਰਿਤਪਾਲ ਨਾਲ ਗੱਲਬਾਤ ਕਰਦਿਆਂ ਇਸ ਗੱਲ ਤੋਂ ਪੱਲਾ ਝਾੜ ਲਿਆ ਕਿ ਉਸ ਨੇ ਮਾਨਸਾ ਪੁਲਿਸ ਦਾ ਹੀ ਨਹੀਂ ਸਗੋਂ ਪੰਜਾਬ ਪੁਲਿਸ ਦਾ ਨਾਮ ਮਿੱਟੀ ਵਿੱਚ ਮਿਲਾ ਦਿੱਤਾ ਹੈ।

ਡੀਜੀਪੀ ਗੌਰਵ ਯਾਦਵ ਨੇ ਪਟਿਆਲਾ ਰੇਂਜ ਦੇ ਆਈਜੀ ਐਮਐਸ ਛੀਨਾ ਦੀ ਅਗਵਾਈ ਵਿੱਚ ਚਾਰ ਮੈਂਬਰੀ ਵਿਸ਼ੇਸ਼ ਜਾਂਚ ਟੀਮ (ਐਸਆਈਟੀ) ਦਾ ਗਠਨ ਕੀਤਾ ਹੈ। ਏਆਈਜੀ ਉਪਿੰਦਰਜੀਤ ਸਿੰਘ ਘੁੰਮਣ, ਐਸਐਸਪੀ ਮਾਨਸਾ ਗੌਰਵ ਤੂਰਾ ਅਤੇ ਡੀਐਸਪੀ ਬਿਕਰਮ ਬਰਾੜ ਨੂੰ ਐਸਆਈਟੀ ਵਿੱਚ ਸ਼ਾਮਲ ਕੀਤਾ ਗਿਆ ਹੈ। ਦੂਜੇ ਪਾਸੇ ਟੀਨੂੰ ਨੂੰ ਭੱਜਣ ਵਿੱਚ ਮਦਦ ਕਰਨ ਦੇ ਦੋਸ਼ ਵਿੱਚ ਸੀਆਈਏ ਮਾਨਸਾ ਦੇ ਇੰਚਾਰਜ ਏਐਸਆਈ ਪ੍ਰਿਤਪਾਲ ਸਿੰਘ ਦੇ ਘਰੋਂ ਇੱਕ ਨਜਾਇਜ਼ ਰਿਵਾਲਵਰ ਅਤੇ ਦੋ ਪਿਸਤੌਲ ਬਰਾਮਦ ਹੋਏ ਹਨ।

ਪੁਲਿਸ ਨੇ ਹਥਿਆਰਾਂ ਨੂੰ ਕਬਜ਼ੇ 'ਚ ਲੈ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਤਿੰਨੋਂ ਕਿਸੇ ਕੰਪਨੀ ਨਾਲ ਮਾਰਕ ਨਹੀਂ ਕੀਤੇ ਗਏ ਸਨ। ਹੁਣ ਤੱਕ ਦੀ ਪੁਲਿਸ ਜਾਂਚ ਵਿੱਚ ਇਹ ਗੱਲ ਸਾਹਮਣੇ ਆਈ ਹੈ ਕਿ ਪ੍ਰਿਤਪਾਲ ਸਿੰਘ ਦੀਪਕ ਆਪਣੀ ਮਹਿਲਾ ਦੋਸਤ ਨੂੰ ਮਿਲਣ ਲਈ ਟੀਨੂੰ ਨੂੰ ਆਪਣੇ ਘਰ ਲੈ ਗਿਆ ਸੀ। ਉਨ੍ਹਾਂ ਨੂੰ ਵੱਖਰਾ ਕਮਰਾ ਦੇ ਕੇ ਉਹ ਆਪ ਸੌਂ ਗਿਆ। ਇਸ ਤੋਂ ਬਾਅਦ ਦੋਵੇਂ ਉਥੋਂ ਭੱਜ ਗਏ।

ਪ੍ਰਿਤਪਾਲ ਨੂੰ ਹੱਥਕੜੀ ਨਾ ਲਾਉਣਾ ਚਰਚਾ ਦਾ ਵਿਸ਼ਾ ਬਣ ਗਿਆ। ਪ੍ਰਿਤਪਾਲ ਖ਼ਿਲਾਫ਼ ਕੇਸ ਦਰਜ ਕਰਨ ਤੋਂ ਬਾਅਦ ਜਦੋਂ ਉਸ ਨੂੰ ਮੈਡੀਕਲ ਕਰਵਾਉਣ ਲਈ ਹਸਪਤਾਲ ਲਿਜਾਇਆ ਗਿਆ ਤਾਂ ਉਸ ਨੂੰ ਨਾ ਤਾਂ ਹੱਥਕੜੀ ਲੱਗੀ ਹੋਈ ਸੀ ਅਤੇ ਨਾ ਹੀ ਹੱਥ ਫੜਿਆ ਗਿਆ ਸੀ। ਇਸ ਤੋਂ ਬਾਅਦ ਜਦੋਂ ਉਸ ਨੂੰ ਅਦਾਲਤ ਵਿੱਚ ਪੇਸ਼ ਕੀਤਾ ਗਿਆ ਤਾਂ ਉਸ ਦਾ ਹੱਥ ਨਹੀਂ ਫੜਿਆ ਗਿਆ। ਉਹ ਮੁਲਜ਼ਮਾਂ ਵਾਂਗ ਨਹੀਂ ਸਗੋਂ ਅਫ਼ਸਰ ਵਾਂਗ ਹਸਪਤਾਲ ਤੇ ਅਦਾਲਤ ਗਿਆ। ਇਸ ਕਾਰਨ ਇਹ ਚਰਚਾ ਦਾ ਵਿਸ਼ਾ ਬਣ ਗਿਆ ਹੈ।

ਦੀਪਕ ਟੀਨੂੰ ਦੀ ਬਰਬਾਦੀ ਵਿੱਚ ਹੋਰ ਕੌਣ–ਕੌਣ ਸ਼ਾਮਲ ਹੈ, ਇਸ ਦੀ ਜਾਂਚ ਕੀਤੀ ਜਾ ਰਹੀ ਹੈ। ਆਈਜੀ ਹੈੱਡਕੁਆਰਟਰ ਡਾ।ਸੁਖਚੈਨ ਸਿੰਘ ਨੇ ਦੱਸਿਆ ਕਿ ਪ੍ਰਿਤਪਾਲ ਸਿੰਘ ਦੇ ਵਿੱਤੀ ਵੇਰਵਿਆਂ ਅਤੇ ਹੋਰ ਕਾਲ ਡਿਟੇਲ ਦੀ ਵੀ ਜਾਂਚ ਕੀਤੀ ਜਾ ਰਹੀ ਹੈ। ਇੱਕ ਮਹੀਨੇ ਵਿੱਚ ਪ੍ਰਿਤਪਾਲ ਸਿੰਘ ਕਿੱਥੇ ਗਿਆ? ਉਸ ਨੇ ਕਿਸ ਨਾਲ ਗੱਲ ਕੀਤੀ, ਇਸ ਦੇ ਲਈ ਸੀਸੀਟੀਵੀ ਫੁਟੇਜ ਅਤੇ ਕਾਲ ਡਿਟੇਲ ਦੇਖੀ ਜਾ ਰਹੀ ਹੈ।

# ਨਿਆਇਕ ਵਿਵਸਥਾ ਅਤੇ ਫਿਰਕਾਪ੍ਰਸਤੀ



ਹਰਦੀਪ ਸਿੰਘ ਚੁੰਬਰ
91-94636-01616

ਮਾਨਯੋਗ ਮੰਤਰੀ ਜੀ ਦੁਆਰਾ ਪੰਚਾਇਤਾਂ ਦੇ ਗਠਨ ਦੇ ਸਬੰਧੀ ਬਿਲ ਪੇਸ਼ ਕੀਤਾ ਅਤੇ ਕੌਂਸਲ ਵਿੱਚ ਇਸ ਨੂੰ ਬਹਿਸ ਲਈ ਸੱਤ ਦਿਨਾਂ ਦੇ ਸਮੇਂ ਲਈ ਰੱਖ ਦਿੱਤਾ ਸੀ। ਬਿਲ ਵਿੱਚ ਹੋਰ ਕਈ ਕੰਮਾਂ ਦੇ ਨਾਲ ਪੰਚਾਇਤਾਂ ਨੂੰ ਨਿਆਇਕ ਸ਼ਕਤੀਆਂ ਦੇਣ ਦਾ ਪ੍ਰਬੰਧ ਕਰਨਾ ਸੀ।

ਪਿਛਲੇ ਹਫ਼ਤੇ 9 ਫਰਵਰੀ 1933 ਨੂੰ ਡਾ ਅੰਬੇਡਕਰ ਨੇ ਆਪਣੇ ਭਾਸ਼ਨ ਵਿੱਚ ਬਿਲ ਦੇ ਸੁਧਾਰ ਲਈ ਪੰਚਾਇਤਾਂ ਦੇ ਬਾਲਗ ਵੋਟਰਾਂ ਦੁਆਰਾ ਚੁਣਾਓ ਵਿੱਚ ਘੱਟ ਗਿਣਤੀਆਂ ਅਤੇ ਬੇਦਖ਼ਲ ਅਛੂਤ ਸਮਾਜ ਦੀ ਪ੍ਰਤੀਨਿਧਤਾ ਲਈ ਸੁਝਾਓ ਦਿੱਤੇ ਸਨ। ਉਹਨਾ ਕਿਹਾ ਸੀ ਕਿ ਪੰਚਾਇਤ ਵਿੱਚ ਚੁਣੇ ਹੋਏ ਪ੍ਰਤੀਨਿਧੀਆਂ ਨੂੰ ਕਾਨੂੰਨ ਦਾ ਗਿਆਨ ਨਹੀਂ ਹੋ ਸਕਦਾ, ਇਸ ਲਈ ਨਿਆਇ ਦਾ ਕੰਮ ਜੋ ਅਦਾਲਤਾਂ ਦਾ ਹੈ ਉਹ ਪੰਚਾਇਤਾਂ ਨੂੰ ਨਾਂ ਦਿੱਤਾ ਜਾਵੇ।

ਭਾਰਤ ਜਾਤੀਵਾਦੀ ਦੇਸ਼ ਹੈ। ਕੁਝ ਅੰਤਰ ਜਾਤੀ ਮਾਮਲਿਆਂ ਵਿੱਚ ਬ੍ਰਾਹਮਣ ਜੱਜਾਂ ਦੇ ਪੱਖਪਾਤੀ ਅਤੇ ਫਿਰਕੂ ਹੋਣ ਦੀ ਗੱਲ ਕਹੀ ਸੀ। ਲੇਕਿਨ ਸਭਾ ਦੇ ਮੈਂਬਰ ਰਾਓ ਬਹਾਦੁਰ ਆਰ।ਆਰ ਕਾਲੇ ਨੇ ਇਸ ਟਿੱਪਣੀ ਨੂੰ ਸਮੁੱਚੀ ਨਿਆਂਪਾਲਿਕਾ ਨੂੰ ਫਿਰਕੂ ਮੰਨਦੇ ਹੋਏ ਟਿੱਪਣੀ ਦੀ ਗੰਭੀਰ ਨਿੰਦਿਆ ਕੀਤੀ ਸੀ। ਕਿਹਾ ਸੀ ਕਿ ਮੈਨੂੰ ਬਹੁਤ ਦੁੱਖ ਹੋਇਆ ਜਦੋਂ ਮੈਂ ਆਪਣੇ ਸਤਿਕਾਰਯੋਗ ਦੋਸਤ ਡਾ। ਅੰਬੇਡਕਰ ਨੂੰ ਇਹ ਕਹਿੰਦੇ ਸੁਣਿਆ, "ਮੈਂ ਜਾਣਦਾ ਹਾਂ ਕਿ ਸਾਡੇ ਕੋਲ ਕਿਹੋ ਜਿਹੀ ਨਿਆਂਪਾਲਿਕਾ ਹੈ, ਉਹ ਕੇਸਾਂ ਦੇ ਨਿਪਟਾਰੇ ਵਿੱਚ ਫਿਰਕੂ ਵਿਚਾਰਾਂ ਦੁਆਰਾ ਪ੍ਰਭਾਵਤ ਹੁੰਦੀ ਹੈ"।

ਰਾਓ ਬਹਾਦੁਰ ਆਰ।ਆਰ ਕਾਲੇਦੁਆਰਾ ਸਦਨ ਵਿੱਚ ਇਹ ਉਸ ਸਮੇ ਕਿਹਾ ਗਿਆ ਸੀ ਜਦੋਂ ਡਾ। ਅੰਬੇਡਕਰ ਸਦਨ ਤੋਂ ਬਾਹਰ ਜਾ ਚੁੱਕੇ ਸਨ। ਸਭਾ ਚੱਲ ਰਹੀ ਸੀ ਇਸ ਲਈ ਉਸ ਦਿਨ ਦੀ ਕਾਰਵਾਈ ਦੀ ਲਿਖਤੀ ਦਸਤਾਵੇਜ਼ੀ ਨਕਲ ਕਾਪੀ ਕਿਸੇ ਨੂੰ ਦੇਣ ਲਈ ਉਪਲਭਦ ਨਹੀਂ ਹੋ ਸਕਦੀ ਸੀ।

13 ਫਰਵਰੀ ਨੂੰ ਦੁਬਾਰਾ ਸਭਾ ਦੀ ਕਾਰਵਾਈ ਸੁਰੂ ਹੋਈ। ਡਾ ਬੀ ਆਰ ਅੰਬੇਡਕਰ ਨੇ ਕਿਹਾ ਕਿ ਸ੍ਰੀਮਾਨ ਸਭਾਪਤੀ ਜੀ, ਮੈਂ ਪਿਛਲੇ ਸ਼ਨੀਵਾਰ ਨੂੰ ਮੇਰੇ ਸਤਿਕਾਰਯੋਗ ਮਿੱਤਰ ਰਾਓ ਬਹਾਦੁਰ ਚਿਤਲੇ ਦੁਆਰਾ ਕੁਝ ਟਿੱਪਣੀਆਂ ਦੀ ਵਾਜਬੀਅਤ ਦੇ ਰੂਪ ਵਿੱਚ ਉਠਾਏ ਗਏ ਇਤਰਾਜ਼ ਸਬੰਧ ਵਿੱਚ ਆਪਣਾ ਸਪੱਸ਼ਟੀਕਰਨ ਦੇਣ ਲਈ ਤੁਹਾਡੀ ਇਜਾਜ਼ਤ ਦੀ ਮੰਗ ਕਰਦਾ ਹਾਂ।


ਮੇਰੇ ਸਤਿਕਾਰਯੋਗ ਮਿੱਤਰ ਮਿੱਠਾ ਜੀ ਦੁਆਰਾ ਬਿਲ ਦੀ ਪੇਸ਼ ਕੀਤੀ ਸੋਧ ਦੇ ਸਬੰਧ ਵਿੱਚ ਪਿਛਲੇ ਸ਼ੁੱਕਰਵਾਰ ਨੂੰ ਮੇਰੇ ਭਾਸ਼ਣ ਦੌਰਾਨ ਮੇਰੇ ਦੁਆਰਾ ਜਿਕਰ ਕੀਤਾ ਗਿਆ ਸੀ। ਸਰ, ਮੈਂ ਸ਼ਨੀਵਾਰ ਨੂੰ ਇਹ ਸਪੱਸ਼ਟੀਕਰਨ ਦੇਣ ਲਈ ਬਹੁਤ ਬੇਚੈਨ ਸੀ ਜਦੋਂ ਇਹ ਨੁਕਤਾ ਉਠਾਇਆ ਗਿਆ ਸੀ। ਪਰ ਮੈਂ ਦਫ਼ਤਰ ਤੋਂ ਆਪਣੇ ਭਾਸ਼ਣ ਦੀ ਕਾਪੀ ਅਤੇ ਪੁਆਇੰਟ ਆਫ਼ ਆਰਡਰ ਦੇ ਸਬੰਧ ਵਿੱਚ ਮਾਣਯੋਗ ਮੈਂਬਰਾਂ ਵੱਲੋਂ ਦਿੱਤੇ ਬਿਆਨਾਂ ਦੀਆਂ ਕਾਪੀਆਂ ਪ੍ਰਾਪਤ ਨਹੀਂ ਕਰ ਸਕਿਆ। ਮੈਨੂੰ ਦਫ਼ਤਰ ਵੱਲੋਂ ਕਿਹਾ ਗਿਆ ਸੀ ਕਿ ਕੌਂਸਲ ਦੇ ਉੱਠਣ ਤੋਂ ਪਹਿਲਾਂ ਉਨ੍ਹਾਂ ਲਈ ਨਕਲ ਦੀ ਕਾਪੀ ਮੈਨੂੰ ਸੌਂਪਣਾ ਸੰਭਵ ਨਹੀਂ ਹੋਵੇਗਾ। ਸਿੱਟੇ ਵਜੋਂ ਮੈਨੂੰ ਆਪਣਾ ਸਪੱਸ਼ਟੀਕਰਨ ਦੇਣ ਲਈ ਇਸ ਘੰਟੇ ਤੱਕ ਮੁਲਤਵੀ ਕਰਨਾ ਪਿਆ।

ਮੈਨੂੰ ਬਹੁਤ ਅਫ਼ਸੋਸ ਹੈ ਕਿ ਕੀ ਇਸ ਪੁਆਇੰਟ ਨੂੰ ਪਹਿਲਾਂ ਇਹ ਪਤਾ ਲਗਾਏ ਬਿਨਾਂ ਉਠਾਇਆ ਜਾਣਾ ਚਾਹੀਦਾ ਸੀ ਕਿ ਕੀ ਕੌਂਸਲ ਨੇ ਮੇਰਾ ਬਿਆਨ ਰਿਕਾਰਡ ਕਰਨ ਲਈ ਸਵੀਕਾਰ ਕੀਤਾ ਹੈ ਜਾਂ ਨਹੀਂ। ਇਹ ਨਿਆਂ ਦੇ ਮੁਢਲੇ ਸਿਧਾਂਤਾਂ ਵਿੱਚੋਂ ਇੱਕ ਹੈ, ਸਰ, ਮੈਂ ਪੂਰੀ ਨਿਮਰਤਾ ਨਾਲ ਪੇਸ਼ ਕਰਦਾ ਹਾਂ, ਕਿ ਕੋਈ ਵੀ ਸਿੱਟਾ ਨਹੀਂ ਕੱਢਿਆ ਜਾਣਾ ਚਾਹੀਦਾ, ਜਦੋਂ ਤੱਕ ਉਸਦਾ ਸਪੱਸ਼ਟੀਕਰਨ ਨਹੀਂ ਹੋ ਜਾਂਦਾ।

ਮੈਨੂੰ ਅਫ਼ਸੋਸ ਹੈ ਕਿ ਮੈਨੂੰ ਇਸ ਨਿਯਮ ਦਾ ਲਾਭ ਨਹੀਂ ਲੈਣ ਦਿੱਤਾ ਗਿਆ। ਮੇਰੇ ਸਤਿਕਾਰਯੋਗ ਮਿੱਤਰ ਸ੍ਰੀ ਕਾਮਤ ਵੱਲੋਂ ਕੀਤੀ ਗਈ ਦਲੀਲ ਦੇ ਆਧਾਰ 'ਤੇ ਕਿਹਾ ਗਿਆ ਕਿ ਮੈਂ ਇਸ ਸ਼ਿਸ਼ਟਾਚਾਰ ਦਾ ਇਸ ਆਧਾਰ 'ਤੇ ਲਾਭ ਲੈਣ ਦਾ ਹੱਕਦਾਰ ਨਹੀਂ ਸੀ ਕਿ ਸ਼ੁੱਕਰਵਾਰ ਨੂੰ ਭਾਸ਼ਣ ਦੇਣ ਤੋਂ ਬਾਅਦ ਮੇਰਾ ਅਚਾਨਕ ਚਲੇ ਜਾਣਾ ਸੰਸਦੀ ਨਿਯਮਾਂ ਦੀ ਉਲੰਘਣਾ ਹੈ। ਸ਼ਿਸ਼ਟਾਚਾਰ ਦੇ ਨਿਯਮਾਂ ਦੇ ਸਬੰਧ ਵਿੱਚ ਮਾਨਯੋਗ ਮੈਂਬਰ ਸ੍ਰੀ ਕਾਮਤ ਤੋਂ ਸਿੱਖਣ ਲਈ ਹਮੇਸ਼ਾਂ ਤਿਆਰ ਰਹਿਣਾ ਚਾਹੀਦਾ ਹੈ।

ਇਸ ਵਿਸ਼ੇਸ਼ ਮਾਮਲੇ ਵਿੱਚ, ਮੈਂ ਇਹ ਕਹਿਣ ਦਾ ਹਿੰਮਤ ਕਰਦਾ ਹਾਂ ਕਿ ਸ਼ਿਸ਼ਟਾਚਾਰ ਦਾ ਨਿਯਮ ਲਾਗੂ ਨਹੀਂ ਹੋ ਸਕਦਾ। ਜੇਕਰ ਮੈਂ ਨਿਯਮ ਨੂੰ ਸਹੀ ਤਰ੍ਹਾਂ ਸਮਝ ਲਿਆ ਹੈ, ਤਾਂ ਇਹ ਦਰਸਾਉਂਦਾ ਹੈ ਕਿ ਕਿਸੇ ਮੈਂਬਰ ਨੂੰ ਆਪਣੇ ਭਾਸ਼ਣ ਤੋਂ ਬਾਅਦ ਸਦਨ ਤੋਂ ਬਾਹਰ ਨਹੀਂ ਜਾਣਾ ਚਾਹੀਦਾ ਪਰ ਜਵਾਬ ਸੁਣਨ ਲਈ ਉਡੀਕ ਕਰਨੀ ਚਾਹੀਦੀ ਹੈ ਅਤੇ ਇਹ ਉਦੋਂ ਹੀ ਲਾਗੂ ਹੁੰਦਾ ਹੈ ਜਦੋਂ ਮੈਂਬਰ ਨੇ ਆਪਣੇ ਭਾਸ਼ਣ ਦੌਰਾਨ ਸਦਨ ਦੇ ਕਿਸੇ ਹੋਰ ਮੈਂਬਰ 'ਤੇ ਵਿਅਕਤੀਗਤ ਤੌਰ 'ਤੇ ਅਤੇ ਨਿੱਜੀ ਤੌਰ 'ਤੇ ਹਮਲਾ ਕੀਤਾ ਹੋਵੇ। ਇਹ ਮੇਰੀ ਰਾਏ ਵਿੱਚ, ਅਜਿਹੇ ਕੇਸ ਵਿੱਚ ਨਹੀਂ ਹੋ ਸਕਦਾ ਜਿੱਥੇ ਇੱਕ ਮੈਂਬਰ ਨੇ ਆਮ ਤੌਰ 'ਤੇ ਜਾਣੇ-ਪਛਾਣੇ ਤੱਥਾਂ ਦੇ ਅਧਾਰ ਤੇ ਆਮ ਦਲੀਲਾਂ ਦੀ ਤਾਕੀਦ ਕੀਤੀ ਹੋਵੇ।

ਇਤਰਾਜ਼ ਇੰਨਾ ਵਧਾਇਆ ਗਿਆ, ਸਰ, ਮੈਂ ਇਹ ਬੇਨਤੀ ਕਰਦਾ ਹਾਂ ਕਿ ਨਿਯਮ ਇਹ ਲਾਜ਼ਮੀ ਕਰੋ ਕਿ ਬਹਿਸ




ਵਿਚ ਹਿੱਸਾ ਲੈਣ ਵਾਲੇ ਹਰ ਮੈਂਬਰ ਨੂੰ ਹਰ ਸਮੇਂ ਸਵਾਲ ਉਠਾਏ ਜਾਣ ਤੱਕ ਹਾਜ਼ਰ ਰਹਿਣਾ ਜਾਰੀ ਰੱਖਣਾ ਚਾਹੀਦਾ ਹੈ ਅਤੇ ਬਹਿਸ ਵਿਚ ਹਰ ਭਾਸ਼ਣ ਸੁਣਨਾ ਚਾਹੀਦਾ ਹੈ।

ਮੈਂ ਮਾਣਯੋਗ ਮੈਂਬਰ ਸ੍ਰੀ ਕਾਮਤ ਜਾਂ ਇਸ ਸਬੰਧੀ ਸਦਨ ਦੇ ਕਿਸੇ ਹੋਰ ਮਾਣਯੋਗ ਮੈਂਬਰ ਨੂੰ ਕੋਈ ਸਵਾਲ ਨਹੀਂ ਕੀਤਾ ਸੀ ਅਤੇ ਜਵਾਬ ਵਿੱਚ ਸੁਣਨ ਲਈ ਮੇਰੇ ਕੋਲ ਕੁਝ ਨਾ ਹੋਣ ਕਾਰਨ ਜਾ ਉਡੀਕ ਵਿੱਚ ਮੈਂ ਬੈਠਣਾ ਮੁਨਾਸਿਬ ਨਹੀਂ ਸਮਝਿਆ ਕਿਉਂਕਿ ਮੇਰਾ ਇੱਕ ਜ਼ਰੂਰੀ ਕੰਮ ਸੀ।

ਬਿਨਾਂ ਸਪੱਸ਼ਟੀਕਰਨ ਦੇ ਨਿੰਦਾ ਕਰਨ ਦੇ ਨਿਯਮ ਦੇ ਲਾਭ ਦੀ ਇਜਾਜ਼ਤ ਨਹੀਂ ਦੇਣੀ ਬਣਦੀ, ਇਕ ਹੋਰ ਕਾਰਨ ਹੈ ਕਿ ਮੈਂ ਸਭਾ ਦਾ ਫੁੱਲ-ਟਾਈਮ ਮੈਂਬਰ ਨਹੀਂ ਅਤੇ ਇਹ ਵੀ ਕੋਈ ਨਿਸ਼ਚਿਤ ਨਹੀਂ ਹੋ ਸਕਦਾ ਕਿ ਮੈਂ ਕਦੋਂ ਹਾਜ਼ਰ ਹੋਵਾਂਗਾ ਕਦੋਂ ਨਹੀਂ। ਫਿਰ ਵੀ ਮੈਂ ਇਸ ਵਿੱਚ ਦਿੱਤੀ ਗਈ ਰਾਏ ਦੇ ਅੱਗੇ ਝੁਕਦਾ ਹਾਂ। ਸ਼ਾਇਦ ਇਹ ਵੀ ਇਕਬਾਲ ਕਰਨਾ ਚਾਹੀਦਾ ਹੈ ਕਿ ਸਭਾ ਦੀ ਹਾਜ਼ਰੀ ਵਿਚਬੇਨਿਯਮਤਾਵਾਂ ਵਿਚ ਆਪਣੇ ਤੌਰ ਤੇ ਮੈਂਵਧੇਰੇ ਨਿਯਮਤ ਹਾਂ, ਹਾਲਾਂਕਿ ਉਪਯੋਗਤਾ ਦੇ ਲਿਹਾਜ਼ ਨਾਲ ਮੈਂ ਇਹ ਕਹਿੰਦਾ ਹਾਂ ਕਿ ਮੈਂ ਇਸ ਸਦਨ ਦੇ ਅੰਦਰ ਜਾਂ ਬਾਹਰ ਜੋ ਵੀ ਕੰਮ ਕਰਨ ਦੇ ਯੋਗ ਹੋਇਆ ਹਾਂ, ਉਹ ਬਰਾਬਰੀ ਦੇ ਅਧਾਰ ਤੋਂ ਹੇਠਾਂ ਨਹੀਂ ਆਵੇਗਾ।

ਕੀ ਮੈਂ ਨਿਯਮਤ ਹਾਂ ਜਾਂ ਅਨਿਯਮਿਤ, ਇਹ ਸਵਾਲ ਨਹੀਂ ਹੈ, ਗੱਲ ਇਹ ਹੈ ਕਿ ਮੇਰੇ ਵਿਚਾਰ ਵਿੱਚ, ਜਦੋਂ ਮੈਂ ਬੋਲ ਰਿਹਾ ਸੀ ਤਾਂ ਮਾਣਯੋਗ ਮੈਂਬਰ ਨੇ ਤੁਰੰਤ ਇਹ ਮੁੱਦਾ ਕਿਉਂ ਨਹੀਂ ਉਠਾਇਆ? ਜੇਕਰ ਮੈਂ ਆਰਡਰ ਦੇ ਪੁਆਇੰਟ ਨੂੰ ਉਠਾਉਣ ਦੀ ਪ੍ਰਕਿਰਿਆ ਨੂੰ ਸਹੀ ਢੰਗ ਨਾਲ ਸਮਝਦਾ ਹਾਂ, ਤਾਂ ਪ੍ਰਕਿਰਿਆ ਇਹ ਹੋਣੀ ਚਾਹੀਦੀ ਹੈ ਕਿ ਕੋਈ ਮੈਂਬਰ ਜੋ ਸ਼ਿਕਾਇਤ ਕਰਨਾ ਚਾਹੁੰਦਾ ਹੈ, ਉਸ ਨੂੰ ਉਸ ਸਮੇਂ ਸਭਾਪਤੀ ਦੇ ਧਿਆਨ ਵਿੱਚ ਲਿਆਉਣਾ ਚਾਹੀਦਾ ਹੈ ਜਦੋਂ ਆਦੇਸ਼ ਦੀ ਕਥਿਤ ਉਲੰਘਣਾ ਹੁੰਦੀ ਹੈ।

ਮਾਣਯੋਗ ਮੈਂਬਰ ਲਈ ਇੱਕ ਨਿਰਪੱਖ ਅਤੇ ਸਹੀ ਪ੍ਰਕਿਰਿਆ ਇਹ ਸੀ ਕਿ ਜਦੋਂ ਮੈਂ ਬੋਲ ਰਿਹਾ ਸੀ ਜਾਂ ਨਿਰਪੱਖਤਾ ਵਿੱਚ ਉਹ ਨੋਟਿਸ ਦੇਣ ਲਈ ਪਾਬੰਦ ਸੀ ਤਾਂ ਤੁਰੰਤ ਪੁਆਇੰਟ ਆਫ ਆਰਡਰ ਉਠਾਉਣਾ ਸੀ। ਪੁਆਇੰਟ ਆਫ਼ ਆਰਡਰ ਦੇ ਮੈਟਰ ਦੇ ਸਬੰਧ ਵਿੱਚ, ਮੈਨੂੰ ਇੱਕ ਵਾਰ ਇਹ ਦੱਸਣਾ ਚਾਹੀਦਾ ਹੈ ਕਿ ਮੈਂ ਜੋ ਕੁਝ ਕਿਹਾ ਹੈ ਉਸ ਦੇ ਸਹੀ ਰਿਕਾਰਡ ਵਜੋਂ ਮੈਂ ਨਕਲ ਕਾਪੀ ਨੂੰ ਸਵੀਕਾਰ ਨਹੀਂ ਕਰਦਾ। ਨਕਲ ਕਾਪੀ ਇਸ ਤਰ੍ਹਾਂ ਪੜ੍ਹਦਾ ਹੈ ਜਿਵੇਂ ਕਿ ਮੈਂ ਪੂਰੀ ਨਿਆਂਪਾਲਿਕਾ 'ਤੇ ਸਮੁੱਚੀ ਉੱਤੇ ਦੋਸ਼ ਲਗਾ ਰਿਹਾ ਹਾਂ, ਜੋ ਨਿਸ਼ਚਿਤ ਤੌਰ 'ਤੇ ਮੇਰਾ ਇਰਾਦਾ ਜਾਂ ਉਦੇਸ਼ ਨਹੀਂ ਸੀ।

ਨਕਲ ਕਾਪੀ ਵਿੱਚ ਲਿਖਿਆ ਹੈ- "ਬ੍ਰਾਹਮਣ ਜੱਜ, ਜਦੋਂ ਉਹ ਬ੍ਰਾਹਮਣ ਮੁੱਦਈ ਅਤੇ ਬ੍ਰਾਹਮਣ ਪ੍ਰਤੀਵਾਦੀ ਵਿਚਕਾਰ ਮੁੱਦਿਆਂ ਦਾ ਫੈਸਲਾ ਕਰਨ ਲਈ ਬੈਠਦਾ ਹੈ, ਤਾਂ ਉਹ ਸਿਰਫ਼ ਇੱਕ ਜੱਜ ਵਜੋਂ ਫੈਸਲਾ ਕਰਦਾ ਹੈ" ਆਦਿ ਇਹ ਗਲਤ ਹੈ, ਮੈਂ ਉਸ ਕੇਸ ਦਾ ਹਵਾਲਾ ਨਹੀਂ ਦੇ ਰਿਹਾ ਸੀ ਜਿਸ ਵਿੱਚਇੱਕ ਵਿਵਾਦ ਲਈ ਧਿਰ ਬ੍ਰਾਹਮਣ ਸਨ। "ਸਿਰਫ਼ ਜੱਜ ਵਜੋਂ ਫੈਸਲਾ ਕਰਦਾ ਹੈ" ਦੇ ਸ਼ਬਦਾਂ ਤੋਂ ਬਾਅਦ "ਬਿਨਾਂ ਕਿਸੇ ਫਿਰਕੂ ਪੱਖਪਾਤ ਦੇ" ਸ਼ਬਦ ਨੂੰ ਛੱਡ ਦਿੱਤਾ ਗਿਆ ਹੈ। ਦੂਜਾ,ਮੈਂ ਉਨ੍ਹਾਂ ਕੇਸਾਂ ਦਾ ਜ਼ਿਕਰ ਕਰ ਰਿਹਾ ਸੀ ਜਿਨ੍ਹਾਂ ਵਿਚ ਧਿਰਾਂ ਬ੍ਰਾਹਮਣ ਅਤੇ ਗੈਰ-ਬ੍ਰਾਹਮਣ ਸਨ,ਮੇਰੇ ਬਿਆਨ ਦੇ ਮਹੱਤਵਪੂਰਨ ਸ਼ਬਦ ਵਾਕ ਵਿੱਚੋਂ ਛੱਡ ਦਿੱਤੇ ਗਏ ਹਨ- "ਨਿਆਂਪਾਲਿਕਾ ਨੇ ਆਪਣੀ ਸਥਿਤੀ ਦੀ ਦੁਰਵਰਤੋਂ ਕੀਤੀ ਹੈ ਅਤੇ ਅਨੈਤਿਕਤਾ ਕੀਤੀ ਹੈ।"ਮੈਂ ਜੋ ਕਿਹਾ ਉਹ ਇਹ ਸੀ ਕਿ ਨਿਆਂਪਾਲਿਕਾ ਨੇ ਅਜਿਹੇ ਮਾਮਲਿਆਂ ਵਿੱਚ ਆਪਣੇ ਅਹੁਦੇ ਦੀ ਦੁਰਵਰਤੋਂ ਕੀਤੀ ਹੈ ਅਤੇ ਅਨੈਤਿਕਤਾ ਕੀਤੀ ਹੈ। ਇਹਨਾਂ ਸੋਧਾਂ ਤੋਂ ਇਹ ਸਪੱਸ਼ਟ ਹੋ ਜਾਵੇਗਾ ਕਿ ਮੇਰਾ ਸਮੁੱਚੀ ਨਿਆਂਪਾਲਿਕਾ ਦੇ ਘੇਰੇ 'ਤੇ ਕੋਈ ਨਿੰਦਿਆ ਕਰਨ ਦਾ ਕੋਈ ਇਰਾਦਾ ਨਹੀਂ ਸੀ, ਅਤੇ ਨਾ ਹੀ ਮੈਂ ਇਸ ਦੇ ਵਿਵਹਾਰ 'ਤੇ ਨਿਰਣਾ ਦੇਣ ਦਾ ਇਰਾਦਾ ਸੀ।

ਦੂਸਰਾ ਮੇਰਾ ਕੋਈ ਇਰਾਦਾ ਨਿਆਇਕ ਸੇਵਾ ਵਿੱਚ ਬ੍ਰਾਹਮਣਾਂ 'ਤੇ ਪ੍ਰਤਿਕੂਲ ਟਿੱਪਣੀ ਕਰਨ ਦਾ ਨਹੀਂ ਸੀ। ਦਰਅਸਲ, ਮੈਂ ਹੋਰ ਅੱਗੇ ਜਾ ਕੇ ਕਹਿੰਦਾ ਹਾਂ ਕਿ, ਜਦੋਂ ਮੈਂ ਬ੍ਰਾਹਮਣ ਨਿਆਂਪਾਲਿਕਾ ਦਾ ਹਵਾਲਾ ਦਿੱਤਾ, ਤਾਂ ਇਹ ਉਨ੍ਹਾਂ ਨੂੰ ਵਿਸ਼ੇਸ਼ ਨਿੰਦਿਆ ਲਈ ਵਖਰੇ ਕਰਕੇ ਕਰਨ ਦੇ ਵਿਚਾਰ ਨਾਲ ਨਹੀਂ ਸੀ। ਮੈਂ ਆਮ ਤੌਰ 'ਤੇ ਇਸ ਮੁੱਦੇ ਨਾਲ ਨਜਿੱਠ ਰਿਹਾ ਸੀ ਅਤੇ ਮੈਂ ਬ੍ਰਾਹਮਣਾਂ ਨੂੰ ਉਦਾਹਰਣ ਦੇ ਰੂਪ ਵਿੱਚ ਵਰਤਿਆ ਸੀ।

ਇਹ ਇਸ ਤੱਥ ਤੋਂ ਸਪੱਸ਼ਟ ਹੁੰਦਾ ਹੈ ਕਿ ਮੇਰੇ ਭਾਸ਼ਣ ਦੇ ਅਖੀਰਲੇ ਹਿੱਸੇ ਵਿੱਚ, ਮੈਂ ਇਸਦੀ ਰਚਨਾ ਵਿੱਚ ਕਿਸੇ ਇੱਕ ਤੱਤ ਨੂੰ ਵਿਸ਼ੇਸ਼ ਤੌਰ 'ਤੇ ਸ਼ਾਮਲ ਕੀਤੇ ਬਿਨਾਂ ਆਮ ਤੌਰ 'ਤੇ ਨਿਆਂ ਪ੍ਰਣਾਲੀ ਦੀ ਗੱਲ ਕਰਦਾ ਹਾਂ। ਇਸ ਲਈ ਮਹੱਤਵਪੂਰਨ ਇਹ ਹੈ ਕਿ ਮੈਂ ਜੋ ਦਲੀਲ ਦੇ ਰਿਹਾ ਸੀ, ਉਸ ਦੇ ਉਦੇਸ਼ ਲਈ ਇਹ ਮੇਰੇ ਲਈ ਪੂਰੀ ਤਰ੍ਹਾਂ ਨਿਆਂਪਾਲਿਕਾ ਦੀ ਨਿੰਦਾ ਕਰਨਾ ਜਾਂ ਵਿਸ਼ੇਸ਼ ਨੋਟਿਸ ਲਈ ਇਸ ਵਿੱਚ ਕਿਸੇ ਵਿਸ਼ੇਸ਼ ਤੱਤ ਨੂੰ ਵੱਖਰਾ ਕਰਨਾ ਬਹੁਤ ਬੇਲੋੜਾ ਸੀ।

ਮੈਂ ਮਾਨਯੋਗ ਮੈਂਬਰ ਰਾਓ ਬਹਾਦੁਰ ਚਿਤਲੇ ਦੁਆਰਾ ਉਠਾਏ ਗਏ ਨੁਕਤੇ ਦਾ ਜਵਾਬ ਦੇ ਰਿਹਾ ਸੀ ਕਿ ਕੀ ਨਿਆਂਪਾਲਿਕਾ ਵਿੱਚ ਫਿਰਕੂ ਪੱਖਪਾਤ ਹੈ ਜਾਂ ਨਹੀਂ। ਉਸ ਨੂੰ ਮੇਰਾ ਜਵਾਬ ਸੀ ਕਿ ਅਸੀਂ ਜਿਸ ਸਮਾਜਕ ਪ੍ਰਣਾਲੀ ਵਿਚ ਫਿਰਕੂ ਪੱਖਪਾਤ ਵਿਚ ਰਹਿ ਰਹੇ ਸੀ, ਉਸ ਦਾ ਨਤੀਜਾ ਜ਼ਰੂਰੀ ਸੀ, ਮੈਂ ਬ੍ਰਾਹਮਣ ਜੱਜ ਦੀ ਉਦਾਹਰਣ ਦੇ ਕੇ ਗੱਲ ਕੀਤੀ, ਕਿਉਂਕਿ ਮੈਂ ਇਕ ਵਿਰੋਧੀ ਨੂੰ ਜਵਾਬ ਦੇ ਰਿਹਾ ਸੀ ਜੋ ਬ੍ਰਾਹਮਣ ਸੀ। ਜੇਕਰ ਮੇਰਾ ਵਿਰੋਧੀ ਕੋਈ ਗੈਰ-ਬ੍ਰਾਹਮਣ ਜਾਂ ਹੋਰ ਹੁੰਦਾ ਤਾਂ ਵੀ ਮੈਂ ਉਨ੍ਹਾਂ ਦਾ ਹਵਾਲਾ ਦੇਣ ਤੋਂ ਝਿਜਕਦਾ ਨਹੀਂ ਸੀ।

### ਕ੍ਰਿਮੀਨਲ ਪ੍ਰੋਸੀਜ਼ਰ ਕੋਡ

ਮੈਨੂੰ ਨਹੀਂ ਪਤਾ, ਸਰ, ਕੀ ਤੁਸੀਂ ਸੋਚਦੇ ਹੋ ਕਿ ਫਿਰਕੂ ਮਾਮਲਿਆਂ ਵਿੱਚ ਸਮੁੱਚੀ ਨਿਆਂਪਾਲਿਕਾ 'ਤੇ ਫਿਰਕੂ ਪੱਖਪਾਤ ਦਾ ਦੋਸ਼ ਲਗਾਉਣ ਵਾਲਾ ਬਿਆਨ ਇੱਕ ਅਣਉਚਿਤ ਬਿਆਨ ਹੈ। ਮੈਂ ਇਸਨੂੰ ਤੁਹਾਡੇ ਅਤੇ ਇਸ ਸਦਨ ਉੱਤੇ ਛੱਡਦਾ ਹਾਂ। ਮੈਂ ਸਿਰਫ਼ ਇਹੀ ਕਹਾਂਗਾ ਕਿ ਇਹ ਇੱਕ ਆਧਾਰ ਹੈ ਜਿਸ ਨੂੰ ਕ੍ਰਿਮੀਨਲ ਪ੍ਰੋਸੀਜ਼ਰ ਕੋਡ ਦੁਆਰਾ ਵੀ ਮਾਨਤਾ ਪ੍ਰਾਪਤ ਹੈ। ਸਾਡੇ ਕੋਲ ਕ੍ਰਿਮੀਨਲ ਪ੍ਰੋਸੀਜ਼ਰ ਕੋਡ ਵਿੱਚ ਇੱਕ ਸੈਕਸ਼ਨ ਹੈ ਜੋ ਪਾਰਟੀਆਂ ਨੂੰ ਇਸ ਆਧਾਰ 'ਤੇ ਤਬਾਦਲੇ ਦੀ ਮੰਗ ਕਰਨ ਦੀ ਇਜਾਜ਼ਤ ਦਿੰਦਾ ਹੈ ਕਿ ਜੱਜ ਦਾ ਰਵਈਆ ਪੱਖਪਾਤੀ ਹੈ। ਸਾਡੇ ਕੋਲ ਕ੍ਰਿਮੀਨਲ ਪ੍ਰੋਸੀਜਰ ਕੋਡ ਵਿੱਚ ਇੱਕ ਉਪਬੰਧ ਹੈ ਜੋ ਇੱਕ ਜੱਜ ਨੂੰ ਉਸ ਕੇਸ ਵਿੱਚ ਵਿਚਾਰ ਕਰਨ ਤੋਂ ਰੋਕਦਾ ਹੈ ਜਿਸ ਵਿੱਚ ਉਸਦੀ ਦਿਲਚਸਪੀ ਹੈ।

ਦੂਜਾ, ਇਹ ਦ੍ਰਿਸ਼ਟੀਕੋਣ, ਅਰਥਾਤ, ਕਿ ਨਿਆਂਪਾਲਿਕਾ ਪੱਖਪਾਤ ਕਰਦੀ ਹੈ, ਇੱਕ ਫਿਰਕੂ ਚਰਿੱਤਰ ਦੇ ਮੁੱਦਿਆਂ ਵਿੱਚ ਇੱਕ ਫਿਰਕੂ ਪੱਖਪਾਤ ਦਾ ਪ੍ਰਦਰਸ਼ਨ ਕਰ ਸਕਦੀ ਹੈ, ਬਿਲ ਵਿੱਚ ਹੀ ਮਾਨਤਾ ਪ੍ਰਾਪਤ ਹੈ। ਬਹੁਤ ਸਾਰੇ ਮਾਣਯੋਗ ਮੈਂਬਰਾਂ ਨੂੰ ਯਾਦ ਹੋਵੇਗਾ ਕਿ ਬਿੱਲ ਅਸਲ ਵਿੱਚ ਇਸ ਸਿਧਾਂਤ 'ਤੇ ਆਧਾਰਿਤ ਸੀ ਕਿ ਪਿੰਡ ਦਾ ਸਾਰਾ ਬੈਂਚ ਹੀ ਚੁਣੀ ਹੋਈ ਪੰਚਾਇਤ ਹੋਣੀ ਚਾਹੀਦੀ ਹੈ। ਇਹ ਪਹਿਲੀ ਰੀਡਿੰਗ ਦੇ ਦੌਰਾਨ ਸੀ, ਮੈਂ ਤਾਕੀਦ ਕੀਤੀ ਸੀ ਕਿ ਨਿਆਂਪਾਲਿਕਾ ਦੇ ਸੰਵਿਧਾਨ ਕੰਮ ਨੂੰ ਪੰਚਾਇਤ ਦੇ ਕੰਮ ਵਿੱਚ ਸ਼ਾਮਿਲ ਕਰਨਾ ਸਹੀ ਸਿਧਾਂਤ ਨਹੀਂ ਸੀ ਅਤੇ ਇਸ ਦੇ ਜਵਾਬ ਵਿੱਚ ਮੇਰਾ ਮੰਨਣਾ ਹੈ ਕਿ ਨਿਆਂਪਾਲਿਕਾ ਦੇ ਉਸ ਹਿੱਸੇ ਵਿੱਚ ਇੱਕ ਤਬਦੀਲੀ ਕੀਤੀ ਗਈ ਸੀ ਜਿਸ ਨੂੰ ਨਾਮਜ਼ਦ ਕੀਤਾ ਜਾਣਾ ਚਾਹੀਦਾ ਹੈ।

ਸਰ, ਮੈਂ ਇਸਨੂੰ, ਇਸ ਤੱਥ ਦੇ ਸਬੂਤ ਵਜੋਂ ਮੰਨਦਾ ਹਾਂ ਕਿ ਇੱਥੇ ਫਿਰਕੂ ਪੱਖਪਾਤ ਹੈ। ਅੰਤ ਵਿੱਚ ਪੁਆਇੰਟ ਆਫ ਆਰਡਰ ਨੂੰ ਉਠਾਉਣ ਵਾਲੇ ਮਾਣਯੋਗ ਮੈਂਬਰ ਨੇ ਵੀ ਪੁਆਇੰਟ ਆਫ ਆਰਡਰ 'ਤੇ ਆਪਣੇ ਭਾਸ਼ਣ ਵਿੱਚ ਜੋ ਮੈਂ ਕਹਿ ਰਿਹਾ ਹਾਂ, ਉਸਨੂੰ ਪਹਿਚਾਣ ਲਿਆ ਜਾਪਦਾ ਹੈ। ਉਸਨੇ ਮਾਣਯੋਗ ਸਦਨ ਦੇ ਮੈਂਬਰ ਨੂੰ ਇਹਨਾਂ ਅਸ਼ਲੀਲ ਸ਼ਬਦਾਂ ਵਿੱਚ ਧਮਕੀ ਦਿੱਤੀ: "ਜੇਕਰ ਮਾਣਯੋਗ ਸਦਨ ਦੇ ਮੈਂਬਰ ਨੇ ਮੈਨੂੰ ਠੁਕਰਾਇਆ, ਤਾਂ ਮਾਣਯੋਗ ਮੈਂਬਰ ਘੱਟ ਗਿਣਤੀ ਭਾਈਚਾਰਿਆਂ ਵਿੱਚੋਂ ਬਾਹਰ ਆਉਣ ਵਾਲੇ ਵਿਅਕਤੀਗਤ ਅਫਸਰਾਂ ਉੱਤੇ ਹਮਲਾ ਕਰਨ ਦਾ ਕਾਰਨ ਬਣਾਵੇਗਾ" ਇਹਇੱਕ ਅਜਿਹਾ ਪ੍ਰਦਰਸ਼ਨ ਹੈ ਜੋ ਉਸਨੇ ਕੀਤਾ। ਜਦੋਂ ਤੱਕ ਕਿ ਉਹ ਉਨ੍ਹਾਂ ਤੱਥਾਂ ਦੀ ਮੌਜੂਦਗੀ ਬਾਰੇ ਨਿਸ਼ਚਿਤ ਨਹੀਂ ਹੁੰਦਾ ਜਿਨ੍ਹਾਂ ਦਾ ਮੈਂ ਜ਼ਿਕਰ ਕੀਤਾ ਹੈ, ਕਾਨੂੰਨ ਨਹੀਂ ਬਣ ਸਕਦਾ।

### ਮਾਨਯੋਗ ਸਭਾਪਤੀ ਦਾ ਵਿਆਖਿਆ

ਡਾ। ਅੰਬੇਡਕਰ ਦੇ 13 ਫਰਵਰੀ 1933 ਦੇ ਬਿਆਨ ਤੋਂ ਬਾਅਦ, ਮਾਨਯੋਗ ਸਭਾਪਤੀ ਨੇ ਅੰਬੇਡਕਰ ਦੇ ਭਾਸ਼ਣ ਵਿੱਚ ਆਲੋਚਨਾ ਦੀ ਵਿਆਖਿਆ ਕੀਤੀ, ਸਭਾ ਵਿੱਚ ਸ਼ਿਸ਼ਟਾਚਾਰ, ਭਾਸ਼ਣ ਦੇ ਗੁਣਾਂ ਬਾਰੇ ਚਰਚਾ ਕੀਤੀ, ਅਤੇ ਸਿੱਟਾ ਕੱਢਿਆ: - "ਮੇਰੇ ਕੋਲ ਕਹਿਣ ਲਈ ਹੋਰ ਕੁਝ ਨਹੀਂ ਹੈ। ਮਾਣਯੋਗ ਮੈਂਬਰ ਦੁਆਰਾ ਦਿੱਤਾ ਗਿਆ ਸਪੱਸ਼ਟੀਕਰਨ ਸਵੀਕਾਰ ਕੀਤਾ ਜਾਣਾ ਚਾਹੀਦਾ ਹੈ, ਕਿ ਇਹ ਸਮੁੱਚੇ ਨਿਆਂਪਾਲਿਕਾ ਦੀ ਆਮ ਨਿੰਦਾ ਨਹੀਂ ਸੀ, ਬਲਕਿ ਇਹ ਦਰਸਾਉਣ ਦੀ ਕੋਸ਼ਿਸ਼ ਸੀ ਕਿ ਨਿਆਇਕ ਅਦਾਲਤਾਂ ਵਿੱਚ ਅਜਿਹੀਆਂ ਉਦਾਹਰਣਾਂ ਸਨ ਜਿਨ੍ਹਾਂ ਵਿੱਚ ਫਿਰਕੂ ਪੱਖਪਾਤ ਸਾਹਮਣੇ ਵੀ ਆਇਆ ਸੀ।"

# ਮਹਾਰਾਜ ਪ੍ਰੀਤਮ ਦਾਸ ਤੇ ਮਾਤਾ ਮਹਾਂ ਕੌਰ ਜੀ ਦੀ ਯਾਦ ਚ ਕਰਵਾਇਆ ਸਮਾਗਮ

**ਲਸਾੜਾ/ ਉੜਾਪੜ (ਬੱਗਾ ਸੇਲਕੀਆਣਾ)-** ਪਿੰਡ ਝਿੰਗੜਾਂ ਦੇ ਗੁਰਦੁਆਰਾ ਦੂਖ ਨਿਵਾਰਨ ਸ੍ਰੀ ਨਾਭ ਕੰਵਲ ਰਾਜਾ ਸਾਹਿਬ ਪ੍ਰਬੰਧਕ ਕਮੇਟੀ, ਨਗਰ ਨਿਵਾਸੀਆਂ ਅਤੇ ਐਨ ਆਰ ਆਈ ਸੰਗਤਾਂ ਦੇ ਸਹਿਯੋਗ ਨਾਲ ਮਹਾਰਾਜ ਪ੍ਰੀਤਮ ਦਾਸ ਅਤੇ ਮਾਤਾ ਮਹਾਂ ਕੌਰ ਦੀ ਯਾਦ ਚ ਕਰਵਾਇਆ ਸਲਾਨਾ ਜੋੜ ਮੇਲਾ ਕਰਵਾਇਆ ਗਿਆ ਧਾਰਮਿਕ ਅਸਥਾਨ ਤੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਤੇ ਕਰਵਾਏੂ ਗਏ ਤੇ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ ਇਸ ਨਗਰ ਕੀਰਤਨ ਦਾ ਸੰਗਤਾਂ ਵਲੋਂ ਭਰਵਾਂ ਸਵਾਗਤ ਕੀਤਾ ਤੇ ਇਸ ਨਗਰ ਕੀਰਤਨ ਦੌਰਾਨ ਰਾਗੀ,ਢਾਡੀ ਤੇ ਕੀਰਤਨੀ ਜਥਿਆਂ ਨੇ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ। ਆਖ਼ੀਰਲੇ ਦਿਨ 61 ਸ੍ਰੀ ਅਖੰਡ ਪਾਠਾਂ ਦੀ ਲੜੀ ਦੇ ਭੋਗ ਪੈਣ ਉਪਰੰਤ ਖੁੱਲੇ ਪੰਡਾਲ ਧਾਰਮਿਕ ਦੀਵਾਨ ਸਜਾਏ ਗਏ ਜਿਸ ਵਿੱਚ ਕੀਰਤਨੀ ਤੇ ਰਾਗੀ ਢਾਡੀ ਜਥਿਆਂ ਤੋਂ ਇਲਾਵਾ ਉੱਘੇ ਗਾਇਕ ਕਨਵਰ ਗਰੇਵਾਲ ਨੇ ਆਪਣੇ ਧਾਰਮਿਕ ਗੀਤਾਂ ਰਾਹੀਂ ਹਾਜ਼ਰੀ ਲਗਵਾਈ। ਇਸ ਸਮਾਗਮ ਚ ਆਮ ਆਦਮੀ ਪਾਰਟੀ ਦੇ ਕੁਲਜੀਤ ਸਿੰਘ ਸਰਹਾਲ ਵਿਧਾਨ ਸਭਾ ਹਲਕਾ ਬੰਗਾ ਤੋ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ। ਇਸ ਮੌਕੇ। ਗੁਰਦੁਆਰਾ ਸਾਹਿਬ ਦੇ ਜਨਰਲ ਸਕੱਤਰ ਜਥੇਦਾਰ ਰਣਜੀਤ ਸਿੰਘ ਝਿੰਗੜ ਸਾ: ਸਰਪੰਚ ਨੇ ਮਹਾਰਾਜ ਪ੍ਰੀਤਮ ਦਾਸ ਅਤੇ ਮਾਤਾ ਮਹਾਂ ਕੌਰ ਦੇ ਜੀਵਨ ਸਬੰਧੀ ਸੰਗਤਾ ਨੂੰ ਚਾਨਣਾ ਪਾਇਆ ਤੇ ਸਾਰੇ ਦਾਨੀ ਸੇਵਾਦਾਰਾਂ ਵੱਲੋਂ ਦਿੱਤੇ ਸਹਿਯੋਗ ਦਾ ਧੰਨਵਾਦ ਕੀਤਾ। ਸਟੇਜ ਸਕੱਤਰ ਦੀ ਭੂਮਿਕਾ ਦੀਪਾ ਮੀਓਵਾਲੀਏ ਨੇ ਬਾਖੂਬੀ ਨਿਭਾਈ ਇਸ ਮੌਕੇ



ਨਾਨਕ ਸਿੰਘ ਜੂਤਲਾ ਯੂਐਸਏ, ਜਨਰਲ ਸਕੱਤਰ ਜਥੇਦਾਰ ਰਣਜੀਤ ਸਿੰਘ ਝਿੰਗੜ ਚੇਅਰਮੈਨ ਸ਼ੂਗਰ ਮਿੱਲ, ਜੋਗਾ ਸਿੰਘ ਜੂਤਲਾ ਰਾਮਗੜ੍ਹੀਆ ਸਭਾ ਸਾਊਥਾਲ ਲੰਡਨ ਯੂਕੇ, ਦਲਜੀਤ ਸਿੰਘ ਚੇਅਰਮੈਨ ਰਾਜਾ ਚੈਰੀਟੇਬਲ ਹਸਪਤਾਲ, ਰਣਜੀਤ ਸਿੰਘ ਰਿਐਤ ਯੂਕੇ, ਸੁਖਵਿੰਦਰ ਸਿੰਘ ਸੁੱਖੀ ਰਿਐਤ ਯੂ ਕੇ, ਗੁਰਦੀਪ ਸਿੰਘ ਜੂਤਲਾ ਯੂਕੇ, ਜਸਪਾਲ ਸਿੰਘ ਚਾਨਾ ਗੜ੍ਹਪਧਾਣਾ, ਗ੍ਰੰਥੀ ਬੁੱਧ ਸਿੰਘ ਆਦਿ ਵੱਲੋਂ ਪ੍ਰਸਿੱਧ ਗਾਇਕ ਕੰਨਵਰ ਗਰੇਵਾਲ, ਇਸ ਸਮਾਗਮ ਚ ਵਿਸ਼ੇਸ਼ ਤੌਰ ਤੇ ਪੁੱਜੇ ਆਪ ਪਾਰਟੀ ਦੇ ਬੰਗਾ ਹਲਕੇ ਤੋਂ ਇੰਚਾਰਜ ਕੁਲਜੀਤ ਸਿੰਘ ਸਰਹਾਲ ਤੇ ਹੋਰ ਦਾਨੀ ਸੰਗਤਾਂ ਦਾ ਪ੍ਰਬੰਧਕਾਂ ਵਲੋ ਵਿਸ਼ੇਸ਼ ਸਨਮਾਨ ਕੀਤਾ ਗਿਆ ਇਸ ਮੇਲੇ ਦੌਰਾਨ ਸੁਖਵੰਤ ਕੌਰ, ਪਰਮਿੰਦਰ ਕੌਰ ਰਿਐਤ, ਸੁਖਵਿੰਦਰ ਸਿੰਘ ਮੰਗਾਂ, ਬਲਵਿੰਦਰ ਸਿੰਘ ਝਿੰਗੜ, ਨਿਰਮਲ ਸਿੰਘ ਮਹਿਮੀ, ਕਮਲਜੀਤ ਸਿੰਘ ਕੈਰੋਂ, ਸੋਢੀ ਸਿੰਘ, ਸੰਦੀਪ ਸਿੰਘ ਸ਼ੇਰਗਿੱਲ, ਲੱਖਾ ਸਿੰਘ, ਪ੍ਰਿੰਸੀਪਲ ਤਰਜੀਵਨ ਸਿੰਘ ਗਰਚਾ, ਪਰਮਜੀਤ ਸਿੰਘ ਗਰੇਵਾਲ, ਬਲਜਿੰਦਰ ਸਿੰਘ ਪਰਾਗਪੁਰ, ਨਿਰਮਲ ਸਿੰਘ ਢੰਡਾ, ਜੋਗਾ ਸਿੰਘ ਸ਼ੇਰਗਿੱਲ, ਗੁਰਵਿੰਦਰ ਸਿੰਘ ਸ਼ੇਰਗਿੱਲ, ਗੁਰਪ੍ਰੀਤ ਸਿੰਘ, ਜਸਕਰਨ ਸਿੰਘ, ਪਰਦੀਪ ਸਿੰਘ, ਸਿਮਰਨ ਕੌਰ ਤੇ ਬਲਵਿੰਦਰ ਕੌਰ ਦੋਵੇਂ ਸਾ: ਸਰਪੰਚ, ਜਸਵਿੰਦਰ ਸਿੰਘ, ਅਵਤਾਰ ਸਿੰਘ ਸ਼ੇਰਗਿੱਲ, ਸੁਖਜੀਤ ਸਿੰਘ, ਜਸਵਿੰਦਰ ਸਿੰਘ, ਨੰਬਰਦਾਰ ਗੁਰਮੀਤ ਸਿੰਘ, ਪਰਸ਼ੋਤਮ ਸਿੰਘ ਲੱਲ, ਜਸਬੀਰ ਸਿੰਘ, ਸੁਰਜੀਤ ਸਿੰਘ, ਰਾਜਦੀਪ ਸਿੰਘ, ਹਰਦਿਆਲ ਸਿੰਘ ਆਦਿ ਹਾਜ਼ਰ ਸਨ।

## 11 ਅਕਤੂਬਰ ਪ੍ਰਕਾਸ਼ ਦਿਵਸ

# ਧੰਨੁ ਧੰਨੁ ਰਾਮਦਾਸ ਗੁਰੂ



ਰਮੇਸ਼ ਬੱਗਾ ਚੋਹਲਾ
91-94631-32719

15ਵੀਂ ਸਦੀ ਵਿਚ ਉੱਭਰਿਆ ਸਿੱਖ ਧਰਮ ਨਵੀਨ ਅਤੇ ਵਿਲੱਖਣ ਕਦਰਾਂ ਕੀਮਤਾਂ ਦਾ ਤਰਜ਼ਮਾਨ ਰਿਹਾ ਹੈ। ਇਸ ਦੇ ਰਹਿਬਰਾਂ ਨੇ ਜਿੱਥੇ ਸਦੀਵੀਂ ਤੌਰ 'ਤੇ ਉਸ ਮਾਲਕ ਨੂੰ ਹਿਰਦੇ ਵਿਚ ਵਸਾਉਣ ਦੀ ਗੱਲ ਕੀਤੀ ਹੈ ਉਥੇ ਕਿਰਤ ਨੂੰ ਵਡਿਆਉਂਦਿਆਂ ਹੋਇਆਂ ਇਸ ਨੂੰ ਆਪਸ ਵਿਚ ਵੰਡ ਕੇ ਛਕਣ ਦੀ ਹਾਮੀ ਵੀ ਚੰਗੀ ਤਰ੍ਹਾਂ ਭਰੀ ਹੈ। ਗੁਰੂ ਸਾਹਿਬਾਨ ਨੇ ਆਪਣੇ-ਆਪਣੇ ਸਮਿਆਂ ਵਿਚ ਕੁਝ ਅਜਿਹੀਆਂ ਕਲਿਆਣਕਾਰੀ ਪਿਰਤਾਂ ਪਾਈਆਂ ਹਨ ਜੋ ਇਸ ਜਗ ਨੂੰ 'ਸਚੈ ਕੀ ਹੈ ਕੋਠੜੀ' ਮੰਨ ਕੇ ਮਨੁੱਖ ਨੂੰ ਸੱਚਾ ਅਤੇ ਸੁੱਚਾ ਵਿਹਾਰ ਕਰਨ ਲਈ ਪ੍ਰੇਰਦੀਆਂ ਰਹਿੰਦੀਆਂ ਹਨ। ਇਹ ਪਿਰਤਾਂ ਮਨੁੱਖ ਨੂੰ ਅੰਧਕਾਰਮਈ ਪੈਂਡਿਆਂ ਤੋਂ ਮੁੜ ਕੇ ਉਜਿਆਰੇ ਮਾਰਗ ਦਾ ਪਾਂਧੀ ਬਣਾਉਂਦੀਆਂ ਆ ਰਹੀਆਂ ਹਨ।

ਸਿੱਖ ਧਰਮ ਵਿਸ਼ੇਸ਼ ਰੂਪ ਵਿਚ ਆਪਸੀ ਮੁਹੱਬਤ, ਸਦਭਾਵਨਾ ਅਤੇ ਸਹਿਣਸ਼ੀਲਤਾ ਵਾਲੀ ਸੁਰ ਪੈਦਾ ਕਰਨ ਵਾਲਾ ਇਕ ਅਜਿਹਾ ਧਰਮ ਹੈ ਜੋ ਸੰਸਾਰ ਦੇ ਚੋਣਵੇਂ ਧਰਮਾਂ ਵਿਚ ਇਕ ਅਹਿਮ ਸਥਾਨ ਰੱਖਦਾ ਹੈ।

ਇਹ ਧਰਮ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਨਿਰਧਾਰਿਤ ਕੀਤੀ ਜੀਵਨ-ਜਾਚ ਅਨੁਸਾਰ 'ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ" ਦੇ ਅਨੁਸਾਰ ਇੱਕੋ (ਨਾਨਕ) ਜੋਤ ਵਿੱਚੋਂ ਨੌਂ ਗੁਰੂ ਸਾਹਿਬਾਨ ਦੇ ਰਾਹੀਂ ਪ੍ਰਫੁੱਲਿਤ ਹੋਇਆ ਹੈ। ਇਨ੍ਹਾਂ ਗੁਰੂ ਸਾਹਿਬਾਨ ਦੇ ਵਿਸ਼ੇਸ਼ ਉਪਰਾਲਿਆਂ ਸਦਕਾ ਸਿੱਖ ਧਰਮ ਨੇ ਇਕ ਨਵੀਨ ਅਤੇ ਆਦਰ ਪੂਰਵਕ ਜੀਵਨ-ਜੁਗਤ ਜਿਵੇਂ ਭਗਤੀ ਤੋਂ ਸ਼ਕਤੀ ਦਾ ਸੁਮੇਲ, ਵਰਣ ਵੰਡ ਨੂੰ ਰੱਦ ਕਰਨ ਵਾਲੀ ਇਨਕਲਾਬੀ ਸੋਚ, ਸਾਂਝੀਵਾਲਤਾ ਦਾ ਸੰਦੇਸ਼ ਦੇਣ ਵਾਲੀ ਗੁਰਬਾਣੀ, ਅਤੇ ਮਿਲ-ਬੈਠ ਕੇ ਦੁਬਿਧਾ ਦੂਰ ਕਰਨ ਵਾਲੀ ਪਹੁੰਚ ਨਾਲ ਸਰਬੱਤ ਦੇ ਭਲੇ ਦੀ ਕਾਮਨਾ ਕੀਤੀ ਹੈ। ਇਸ ਤਰ੍ਹਾਂ ਦੀ ਕਾਮਨਾ ਕਰਨ ਵਾਲਿਆਂ ਵਿਚ ਹੀ ਸ਼ਾਮਿਲ ਸਨ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ।

ਸ੍ਰੀ ਗੁਰੂ ਰਾਮਦਾਸ ਜੀ ਜਿਨ੍ਹਾਂ ਦਾ ਬਚਪਨ ਦਾ ਨਾਮ ਭਾਈ ਜੇਠਾ ਸੀ, ਦਾ ਜਨਮ 24 ਸਤੰਬਰ 1534 ਈ: ਨੂੰ ਚੂਨਾ ਮੰਡੀ ਲਾਹੌਰ ਦੇ ਵਸਨੀਕ ਭਾਈ ਹਰਿਦਾਸ ਜੀ ਅਤੇ ਮਾਤਾ ਦਇਆ ਕੌਰ ਜੀ ਦੇ ਘਰ ਹੋਇਆ। ਪਲੇਠਾ ਪੁੱਤਰ ਹੋਣ ਕਰਕੇ ਇਨ੍ਹਾਂ ਦਾ ਨਾਮ ਭਾਈ ਜੇਠਾ ਜੀ ਹੋ ਗਿਆ। ਜਿਸ ਦਿਨ ਭਾਈ ਜੇਠਾ ਜੀ ਦਾ ਜਨਮ ਹੋਇਆ ਉਸ ਵਕਤ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਦੁਨਿਆਵੀ ਉਮਰ ਲੱਗਭਗ 65 ਸਾਲ, ਸ੍ਰੀ ਗੁਰੂ ਅਮਰਦਾਸ ਜੀ ਦੀ 55 ਸਾਲ ਅਤੇ ਭਾਈ ਲਹਿਣਾ ਜੀ ਦੀ 30 ਸਾਲ ਸੀ। ਭਾਵੇਂ ਚਾਰੇ ਗੁਰੂ ਸਾਹਿਬਾਨ ਜਿਸਮਾਨੀ ਤੌਰ 'ਤੇ ਮੌਜੂਦ ਸਨ ਪਰ ਮਿਲਾਪ ਅਜੇ ਪਹਿਲੀ ਪਾਤਸ਼ਾਹੀ ਅਤੇ ਭਾਈ ਲਹਿਣਾ ਜੀ ਦਾ ਹੀ ਹੋਇਆ ਸੀ।

ਭਾਈ ਜੇਠਾ ਜੀ ਅਜੇ ਬਚਪਨ ਦੀਆਂ ਦਹਿਲੀਜ਼ਾਂ ਉਪਰ ਹੀ ਵਿਚਰ ਰਹੇ ਸਨ ਕਿ ਪਹਿਲਾਂ ਮਾਤਾ ਜੀ ਅਤੇ ਫਿਰ ਪਿਤਾ ਸ੍ਰੀ ਹਰਿਦਾਸ ਜੀ ਇਸ ਦੁਨੀਆ ਤੋਂ ਕੂਚ ਕਰ ਗਏ। ਜਦੋਂ ਆਪ ਦੁਨਿਆਵੀ ਤੌਰ 'ਤੇ ਯਤੀਮ ਹੋ ਗਏ ਤਾਂ ਆਪ ਜੀ ਦੀ ਨਾਨੀ ਆਪ ਨੂੰ ਆਪਣੇ ਪਿੰਡ ਬਾਸਰਕੇ ਲੈ ਆਈ। ਲਾਹੌਰ ਤੋਂ ਦੋਹਤੇ ਦੇ ਆਪਣੇ ਨਾਨਕੇ ਘਰ ਆਉਣ ਦੀ ਖ਼ਬਰ ਸਾਰੇ ਪਿੰਡ ਵਿਚ ਫੈਲ ਗਈ। ਪਿੰਡ ਦੇ ਬਹੁਤ ਸਾਰੇ ਨੇਕ ਪੁਰਸ਼ ਅਤੇ ਔਰਤਾਂ ਬਾਲਕ ਜੇਠੇ ਦਾ ਧੀਰ ਧਰਾਉਣ ਲਈ ਆਉਣ ਲੱਗੇ। ਇਨ੍ਹਾਂ ਧੀਰ ਧਰਾਉਣ ਵਾਲਿਆਂ ਵਿਚ ਸ੍ਰੀ (ਗੁਰੂ) ਅਮਰਦਾਸ ਜੀ ਵੀ ਸਨ। ਉਨ੍ਹਾਂ ਦੇ ਕੋਮਲ ਹਿਰਦੇ 'ਤੇ ਭਾਈ ਜੇਠੇ ਦੀ ਦੁਖਦਾਈ ਸਥਿਤੀ ਦਾ ਬੜਾ ਡੂੰਘਾ ਅਸਰ ਹੋਇਆ। ਇਸ ਅਸਰ ਕਰਕੇ ਉਨ੍ਹਾਂ ਦੀ ਆਪਸੀ ਨੇੜਤਾ ਕਾਫੀ ਵਧਣ ਲੱਗ ਪਈ।

ਭਾਈ ਜੇਠਾ ਜੀ ਆਪਣੇ ਨਾਨਕੇ ਘਰ ਰਹਿ ਕੇ ਘੁੰਙਣੀਆਂ ਵੇਚਣ ਦੀ ਕਾਰ ਕਰਿਆ ਕਰਦੇ ਸਨ ਅਤੇ ਇਨ੍ਹਾਂ ਦੀ ਵੱਟਕ ਨਾਲ ਆਪਣੀ ਅਤੇ ਨਾਨੀ ਜੀ ਦੀ ਉਦਰ-ਜਵਾਲਾ ਸ਼ਾਂਤ ਕਰਿਆ ਕਰਦੇ ਸਨ। ਇਸ ਸਮੇਂ ਦੌਰਾਨ ਸ੍ਰੀ (ਗੁਰੂ) ਅਮਰਦਾਸ ਜੀ ਜਦੋਂ ਕਦੇ ਖਡੂਰ ਸਾਹਿਬ ਤੋਂ ਬਾਸਰਕੇ ਆਉਂਦੇ ਤਾਂ ਉਹ ਭਾਈ ਜੇਠਾ ਜੀ ਨੂੰ ਜ਼ਰੂਰ ਮਿਲਦੇ ਅਤੇ ਘੰਟਿਆਂ ਬੱਧੀ ਦੁਨਿਆਵੀ ਅਤੇ ਇਲਾਹੀ ਗੱਲਾਂ ਹੁੰਦੀਆਂ ਰਹਿੰਦੀਆਂ।

ਜਦੋਂ ਗੋਂਦੇ ਖੱਤਰੀ ਦੀ ਬੇਨਤੀ 'ਤੇ ਸ੍ਰੀ ਗੁਰੂ ਅਮਰਦਾਸ ਜੀ ਨੇ ਦਰਿਆ ਬਿਆਸ ਦੇ ਕਿਨਾਰੇ ਗੋਇੰਦਵਾਲ ਸਾਹਿਬ ਨਗਰ ਵਸਾਇਆ ਤਾਂ ਉਨ੍ਹਾਂ ਦੇ ਕਈ ਰਿਸ਼ਤੇਦਾਰ ਅਤੇ ਸਨੇਹੀ ਵੀ ਗੋਇੰਦਵਾਲ ਸਾਹਿਬ ਆ ਗਏ। ਗੁਰੂ ਦਰਸ਼ਨਾਂ ਦੀ ਤਾਂਘ ਭਾਈ ਜੇਠਾ ਜੀ ਨੂੰ ਵੀ ਇੱਥੇ ਲੈ ਆਈ। ਉਸ ਵਕਤ ਉਨ੍ਹਾਂ ਦੀ ਆਯੂ ਕੋਈ 12 ਕੁ ਸਾਲ ਦੀ ਸੀ। ਅਵਸਥਾ ਭਾਵੇਂ ਅਜੇ ਬਾਲਪਨ ਵਾਲੀ ਹੀ ਸੀ ਪਰ ਸ੍ਰੀ ਗੁਰੂ ਅਮਰਦਾਸ ਜੀ ਦੇ ਪ੍ਰਭਾਵ ਸਦਕਾ ਸੂਝ ਵਿਚ ਪਕਿਆਈ ਆ ਰਹੀ ਸੀ। ਇਸ ਪਕਿਆਈ ਸਦਕਾ ਸ੍ਰੀ ਗੁਰੂ ਨਾਨਕ ਸਾਹਿਬ ਦੇ ਦਰਬਾਰ ਦੀ ਰੰਗਤ ਭਾਈ ਜੇਠਾ ਜੀ 'ਤੇ ਖ਼ੂਬ ਚੜਨ ਲੱਗੀ।

ਸ੍ਰੀ ਗੁਰੂ ਅਮਰਦਾਸ ਜੀ ਨੇ ਭਾਈ ਜੇਠਾ ਜੀ ਨੂੰ 10-12 ਸਾਲ ਆਪਣੀ ਨਿਗਰਾਨੀ ਵਿਚ ਰੱਖਿਆ ਅਤੇ ਉਨ੍ਹਾਂ ਸਾਰੇ ਗੁਣਾਂ ਨੂੰ ਵਾਚਿਆ ਸੀ ਜੋ ਕਿਸੇ ਉਚੇਚੀ ਜ਼ਿੰਮੇਵਾਰੀ ਨੂੰ ਨਿਭਾਉਣ ਲਈ ਜ਼ਰੂਰੀ ਹੁੰਦੇ ਹਨ। ਗੁਰੂ ਸਾਹਿਬ ਨੇ ਇਨ੍ਹਾਂ ਗੁਣਾਂ ਦੀ ਕਦਰ ਕਰਦਿਆਂ 22 ਫੱਗਣ ਸੰਮਤ 1610 ਨੂੰ ਆਪਣੀ ਲਾਡਲੀ ਸਪੁੱਤਰੀ ਬੀਬੀ ਭਾਨੀ ਜੀ ਦਾ ਵਿਆਹ ਭਾਈ ਜੇਠਾ ਜੀ ਨਾਲ ਕਰ ਦਿੱਤਾ। ਇਸ ਬਖ਼ਸ਼ਿਸ਼ ਨਾਲ ਭਾਈ ਜੇਠਾ ਜੀ ਗੁਰੂ-ਦਰਬਾਰ ਦੇ ਨਾਲ-ਨਾਲ ਗੁਰੂ-ਪਰਿਵਾਰ ਦੇ ਅੰਗ ਬਣ ਗਏ।

ਜਦੋਂ 1557 ਈ: ਵਿਚ ਤੀਸਰੇ ਗੁਰੂ ਸ੍ਰੀ ਗੁਰੂ ਅਮਰਦਾਸ ਜੀ ਨੇ ਸਮਾਜਿਕ ਬਰਾਬਰੀ ਦੇ ਸਿਧਾਂਤ ਨੂੰ ਲਾਗੂ ਕਰਨ ਲਈ ਸਮਾਜ ਵਿੱਚੋਂ ਛੂਤ-ਛਾਤ ਖਤਮ ਕਰਨ ਦਾ ਬੀੜਾ ਚੁੱਕਿਆ ਤਾਂ ਕੁਝ ਗੁਰੂ-ਘਰ ਦੇ ਦੋਖੀਆਂ ਅਤੇ ਸਮਾਜ ਵਿਰੋਧੀਆਂ ਕੋਲੋਂ ਇਹ ਗੱਲ ਬਰਦਾਸ਼ਤ ਨਾ ਹੋ ਸਕੀ। ਉਨ੍ਹਾਂ ਵਿੱਚੋਂ ਕਿਸੇ ਨੇ ਅਕਬਰ ਬਾਦਸ਼ਾਹ ਕੋਲ ਜਾ ਕੇ ਗੁਰੂਕਿਆਂ ਦੇ ਖ਼ਿਲਾਫ਼ ਕੰਨ ਭਰ ਦਿੱਤੇ। ਆਪਣੀ ਸ਼ੰਕਾ ਨਵਿਰਤੀ ਅਤੇ ਤਸੱਲੀ ਲਈ ਬਾਦਸ਼ਾਹ ਨੇ ਗੁਰੂ ਦਰਬਾਰ ਵੱਲ ਸੱਦਾ-ਪੱਤਰ ਭੇਜ ਦਿੱਤਾ। ਬਿਰਧ ਸਰੀਰ ਹੋਣ ਕਰਕੇ ਤੀਸਰੇ ਪਾਤਸ਼ਾਹ ਨੇ ਗੁਰੂ-ਘਰ ਦੀ ਵਕਾਲਤ ਲਈ ਭਾਈ ਜੇਠਾ ਜੀ ਦੀ ਡਿਊਟੀ ਲਗਾ ਦਿੱਤੀ। ਭਾਈ ਜੇਠਾ ਜੀ ਨੇ ਸਿੱਖੀ ਦੇ ਸਿਧਾਂਤਾਂ ਦੀ ਇੰਨੇ ਸੁਚੱਜੇ ਢੰਗ ਨਾਲ ਵਿਆਖਿਆ ਕੀਤੀ ਕਿ ਅਕਬਰ ਦੇ ਸਭ ਭਰਮ-ਭੁਲੇਖੇ ਦੂਰ ਹੋ ਗਏ।

ਦੁਨਿਆਵੀ ਪੱਖੋਂ ਭਾਈ ਜੇਠਾ ਜੀ ਸ੍ਰੀ ਗੁਰੂ ਅਮਰਦਾਸ ਜੀ ਦੇ ਦਾਮਾਦ ਸਨ ਪਰ ਇਸ ਰਿਸ਼ਤੇ ਦਾ ਉਨ੍ਹਾਂ ਦੇ ਮਨ ਵਿਚ ਰਤੀ ਭਰ ਵੀ ਗੁਮਾਨ ਨਹੀਂ ਸੀ। ਬਾਉਲੀ ਸਾਹਿਬ ਦੇ ਨਿਰਮਾਣ-ਕਾਰਜ ਸਮੇਂ ਉਹ ਵੀ ਇਕ ਨਿਮਾਣੇ ਸਿੱਖ ਵਾਂਗ ਸਿਰ 'ਤੇ ਟੋਕਰੀ ਢੋਅ ਕੇ ਸੇਵਾ ਕਰਿਆ ਕਰਦੇ ਸਨ। ਇਕ ਦਿਨ ਜਦੋਂ ਉਹ ਤਨ-ਮਨ ਨਾਲ ਸੇਵਾ ਵਿਚ ਲੀਨ ਸਨ ਤਾਂ ਲਾਹੌਰ ਤੋਂ ਉਨ੍ਹਾਂ ਦੇ ਸ਼ਰੀਕੇ-ਭਾਈਚਾਰੇ ਦੇ ਕੁਝ ਲੋਕ ਹਰਿਦੁਆਰ ਆਦਿ ਤੀਰਥਾਂ-ਸਥਾਨਾਂ ਦੇ ਦਰਸ਼ਨਾਂ ਲਈ ਜਾਂਦੇ ਹੋਏ ਸ੍ਰੀ ਗੋਇੰਦਵਾਲ ਵਿਖੇ ਆ ਗਏ। ਜਦੋਂ ਉਨ੍ਹਾਂ ਨੇ ਤੱਕਿਆ ਕਿ ਭਾਈ ਜੇਠਾ ਮਜ਼ਦੂਰਾਂ ਵਾਂਗੂ ਸਿਰ 'ਤੇ ਟੋਕਰੀ ਚੁੱਕੀ ਜਾ ਰਿਹਾ ਹੈ ਤਾਂ ਖ਼ਾਹਮਖ਼ਾਹ

ਹੀ ਕ੍ਰੋਧਿਤ ਹੋ ਉੱਠੇ। ਕ੍ਰੋਧ ਵਿਚ ਆ ਕੇ ਉਹ ਸ਼ਿਸ਼ਟਾਚਾਰ ਦਾ ਪੱਲਾ ਵੀ ਛੱਡ ਬੈਠੇ। ਭਰੇ-ਪੀਤੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਕਹਿਣ ਲੱਗੇ ਕਿ, "ਸਾਡੇ ਭਰਾ ਜੇਠੇ ਕੋਲੋਂ ਮਜ਼ਦੂਰੀ ਕਰਵਾ ਕੇ ਤੁਸੀਂ ਸਾਡੇ ਮਾਨ-ਸਤਿਕਾਰ ਨੂੰ ਢਾਹ ਲਗਾਈ ਹੈ। ਤੁਹਾਡੇ ਇਸ ਵਤੀਰੇ ਨਾਲ ਸਾਨੂੰ ਬੜੀ ਨਮੋਸ਼ੀ ਹੋਈ ਹੈ।" ਆਪਣੇ ਸ਼ਰੀਕੇ-ਭਾਈਚਾਰੇ ਦੀਆਂ ਖਰਵੀਆਂ ਗੱਲਾਂ ਕਾਰਨ ਭਾਈ ਜੇਠਾ ਜੀ ਨੇ ਤੀਸਰੇ ਪਾਤਸ਼ਾਹ ਕੋਲੋਂ ਹੱਥ ਜੋੜ ਕੇ ਮੁਆਫੀ ਮੰਗ ਲਈ ਅਤੇ ਕਹਿਣ ਲੱਗੇ ਕਿ, "ਸੱਚੇ ਪਾਤਸ਼ਾਹ ਇਹ ਸਾਰੇ ਅਣਜਾਣ ਹਨ, ਇਨ੍ਹਾਂ ਦੀਆ ਕੌੜੀਆਂ-ਕੁਸੈਲੀਆਂ ਅਤੇ ਮਨ ਦੀ ਮੈਲੀਆਂ ਗੱਲਾਂ ਨੂੰ ਲੇਖੇ ਵਿਚ ਨਾ ਲਿਆਉਣਾ।" ਇਸ ਤਰ੍ਹਾਂ ਕਰਕੇ ਭਾਈ ਸਾਹਿਬ ਨੇ ਜਿੱਥੇ ਆਪਣੇ ਸ਼ਰੀਕੇ ਦੀ ਰੱਖ ਦਿਖਾਈ ਉਥੇ ਗੁਰੂ ਸਾਹਿਬ ਦੀ ਪ੍ਰਸੰਨਤਾ ਦੇ ਪਾਤਰ ਵੀ ਬਣ ਗਏ।

ਪਰਵਾਰਿਕ ਪੱਖੋਂ ਆਪ ਜੀ ਦੇ ਘਰ ਤਿੰਨ ਪੁੱਤਰਾਂ ਬਾਬਾ ਪ੍ਰਿਥੀ ਚੰਦ, ਬਾਬਾ ਮਹਾਂਦੇਵ ਅਤੇ ਸ੍ਰੀ (ਗੁਰੂ) ਅਰਜਨ ਦੇਵ ਜੀ (ਪੰਚਮ ਪਾਤਸ਼ਾਹ) ਨੇ ਜਨਮ ਲਿਆ। ਬਾਬਾ ਪ੍ਰਿਥੀ ਚੰਦ ਭਾਵੇਂ ਘਰ ਦਾ ਵੱਡਾ ਪੁੱਤਰ ਸੀ ਪਰ ਆਪਣੇ ਲਾਲਚੀ ਅਤੇ ਵਡਿਆਈ ਖ਼ੋਰੇ ਸੁਭਾਅ ਕਾਰਨ ਆਪਣੇ ਗੁਰੂ-ਪਿਤਾ ਦੀਆਂ ਖੁਸ਼ੀਆਂ (ਗੁਰਗੱਦੀ) ਲੈਣ ਤੋਂ ਵਾਂਝਾ ਰਹਿ ਗਿਆ। ਇਸ ਵਾਂਝੇਪਨ ਕਾਰਨ ਹੀ ਉਹ ਸਾਰੀ ਹਯਾਤੀ ਈਰਖਾ ਅਤੇ ਦਵੈਤ ਦੀ ਅੱਗ ਵਿਚ ਸੜਦਾ ਰਿਹਾ ਅਤੇ ਨਾਨਕ ਨਾਮ-ਲੇਵਾ ਸੰਗਤਾਂ ਦੀ ਨਫ਼ਰਤ ਦਾ ਪਾਤਰ ਬਣਦਾ ਰਿਹਾ।

ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਲਗਾਇਆ ਸਿੱਖੀ ਦਾ ਬੂਟਾ ਜਿਵੇਂ-ਜਿਵੇਂ ਜੋਬਨ 'ਤੇ ਹੋਈ ਜਾ ਰਿਹਾ ਸੀ ਇਸ ਦੀ ਮਹਿਕ ਵੀ ਦੂਰ-ਦੁਰਾਡੇ ਤਕ ਫੈਲਦੀ ਜਾ ਰਹੀ ਸੀ ਭਾਵ ਗੁਰੂ ਸਾਹਿਬਾਨ ਦੇ ਪਰਉਪਕਾਰੀ ਉਪਰਾਲਿਆਂ ਸਦਕਾ ਸਿੱਖਾਂ ਦੀ ਤਾਦਾਦ ਵਿਚ ਕਾਫ਼ੀ ਵਾਧਾ ਹੋਈ ਜਾ ਰਿਹਾ ਸੀ। ਇਸ ਵਾਧੇ ਕਾਰਨ ਹੀ ਸਿੱਖੀ ਦਾ ਪ੍ਰਚਾਰ ਕੇਂਦਰ ਸ੍ਰੀ ਗੋਇੰਦਵਾਲ ਸਾਹਿਬ ਤੋਂ ਗੁਰੂ ਕੇ ਚੱਕ (ਸ੍ਰੀ ਅੰਮ੍ਰਿਤਸਰ ਸਾਹਿਬ) ਵਿਖੇ ਲੈ ਜਾਣ ਦੀ ਵਿਉਂਤਬੰਦੀ ਕੀਤੀ ਗਈ। ਇਸ ਵਿਉਂਤਬੰਦੀ ਨੂੰ ਅਮਲੀ ਰੂਪ ਦੇਣ ਦੀ ਜ਼ਿੰਮੇਵਾਰੀ ਭਾਈ ਜੇਠਾ ਜੀ ਨੂੰ ਦਿੱਤੀ ਗਈ। ਆਪ ਜੀ ਨੇ ਇਹ ਜ਼ਿੰਮੇਵਾਰੀ ਪੂਰੀ ਤਨਦੇਹੀ ਨਾਲ ਨਿਭਾਈ ਜਿਸ ਦੀ ਬਦੌਲਤ 'ਗੁਰੂ ਕਾ ਚੱਕ' ਇਕ ਚੰਗੀ ਰੌਣਕ ਵਾਲਾ ਨਗਰ ਬਣ ਗਿਆ।

ਸ੍ਰੀ ਗੁਰੂ ਅਮਰਦਾਸ ਜੀ ਹੁਣ ਸਰੀਰਿਕ ਰੂਪ ਵਿਚ ਕਾਫੀ ਬਿਰਧ ਹੋ ਚੁੱਕੇ ਸਨ। ਆਪਣਾ ਸੱਚਖੰਡ ਵਾਪਸੀ ਸਮਾਂ ਨੇੜੇ ਆਇਆ ਜਾਣ ਕੇ ਉਨ੍ਹਾਂ ਨੇ ਗੁਰੂ-ਘਰ ਦੀ ਮਰਯਾਦਾ ਅਨੁਸਾਰ ਸੰਮਤ 1631 ਦੇ ਭਾਦਰੋਂ ਮਹੀਨੇ ਵਿਚ ਸਮੂਹ ਸੰਗਤ ਅਤੇ ਆਪਣੇ ਪਰਿਵਾਰ ਦੇ ਸਨਮੁਖ ਭਾਈ ਜੇਠਾ ਜੀ ਨੂੰ ਗੁਰੂ ਨਾਨਕ ਪਾਤਸ਼ਾਹ ਦੇ ਘਰ ਦਾ ਚੌਥਾ (ਗੁਰਗੱਦੀ ਦੇ ਕੇ) ਵਾਰਸ ਥਾਪ ਕੇ ਸ੍ਰੀ ਗੁਰੂ ਰਾਮਦਾਸ ਜੀ ਬਣਾ ਦਿੱਤਾ।

ਗੁਰਿਆਈ ਦੀ ਬਖ਼ਸ਼ਿਸ਼ ਕੋਈ ਛੋਟੀ ਜਾਂ ਸਧਾਰਨ ਗੱਲ ਨਹੀਂ ਸੀ ਕਿਉਂਕਿ ਸ੍ਰੀ ਗੁਰੂ ਰਾਮਦਾਸ ਨੂੰ ਉਹ ਰੱਬੀ ਤਖ਼ਤ ਦੀ ਪ੍ਰਾਪਤੀ ਹੋ ਗਈ ਸੀ ਜਿਸ ਦੇ ਅੱਗੇ ਰਾਜੇ-ਮਹਾਰਾਜਿਆਂ ਦਾ ਸੀਸ ਝੁਕਦਾ ਆ ਰਿਹਾ ਸੀ। ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਦਰਬਾਰ ਵਿੱਚੋਂ ਇਕ ਨਿਮਾਣੇ ਸਿੱਖ ਨੂੰ ਮਿਲੇ ਮਾਣ ਨੂੰ ਦੇਖ ਕੇ ਆਪ ਵੈਰਾਗ ਵਿਚ ਆ ਗਏ ਅਤੇ ਬੋਲ ਉਠੇ :

ਜੋ ਹਮਰੀ ਬਿਧਿ ਹੋਤੀ,ਮੇਰੇ ਸਤਿਗੁਰਾ!ਸਾ ਬਿਧਿ ਤੁਮ ਹਰਿ ਜਾਣਹੁ ਆਪੇ॥
ਹਮ ਰੁਲਤੇ ਫਿਰਤੇ,ਕੋਈ ਬਾਤ ਨ ਪੂਛਤਾ,
ਗੁਰ ਸਤਿਗੁਰ ਸੰਗ ਕੀਰੇ ਹਮ ਥਾਪੇ॥

( ਅੰਗ 167)

ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦੀ ਕਿਰਪਾ ਨਾਲ ਮਾਝੇ ਦਾ ਇਲਾਕਾ ਜਾਗ ਪਿਆ। ਇਸ ਜਾਗ ਕਾਰਨ ਗੁਰੂ ਸਾਹਿਬ ਨੇ ਸੋਚਿਆ ਕਿ ਇਸ ਕੇਂਦਰੀ ਸਥਾਨ (ਸ੍ਰੀ ਅੰਮ੍ਰਿਤਸਰ ਸਾਹਿਬ) 'ਤੇ ਇਕ ਸ਼ਾਨਦਾਰ ਧਾਰਮਿਕ ਸਥਾਨ ਉਸਾਰਿਆ ਜਾਵੇ ਜੋ ਵੱਧ ਰਹੀ ਸੰਗਤ ਦੀਆਂ ਰੂਹਾਨੀ ਜ਼ਰੂਰਤਾਂ ਨੂੰ ਪੂਰੀਆਂ ਕਰ ਸਕੇ। ਇਹ ਸਥਾਨ ਦਰਿਆ ਤੋਂ ਹਟਵਾਂ ਹੋ ਕੇ ਇੱਥੇ ਸਰੋਵਰ ਬਣਾਉਣ ਦੀ ਤਜਵੀਜ਼ ਵੀ ਬਣਾਈ ਗਈ। ਅਜਿਹਾ ਕਰਨ ਪਿੱਛੇ ਗੁਰੂ ਸਾਹਿਬ ਦਾ ਇਕ ਮਨੋਰਥ ਇਹ ਵੀ ਸੀ ਇਸ ਪਵਿੱਤਰ ਜਗ੍ਹਾ ਉਪਰ ਜਿੱਥੇ ਕੰਨਾਂ ਨੂੰ ਇਲਾਹੀ ਬਾਣੀ ਦੀਆਂ ਧੁਨਾਂ ਸੁਣਾਈ ਦੇਣ ਉਥੇ ਨਾਲ ਨੇਤਰਾਂ ਨੂੰ ਹਰਿ ਦੇ ਘਰ (ਹਰਿਮੰਦਰ ਸਾਹਿਬ) ਦੇ ਖੁੱਲ੍ਹੇ ਦਰਸ਼ਨ ਦੀਦਾਰੇ ਵੀ ਹੁੰਦੇ ਰਹਿਣ।ਇਸ ਤਜਵੀਜ਼ ਨੂੰ ਅਮਲੀ ਰੂਪ ਦੇਣ ਲਈ ਸ਼ਰਧਾਵਾਨ ਸੰਗਤਾਂ ਦੇ ਭਰਪੂਰ ਸਹਿਯੋਗ ਦੀ ਲੋੜ ਸੀ। ਜਿਵੇਂ-ਜਿਵੇਂ ਇਹ ਸਹਿਯੋਗ (ਤਨ, ਮਨ ਅਤੇ ਧਨ ਨਾਲ) ਮਿਲਦਾ ਗਿਆ ਤਿਵੇਂ-ਤਿਵੇਂ ਗੁਰੂ-ਘਰ ਦੇ ਕਾਰਜ ਵੀ ਸੰਵਰਦੇ ਰਹੇ। ਪਹਿਲਾਂ ਸਰੋਵਰ ਅਤੇ ਉਸ ਤੋਂ ਬਾਅਦ ( ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ) ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਮੁਕੰਮਲ ਹੋ ਗਈ। ਇਨ੍ਹਾਂ ਦੋ ਮਹਾਨ ਉਪਰਾਲਿਆਂ ਨਾਲ ਸਿੱਖ ਧਰਮ ਦੇ ਨਕਸ਼-ਨੁਹਾਰ ਹੋਰ ਵੀ ਨਿਖਰਨ ਲੱਗ ਪਏ।

ਜਿਵੇਂ ਤੀਸਰੇ ਪਾਤਸ਼ਾਹ ਨੇ ਸਿੱਖੀ ਦੇ ਪ੍ਰਚਾਰ ਲਈ 22 ਮੰਜੀਆਂ ਅਤੇ 52 ਪੀੜ੍ਹਿਆਂ ਦੀ ਸਥਾਪਨਾ ਕੀਤੀ ਸੀ। ਉਸ ਨੂੰ ਅੱਗੇ ਵਧਾਉਂਦਿਆਂ ਹੋਇਆਂ ਸ੍ਰੀ ਗੁਰੂ ਰਾਮਦਾਸ ਜੀ ਨੇ ਮਸੰਦ ਪ੍ਰਥਾ ਦਾ ਅਰੰਭ ਕੀਤਾ। ਇਹ ਮਸੰਦ ਜਿੱਥੇ ਦੂਰ-ਦੁਰਾਡੇ ਦੇ ਇਲਾਕਿਆਂ ਵਿਚ ਸਿੱਖੀ ਦੇ ਸਿਧਾਂਤਾਂ ਦਾ ਪ੍ਰਚਾਰ ਕਰਿਆ ਕਰਦੇ ਸਨ ਉਥੇ ਨਾਲ ਹੀ ਗੁਰੂ ਕੇ ਪ੍ਰੇਮੀਆਂ ਤੋਂ ਮਾਇਆ ਇਕੱਠੀ ਕਰ ਕੇ ਗੁਰੂ ਕੀ ਗੋਲਕ ਤੱਕ ਵੀ ਪਹੁੰਚਾਇਆ ਕਰਦੇ ਸਨ।

ਭਾਵੇਂ ਸ੍ਰੀ ਗੁਰੂ ਰਾਮਦਾਸ ਜੀ ਕੋਲ ਬਹੁਤ ਸਾਰੇ ਰੁਝੇਵੇਂ ਸਨ ਪਰ ਉਨ੍ਹਾਂ ਦੀ ਤਰਜੀਹ ਹਮੇਸ਼ਾਂ ਹੀ ਕਾਰ-ਸੇਵਾ ਵਿਚ ਬਣੀ ਰਹਿੰਦੀ ਸੀ। ਵਕਤ ਮਿਲਣ 'ਤੇ ਉਹ ਆਪ ਵੀ ਟੋਕਰੀ ਚੁੱਕ ਲੈਂਦੇ ਅਤੇ ਇੱਟਾਂ, ਗਾਰੇ ਅਤੇ ਚੂਨੇ ਆਦਿ ਦੀ ਹੱਥੀਂ ਸੇਵਾ ਕਰਿਆ ਕਰਦੇ ਸਨ। ਇਹ ਸਭ ਕੁਝ ਉਹ ਕਿਰਤ ਦੇ ਸਿਧਾਂਤ ਨੂੰ ਵਡਿਆਉਣ ਅਤੇ ਪਕਿਆਉਣ ਲਈ ਵੀ ਕਰਦੇ ਸਨ। ਇਸ ਤਰ੍ਹਾਂ ਕਰਦਿਆਂ ਇਕ ਦਿਨ ਉਹ ਵੀ ਆ ਗਿਆ ਜਿਸ ਦਿਨ ਸ੍ਰੀ ਗੁਰੂ ਰਾਮਦਾਸ ਜੀ ਅਤੇ ਉਨ੍ਹਾਂ ਦੇ ਸਪੁੱਤਰ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸੁਚੱਜੀ ਅਗਵਾਈ ਅਤੇ ਸੰਗਤਾਂ ਦੇ ਭਰਵੇਂ ਸਹਿਯੋਗ ਸਦਕਾ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਧਰਤੀ 'ਤੇ ਸਵਰਗ ਦੀ ਝਲਕ (ਸੱਚਖੰਡ ਦੇ ਰੂਪ 'ਚ) ਦਿਖਾਈ ਦੇਣ ਲੱਗ ਪਈ। ਅਜੋਕੇ ਸਮੇਂ ਵੀ ਇਹ ਸਥਾਨ ਰੱਬੀ ਸਿਫ਼ਤ-ਸਲਾਹ ਦਾ ਇਕ ਪ੍ਰਮੁੱਖ ਕੇਂਦਰ ਹੈ।

ਗੁਰੂ ਪਰਿਵਾਰ ਦੇ ਤਿੰਨਾਂ ਸਾਹਿਬਜ਼ਾਦਿਆਂ ਵਿੱਚੋਂ ਸਭ ਤੋਂ ਛੋਟੇ ਸ੍ਰੀ (ਗੁਰੂ) ਅਰਜਨ ਦੇਵ ਜੀ ਦੀਨ ਅਤੇ ਦੁਨੀਆ ਦੇ ਮਾਮਲੇ ਵਿਚ ਸਭ ਤੋਂ ਵਧੇਰੇ ਯੋਗ ਸਾਬਤ ਹੋਏ।ਜਿੱਥੇ ਉਹ ਪਰਵਾਰਿਕ ਪੱਖ ਤੋਂ ਪੂਰੇ ਜ਼ਿੰਮੇਵਾਰ ਸਨ ਉਥੇ ਉਹ ਅਧਿਆਤਮਿਕ ਪੱਖ ਤੋਂ ਵੀ ਸਰਬ-ਕਲਾ ਸਮਰੱਥ ਦਿਖਾਈ ਦਿੰਦੇ ਸਨ।

ਇਸ ਸਮਰੱਥਾ ਕਾਰਨ ਹੀ ਸ੍ਰੀ ਗੁਰੂ ਰਾਮਦਾਸ ਜੀ ਵੱਲੋਂ ਗੁਰਿਆਈ ਦਾ ਤਿਲਕ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਲਗਾਇਆ ਗਿਆ। ਗੁਰੂ ਪਿਤਾ ਵੱਲੋਂ ਵੱਡੇ ਪੁੱਤਰ (ਪ੍ਰਿਥੀ ਚੰਦ) ਨੂੰ ਅਣਡਿੱਠ ਕਰ ਕੇ ਸਭ ਤੋਂ ਛੋਟੇ ਪੁੱਤਰ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਗੁਰੂ ਨਾਨਕ ਕੇ ਘਰ ਦੀ ਵਡਿਆਈ (ਗੁਰਗੱਦੀ) ਦਿੱਤੇ ਜਾਣ ਦਾ ਪ੍ਰਿਥੀ ਚੰਦ ਵੱਲੋਂ ਡੱਟਵਾਂ ਵਿਰੋਧ ਕੀਤਾ ਗਿਆ ਪਰ ਸ੍ਰੀ ਗੁਰੂ ਰਾਮਦਾਸ ਜੀ ਵੱਲੋ 'ਤਖਤਿ ਬਹੈ ਤਖਤੈ ਕੀ ਲਾਇਕ' ਦੀ ਕਸਵੱਟੀ ਨੂੰ ਆਧਾਰ ਬਣਾ ਕੇ ਕੇਵਲ ਯੋਗਤਾ ਨੂੰ ਹੀ ਪਹਿਲ ਦਿੱਤੀ ਗਈ।

ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਆਪਣਾ ਗੱਦੀ-ਨਸ਼ੀਨ ਬਣਾ ਕੇ ਸ੍ਰੀ ਗੁਰੂ ਰਾਮਦਾਸ ਜੀ ਗੋਇੰਦਵਾਲ ਸਾਹਿਬ ਚਲੇ ਗਏ। ਕੁਝ ਦਿਨ ਇੱਥੇ ਟਿਕਾਣਾ ਕਰਨ ਤੋਂ ਬਾਅਦ ਅੱਸੂ ਮਹੀਨੇ ਦੇ ਦੂਜੇ ਦਿਨ ਮੁਤਾਬਕ ਸੰਮਤ 1638 (ਸਤੰਬਰ 1581 ਈ:) ਨੂੰ ਜੋਤੀ ਜੋਤ ਸਮਾ ਗਏ।

ਅਧਿਆਤਮਿਕ ਆਗੂ ਹੋਣ ਦੇ ਨਾਲ-ਨਾਲ ਸ੍ਰੀ ਗੁਰੂ ਰਾਮਦਾਸ ਜੀ ਇੱਕ ਉੱਚ ਕੋਟੀ ਦੇ ਬਾਣੀਕਾਰ ਵੀ ਸਨ ਜਿਨ੍ਹਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਵਾਲੇ 19 ਰਾਗਾਂ ਦੀ ਵਰਤੋਂ ਕਰਦਿਆਂ ਅਤੇ 11 ਹੋਰ ਰਾਗਾਂ ਸਮੇਤ ਕੁੱਲ 30 ਰਾਗਾਂ ਵਿਚ ਬਾਣੀ ਰਚੀ ਹੈ। ਇਹ ਬਾਣੀ ਬੜੇ ਹੀ ਅਦਬ ਅਤੇ ਸਤਿਕਾਰ ਨਾਲ ਪੜ੍ਹੀ/ਸੁਣੀ ਜਾਂਦੀ ਹੈ।

# ਪਠਾਨਕੋਟ ਪੁਲਿਸ ਨੇ ਕੀਤਾ ਕਰੋੜਾਂ ਰੁਪਏ ਦਾ ਨਸ਼ੀਲੇ ਪਦਾਰਥ ਨੂੰ ਕੀਤਾ ਨਸ਼ਟ

**ਪਠਾਨਕੋਟ, (ਰਾਜਿੰਦਰ ਸਿੰਘ ਰਾਜਨ)** ਪਠਾਨਕੋਟ ਪੁਲਿਸ ਨੇ ਸ਼ੁੱਕਰਵਾਰ ਨੂੰ ਜ਼ਿਲ੍ਹੇ ਦੇ ਵੱਖ-ਵੱਖ ਥਾਣਿਆਂ ਵੱਲੋਂ ਐਨ।ਡੀ।ਪੀ।ਐਸ ਐਕਟ ਤਹਿਤ ਬਰਾਮਦ ਕੀਤੇ ਗਏ ਨਸ਼ੀਲੇ ਪਦਾਰਥਾਂ ਨੂੰ ਨਸ਼ਟ ਕੀਤਾ ਹੈ। ਸੀਨੀਅਰ ਪੁਲਿਸ ਕਪਤਾਨ (ਐਸ ਐਸ ਪੀ) ਹਰਕਮਲ ਪ੍ਰੀਤ ਸਿੰਘ ਖੱਖ ਨੇ ਦੱਸਿਆ ਕਿ ਜ਼ਬਤ ਕੀਤੇ ਗਏ ਨਸ਼ੀਲੇ ਪਦਾਰਥਾਂ ਨੂੰ ਅੰਮ੍ਰਿਤਸਰ ਵਿਚ ਖੰਨਾ ਪੇਪਰ ਮਿੱਲ ਦੇ ਇਨਸੀਨੇਟਰਾਂ ਵਿੱਚ ਅੱਗ ਲਗਾ ਕੇ ਨਸ਼ਟ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਕੇਸ ਜਾਇਦਾਦ ਨੂੰ ਨਸ਼ਟ ਕਰਨ ਲਈ ਅਦਾਲਤਾਂ ਤੋਂ ਇਜਾਜ਼ਤ ਲੈ ਕੇ ਸਖ਼ਤ ਪ੍ਰੋਟੋਕੋਲ ਦੀ ਪਾਲਣਾ ਕੀਤੀ ਗਈ ਹੈ। ਜ਼ਿਲ੍ਹਾ ਪਠਾਨਕੋਟ ਵਿੱਚ ਐਨਡੀਪੀਐਸ ਐਕਟ ਦੇ 56 ਕੇਸਾਂ ਵਿੱਚ ਜ਼ਬਤ ਕੀਤੀ ਗਈ ਕੇਸ ਜਾਇਦਾਦ ਦਾ ਨਿਪਟਾਰਾ ਕਮੇਟੀ ਮੈਂਬਰਾਂ ਸਮੇਤ ਐਸਪੀ ਇਨਵੈਸਟੀਗੇਸ਼ਨ ਹਰਪਾਲ ਸਿੰਘ ਅਤੇ ਡੀਐਸਪੀ ਲਖਵਿੰਦਰ ਸਿੰਘ ਰੰਧਾਵਾ ਦੀ ਹਾਜ਼ਰੀ ਵਿੱਚ ਕੀਤਾ ਗਿਆ ਹੈ।



ਸਾਰੇ ਨਸ਼ੀਲੇ ਪਦਾਰਥਾਂ ਦਾ ਅਸਲ ਵਿੱਚ ਕਮੇਟੀ ਦੁਆਰਾ ਨਿਰੀਖਣ ਅਤੇ ਵਜ਼ਨ ਕੀਤਾ ਗਿਆ ਸੀ। ਸਾਰੀ ਪ੍ਰਕਿਰਿਆ ਦੀ ਵੀਡੀਓ ਗ੍ਰਾਫੀ ਕੀਤੀ ਗਈ ਅਤੇ ਡਰੱਗ ਨਿਪਟਾਰਾ ਕਮੇਟੀ ਦੀ ਨਿਗਰਾਨੀ ਹੇਠ ਕੀਤੀ ਗਈ ਹੈ। ਕਮੇਟੀ ਨੇ ਇਸ ਹੱਦ ਤੱਕ ਨਸ਼ਟ ਕਰਨ ਦੀ ਪ੍ਰਕਿਰਿਆ ਦੀ ਨਿਗਰਾਨੀ ਕੀਤੀ ਕਿ ਇਹ ਜ਼ਬਤ ਕੀਤੇ ਗਏ ਨਸ਼ੀਲੇ ਪਦਾਰਥ ਬਾਜ਼ਾਰ ਵਿੱਚ ਮੁੜ ਪ੍ਰਚਲਿਤ ਨਾ ਕੀਤੇ ਜਾ ਸਕਣ। ਇਹਨਾਂ ਨਸ਼ੀਲੇ ਪਦਾਰਥਾਂ ਦੇ ਨਿਪਟਾਰੇ ਨਾਲ ਯਕੀਨੀ ਤੌਰ 'ਤੇ ਬਾਜ਼ਾਰ ਵਿਚ ਇਨ੍ਹਾਂ ਦਵਾਈਆਂ ਦੀ ਉਪਲਬਧਤਾ ਘਟੇਗੀ।

ਐਸ ਐਸ ਪੀ ਨੇ ਦੱਸਿਆ ਕਿ ਨਸ਼ਟ ਕੀਤੇ ਗਏ ਨਸ਼ੀਲੇ ਪਦਾਰਥਾਂ ਵਿੱਚ 1।295 ਕਿਲੋ ਚਰਸ, 882 ਕਿਲੋ 330 ਗ੍ਰਾਮ ਭੁੱਕੀ ਅਤੇ 19 ਕਿਲੋਗ੍ਰਾਮ , 215 ਗ੍ਰਾਮ ਨਸ਼ੀਲਾ ਪਾਊਡਰ, 54 ਗ੍ਰਾਮ ਹੈਰੋਇਨ, ਅਤੇ 100 ਕੈਪਸੂਲ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਡੀਜੀਪੀ ਪੰਜਾਬ ਗੌਰਵ ਯਾਦਵ ਨੇ ਸਪੱਸ਼ਟ ਹਦਾਇਤਾਂ ਦਿੱਤੀਆਂ ਹਨ ਕਿ ਜਦੋਂ ਤੱਕ ਨਸ਼ਿਆਂ ਦਾ ਪੂਰੀ ਤਰ੍ਹਾਂ ਸਫਾਇਆ ਨਹੀਂ ਹੋ ਜਾਂਦਾ ਉਦੋਂ ਤੱਕ ਇਹ ਜੰਗ ਜਾਰੀ ਰੱਖੀ ਜਾਵੇ।

# ਪੁਸਤਕ ਰਿਵਿਊ

**ਹਿੰਮਤ ਅਤੇ ਮਿਹਨਤ**
**ਰੀਵਿਊਕਾਰ: ਬਲਜਿੰਦਰ ਮਾਨ 98150-18947**
**ਕਵੀ: ਲੈਫ.ਕਰਨਲ ਸਾਬੂ ਸਿੰਘ**
**ਪ੍ਰਕਾਸ਼ਕ: ਚੇਤਨਾ ਪ੍ਰਕਾਸ਼ਨ ਲੁਧਿਆਣਾ, ਪੰਨੇ: 52, ਮੁੱਲ: 150/-**

ਬਾਲ ਸਾਹਿਤ ਦੇ ਖੇਤਰ ਵਿਚ ਕਈ ਨਵੇਂ ਅਤੇ ਕਈ ਪ੍ਰੌੜ ਲਿਖਾਰੀ ਆਪਣੀਆਂ ਕਿਰਤਾਂ ਨਾਲ ਸ਼ਾਨਦਾਰ ਯੋਗਦਾਨ ਪਾ ਰਹੇ ਹਨ।ਬਾਲ ਮਨ ਦੀਆਂ ਤਹਿਆਂ ਫਰੋਲਣ ਵਾਲੇ ਸਾਹਿਤਕਾਰਾਂ ਦੀਆਂ ਕਿਰਤਾਂ ਦਾ ਪਾਠਕਾਂ ਵਲੋਂ ਭਰਪੂਰ ਹੁੰਗਾਰਾ ਭਰਿਆ ਜਾਂਦਾ ਹੈ।ਲੈਫ ਕਰਨਲ ਬਾਬੂ ਸਿੰਘ ਪਹਿਲਾਂ ਚਾਰ ਪੁਸਤਕਾਂ ਵਿਚ ਬਾਲ ਗੀਤਾਂ ਦੀ ਪੁਸਤਕ 'ਵਿਰਸੇ ਦੇ ਵਾਰਸਾਂ ਨੂੰ' ਭੇਟ ਕਰ ਚੁੱਕੇ ਹਨ।ਉਹਨਾਂ ਦੀ ਕਵਿਤਾ ਦਾ ਮਨੋਰਥ ਬਾਲ ਮਨ ਨੂੰ ਨਰੋਆ ਕਰਕੇ ਹਰ ਪ੍ਰਕਾਰ ਦੇ ਹਾਲਾਤਾਂ ਲਈ ਤਿਆਰ ਕਰਨਾ ਹੈ।ਜਿਸ ਵਾਸਤੇ ਉਹਨਾਂ ਨੇ ਆਪਣੀ ਨਵੀਂ ਪੁਸਤਕ 'ਹਿੰਮਤ ਅਤੇ ਮਿਹਨਤ' ਪੇਸ਼ ਕੀਤੀ ਹੈ।




ਹੱਥਲੀ ਪੁਸਤਕ 'ਹਿੰਮਤ ਅਤੇ ਮਿਹਨਤ' ਵਿਚ ਉਹਨਾਂ ਨੇ 27 ਬਾਲ ਗੀਤ ਅਤੇ ਕਵਿਤਾਵਾਂ ਸ਼ਾਮਲ ਕੀਤੀਆਂ ਹਨ।ਇਹ ਪੁਸਤਕ ਰੰਗਦਾਰ ਚਿੱਤਰਾਂ ਨਾਲ ਸ਼ਿੰਗਾਰੀ ਹੋਣ ਕਰਕੇ ਬਾਲ ਮਨਾਂ ਨੂੰ ਆਕਰਸ਼ਿਤ ਕਰਦੀ ਹੈ।ਆਰਟ ਪੇਪਰ ਨਾਲ ਇਸ ਪੁਸਤਕ ਨੂੰ ਹੋਰ ਵੀ ਕੀਮਤੀ ਬਣਾ ਦਿੱਤਾ ਗਿਆ ਹੈ। ਕਵੀ ਆਪਣੀਆਂ ਕਾਵਿ ਵੰਨਗੀਆਂ ਰਾਹੀਂ ਬੱਚਿਆਂ ਨੂੰ ਵੱਡਿਆਂ ਦਾ ਸਤਿਕਾਰ ਅਤੇ ਛੋਟਿਆਂ ਨਾਲ ਪਿਆਰ ਕਰਨ ਦੀ ਨਸੀਹਤ ਕਰਦਾ ਹੈ। ਰੁੱਖ ਤੇ ਮਨੁੱਖ ਦਾ ਰਿਸ਼ਤਾ ਵੀ ਬਾਖੂਬੀ ਪੇਸ਼ ਕੀਤਾ ਗਿਆ ਹੈ। ਬਾਲ ਜੀਵਨ ਨਾਲ ਸੰਬੰਧਤ ਵਸਤਾਂ ਬਾਰੇ ਸ਼ਾਮਲ ਕਵਿਤਾਵਾਂ ਗਿਆਨ ਅਤੇ ਮਨੋਰੰਜਨ ਪ੍ਰਦਾਨ ਕਰਦੀਆਂ ਹਨ।ਕਵਿਤਾਵਾਂ ਵਿਚ ਸੁਰ ਅਤੇ ਲੈਅ ਦਾ ਖਾਸ ਖਿਆਲ ਰੱਖਿਆ ਗਿਆ ਹੈ। ਇਸੇ ਕਰਕੇ ਬੱਚੇ ਇਹਨਾਂ ਕਵਿਤਾਵਾਂ ਨੂੰ ਬੜੇ ਚਾਅ ਨਾਲ ਪੜ੍ਹਦੇ ਹਨ। ਰੁੱਖ, ਕੁਦਰਤ, ਸਮਾਂ, ਖੁਰਾਕ, ਪੰਜਾਬ, ਦੇਸ਼, ਸੂਰਜ, ਹਿੰਮਤ ਅਤੇ ਮਿਹਨਤ ਆਦਿ ਬਹੁਤ ਹੀ ਪਾਏਦਾਰ ਰਚਨਾਵਾਂ ਹਨ। ਸਾਰੀ ਦੀ ਸਾਰੀ ਪੁਸਤਕ ਬਾਲ ਮਾਨਸਿਕਤਾ ਦੀਆਂ ਬਾਤਾਂ ਪਾਉਂਦੀ ਹੋਈ ਨਵੀਆਂ ਰਾਹਾਂ ਦੀ ਵਾਕਫੀਅਤ ਕਰਵਾਉਂਦੀ ਹੈ। ਸ਼ਬਦਾਂ ਦੀ ਚੋਣ ਵੀ ਕੋਮਲ ਮਨ ਵਰਗੀ ਹੈ।

# ਨੀਰੂ ਬਾਜਵਾ ਮਹਿੰਗੀਆਂ ਕਾਰਾਂ ਦੀ ਸ਼ੌਕੀਨ

ਪੰਜਾਬੀ ਫ਼ਿਲਮੀ ਇੰਡਸਟਰੀ ਦੀ ਨਾਮੀ ਅਦਾਕਾਰਾ ਨੀਰੂ ਬਾਜਵਾ ਨੇ 26 ਅਗਸਤ ਨੂੰ ਆਪਣਾ 42ਵਾਂ ਬਰਥਡੇਅ ਸੈਲੀਬ੍ਰੇਟ ਕੀਤਾ ਹੈ। ਨੀਰੂ ਦਾ ਜਨਮ 26 ਅਗਸਤ 1980 ਨੂੰ ਕੈਨੇਡਾ 'ਵਿਚ ਹੋਇਆ ਸੀ ਅਤੇ ਉਨ੍ਹਾਂ ਦਾ ਅਸਲੀ ਨਾਂ ਅਰਸ਼ਵੀਰ ਕੌਰ ਬਾਜਵਾ ਹੈ। ਨੀਰੂ ਬਾਜਵਾ ਪੰਜਾਬੀ ਇੰਡਸਟਰੀ ਦਾ ਜਾਣਿਆ-ਪਛਾਣਿਆ ਨਾਂ ਹੈ। ਨੀਰੂ ਬਾਜਵਾ ਨੇ ਆਪਣੀ ਸ਼ਾਨਦਾਰ ਅਦਾਕਾਰੀ ਨਾਲ ਪ੍ਰਸ਼ੰਸਕਾਂ ਨੂੰ ਦੀਵਾਨਾ ਬਣਾ ਦਿੱਤਾ ਹੈ।

ਪੰਜਾਬੀ ਇੰਡਸਟਰੀ ਦੀ ਜਾਨ ਨੀਰੂ ਬਾਜਵਾ ਨੇ ਬਾਲੀਵੁੱਡ ਨਾਲ ਆਪਣੇ ਕਰੀਅਰ ਦੀ ਸ਼ੁਰੂਆਤ ਕੀਤੀ ਸੀ। ਬਾਲੀਵੁੱਡ ਤੋਂ ਬਾਅਦ ਨੀਰੂ ਬਾਜਵਾ ਨੇ ਕਈ ਟੀ ਵੀ ਸ਼ੋਅਜ਼ ਵਿਚ ਕੰਮ ਕੀਤਾ ਹੈ। ਟੀ। ਵੀ। ਸ਼ੋਅਜ਼ ਵਿਚ ਆਪਣੀ ਵੱਖਰੀ ਪਛਾਣ ਬਣਾਉਣ ਤੋਂ ਬਾਅਦ ਉਨ੍ਹਾਂ ਨੇ ਪੰਜਾਬੀ ਇੰਡਸਟਰੀ ਵਿਚ ਪ੍ਰਵੇਸ਼ ਕੀਤਾ।



42 ਸਾਲਾ ਨੀਰੂ ਬਾਜਵਾ ਦਾ ਵਿਆਹ ਹੈਰੀ ਜਵੰਧਾ ਨਾਲ ਹੋਇਆ ਹੈ ਅਤੇ ਉਨ੍ਹਾਂ ਦੀਆਂ ਤਿੰਨ ਧੀਆਂ ਹਨ। ਨੀਰੂ ਬਾਜਵਾ ਨੇ ਆਪਣੀ ਮਿਹਨਤ ਤੇ ਟੈਲੇਂਟ ਦੇ ਦਮ 'ਤੇ ਫ਼ਿਲਮ ਇੰਡਸਟਰੀ 'ਚ ਖ਼ਾਸ ਜਗ੍ਹਾ ਬਣਾਈ ਹੈ। ਨੀਰੂ ਬਾਜਵਾ ਕੈਨੇਡਾ ਦੀ ਜੰਮਪਲ ਹੈ ਅਤੇ ਵਿਆਹ ਤੋਂ ਬਾਅਦ ਉਹ ਆਪਣੇ ਪਤੀ ਨਾਲ ਕੈਨੇਡਾ ਵਿਚ ਹੀ ਰਹਿ ਰਹੀ ਹੈ।

ਨੀਰੂ ਬਾਜਵਾ ਨੂੰ ਬਚਪਨ ਤੋਂ ਹੀ ਅਦਾਕਾਰਾ ਬਣਨ ਦਾ ਸ਼ੌਕ ਸੀ। ਉਨ੍ਹਾਂ ਨੇ ਫ਼ਿਲਮ 'ਮੈਂ ਸੋਲ੍ਹ ਬਰਸ ਕੀ' ਨਾਲ ਅਦ-'ਕਾਰੀ ਦੀ ਦੁਨੀਆ 'ਚ ਪ੍ਰਵੇਸ਼ ਕੀਤਾ ਅਤੇ ਅੱਜ ਉਹ ਪੰਜਾਬੀ ਸਿਨੇਮਾ ਦੀਆਂ ਚੋਟੀ ਦੀਆਂ ਅਭਿ-ਨੇਤਰੀਆਂ ਦੀ ਸੂਚੀ' ਵਿਚ ਸ਼ਾਮਲ ਹੈ। ਨੀਰੂ ਬਾਜਵਾ ਦਾ ਭਾਰਤ ਵਿਚ ਆਲੀਸ਼ਾਨ ਘਰ ਹੈ, ਪਰ ਉਹ ਆਪਣੇ ਪਰਿਵਾਰ ਨਾਲ ਕੈਨੇਡਾ ਵਿਚ ਸੈਟਲ ਹੈ। ਕੈਨੇਡਾ ਵਿਚ ਵੀ ਨੀਰੂ ਬਾਜਵਾ ਦਾ ਆਲੀਸ਼ਾਨ ਬੰਗਲਾ ਹੈ, ਜਿਸ ਦੀ ਕੀਮਤ ਕਰੋੜਾਂ ਵਿਚ ਹੈ। ਨੀਰੂ ਬਾਜਵਾ ਨੂੰ ਮਹਿੰਗੀਆਂ ਕਾਰਾਂ ਦਾ ਕਾਫ਼ੀ ਸ਼ੌਕ ਹੈ। ਉਨ੍ਹਾਂ ਦੇ ਕਾਰ ਕਲੈਕਸ਼ਨ ਵਿਚ ਮਰਸਡੀਜ਼, ਬੀ। ਐੱਮ। ਡਬਲਿਊ, ਰੇਂਜ ਰੋਵਰ ਵਰਗੀਆਂ ਮਹਿੰਗੀਆਂ ਕਾਰਾਂ ਹਨ।150 ਕਰੋੜ ਜਾਇਦਾਦ ਦੀ ਮਾਲਕਣ ਨੀਰੂ ਬਾਜਵਾ ਦੀ ਨੈੱਟ ਵਰਥ ਯਾਨੀਕਿ ਕੁੱਲ ਜਾਇਦਾਦ ਦੀ ਗੱਲ ਕਰੀਏ ਤਾਂ ਇੱਕ ਰਿਪੋਰਟ ਮੁਤਾਬਕ, ਉਨ੍ਹਾਂ ਦੀ ਕੁੱਲ ਜਾਇਦਾਦ 20 ਮਿਲੀਅਨ ਡਾਲਰ ਯਾਨੀਕਿ 150 ਕਰੋੜ ਤੋਂ ਵੀ ਵੱਧ ਹੈ। ਰਿਪੋਰਟ ਮੁਤਾਬਕ, ਨੀਰੂ ਬਾਜਵਾ ਪੰਜਾਬੀ ਇੰਡਸਟਰੀ ਦੀ ਸਭ ਤੋਂ ਮਹਿੰਗੀ ਅਦਾਕਾਰਾ ਹੈ। ਉਹ ਇੱਕ ਫ਼ਿਲਮ ਕਰਨ ਲਈ 70 ਲੱਖ ਫ਼ੀਸ ਚਾਰਜ ਕਰਦੀ ਹੈ। ਵੱਖ-ਵੱਖ ਗੀਤਾਂ ਵਿਚ ਡਾਂਸ ਕਰਨ ਲਈ ਵੀ ਉਸ ਦੀ ਫ਼ੀਸ ਬਾਕੀ ਅਦਾਕਾਰਾਂ ਨਾਲੋਂ ਕਾਫ਼ੀ ਜ਼ਿਆਦਾ ਹੈ।

ਦੱਸ ਦੇਈਏ ਕਿ ਨੀਰੂ ਬਾਜਵਾ ਦਾ ਨਾਂ ਲੰਮੇ ਸਮੇਂ ਤੋਂ ਵੈੱਬ ਸੀਰੀਜ਼ ਦੀ ਦੁਨੀਆ ਵਿਚ ਮਸ਼ਹੂਰ ਅਦਾਕਾਰ ਆਮਿਤ ਸਾਧ ਨਾਲ ਜੁੜਿਆ ਸੀ। ਦੱਸਿਆ ਜਾਂਦਾ ਹੈ ਕਿ ਦੋਵੇਂ 8 ਸਾਲਾਂ ਤੋਂ ਇਕ-ਦੂਜੇ ਨਾਲ ਰਿ-ਲੇਸ਼ਨ ਵਿਚ ਰਹੇ ਸਨ। ਨੀਰੂ ਬਾਜਵਾ ਨੇ ਅਚਾਨਕ ਅਮਿਤ ਨਾਲ ਬ੍ਰੇਕਅੱਪ ਕਰ ਲਿਆ। ਇਸ ਤੋਂ ਬਾਅਦ ਅਦਾਕਾਰ 'ਬਿੱਗ ਬੌਸ 1' ਸ਼ੋਅ ਵਿਚ ਫੁੱਟ-ਫੁੱਟ ਕੇ ਰੋਣ ਲੱਗਾ ਸੀ। ਇਕ ਇੰਟਰਵਿਊ ਦੌਰਾਨ ਅਮਿਤ ਨੇ ਖ਼ੁਲਾਸਾ ਕੀਤਾ ਕਿ ਕਿਹਾ ਕਿ ਉਹ ਨੀਰੂ ਬਾਜਵਾ ਨੂੰ ਬਹੁਤ ਪਿਆਰ ਕਰਦਾ ਸੀ। ਉਹ ਨੀਰੂ ਨੂੰ ਆਪਣਾ ਪਿਆਰ ਸਮਝਦਾ ਸੀ ਅਤੇ ਉਸ ਦੇ ਜਾਣ ਤੋਂ ਬਾਅਦ ਜ਼ਿੰਦਗੀ ਨੂੰ ਫ਼ਿਰ ਤੋਂ ਸ਼ੁਰੂ ਕਰਨਾ ਪਿਆ ਸੀ। ਨੀਰੂ ਬਾਜਵਾ ਦੇ ਫ਼ਿਲਮੀ ਕਰੀਅਰ ਦੀ ਗੱਲ ਕਰੀਏ ਤਾਂ ਅਦਾਕਾਰਾ ਨੇ ਫ਼ਿਲਮਾਂ ਵਿਚ ਆਪਣੀ ਵੱਖ਼ਰੀ ਪਛਾਣ ਬਣਾਈ।

ਜਿਸ ਨੂੰ ਪੰਜਾਬ ਵਿਚ ਹੀ ਨਹੀਂ ਸਗੋਂ ਦੇਸ਼-ਵਿਦੇਸ਼ 'ਚ ਪ੍ਰਸ਼ੰਸਕ ਪਿਆਰ ਦਿੰਦੇ ਹਨ। ਅਦਾਕਾਰਾ ਨੇ 'ਜਿੰਨੇ ਮੇਰਾ ਦਿਲ ਲੁੱਟਿਆ', 'ਮੇਲ ਕਰਾ ਦੇ ਰੱਬਾ', 'ਜੱਟ ਐਂਡ ਜੂਲੀਅਟ', 'ਜੱਟ ਐਂਡ ਜੂਲੀਅਟ 2' ਅਤੇ 'ਚੰਨੋ ਕਮਲੀ ਯਾਰ ਦੀ' ਵਰਗੀਆਂ ਮਸ਼ਹੂਰ ਫ਼ਿਲਮਾਂ ਦਿੱਤੀਆਂ ਹਨ। ਜੋ ਬਾਕਸ ਆਫ਼ਿਸ 'ਤੇ ਕਾਫ਼ੀ ਹਿੱਟ ਹੋਈਆਂ।

## ਸਿਰ ਵਾਰਨਾ ਕਿ ਵਰਤਣਾ?

ਜ਼ੁਲਮੋ ਸਿਤਮ ਜਾਂ ਧੌਂਸ ਖਿਲਾਫ ਖੜ੍ਹਨਾਂ
'ਗਹਿਣਾ' ਨਾਬਰੀ ਮੁੱਢੋਂ ਪੰਜਾਬ ਦਾ ਐ।
ਖ਼ੂਨੀਂ ਸਿਆਸਤਾਂ ਦੋਸਤੋ ਸਮਝ ਲਈਏ
ਅੱਗੇ ਸਮਾਂ ਬਿਖੜਾ ਬੇ-ਹਿਸਾਬ ਦਾ ਐ।
ਅੱਗਾ-ਪਿੱਛਾ ਵਿਚਾਰੇ ਬਿਨ ਧੁੱਸ ਦੇਣੀ
ਕਾਹ.ਲ ਕਰਨੀਂ ਵੀ ਕੰਮ ਅਜਾਬ ਦਾ ਐ।
ਬਿਨਾਂ 'ਯੋਗ ਤਰੀਕੇ' ਜੇ ਹੱਥ ਲਾਈਏ
ਸਾੜ ਦੇਣਾ ਹੀ ਕੰਮ 'ਤੇਜ਼ਾਬ' ਦਾ ਐ।
ਲੈ ਕੇ ਵਿਰਸੇ ਤੋਂ 'ਜੋਸ਼ ਤੇ ਹੋਸ਼' ਦੋਵੇਂ
ਵਰਤਮਾਨ 'ਪ੍ਰਸੰਗ' ਵੱਲ੍ਹ ਪਰਤੀਏ ਜੀ।
ਫਾਇਦਾ ਵੱਧ ਨੁਕਸਾਨ ਵੀ ਘੱਟ ਹੁੰਦਾ
ਸਿਰ ਵਾਰਨੇ ਨਾਲ਼ੋਂ ਜੇ 'ਵਰਤੀਏ' ਜੀ !

**ਤਰਲੋਚਨ ਸਿੰਘ ਦੁਪਾਲ ਪੁਰ**
**001-408-915-1268**



# ਜੰਮੂ-ਕਸ਼ਮੀਰ ਦੇ ਗੁੱਜਰਾਂ, ਬੱਕਰਵਾਲਾਂ ਅਤੇ ਪਹਾੜੀਆਂ ਨੂੰ ਮਿਲੇਗਾ ਰਾਖਵਾਂਕਰਨ

**ਰਾਜੌਰੀ (ਜੰਮੂ-ਕਸ਼ਮੀਰ)-** ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਅੱਜ ਐਲਾਨ ਕੀਤਾ ਕਿ ਜੰਮੂ ਕਸ਼ਮੀਰ ਵਿੱਚ ਗੁੱਜਰ, ਬੱਕਰਵਾਲ ਤੇ ਪਹਾੜੀ ਭਾਈਚਾਰਿਆਂ ਨੂੰ ਜਸਟਿਸ ਸ਼ਰਮਾ ਕਮਿਸ਼ਨ ਵੱਲੋਂ ਕੀਤੀਆਂ ਸਿਫਾਰਸ਼ਾਂ ਮੁਤਾਬਕ ਰਾਖਵਾਂਕਰਨ ਦਾ ਲਾਹਾ ਮਿਲੇਗਾ। ਸ਼ਾਹ ਇਥੇ ਭਾਰਤ-ਪਾਕਿ ਦੀ ਸਰਹੱਦ ਨਾਲ ਪੀਰ ਪੰਜਾਲ ਦੀਆਂ ਪਹਾੜੀਆਂ ਦੇ ਪੈਰਾਂ 'ਚ ਵਸੇ ਕਸਬੇ ਵਿੱਚ ਰੈਲੀ ਨੂੰ ਸੰਬੋਧਨ ਕਰ ਰਹੇ ਸਨ। ਸ਼ਾਹ ਨੇ ਕਿਹਾ ਕਿ ਇਨ੍ਹਾਂ ਤਿੰਨਾਂ ਭਾਈਚਾਰਿਆਂ ਦੇ ਅਨੁਸੂਚਿਤ ਜਾਤੀ(ਐੱਸਟੀ) ਵਿਚਲੇ ਕੋਟੇ ਵਿੱਚ ਕੋਈ ਕਟੌਤੀ ਨਹੀਂ ਕੀਤੀ ਜਾਵੇਗੀ ਤੇ ਹਰੇਕ ਨੂੰ ਬਣਦਾ ਹਿੱਸਾ ਮਿਲੇਗਾ। ਕੇਂਦਰੀ ਮੰਤਰੀ ਨੇ ਕਿਹਾ ਕਿ ਸਾਲ 2019 ਵਿੱਚ ਧਾਰਾ 370 ਮਨਸੂਖ ਕੀਤੇ ਜਾਣ ਨਾਲ ਜੰਮੂ ਕਸ਼ਮੀਰ ਵਿੱਚ ਸਹੂਲਤਾਂ ਤੋਂ ਸੱਖਣੇ ਸਮਾਜ ਦੇ ਵੱਖ ਵੱਖ ਵਰਗਾਂ ਨੂੰ ਰਾਖਵਾਂਕਰਨ ਦਾ ਲਾਭ ਮਿਲਣ ਦਾ ਰਾਹ ਪੱਧਰਾ ਹੋਇਆ ਹੈ। ਉਨ੍ਹਾਂ ਜੰਮੂ ਕਸ਼ਮੀਰ ਦੇ ਵਿਕਾਸ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਤਰਜੀਹ ਦੱਸਿਆ। ਇਸ ਦੌਰਾਨ ਸ਼ਾਹ ਸ਼ਾਮੀਂ ਸੱਤ ਵਜੇ ਦੇ ਕਰੀਬ ਸ੍ਰੀਨਗਰ ਪੁੱਜ ਗਏ। ਉਹ ਭਲਕੇ ਬਾਰਾਮੁੱਲਾ ਵਿੱਚ ਜਨਤਕ ਰੈਲੀ ਨੂੰ ਸੰਬੋਧਨ ਕਰਨਗੇ।

ਸ੍ਰੀ ਸ਼ਾਹ ਨੇ ਰਾਜੌਰੀ 'ਚ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ, ''ਜਸਟਿਸ ਸ਼ਰਮਾ ਕਮਿਸ਼ਨ ਨੇ ਸਿਫਾਰਸ਼ ਕੀਤੀ ਸੀ ਕਿ ਪਹਾੜੀਆਂ, ਬੱਕਰਵਾਲ ਤੇ ਗੁੱਜਰਾਂ ਨੂੰ ਅਨੁਸੂਚਿਤ ਜਾਤੀ ਰਾਖਵਾਂਕਰਨ ਦੇ ਲਾਭ ਲਈ ਸ਼ਾਮਲ ਕੀਤਾ ਜਾਵੇ। ਇਹ ਸਿਫਾਰਸ਼ਾਂ ਮਿਲ ਗਈਆਂ ਹਨ ਤੇ ਕਾਨੂੰਨੀ ਕਾਰਵਾਈ ਮੁਕੰਮਲ ਹੁੰਦੇ ਹੀ ਜਲਦੀ ਹੀ ਇਨ੍ਹਾਂ ਭਾਈਚਾਰਿਆਂ ਨੂੰ ਰਾਖਵਾਂਕਰਨ ਦਾ ਲਾਭ ਮਿਲਣ ਲੱਗੇਗਾ।'' ਗ੍ਰਹਿ ਮੰਤਰੀ ਨੇ ਕਿਹਾ ਕਿ ਕੁਝ ਲੋਕਾਂ ਨੇ ਪਹਾੜੀਆਂ ਨੂੰ ਦਿੱਤੇ ਅਨੁਸੂਚਿਤ ਜਾਤੀ ਰੁਤਬੇ ਨੂੰ ਲੈ ਕੇ ਗੁੱਜਰ ਤੇ ਬੱਕਰਵਾਲਾਂ ਨੂੰ ਭੜਕਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ, ਪਰ ਲੋਕਾਂ ਨੇ ਉਨ੍ਹਾਂ ਦੀਆਂ ਕੋਝੀਆਂ ਚਾਲਾਂ ਨੂੰ ਨਾਕਾਮ ਕਰ ਦਿੱਤਾ।

# ਅਲੋਪ ਹੋ ਗਏ ਬਰੀਕ ਤੂੜੀ ਦੇ ਸ਼ੌਂਕੀਨ 'ਬਜ਼ੁਰਗ' (ਪੁਰਖੇ)

ਜੇ ਅੱਜ ਪੁਰਾਤਨ ਯੁੱਗ ਵਿਚ ਜਾਈਏ, ਪਹਿਲੇ ਤੇ ਅੱਜ ਦੇ ਸਮੇਂ ਵਿਚ ਜ਼ਮੀਨ ਅਸਮਾਨ ਦਾ ਅੰਤਰ ਹੈ। ਸਭ ਕੰਮ ਕਾਰ ਹੱਥਾਂ ਦੇ ਨਾਲ ਕੀਤੇ ਜਾਂਦੇ ਸਨ। ਜੁੱਸੇ ਦੇ ਤੱਕੜੇ ਬਾਬੇ ਹਾੜ੍ਹੀ ਵੱਢਣ ਦੇ ਸਮੇਂ ਕਾਮਿਆਂ ਦੇ ਕੰਨਾਂ ਸੋਰੀ ਕੱਢ ਦਿੰਦੇ ਸਨ ਕਿ ਹਾੜ੍ਹੀ ਖੇਤਾਂ ਵਿਚ ਪੱਕ ਕੇ ਤਿਆਰ ਹੋ ਗਈ ਹੈ ਜਰਾ ਕਾਇਮ, ਤੱਕੜੇ ਹੋ ਜਾਉ, ਦਾਤੀਆਂ ਨੂੰ ਦੰਦੇ ਤੇਜ ਕਰ ਆਪਣੇ ਆਪਨੂੰ ਤਿੱਖਾ ਕਰ ਲਉ। ਬਾਕੀ ਹਦਾਇਤ ਕਰਨੀ ਕਣਕ, ਜੌਂ ਹਰੇ ਨਹੀਂ ਵੱਢਣੇ। ਬੱਲੀ ਭਾਂਵੇਂ ਸੁੱਕ ਜਾਵੇ ਪਰ ਥੱਲੇ ਤੋਂ ਨਾੜ ਗਿੱਲਾ ਹੁੰਦਾ ਹੈ। ਫਲਿਆਂ ਤੋਂ ਬਰੀਕ ਤੂੜੀ ਬਨਾਉਣੀ ਬਹੁਤ ਔਖਾ ਕੰਮ ਹੁੰਦਾ ਸੀ। ਸਲਾਬੇ ਨਾੜ ਦੀਆਂ ਘੁੰਡੀਆਂ ਤੇ ਮੱਖੀ ਜਿਆਦਾ ਬਣਦੀ ਸੀ। ਇਹ ਗਿੱਲੀਆਂ ਵਸਤਾਂ ਕਿਸਾਨ ਦਾ ਲਹੂ ਪੀ ਲੈਂਦੀਆ ਸਨ।

ਬਜ਼ੁਰਗ ਆਪ ਪਿੜ ਵਿਚ ਜਾ ਕੇ ਹਰ ਗੱਲ ਦੀ ਪੁਸ਼ਟੀ ਕਰਦੇ ਸਨ। ਜੇ ਕੁਦਰਤੀ ਮੀਂਹ ਪੈ ਜਾਂਦਾ, ਗਿਲ ਗਿਲੋਲਾ ਹੋ ਜਾਂਦਾ ਤਾਂ ਸਾਰਾ ਵਾਂਢੀ ਦਾ ਕੰਮ ਰੋਕ ਲਿਆ ਜਾਂਦਾ ਸੀ। ਜਿੰਨਾਂ ਚਿਰ ਖੇਤ ਪਿੜ ਸੁੱਕਦੇ ਨਾ ਉਨਾਂ ਚਿਰ ਕੰਮ ਰੁਕਿਆ ਰਹਿੰਦਾ। ਗਿੱਲੀ ਥਾਂ 'ਤੇ ਮੰਡਲੀ ਲਾਉਣ ਤੋਂ ਪਰਹੇਜ਼ ਕੀਤਾ ਜਾਂਦਾ ਸੀ। ਬਾਕੀ ਪਿੜ ਵੀ ਪੂਰੀ ਤਰ੍ਹਾਂ ਸੁਕਾ ਲਿਆ ਜਾਂਦਾ ਸੀ ਕਿਉਂਕਿ ਨਾੜ ਨੂੰ ਸਿੱਲ ਚੜ੍ਹ ਜਾਂਦੀ ਸੀ ਤੇ ਤੂੜੀ ਦਾ ਰੰਗ ਬਦਲ ਜਾਂਦਾ ਸੀ। ਪਰ ਸੁੱਕੇ ਨਾੜ ਦੀ ਤੂੜੀ ਵਧੀਆ ਬਣਦੀ ਸੀ। ਪਿੜ ਵਿਚ ਪਏ ਨਾੜ ਨੂੰ ਫਰੋਲ ਫਰੋਲ ਕੇ ਗਾਹਣ ਦੀ ਹਦਾਇਤ ਦਿੰਦੇ ਸਨ। ਬਾਬੇ ਕਹਿੰਦੇ ਸਨ ਜਰਾ ਲਾਂਗੇ ਨੂੰ ਹਵਾ ਲਵਾ ਲਵੋ। ਜਦ ਨਾੜ ਸੁੱਕੇ ਦੀ ਉਹਨਾਂ ਨੂੰ ਤਸੱਲੀ ਹੋ ਜਾਂਦੀ ਫੇਰ ਫਲਾ ਜੋੜਨ ਦੀ ਆਗਿਆ ਦਿੰਦੇ ਸਨ। ਬਾਬੇ ਕੰਮੀਆਂ, ਮਜ਼ਦੂਰਾਂ ਤੇ ਸੀਰੀਆਂ ਨੂੰ ਹਦਾਇਤ ਦਿੰਦੇ ਸਨ ਕਿ ਫਲਾ ਹੱਕਣ ਦੇ ਸਮੇਂ ਬਲਦਾਂ ਦਾ ਗੋਹਾ ਪੈਰਾਂ ਵਿਚ ਨਾ ਡਿਗਣ ਦੀ ਹਦਾਇਤ ਦਿੰਦੇ ਸਨ। ਗੋਹਾ ਤੂੜੀ ਨੂੰ ਮੁਸ਼ਕ ਵਾਲਾ ਬਣਾ ਦਿੰਦਾ ਸੀ ਜੋ ਪਸ਼ੂ ਖਾਂਦੇ ਨਹੀਂ ਸਨ।



ਬਾਕੀ ਤੂੜੀ ਦਾ ਰੰਗ ਵੀ ਬਦਲ ਜਾਂਦਾ ਸੀ। ਬਲਦਾਂ ਦੇ ਗੋਹੇ ਲਈ ਬਾਬੇ ਕੋਲ ਬੱਠਲ ਰੱਖਦੇ ਸਨ। ਬਾਬੇ ਕਦੇ ਵੀ ਗੋਹਾ ਲਾਂਗੇ ਵਿਚ ਮਿਲਣ ਨਹੀਂ ਸਨ ਦਿੰਦੇ।

ਦੁਪਹਿਰ ਵੇਲੇ ਜਦੋਂ ਪੂਰੀ ਗਰਮੀ ਹੋ ਜਾਂਦੀ ਸੀ ਉਸ ਵੇਲੇ ਪੁਰਖੇ ਖੁਸ਼ ਹੋ ਕੇ ਆਖਦੇ ਕਿ ਵੇਖੋ ਕਾਕਾ ਕਿਵੇਂ ਸੁੱਕੇ ਨਾੜ ਦੇ ਜੜਾਕੇ ਪੈਂਦੇ ਹਨ ਕਿਉਂਕਿ ਪੂਰੀ ਤੇਜ ਧੁੱਪ ਸਦਕਾ ਨਾੜ ਸੁੱਕ ਕੇ ਆਪ ਹੀ ਟੁੱਟੀ ਜਾਂਦਾ ਸੀ। ਪੈਰੀ ਦੇ ਚਾਰ ਚੁਫੇਰੇ, ਪਾਸੇ ਕੁੱਝ ਨਾੜ ਟੁੱਟ ਕੇ ਖਿਲਰ ਜਾਂਦਾ ਤੇ ਪੈਰੀ ਹੱਕਣ ਵਾਲਾ ਤਰੰਗਲੀ ਦੇ ਨਾਲ ਬਲਦਾਂ ਦੇ ਪੈਰਾਂ ਥੱਲੇ ਵੱਲ੍ਹ ਕਰਦਾ ਰਹਿੰਦਾ ਸੀ। ਉਹ ਹੀ ਬਰੀਕ ਤੂੜੀ ਬਣ ਜਾਂਦੀ। ਪੈਰੀ ਨੂੰ ਦੋ-ਤਿੰਨ ਵਾਰ ਸਲੰਘ ਨਾਲ ਪੁੱਠ ਦਿੱਤੀ ਜਾਂਦੀ ਸੀ ਕਿਉਂਕਿ ਬਰੀਕ ਲਾਂਗਾ ਥੱਲੇ ਚਲਿਆ ਜਾਂਦਾ ਸੀ ਅਤੇ ਮੋਟਾ ਨਾੜ ਉੱਪਰ ਫੋਲਿਆ ਜਾਂਦਾ ਸੀ।

ਦੁਪਹਿਰਾ ਵੇਲੇ ਪੁੱਠ ਦੇਣ ਦਾ ਵੇਲਾ ਪੱਕਾ ਨਿ-ਸਚਿੱਤ ਹੁੰਦਾ ਸੀ। ਬਲਦਾਂ ਨੂੰ ਗਰਮੀ ਤੋਂ ਬਚਾਉਣ ਲਈ ਕਣਕ ਦਾ ਪੋਣਾਂ ਅਤੇ ਜੌਆਂ ਦੇ ਸੱਤੂ ਪਿਆਏ ਜਾਂਦੇ ਸਨ।



**ਤਸਵਿੰਦਰ ਸਿੰਘ ਬੜੈਚ**
91-98763-22677

ਪੁਰਾਤਨ ਸਮੇਂ ਸਾਡੇ ਬਾਬੇ ਹਰੇ ਪੱਠਿਆਂ ਤੋਂ ਬਰੀਕ ਤੂੜੀ ਤੇ ਜ਼ੋਰ ਦਿੰਦੇ ਸਨ। ਫੱਡਰ ਪਸ਼ੂਆਂ ਨੂੰ ਜਿਹੋ ਜਿਹਾ ਹੱਥੀ ਪੱਠੇ ਆਏ ਪਾ ਦਿੰਦੇ ਸਨ। ਉਹ ਤਾਂ ਘੁੰਡੀਆਂ ਵੀ ਚੱਬ ਜਾਂਦੇ ਸਨ। ਅੱਜ ਝੂਠ ਪ੍ਰਧਾਨ ਹੈ। ਉਹਨਾਂ ਬਾਬਿਆਂ ਨੂੰ ਅਲਵਿਦਾ ਕਿਹਾ ਕਾਫੀ ਸਮਾਂ ਹੋ ਗਿਆ ਹੈ। ਪਰ ਅੱਜ ਵੀ ਉਹਨਾਂ ਨੂੰ ਬਹੁਤ ਜਿਆਦਾ ਸ਼ਿੱਦਤ ਨਾਲ ਯਾਦ ਕੀਤਾ ਜਾਂਦਾ ਹੈ। ਬਾਬਿਆਂ ਦੀ ਸੰਘਣੀ ਛਾਂ ਹੇਠਾਂ ਪਲਣ ਵਾਲੀ ਪੀੜ੍ਹੀ ਨੂੰ ਵਿਰਸੇ ਦੀ ਸੰਭਾਲ ਦੀ ਸਿੱਖਿਆ ਲੈਣੀ ਚਾਹੀਦੀ ਹੈ। ਉਹਨਾਂ ਪੁਰਖਿਆਂ ਦੀ ਜ਼ਿੰਦਗੀ ਦਾ ਤਜਰਬਾ ਅਤੇ ਅਸੀਸਾਂ ਸ਼ੁੱਭਇੱਛਾਂਵਾਂ ਦਾ ਆਰਥਿਕ ਰੂਪ ਵਿਚ ਮੁੱਲ ਚੁਕਾਉਣਾ ਅਸੰਭਵ ਹੈ।

**- ਲੇਖਕ ਜਗਜੀਤ ਸਿੰਘ ਝੱਤਰਾ**

# ਬਾਮਸੇਫ ਇਕ ਜਾਣਕਾਰੀ

## 14 ਅਕਤੂਬਰ 1981 ਨੂੰ ਚੰਡੀਗੜ੍ਹ ਵਿਖੇ ਹੋਏ ਤੀਜੇ ਰਾਸ਼ਟਰੀ ਸੰਮੇਲਨ ਵਿਚ ਰਿਲੀਜ਼ ਕੀਤੀ ਗਈ।



ਲੇਖਕ ਕਾਂਸ਼ੀ ਰਾਮ

*(ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੁਆਰਾ ਲਿਖਤ 'ਬਾਮਸੇਫ ਇਕ ਜਾਣਕਾਰੀ') ਦੀ ਭੂਮਿਕਾ*

**ਬਾਮਸੇਫ ਦਾ ਨਿਰਮਾਣ ਪੱਛੜੇ ਵਰਗਾਂ (ਅਨੁਸੂਚਿਤ ਜਾਤਾਂ, ਅਨੁਸੂਚਿਤ ਕਬੀਲੇ, ਦੂਜੀਆਂ ਪੱਛੜੀਆਂ ਸ਼੍ਰੇਣੀਆਂ) ਅਤੇ ਘੱਟ ਗਿਣਤੀ ਸਮੁਦਾਵਾਂ ਦੇ ਸਿੱਖਿਅਤ ਕਰਮਚਾਰੀਆਂ ਵੱਲੋਂ ਆਪਣੇ ਸਬੰਧੀ ਦਲਿਤ ਤੇ ਸ਼ੋਸ਼ਿਤ ਸਮਾਜ ਦਾ ਕਰਜ਼ਾ ਚੁਕਾਉਣ ਲਈ ਕੀਤਾ ਗਿਆ। ਇਸੇ ਮੰਤਵ ਨੂੰ ਮੁੱਖ ਰੱਖ ਕੇ ਹੀ ਸੰਗਠਨ ਦਾ ਢਾਂਚਾ ਅਤੇ ਮਸ਼ੀਨਰੀ ਤਿਆਰ ਕੀਤੀ ਗਈ ਹੈ।**

**ਬਾਮਸੇਫ ਇਸ ਦਿਸ਼ਾ ਵੱਲ ਦਲਿਤ ਤੇ ਸ਼ੋਸ਼ਿਤ ਸਮਾਜ ਦੇ ਪੜ੍ਹੇ-ਲਿਖੇ ਕਰਮਚਾਰੀਆਂ ਦੀ ਆਪਣੇ ਸਬੰਧਤ ਸਮਾਜ ਪ੍ਰਤੀ ਇਹ ਪ੍ਰਥਮ ਕੋਸ਼ਿਸ਼ ਜਾਪਦੀ ਹੈ। ਬਾਮਸੇਫ, ਤੀਬਰ ਇੱਛਾਵਾਂ, ਸਤਰਕ ਵਿਚਾਰਾਂ, ਤਜਰਬਿਆਂ ਅਤੇ ਧਾਰਨਾਵਾਂ ਦੀ ਉਪਜ ਹੈ।**

**ਬਾਮਸੇਫ ਦੇ ਬਣਨ ਵਿਚ ਲਗਭਗ 10 ਸਾਲ ਦੀਆਂ ਸਿੱਧੀਆਂ ਅਤੇ ਅਸਿੱਧੀਆਂ ਕੋਸ਼ਿਸ਼ਾਂ ਲੱਗੀਆਂ। ਇਹਨਾਂ ਕੋਸ਼ਿਸ਼ਾਂ ਦਾ ਵਿਸਥਾਰ ਪੂਰਵਕ ਵਰਨਣ ਬੜੀ ਜਲਦੀ ਲਗਭਗ 250 ਸਫਿਆਂ ਦੀ ਇਕ ਕਿਤਾਬ ਦੇ ਰੂਪ ਵਿਚ ਦਿੱਤਾ ਜਾ ਰਿਹਾ ਹੈ। ਪਿਛਲੇ ਇਕ ਸਾਲ ਤੋਂ ਫੀਲਡ ਕੰਮ ਅਤੇ ਸੰਗਠਨਾਤਮਕ ਸਰਗਰਮੀਆਂ ਸਦਕਾ ਮੈਂ ਉਹ ਕਿਤਾਬ ਸੰਪੂਰਨ ਨਹੀਂ ਕਰ ਸਕਿਆ ਨਹੀਂ ਤਾਂ 14 ਅਕਤੂਬਰ 1981 ਨੂੰ ਚੰਡੀਗੜ੍ਹ ਵਿਖੇ ਹੋ ਰਹੇ ਤੀਜੇ ਕੌਮੀ ਸੰਮੇਲਨ ਦੇ ਅਵਸਰ ਤੇ ਇਹੋ ਜਿਹੀ ਕਿਤਾਬ ਰਿਲੀਜ਼ ਕਰਨ ਦਾ ਬੜਾ ਢੁਕਵਾਂ ਸਮਾਂ ਸੀ।**

**ਇਸ ਘਾਟੇ ਨੂੰ ਪੂਰਨ ਲਈ ਮੈਂ ਉਸ ਸੰਪੂਰਨ ਕਿਤਾਬ ਦੀ ਇਹ ਸੰਖੇਪ ਜਾਣਕਾਰੀ ਤਿਆਰ ਕੀਤੀ ਹੈ। ਅਜਿਹਾ ਇਸ ਲਈ ਕੀਤਾ ਗਿਆ ਕਿ ਜਦੋਂ ਚੰਡੀਗੜ੍ਹ ਵਿਚ ਸਾਰੇ ਭਾਰਤ ਵਿਚੋਂ ਡੈਲੀਗੇਟ ਇਕੱਠੇ ਹੋ ਰਹੇ ਹਨ ਤਾਂ ਇਸ ਮੌਕੇ ਤੇ ਜੇ ਸੰਪੂਰਨ ਨਹੀਂ ਤਾਂ ਵਿਸ਼ਵਾਸ ਯੋਗ ਸੰਖੇਪ ਜਾਣਕਾਰੀ ਤਾਂ ਪ੍ਰਦਾਨ ਕੀਤੀ ਜਾ ਸਕੇ।**

**ਮੈਂ, ਨਾਗਪੁਰ ਤੋਂ ਸ੍ਰੀ ਨਾਨਾਵਟੇ ਦਾ ਜਿਨ੍ਹਾਂ ਨੇ ਮੇਰਾ ਕੀਮਤੀ ਸਮਾਂ ਬਚਾਉਣ ਲਈ ਡਿਕਟੇਸ਼ਨ ਲਈ, ਸ੍ਰੀ ਰਾਮ ਰਾਜ ਰਾਮ ਦਾ ਹਿੰਦੀ ਅਨੁਵਾਦ ਲਈ ਅਤੇ ਸ. ਫਤਿਹਜੰਗ ਸਿੰਘ ਦਾ ਪੰਜਾਬੀ ਅਨੁਵਾਦ ਲਈ ਧੰਨਵਾਦੀ ਹਾਂ, ਜਿਹਨਾਂ ਸਦਕਾ ਇਹ ਸੰਖੇਪ ਜਾਣਕਾਰੀ ਤਿੰਨਾਂ ਭਾਸ਼ਾਵਾਂ ਵਿਚ ਤੀਜੇ ਕੌਮੀ ਸੰਮੇਲਨ ਦੇ ਅਵਸਰ ਤੇ ਰਿਲੀਜ਼ ਕਰਨੀ ਸੰਭਵ ਹੋ ਸਕੀ।**

**-ਕਾਂਸ਼ੀ ਰਾਮ**

### (1) ਪੂਰਾ ਨਾਂ ਅਤੇ ਮੰਤਵ

ਬਾਮਸੇਫ ਦੀ ਆਲ ਇੰਡੀਆ ਬੈਕਵਰਡ (ਐਸ. ਸੀ., ਐਸ. ਟੀ., ਓ. ਬੀ. ਸੀ.) ਐਂਡ ਮਾਈਨਾਰਟੀ ਕਮਿਊਨਿਟੀ ਇੰਪਲਾਈਜ਼ ਫੈਡਰੇਸ਼ਨ, ਦਿੱਲੀ ਦਾ ਛੋਟਾ ਨਾਂ ਹੈ। ਇਸ ਵਿਚ ਬੈਕਵਰਡ ਕਲਾਸਿਜ਼ (ਪੱਛੜੀਆਂ ਸ਼੍ਰੇਣੀਆਂ) ਤੋਂ ਬੜਾ ਵਿਆਪਕ ਅਰਥ ਲਿਤਾ ਗਿਆ ਹੈ, ਜਿਸ ਵਿਚ ਕਿ ਤਿੰਨ ਵਰਗ ਸ਼ਾਮਲ ਕੀਤੇ ਗਏ ਹਨ- (1) ਅਨੁਸੂਚਿਤ ਜਾਤੀਆਂ, (2) ਅਨੁਸੂਚਿਤ ਕਬੀਲੇ, (3) ਦੂਜੀਆਂ ਪੱਛੜੀਆਂ ਸ਼੍ਰੇਣੀਆਂ। ਮਾਈਨਾਰਟੀ (ਘੱਟ ਗਿਣਤੀ) ਤੋਂ ਬਾਮਸੇਫ ਦਾ ਭਾਵ ਹੈ ਮੁਸਲਮਾਨ, ਇਸਾਈ, ਸਿੱਖ, ਬੁੱਧ ਅਤੇ ਪਾਰਸੀ ਆਦਿ ਧਾਰਮਿਕ ਘੱਟ ਗਿਣਤੀ ਸਮੂਦਾਵਾਂ।

#### ਮੰਤਵ:

ਪਿਛੜੇ ਵਰਗ ਅਤੇ ਘੱਟ ਗਿਣਤੀ ਸਮੂਦਾਵਾਂ ਦੇ ਪੜ੍ਹੇ-ਲਿਖੇ ਕਰਮਚਾਰੀਆਂ ਨੂੰ ਜਥੇਬੰਦ ਕਰਨ ਦਾ ਮੁਢਲਾ ਮੰਤਵ ਹੈ ਆਪਣੇ ਸਬੰਧਤ ਦਲਿਤ ਅਤੇ ਸ਼ੋਸ਼ਿਤ ਸਮਾਜ ਨੂੰ ਕੁਝ ਇਵਜ਼ਾਨਾ ਮੋੜਨਾ। ਬਾਮਸੇਫ ਵਿਚ ਇੰਪਲਾਈਜ਼ (ਕਰਮਚਾਰੀ) ਦਾ ਅਰਥ ਹੈ ਸਿਰਫ ਪੜ੍ਹਿਆ ਲਿਖਿਆ ਕਰਮਚਾਰੀ। ਉਪਰੋਕਤ ਪੱਛੜੀਆਂ ਸ਼੍ਰੇਣੀਆਂ ਤੇ ਘੱਟ ਗਿਣਤੀ ਸਮੂਦਾਵਾਂ ਦੇ ਸਿਰਫ ਪੜ੍ਹੇ-ਲਿਖੇ ਕਰਮਚਾਰੀਆਂ ਨੂੰ ਹੀ ਸੰਗਠਿਤ ਕਰਨ ਦਾ ਉਪਰਾਲਾ ਕਿਉਂ ਕੀਤਾ ਗਿਆ? ਸਾਡੇ ਗਿਆਨ ਅਤੇ ਤਜਰਬੇ ਦੇ ਆਧਾਰ ਤੇ ਕੱਢੇ ਗਏ ਨਤੀਜੇ ਤੋਂ ਇਹ ਤੱਥ ਸਾਹਮਣੇ ਆਉਂਦਾ ਹੈ ਕਿ ਦਲਿਤ ਤੇ ਸ਼ੋਸ਼ਿਤ ਸਮਾਜ ਦੇ ਪੜ੍ਹੇ-ਲਿਖੇ ਕਰਮਚਾਰੀਆਂ ਨੇ ਆਪਣੇ ਸਮਾਜ ਦੇ ਨਾਂ ਤੇ ਕੁਝ ਲਾਭ ਉਠਾਇਆ ਹੈ। ਇਸ ਲਈ ਸਾਡਾ ਇਹ ਨਿਰਣਾ ਹੈ ਕਿ ਆਪਣੇ ਬਦਕਿਸਮਤ ਭਰਾਵਾਂ ਪ੍ਰਤੀ ਜਿਨ੍ਹਾਂ ਵਿਚ ਉਹ ਪੈਦਾ ਹੋਏ ਹਨ, ਸਮਾਜਿਕ ਜ਼ਿੰਮੇਵਾਰੀ ਨਿਭਾਉਣ ਲਈ ਉਹ ਆਪਣੇ ਦਲਿਤ ਅਤੇ ਸ਼ੋਸ਼ਿਤ ਸਮਾਜ ਨੂੰ ਕੁਝ ਇਵਜ਼ਾਨਾ ਅਦਾ ਕਰਨ।

### 11. ਸਿਰਫ ਪੱਛੜੇ ਵਰਗ ਅਤੇ ਘੱਟ ਗਿਣਤੀ ਸਮੂਦਾਵਾਂ ਦੇ ਕਰਮਚਾਰੀ ਹੀ ਕਿਉਂ?

ਬਾਮਸੇਫ ਦੇ ਸੰਕਲਪ ਵੇਲੇ ਇਹ ਫੈਸਲਾ ਕੀਤਾ ਗਿਆ ਕਿ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲੇ, ਦੂਜੀਆਂ ਪੱਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀ ਸਮੂਦਾਵਾਂ ਦੇ ਪੜ੍ਹੇ-ਲਿਖੇ ਕਰਮਚਾਰੀਆਂ ਨੂੰ ਆਪਣੇ ਦਲਿਤ ਤੇ ਸ਼ੋਸ਼ਿਤ ਸਮਾਜ ਨੂੰ ਕੁਝ ਵਾਪਸ ਅਦਾ ਕਰਨ ਲਈ ਸੰਗਠਿਤ ਕੀਤਾ ਜਾਵੇ। ਸਾਡਾ ਇਹ ਵਿਸ਼ਵਾਸ ਹੈ ਕਿ ਸਵੈ-ਸਹਾਇਤਾ ਸਭ ਤੋਂ ਚੰਗੀ ਸਹਾਇਤਾ ਹੈ ਅਤੇ ਸਵੈਮਾਣ ਦੀ ਲਹਿਰ ਸਵੈ-ਸਹਾਇਤਾ ਤੋਂ ਬਿਨਾਂ ਨਹੀਂ ਚਲਾਈ ਜਾ ਸਕਦੀ। ਇਸ ਵਿਸ਼ਵਾਸ ਤੋਂ ਹੀ ਇਨ੍ਹਾਂ ਵਰਗਾਂ ਦੇ ਕਰਮਚਾਰੀਆਂ ਨੂੰ ਜਥੇਬੰਦ ਕਰਨ ਦਾ ਵਿਚਾਰ ਉਤਪੰਨ ਹੋਇਆ। ਭਾਰਤ ਦੇ ਸਮਾਜਿਕ ਢਾਂਚੇ ਤੋਂ ਇਹ ਪੱਛੜੇ ਅਤੇ ਘੱਟ ਗਿਣਤੀ ਦੇ ਵਰਗ ਹੀ ਸਭ ਤੋਂ ਵੱਧ ਪੀੜਤ ਹਨ। ਇਸ ਲਈ ਇਸ ਢਾਂਚੇ ਦੇ ਇਹਨਾਂ ਪੀੜਤ ਵਰਗਾਂ ਨੂੰ ਖੁਦ ਜਥੇਬੰਦ ਹੋ ਕੇ ਆਪਣੀ ਹਾਲਤ ਆਪ ਸੁਧਾਰਨੀ ਚਾਹੀਦੀ ਹੈ ਅਤੇ ਆਪਣੇ ਨਾਲ ਹੋ ਰਹੀ ਬੇਇਨਸਾਫ਼ੀ ਤੋਂ ਛੁਟਕਾਰਾ ਪਾਉਣਾ ਚਾਹੀਦਾ ਹੈ।

ਸਾਡਾ ਸੰਵਿਧਾਨ ਇਸ ਤੱਥ ਨੂੰ ਸਵੀਕਾਰ ਕਰਦਾ ਹੈ ਕਿ ਪੱਛੜੇ ਹੋਏ ਅਤੇ ਘੱਟ ਗਿਣਤੀ ਵਰਗਾਂ ਦੇ ਨਾਲ ਸਦੀਆਂ ਤੋਂ ਬੇਇਨਸਾਫ਼ੀ ਹੋਈ ਹੈ। ਇਸ ਲਈ ਇਸ ਤੱਥ ਨੂੰ ਸਾਹਮਣੇ ਰੱਖਦਿਆਂ ਹੋਇਆਂ ਇਹਨਾਂ ਵਰਗਾਂ ਦੇ ਹੱਕਾਂ ਅਤੇ ਹਿੱਤਾਂ ਦੀ ਰੱਖਿਆ ਲਈ ਸਾਡੇ ਸੰਵਿਧਾਨ ਵਿਚ ਯੋਗ ਧਾਰਾਵਾਂ ਰੱਖੀਆਂ ਗਈਆਂ ਹਨ। ਇਹਨਾਂ ਸੰਵਿਧਾਨਕ ਧਾਰਾਵਾਂ ਦੇ ਬਾਵਜੂਦ ਵੀ ਇਹ ਸਰਕਾਰ ਦੇ ਰਹਿਮ 'ਤੇ ਹੈ ਕਿ ਉਹ ਇਨ੍ਹਾਂ ਵਰਗਾਂ ਦੇ ਹੱਕਾਂ ਅਤੇ ਹਿੱਤਾਂ ਦੀ ਰੱਖਿਆ ਕਰੇ ਜਾਂ ਨਾ ਕਰੇ। ਇਸ ਲਈ ਇਹ ਜ਼ਰੂਰੀ ਹੈ ਕਿ ਇਹ ਵਰਗ ਆਪਣੇ ਹੱਕਾਂ ਅਤੇ ਹਿੱਤਾਂ ਦੀ ਰੱਖਿਆ ਲਈ ਖੁਦ ਜਥੇਬੰਦ ਹੋਣ। ਇਸ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਦਲਿਤ ਤੇ ਸ਼ੋਸ਼ਿਤ ਵਰਗ ਦੇ ਪੜ੍ਹੇ ਲਿਖੇ ਕਰਮਚਾਰੀ ਹੀ ਢੁਕਵੇਂ ਜਾਪਦੇ ਹਨ।

ਸੰਨ 1950 ਵਿਚ ਭਾਰਤੀ ਸੰਵਿਧਾਨ ਲਾਗੂ ਹੋਣ ਤੋਂ 25 ਸਾਲ ਬਾਅਦ ਤੱਕ ਵੀ ਅਤੇ ਇਹਨਾਂ ਜ਼ੋਰਦਾਰ ਧਾਰਾਵਾਂ ਦੇ ਬਾਵਜੂਦ ਵੀ ਇਨ੍ਹਾਂ ਵਰਗਾਂ ਲਈ ਕੋਈ ਠੋਸ ਕਾਰਜ ਨਹੀਂ ਹੋਇਆ। ਇਸ ਲਈ ਇਨ੍ਹਾਂ ਵਰਗਾਂ ਨੇ ਗੁੱਸੇ ਵਿਚ ਆਪਣੀ ਆਵਾਜ਼ ਬੁਲੰਦ ਕੀਤੀ। ਇਸੇ ਨੂੰ ਮੁੱਖ ਰੱਖਦਿਆਂ 1977 ਦੀਆਂ ਆਮ ਚੋਣਾਂ ਵਿਚ ਲਗਭਗ ਸਾਰੀਆਂ ਰਾਜਨੀਤਿਕ ਪਾਰਟੀਆਂ ਨੇ ਆਪਣੀ ਕਾਰਜ ਨੀਤੀ ਵਿਚ ਇਹਨਾਂ ਵਰਗਾਂ ਲਈ ਤਿੰਨ ਵੱਖ-ਵੱਖ ਕਮਿਸ਼ਨ ਬਣਾਏ ਜਾਣ ਦੇ ਵਾਅਦੇ ਕੀਤੇ। ਇਸ ਦੇ ਫਲਸਰੂਪ 1977 ਵਿਚ ਤਿੰਨ ਕਮਿਸ਼ਨ (1) ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਲਈ, (2) ਦੂਜੀਆਂ ਹੋਰ ਪੱਛੜੀਆਂ ਸ਼੍ਰੇਣੀਆਂ ਲਈ, (3) ਘੱਟ ਗਿਣਤੀ ਸਮੂਦਾਵਾਂ ਲਈ ਨਿਯੁਕਤ ਕੀਤੇ ਗਏ।

ਇਹ ਬਦਕਿਸਮਤੀ ਹੈ ਕਿ ਇਹਨਾਂ ਕਮਿਸ਼ਨਾਂ ਨੇ ਕੋਈ ਸਾਰਥਕ ਕੰਮ ਨਹੀਂ ਕੀਤਾ। ਸੱਤਾਧਾਰੀ ਜਮਾਤ ਅਤੇ ਸਮਾਜ ਦੇ ਅਨੁਚਿਤ ਵਤੀਰੇ ਨੂੰ ਮੁੱਖ ਰੱਖ ਕੇ ਇਹ ਜ਼ਰੂਰੀ ਸਮਝਿਆ ਗਿਆ ਕਿ ਆਪਣੇ ਸੰਵਿਧਾਨਕ ਹੱਕਾਂ ਨੂੰ ਸੁਰੱਖਿਅਤ ਰੱਖਣ ਲਈ ਇਸ ਸੰਸਕ੍ਰਿਤੀ ਤੋਂ ਪੀੜਤ ਲੋਕਾਂ ਨੂੰ ਖੁਦ ਜਥੇਬੰਦ ਹੋਣਾ ਚਾਹੀਦਾ ਹੈ। ਜੇ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲੇ, ਦੂਜੀਆਂ ਪੱਛੜੀਆਂ ਸ਼੍ਰੇਣੀਆਂ ਅਤੇ ਧਾਰਮਿਕ ਘੱਟ ਗਿਣਤੀ ਸਮੂਦਾਵਾਂ ਨਿੱਜੀ ਤੌਰ 'ਤੇ ਵੱਖ ਵੱਖ ਜਥੇਬੰਦ ਹੋਣ ਤਾਂ ਉਹ ਆਪਣੇ ਹਿੱਤਾਂ ਦੀ ਰਾਖੀ ਨਹੀਂ ਕਰ ਸਕਦੀਆਂ ਅਤੇ ਨਾ ਹੀ ਆਪਣੀਆਂ ਔਕੜਾਂ ਦੂਰ ਕਰ ਸਕਦੀਆਂ ਹਨ। ਇਸ ਲਈ ਇਹ ਸੋਚਿਆ ਗਿਆ ਕਿ ਇਹ ਜ਼ਰੂਰੀ ਹੈ ਕਿ ਸਾਰੇ ਪੀੜਤ ਇਕੋ ਥਾਂ ਇਕੱਠੇ ਹੋ ਕੇ ਆਪਣੀਆਂ ਔਕੜਾਂ ਦਾ ਇਕੱਠਿਆਂ ਹੀ ਹੱਲ ਲੱਭਣ। ਇਸੇ ਕਰਕੇ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲੇ, ਦੂਜੀਆਂ ਪੱਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀ ਸਮੂਦਾਵਾਂ ਦੇ ਪੜ੍ਹੇ-ਲਿਖੇ ਕਰਮਚਾਰੀਆਂ ਨੂੰ ਬਾਮ-ਸੇਫ ਦੇ ਝੰਡੇ ਹੇਠ ਜਥੇਬੰਦ ਕਰਨ ਦਾ ਫੈਸਲਾ ਕੀਤਾ ਗਿਆ।

### 111. ਇਤਿਹਾਸਕ ਪਿਛੋਕੜ:

ਵੀਹਵੀਂ ਸਦੀ ਦੇ ਸ਼ੁਰੂ ਵਿਚ ਸਾਰੇ ਭਾਰਤ ਵਿਚ ਦਲਿਤ ਅਤੇ ਸ਼ੋਸ਼ਿਤ ਵਰਗ ਨੇ ਉਸ ਵਿਵਸਥਾ ਵਿਰੁੱਧ ਬਗਾਵਤ ਸ਼ੁਰੂ ਕਰ ਦਿੱਤੀ, ਜਿਸ ਵਿਚ ਉਹ ਸਦੀਆਂ ਤੋਂ ਪੀੜਤ ਸਨ। ਭਾਰਤ ਦੇ ਨਕਸ਼ੇ ਤੋਂ ਪਤਾ ਲੱਗਦਾ ਹੈ ਕਿ ਉਤਰ ਪੱਛਮ ਤੋਂ ਉਤਰ ਪੂਰਬ ਅਤੇ ਫਿਰ ਦੱਖਣ ਤੱਕ ਚੱਪੇ ਚੱਪੇ ਤੇ ਬਗਾਵਤ ਦੀ ਚਿੰਗਾੜੀ ਭੜਕੀ। ਉਤਰ ਪੱਛਮ ਤੋਂ ਸ਼ੁਰੂ ਕਰਕੇ ਉਤਰ ਪੂਰਬ ਵੱਲ ਜਾਂਦਿਆਂ ਅਸੀਂ ਵੇਖਦੇ ਹਾਂ ਕਿ ਇਸ ਖਿੱਤੇ ਵਿਚ ਆਦਿ ਧਰਮੀ, ਜਾਟਵ, ਕੁੜੀਲ, ਆਦਿ ਹਿੰਦੂ, ਨਾਮੋ ਸ਼ੂਦਰਾਂ ਵਰਗੀਆਂ ਲਹਿਰਾਂ ਉਭਰੀਆਂ। ਦੱਖਣ ਵੱਲ ਝਾਤੀ ਮਾਰਦਿਆਂ ਸਾਨੂੰ ਤਾਮਿਲਨਾਡੂ ਵਿਚ ਸਤਨਾਮੀ, ਰਾਮਨਾਮੀ ਆਦਿ ਆਂਧਰਾ, ਆਦਿ ਦਰਾਵੜ ਲਹਿਰਾਂ ਮਿਲਦੀਆਂ ਹਨ। ਕੇਰਲਾ ਵਿਚ ਪਲਾਇਆ, ਥਈਆ, ਇਜ਼ਵਾ ਆਦਿ ਅਤੇ ਪੱਛਮੀ ਤਟ ਤੇ ਆਦਿ ਕਰਨਾਟਕਾ ਲਹਿਰਾਂ ਉਭਰੀਆਂ। ਇਹਨਾਂ ਵਿਚ ਪੱਛਮ ਅਤੇ ਮੱਧ ਭਾਰਤ ਵਿਚ ਮਹਾਰਾਂ ਦੀ ਲਹਿਰ ਜਿਸ ਦੇ ਆਗੂ ਡਾ. ਬੀ. ਆਰ. ਅੰਬੇਡਕਰ ਸਨ, ਸਭ ਤੋਂ ਵੱਧ ਉਭਰ ਕੇ ਸਾਹਮਣੇ ਆਏ।

1919 ਦੇ ਪਹਿਲੇ ਇੰਡੀਆ ਐਕਟ ਨੇ ਆਰੰਭਕ ਤੀਲੀ ਸੁਲਗਾਈ। ਇਸ ਐਕਟ ਦੇ ਬਣਨ ਤੋਂ ਬਾਅਦ ਸਾਰੇ ਭਾਰਤ ਵਿਚ ਸਮਾਜ ਦੇ ਦਲਿਤ ਤੇ ਸ਼ੋਸ਼ਿਤ ਵਰਗ ਨੇ ਸਵੈ-ਸਹਾਇਤਾ ਦੇ ਆਧਾਰ ਤੇ ਸਵੈ-ਮਾਣ ਪ੍ਰਾਪਤ ਕਰਨ ਲਈ ਜੱਦੋ-ਜਹਿਦ ਸ਼ੁਰੂ ਕਰ ਦਿੱਤੀ। ਇਹਨਾਂ ਵਿਚੋਂ ਡਾ. ਅੰਬੇਡਕਰ ਦੀ ਅਗਵਾਈ ਹੇਠ ਸ਼ੁਰੂ ਕੀਤੀ ਗਈ ਅਛੂਤਾਂ ਦੀ ਜੱਦੋ-ਜਹਿਦ ਨੇ ਬਹੁਤ ਵੱਡੀ ਸਫਲਤਾ ਪ੍ਰਾਪਤ ਕੀਤੀ। ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਡਾ. ਅੰਬੇਡਕਰ ਨੇ 1930 ਅਤੇ 1931 ਵਿਚ ਲੰਡਨ ਵਿਚ ਹੋਈਆਂ ਪਹਿਲੀ ਅਤੇ ਦੂਜੀ ਗੋਲਮੇਜ਼ ਕਾਨਫਰੰਸਾਂ ਵਿਚ ਅਛੂਤਾਂ ਦੇ ਹੱਕਾਂ ਨੂੰ ਬੜੀ ਕਾਮਯਾਬੀ ਨਾਲ ਪੇਸ਼ ਕੀਤਾ ਅਤੇ ਅਛੂਤਾਂ ਲਈ ਕਮਿਊਨਲ ਐਵਾਰਡ (ਫਿਰਕੂ ਫੈਸਲਾ) ਪ੍ਰਾਪਤ ਕੀਤਾ। ਇਹ ਕੁਝ ਉੱਚ ਜਾਤੀ ਦੇ ਹਿੰਦੂ ਕਦੋਂ ਸਹਿਣ ਕਰਨ ਵਾਲੇ ਸਨ। ਉਹਨਾਂ ਦੇ ਆਗੂ ਗਾਂਧੀ ਜੀ ਨੇ ਅਛੂਤਾਂ ਨੂੰ ਮਿਲੇ ਇਹਨਾਂ ਹੱਕਾਂ ਦੇ ਵਿਰੁੱਧ ਵਰਤ ਰੱਖ ਦਿੱਤਾ। ਇਸ ਲਈ 1932 ਵਿਚ ਡਾ. ਅੰਬੇਡਕਰ ਨੂੰ ਮਜਬੂਰ ਹੋ ਕੇ ਪੂਨਾ ਪੈਕਟ ਨਾਮੀ ਸਮਝੌਤਾ ਕਰਨਾ ਪਿਆ। 1935 ਦੇ ਦੂਜੇ ਇੰਡੀਆ ਐਕਟ ਸਮੇਂ ਅਛੂਤਾਂ ਦੀ ਵੱਖਰੀ ਸੂਚੀ ਬਣਾਉਣੀ ਡਾ. ਅੰਬੇਡਕਰ ਦੀਆਂ ਕੋਸ਼ਿਸ਼ਾਂ ਦਾ ਇਕ ਚੋਟੀ ਦਾ ਨਮੂਨਾ ਹੈ। ਉਸ ਵੇਲੇ ਤੋਂ ਅਛੂਤਾਂ ਨੂੰ ਕਾਨੂੰਨੀ ਤੌਰ ਤੇ ਸ਼ਡਿਊਲਡ ਕਾਸਟ (ਅਨੁਸੂਚਿਤ ਜਾਤੀਆਂ) ਦੇ ਨਾਂ ਨਾਲ ਜਾਣਨਾ ਸ਼ੁਰੂ ਹੋ ਗਿਆ।

#### ਦਲਿਤਾਂ ਦੀ ਪੜ੍ਹੀ ਲਿਖੀ ਜਮਾਤ ਦਾ ਉਭਰਨਾ:

ਡਾ. ਅੰਬੇਡਕਰ ਦੀਆਂ ਕੋਸ਼ਿਸ਼ਾਂ ਦੇ ਨਤੀਜੇ ਵਜੋਂ 1935 ਦੇ ਦੂਜੇ ਇੰਡੀਆ ਐਕਟ ਦੇ ਲਾਗੂ ਹੋਣ ਨਾਲ ਅਛੂਤਾਂ ਨੂੰ ਅਨੁਸੂਚਿਤ ਜਾਤੀ ਦੇ ਤੌਰ 'ਤੇ ਜਾਣਿਆ ਜਾਣ ਲੱਗ ਪਿਆ। ਇਸ ਤੋਂ ਬਾਅਦ ਡਾ. ਅੰਬੇਡਕਰ ਨੇ ਇਨ੍ਹਾਂ ਅਨੁਸੂਚਿਤ ਜਾਤਾਂ ਦੀ ਹਾਲਤ ਸੁਧਾਰਨ ਅਤੇ ਇਨ੍ਹਾਂ ਨੂੰ ਦੇਸ਼ ਦੀ ਸਮਾਜਿਕ ਹਾਲਤ ਵਿਚ ਸਵੈਮਾਨਤਾ ਦਾ ਸਥਾਨ ਦਿਵਾਉਣ ਲਈ ਗੰਭੀਰਤਾ ਨਾਲ ਸੋਚਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਨੇ ਵਿੱਦਿਆ, ਖਾਸ ਤੌਰ 'ਤੇ ਉੱਚੀ ਵਿੱਦਿਆ ਅਤੇ ਇਸ ਤੋਂ ਵੀ ਵੱਧ ਉਚੇਰੀ ਅਤੇ ਬਾਹਰਲੇ ਦੇਸ਼ਾਂ ਦੀ ਵਿੱਦਿਆ 'ਤੇ ਬਹੁਤ ਜ਼ੋਰ ਦਿੱਤਾ। ਉਹ ਇਹ ਅਤੀ ਜ਼ਰੂਰੀ ਸਮਝਦੇ ਸਨ ਕਿ ਅਨੁਸੂਚਿਤ ਜਾਤੀਆਂ ਦੇ ਹੋਣਹਾਰ ਵਿਦਿਆਰਥੀ ਪੱਛਮੀ ਉੱਨਤ ਦੇਸ਼ਾਂ ਵਿਚ ਉਚੇਰੀ ਵਿੱਦਿਆ ਪ੍ਰਾਪਤ ਕਰਨ। ਪੱਛਮੀ ਦੇਸ਼ਾਂ ਵਿਚ ਉਚੇਰੀ ਵਿੱਦਿਆ ਪ੍ਰਾਪਤੀ ਦੇ ਨਾਲ ਨਾਲ ਪੱਛਮੀ ਸਭਿਅਤਾ ਅਤੇ ਸੰਸਕ੍ਰਿਤੀ ਤੋਂ ਉਹ ਭਾਰਤ ਦੇ ਸਮਾਜਿਕ ਢਾਂਚੇ ਬਾਰੇ ਵੀ ਜਾਣ ਸਕਣਗੇ, ਜਿਸ ਦੇ ਕਿ ਉਹ ਸਭ ਤੋਂ ਵੱਧ ਸ਼ਿਕਾਰ ਹਨ। ਇਸ ਦਾ ਮਤਲਬ ਸਿਰਫ ਉਹਨਾਂ ਦੀ ਹਾਲਤ ਸੁਧਾਰਨਾ ਹੀ ਨਹੀਂ ਸੀ, ਜਿਹਨਾਂ ਨੇ ਬਾਹਰਲੀ ਉੱਚ ਵਿੱਦਿਆ ਪ੍ਰਾਪਤ ਕੀਤੀ ਸਗੋਂ ਭਾਰਤੀ ਸਮਾਜ ਤੇ ਸਭਿਅਤਾ ਵਿਚ ਛਾਏ ਹੋਏ ਬ੍ਰਾਹਮਣਵਾਦ ਦੇ ਖ਼ਿਲਾਫ਼ ਉਹਨਾਂ ਨੂੰ ਬਗਾਵਤ ਲਈ ਤਿਆਰ ਕਰਨਾ ਸੀ। ਇਸ ਦੇ ਸਿੱਟੇ ਵਜੋਂ ਅਨੁਸੂਚਿਤ ਜਾਤੀਆਂ ਵਿਚ ਵਿਦੇਸ਼ੀ ਸਿੱਖਿਆ ਪ੍ਰਾਪਤ ਲੋਕਾਂ ਦੀ ਪਹਿਲੀ ਝਲਕ ਨਜ਼ਰ ਆਈ।

1942 ਵਿਚ ਜਦੋਂ ਉਹ ਵਾਇਸਰਾਏ ਕੌਂਸਲ ਦੇ ਮੈਂਬਰ ਬਣੇ ਤਾਂ ਉਹਨਾਂ ਨੇ ਅਨੁਸੂਚਿਤ ਜਾਤਾਂ ਲਈ ਕਈ ਰਿਆਇਤਾਂ ਅਤੇ ਲਾਭ ਪ੍ਰਾਪਤ ਕੀਤੇ। 1943 ਵਿਚ ਪਹਿਲੀ ਵਾਰੀ ਡਾ. ਅੰਬੇਡਕਰ ਨੇ ਅਨੁਸੂਚਿਤ ਜਾਤਾਂ ਲਈ ਸਰਕਾਰੀ ਨੌਕਰੀਆਂ ਵਿਚ ਰਾਖਵਾਂਕਰਨ ਪ੍ਰਾਪਤ ਕੀਤਾ। ਉੱਚੀ ਵਿੱਦਿਆ ਨੂੰ ਖਾਸ ਤੌਰ 'ਤੇ ਉਤਸ਼ਾਹਿਤ ਕਰਨ ਲਈ ਡਾ. ਅੰਬੇਡਕਰ ਨੇ 1945 ਵਿਚ ਪੀਪਲਜ਼ ਐਜੂਕੇਸ਼ਨ ਸੁਸਾਇਟੀ ਕਾਇਮ ਕੀਤੀ ਜਿਸ ਨੇ 1946 ਵਿਚ ਬੰਬਈ ਵਿਚ ਆਪਣੇ ਨਾਂ ਹੇਠ ਪਹਿਲਾ ਕਾਲਜ ਆਰੰਭ ਕੀਤਾ। 1946 ਵਿਚ ਸ਼ੁਰੂ ਕੀਤੇ ਸਿਧਾਰਥਾਂ ਕਾਲਜ ਬਾਰੇ ਅੱਜ ਪੱਛਮੀ ਭਾਰਤ ਵਿਚ ਘਰ ਘਰ ਵਿਚ ਜਾਣਿਆ ਜਾਂਦਾ ਹੈ।

ਅੰਗਰੇਜ਼ਾਂ ਦੇ ਜਾਣ ਪਿੱਛੋਂ ਜਦੋਂ ਡਾ. ਅੰਬੇਡਕਰ ਨੂੰ ਭਾਰਤ ਦਾ ਸੰਵਿਧਾਨ ਬਣਾਉਣ ਦਾ ਮੌਕਾ ਮਿਲਿਆ ਤਾਂ ਉਹਨਾਂ ਨੇ ਅਨੁਸੂਚਿਤ ਜਾਤਾਂ, ਅਨੁਸੂਚਿਤ ਕਬੀਲੇ ਦੂਜੀਆਂ ਪੱਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀ ਸਮੁਦਾਵਾਂ ਦੇ ਲਾਭ ਲਈ ਸੰਵਿਧਾਨ ਵਿਚ ਕਈ ਧਾਰਾਵਾਂ ਰੱਖੀਆਂ। ਇਹ ਲਾਭ ਸੰਵਿਧਾਨ ਦੀਆਂ ਮਦਾਂ ਤੇ ਧਾਰਾਵਾਂ ਵਿਚ ਦਰਜ ਹਨ। ਮਦ 15 ਦੀ ਧਾਰਾ 4 ਅਤੇ ਮਦ 16 ਦੀ ਧਾਰਾ 4 ਇਸ ਦਿਸ਼ਾ ਵਿਚ ਪ੍ਰਭਾਵਸ਼ਾਲੀ ਕਦਮ ਹਨ। ਮਦ 15 ਦੀ ਧਾਰਾ 4... ਨੌਕਰੀਆਂ, ਰਾਜ ਅਸੈਂਬਲੀਆਂ ਅਤੇ ਪਾਰਲੀਮੈਂਟ ਵਿਚ ਰਾਖਵਾਂਕਰਨ ਕਰਕੇ ਦਲਿਤ ਸ਼ੋਸ਼ਿਤ ਸਮਾਜ ਵਿਚੋਂ ਪੜ੍ਹੇ-ਲਿਖੇ ਲੋਕਾਂ ਦੀ ਇਕ ਜਮਾਤ ਵਜੂਦ ਵਿਚ ਆਈ। ਰਾਜ ਅਸੈਂਬਲੀਆਂ ਅਤੇ ਪਾਰਲੀਮੈਂਟ ਵਿਚ ਰਾਖਵਾਂਕਰਨ ਨੇ ਇਸ ਸਮਾਜ ਦੇ ਕੁਝ ਚਿਟ ਕਪੜੀਏ ਅਖੌਤੀ ਲੀਡਰ ਪੈਦਾ ਕੀਤੇ ਜੋ ਲਗਭਗ ਹਰ ਪਾਰਟੀ ਵਿਚ ਪੂਰੇ ਭਾਰਤ ਵਿਚ ਨਜ਼ਰ ਆਉਣ ਲੱਗੇ। ਰਾਜ ਨੂੰ ਇਹ ਅਧਿਕਾਰ ਦਿੰਦੀ ਹੈ ਕਿ ਉਹ ਅਨੁਸੂਚਿਤ ਜਾਤਾਂ, ਅਨੁਸੂਚਿਤ ਕਬੀਲੇ ਜਾਂ ਸਮਾਜਿਕ ਵਿੱਦਿਅਕ ਤੌਰ 'ਤੇ ਪੱਛੜੀਆਂ ਸ਼੍ਰੇਣੀਆਂ ਦੇ ਸ਼ਹਿਰੀਆਂ ਦੀ ਉਨਤੀ ਲਈ ਖਾਸ ਪ੍ਰਬੰਧ ਕਰੇ। ਇਸ ਅਧੀਨ ਪੱਛੜੀਆਂ ਸ਼੍ਰੇਣੀਆਂ ਨੂੰ ਵਿਦਿਅਕ ਸੰਸਥਾਵਾਂ ਵਿਚ ਰਾਖਵਾਂਕਰਨ ਮਿਲਦਾ ਹੈ। ਮਦ 16 ਦੀ ਧਾਰਾ 3 ਸਰਕਾਰ ਨੂੰ ਪੱਛੜੀਆਂ ਸ਼੍ਰੇਣੀਆਂ ਦੇ ਸ਼ਹਿਰੀਆਂ ਲਈ ਸਰਕਾਰੀ ਨੌਕਰੀਆਂ ਵਿਚ ਰਾਖਵਾਂਕਰਨ ਦੀ ਆਗਿਆ ਦਿੰਦੀ ਹੈ। ਇਸ ਵਿਚ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲੇ ਤੇ ਦੂਜੀਆਂ ਪੱਛੜੀਆਂ ਸ਼੍ਰੇਣੀਆਂ ਸ਼ਾਮਲ ਹਨ। ਵਿਦਿਅਕ ਖੇਤਰ ਤੇ ਨੌਕਰੀਆਂ ਵਿਚ ਰਾਖਵਾਂਕਰਨ ਦੀਆਂ ਧਾਰਾਵਾਂ ਕਾਰਨ ਭਾਰਤ ਵਿਚ ਦਲਿਤ ਲੋਕਾਂ ਦੀ ਪੜ੍ਹੀ ਲਿਖੀ ਜਮਾਤ ਹੋਂਦ ਵਿਚ ਆਈ।

**IV. ਬਾਮਸੇਫ- ਸਮਾਜਿਕ ਉਪਯੋਗਤਾ ਵੱਲ ਇਕ ਯਤਨ -** ਸਾਡੇ ਲੀਡਰਾਂ ਦੀ ਕੋਸ਼ਿਸ਼ ਕਰਕੇ ਖਾਸ ਤੌਰ 'ਤੇ ਡਾ. ਅੰਬੇਡਕਰ ਸਦਕਾ ਪੱਛੜੀਆਂ ਸ਼੍ਰੇਣੀਆਂ ਤੇ ਘੱਟ ਗਿਣਤੀ ਸਮੂਦ-ਾਵਾਂ ਦੇ ਹਿੱਤਾਂ ਤੇ ਅਧਿਕਾਰਾਂ ਦੀ ਰੱਖਿਆ ਲਈ ਭਾਰਤ ਦੇ ਸੰਵਿਧਾਨ ਵਿਚ ਧਾਰਾਵਾਂ ਦਾ ਪ੍ਰਬੰਧ ਕੀਤਾ ਗਿਆ। ਸੰਵਿਧਾਨ ਦੀਆਂ ਇਹਨਾਂ ਕੁਝ ਇਕ ਧਾਰਾਵਾਂ ਕਾਰਨ ਵਿਦਿਅਕ, ਨੌਕਰੀਆਂ, ਰਾਜ ਅਸੈਂਬਲੀਆ ਅਤੇ ਪਾਰਲੀਮੈਂਟ ਵਿਚ ਰਾਖਵਾਕਰਨ ਕਰਕੇ ਦੌਲਤ ਸ਼ੋਸ਼ਿਤ ਸਮਾਜ ਵਿਚੋਂ ਪੜੇ-ਲਿਖੇ ਲੋਕਾਂ ਦੀ ਇਕ ਜਮਾਤ ਵਜੂਦ ਵਿਚ ਆਈ। ਰਾਜ ਅਸੈਂਬਲੀਆਂ ਅਤੇ ਪਾਰਲੀਮੈਂਟ ਵਿਚ ਰਾਖਵਾਂਕਰਨ ਨੇ ਇਸ ਸਮਾਜ ਦੇ ਕੁਝ ਚਿਟ ਕਪੜੀਏ ਅਖੌਤੀ ਲੀਡਰ ਪੈਦਾ ਕੀਤੇ ਜੋ ਲਗਭਗ ਹਰ ਪਾਰਟੀ ਵਿਚ ਪੂਰੇ ਭਾਰਤ ਵਿਚ ਨਜਰ ਆਉਣ ਲੱਗੇ। ਨੌਕਰੀਆਂ ਵਿਚ ਰਾਖਵੇਂਕਰਨ ਦੇ ਨਤੀਜੇ ਵਜੋਂ ਪੜ੍ਹੇ ਲਿਖੇ ਕਰਮਚਾਰੀਆਂ ਦੀ ਵੀ ਵੱਡੀ ਜਮਾਤ ਉਭਰੀ ਜਿਹੜੀ ਕਿ ਅਫ਼ਸਰਸ਼ਾਹੀ ਢਾਂਚੇ ਵਿਚ ਲਗਭਗ ਹਰ ਥਾਂ ਤੇ ਹਰ ਪੱਧਰ 'ਤੇ ਪਾਈ ਜਾਂਦੀ ਹੈ। ਦਲਿਤ ਸੂਝਵਾਨ ਵਰਗ ਦੇ ਪੈਦਾ ਕਰਨ ਵਾਲੇ ਡਾ. ਅੰਬੇਡਕਰ ਦੀ ਇਹ ਇੱਛਾ ਸੀ ਕਿ ਇਹ ਜਮਾਤ ਦਲਿਤ ਤੇ ਸ਼ੋਸ਼ਿਤ ਲੋਕਾਂ ਦੇ ਹਿੱਤਾਂ ਦੀ ਰਾਖੀ ਕਰੇਗੀ, ਜਿਸ ਵਿਚ ਉਹ ਪੈਦਾ ਹੋਏ ਹਨ।

ਅਸਲ ਵਿਚ ਅਸੀਂ ਵੇਖਦੇ ਹਾਂ ਕਿ ਇਹ ਅਖੌਤੀ ਲੀਡਰਾਂ ਅਤੇ ਵਿਧਾਇਕਾਂ ਦੀ ਜਮਾਤ ਉੱਚੀਆਂ ਹਿੰਦੂ ਜਾਤੀਆਂ ਦੇ ਹੱਥਾਂ ਵਿਚ ਕਠਪੁਤਲੀ ਹੈ। ਇਹ ਉੱਚੀਆਂ ਹਿੰਦੂ ਜਾਤਾਂ ਹੀ ਦੇਸ਼ ਦਾ ਰਾਜਨੀਤਿਕ ਢਾਂਚਾ ਤਿਆਰ ਕਰਦੀਆਂ ਹਨ। ਦੂਜੇ ਪਾਸੇ ਪੜ੍ਹੇ-ਲਿਖੇ ਕਰਮਚਾਰੀਆਂ ਦੀ ਵੱਡੀ ਫੌਜ ਵੀ ਇਸ ਦੇ ਬਰਾਬਰ ਹੀ ਸਵਾਰਥੀ ਅਤੇ ਸਵੈ-ਕੇਂਦਰਿਤ ਹੈ। ਡਾ. ਅੰਬੇਡਕਰ ਆਪਣੇ ਜੀਵਨ ਵਿਚ ਇਸ ਜਮਾਤ ਦੇ ਵਤੀਰੇ ਤੋਂ ਬਹੁਤ ਬੁਰੀ ਤਰ੍ਹਾਂ ਨਿਰਾਸ਼ ਹੋਏ। 18 ਮਾਰਚ 1956 ਨੂੰ ਆਗਰੇ ਦੇ ਰਾਮ ਲੀਲਾ ਗਰਾਊਂਡ ਵਿਚ ਦਲਿਤ ਅਤੇ ਸ਼ੋਸ਼ਿਤ ਲੋਕਾਂ ਦੇ ਭਾਰੀ ਇਕੱਠ ਵਿਚ ਬੋਲਦਿਆਂ ਉਹਨਾਂ ਨੇ ਇਸ ਪੜ੍ਹੀ-ਲਿਖੀ ਕਰਮਚਾਰੀਆਂ ਦੀ ਸ਼੍ਰੇਣੀ ਦਾ ਆਪਣੇ ਲੋਕਾਂ ਪ੍ਰਤੀ ਜਿਹਨਾਂ ਵਿਚ ਉਹਨਾਂ ਨੇ ਜਨਮ ਲਿਆ, ਉਹਨਾਂ ਦੇ ਵਤੀਰੇ ਨੂੰ ਭੰਡਿਆ ਅਤੇ ਬਹੁਤ ਬੁਰਾ ਕਰਾਰ ਦਿੱਤਾ। ਅੱਜ ਇਹ ਪੜ੍ਹੇ ਲਿਖੇ ਕਰਮਚਾਰੀਆਂ ਦੀ 20 ਲੱਖ ਤੋਂ ਵੱਡੀ ਫੌਜ ਨੇ ਆਪਣੇ ਆਪ ਨੂੰ ਲਗਭਗ 10 ਹਜ਼ਾਰ ਜਥੇਬੰਦੀਆਂ ਹੇਠ ਲਾਮਬੰਦ ਕੀਤਾ ਹੋਇਆ ਹੈ, ਜਿਹਨਾਂ ਦਾ ਮਨੋਰਥ ਖੁਦਗਰਜ਼ੀ ਹੀ ਹੈ।

ਇਸ ਪੜ੍ਹੇ-ਲਿਖੇ ਲੋਕਾਂ ਦੀ ਜਮਾਤ ਪੈਦਾ ਕਰਨ ਵਾਲੇ ਰਹਿਨੁਮਾ ਦੇ ਜਜ਼ਬਾਤਾਂ ਨੂੰ ਅਤੇ ਇਹਨਾਂ ਦੀ ਆਪਣੀ ਸਮਾਜਿਕ ਜ਼ਿੰਮੇਵਾਰੀ ਨੂੰ ਧਿਆਨ ਗੋਚਰੇ ਰੱਖਦੇ ਹੋਏ ਸਾਡੇ ਵਿਚੋਂ ਕੁਝ ਇਕ ਨੇ ਸਮਾਜ ਦਾ ਇਵਜ਼ਾਨਾ ਤਾਰਨ ਲਈ ਪੜ੍ਹੇ ਲਿਖੇ ਮੁਲਾਜ਼ਮਾਂ ਦੀ ਪੂਨਾ ਵਿਖੇ ਇਕ ਸੰਸਥਾ ਬਣਾਉਣ ਦਾ ਫੈਸਲਾ ਕੀਤਾ। ਇਹ ਵੀ ਫੈਸਲਾ ਕੀਤਾ ਕਿ ਜੇ ਇਹੋ ਜਿਹੀ ਸੰਸਥਾ ਸਮਾਜ ਲਈ ਕੁਝ ਠੋਸ ਕਰਨ ਲਈ ਸਮਰੱਥ ਹੋਈ ਤਾਂ ਸਾਰੇ ਭਾਰਤ ਵਿਚ ਪੜ੍ਹੇ-ਲਿਖੇ ਮੁਲਾਜ਼ਮਾਂ ਨੂੰ ਪੱਕੇ ਪੈਰਾਂ ਤੇ ਸੰਗਠਿਤ ਕੀਤਾ ਜਾਵੇਗਾ। ਇਸ ਤਰ੍ਹਾਂ ਬਾਮਸੇਫ ਦੀ ਸੋਚ ਦਾ ਸਮਾਜਿਕ ਲਾਭ ਪ੍ਰਾਪਤ ਕਰਨ ਖਾਤਰ ਸੰਨ 1973 ਵਿਚ ਵਿਚਾਰ ਉਤਪੰਨ ਹੋਇਆ। ਹੋਰ ਪ੍ਰਪੱਕਤਾ ਲਈ 6 ਦਸੰਬਰ 1973 ਨੂੰ ਮੁੱਠੀ ਭਰ ਪੜ੍ਹੇ ਲਿਖੇ ਮੁਲਾਜ਼ਮ ਪੂਨਾ ਤੋਂ ਦਿੱਲੀ ਆਏ। ਦਿੱਲੀ ਵਿਚ ਪੰਜ ਦਿਨਾਂ ਦਾ ਇਕੱਠ ਹੋਇਆ ਅਤੇ ਦਿੱਲੀ ਦੇ ਕੁਝ ਪੜ੍ਹੇ-ਲਿਖੇ ਮੁਲਾਜ਼ਮਾਂ ਨਾਲ ਰਲ ਕੇ ਪੰਜ ਸਾਲ ਦੇ ਅੰਦਰ ਅੰਦਰ ਬਾਮਸੇਫ ਦੀ ਪੈਦਾਇਸ਼ ਦਾ ਮਤਾ ਬਣਾਇਆ ਗਿਆ। ਇਸ ਤਰ੍ਹਾਂ 6 ਦਸੰਬਰ 1978 ਨੂੰ ਦਿੱਲੀ ਬੋਟ ਕਲੱਬ ਵਿਖੇ ਬਾਮਸੇਫ ਦਾ ਜਨਮ ਹੋਇਆ। ਅੱਜ ਬਾਮਸੇਫ ਦਲਿਤ ਤੇ ਸ਼ੋਸ਼ਿਤ ਵਰਗ ਦੇ ਪੜ੍ਹੇ-ਲਿਖੇ ਮੁਲਾਜ਼ਮਾਂ ਦਾ ਇਕ ਦਿਮਾਗੀ ਬੈਂਕ ਸਮਝਿਆ ਜਾਂਦਾ ਹੈ ਜੋ ਇਸ ਮਿਸ਼ਨ ਨੂੰ ਉਸਾਰੂ ਢੰਗ ਨਾਲ ਅੱਗੇ ਲੈ ਕੇ ਜਾ ਰਿਹਾ ਹੈ।

### V. ਬਾਮਸੇਫ ਦੀ ਬਣਤਰ:

ਸੂਝਵਾਨ ਤੇ ਹੰਢੇ ਹੋਏ ਲੋਕ ਆਪਣੀਆਂ ਜ਼ਰੂਰਤ ਨੂੰ ਮੁੱਖ ਰੱਖ ਕੇ ਸੰਗਠਨ ਬਣਾਉਂਦੇ ਹਨ। ਬਾਮਸੇਫ ਦੀ ਬਣਤਰ ਦਲਿਤ ਤੇ ਸ਼ੋਸ਼ਿਤ ਸਮਾਜ ਦੀਆਂ ਜ਼ਰੂਰਤਾਂ ਨੂੰ ਮੁੱਖ ਰੱਖ ਕੇ ਬਣਾਈ ਗਈ ਹੈ ਤਾਂ ਜੋ ਇਹ ਮੰਤਵ ਮੰਜ਼ਲੇ ਮਕਸੂਦ ਤੱਕ ਪਹੁੰਚ ਸਕੇ। ਇਕ ਗੁੰਝਲਦਾਰ ਤੇ ਵਿਸ਼ਾਲ ਸੰਗਠਨ ਦੀ ਤਰ੍ਹਾਂ ਬਾਮਸੇਫ ਵੀ ਛੋਟੇ ਛੋਟੇ ਅੰਗਾਂ ਨੂੰ ਤਿਆਰ ਕਰਕੇ ਅਤੇ ਉਹਨਾਂ ਨੂੰ ਠੀਕ ਥਾਂ ਸਿਰ ਫਿੱਟ ਕਰਕੇ ਇਕ ਅਸਰਦਾਰ ਸੰਗਠਨ ਬਣਾਈ ਗਈ ਹੈ। ਬਾਮਸੇਫ ਸੰਗਠਨ ਦੀ ਪੂਰੀ ਤਰ੍ਹਾਂ ਤਸਵੀਰ ਪੇਸ਼ ਕਰਨ ਲਈ ਹੇਠਾਂ ਇਸਦੇ 10 ਪ੍ਰਮੁੱਖ ਅੰਗਾਂ ਬਾਰੇ ਵੇਰਵਾ ਦਿੱਤਾ ਜਾਂਦਾ ਹੈ। ਇਹ 10 ਜ਼ਰੂਰੀ ਅੰਗ ਇਹੋ ਜਿਹੇ ਹਨ ਕਿ ਇਹਨਾਂ ਤੋਂ ਬਿਨਾਂ ਸੰਗਠਨ ਠੀਕ ਤਰ੍ਹਾਂ ਨਾਲ ਕੰਮ ਨਹੀਂ ਚਲਾ ਸਕਦੀ। ਸੰਗਠਨ ਨੂੰ ਆਧੁਨਿਕ ਤੇ ਅਸਰਦਾਰ ਬਣਾਉਣ ਲਈ ਸਮੇਂ ਸਮੇਂ ਤੇ ਲੋੜ ਅਨੁਸਾਰ ਹੋਰ ਛੋਟੇ-ਛੋਟੇ ਅੰਗ ਸ਼ਾਮਲ ਕੀਤੇ ਜਾ ਸਕਦੇ ਹਨ।

ਹੇਠਾਂ ਉਹਨਾਂ ਅੰਗਾਂ ਦੀ ਸੂਚੀ ਦਿੱਤੀ ਜਾਂਦੀ ਹੈ, ਜਿਹਨਾਂ ਨਾਲ ਬਾਮਸੇਫ ਸੰਗਠਨ ਹੋਂਦ ਵਿਚ ਆਈ।

1. ਮੂਲ ਢਾਂਚਾ ਬਹੁਗਿਣਤੀ, ਵਿਆਪਕਤਾ ਅਤੇ ਸਿੱਖਿਅਤ ਕਾਰਜ-ਕਰਤਾ ਆਧਾਰਿਤ।
2. ਸਕੱਤਰੇਤ
3. ਸੰਗਠਨਾਤਮਕ ਢਾਂਚਾ
4. ਦਿੱਲੀ ਵਿਚ ਕੇਂਦਰੀ ਦਫ਼ਤਰ ਅਤੇ ਲਗਭਗ 100 ਹੋਰ ਦਫ਼ਤਰਾਂ ਦਾ ਜਾਲ।
5. ਬਾਮਸੇਫ ਭਾਈਚਾਰਾ
6. ਬਾਮਸੇਫ ਅਡਾਪਸ਼ਨ
7. ਡਾਕਟਰੀ ਸਲਾਹ ਤੇ ਸਹਾਇਤਾ
8. ਸਾਹਿਤਕ ਅਨੁਭਾਗ
9. ਖੋਜ ਪੜਤਾਲ ਭਾਗ
10. ਬੀ. ਵੀ. ਐਫ.- ਬਾਮਸੇਫ ਵਲੰਟੀਅਰ ਫੋਰਸ

ਇਹਨਾਂ 10 ਅੰਗਾਂ ਬਾਰੇ ਸਬੰਧਤ ਜਾਣਕਾਰੀ ਸੰਖੇਪ ਵਿਚ ਹੇਠਾਂ ਦਿੱਤੀ ਜਾਂਦੀ ਹੈ।

#### 1. ਮੂਲ ਢਾਂਚਾ: ਬਹੁਗਿਣਤੀ, ਵਿਆਪਕਤਾ ਅਤੇ ਸਿੱਖਿਅਤ ਕਾਰਜ-ਕਰਤਾ ਆਧਾਰਿਤ

ਹਰ ਇਕ ਵੱਡੀ ਸੰਸਥਾ ਦੀ ਤਰ੍ਹਾਂ ਬਾਮਸੇਫ ਦਾ ਵੀ ਇਕ ਸਭ ਤੋਂ ਵੱਡਾ ਅੰਗ ਮੂਲ ਢਾਂਚਾ ਹੈ। ਇਸ ਅੰਗ ਦੇ ਤਿੰਨ ਵੱਡੇ ਹਿੱਸੇ ਹਨ। ਜਿਵੇਂ ਕਿ (ੳ) ਬਹੁਗਿਣਤੀ, (ਅ) ਵਿਆਪਕਤਾ, (ੲ) ਸਿੱਖਿਅਤ ਕਾਰਜ-ਕਰਤਾ। ਇਹਨਾਂ ਤਿੰਨਾਂ ਜ਼ਰੂਰੀ ਅੰਗਾਂ ਦੀ ਸੰਖੇਪ ਵਿਆਖਿਆ ਹੇਠ ਲਿਖੇ ਅਨੁਸਾਰ ਹੈ।

**(ੳ) ਬਹੁਗਿਣਤੀ :**

ਸੰਗਠਨ ਦਾ ਰੂਪ ਅਤੇ ਆਕਾਰ ਉਸਦੀਆਂ ਮੁੱਖ ਲੋੜਾਂ ਦੇ ਅਨੁਸਾਰ ਹੋਣਾ ਚਾਹੀਦਾ ਹੈ। ਆਪਣੀਆਂ ਜ਼ਰੂਰਤਾਂ ਅਤੇ ਸਮਰੱਥਾ ਨੂੰ ਮੁੱਖ ਰੱਖਦੇ ਹੋਏ ਇਹ ਫੈਸਲਾ ਕੀਤਾ ਗਿਆ ਕਿ ਘੱਟ ਤੋਂ ਘੱਟ ਇਕ ਲੱਖ ਪੜ੍ਹੇ-ਲਿਖੇ ਮੁਲਾਜ਼ਮ ਬਾਮਸੇਫ ਦੇ ਮੈਂਬਰ ਹੋਣੇ ਚਾਹੀਦੇ ਹਨ। ਸ਼ਾਇਦ ਇੰਨੀ ਵੱਡੀ ਮੈਂਬਰਾਂ ਦੀ ਗਿਣਤੀ ਸਾਡੀਆਂ ਘੱਟੋ-ਘੱਟ ਜ਼ਰੂਰਤਾਂ ਪੂਰੀਆਂ ਕਰ ਸਕੇ। ਇਸਦੇ ਨਾਲ ਨਾਲ ਸਾਰੇ ਭਾਰਤ ਵਿਚ ਫੈਲੇ ਹੋਏ ਵੀਹ ਲੱਖ ਪੜ੍ਹੇ-ਲਿਖੇ ਮੁਲਾਜ਼ਮਾਂ ਦੇ ਕਾਫਲੇ ਵਿਚੋਂ ਇਕ ਲੱਖ ਨੂੰ ਸੰਗਠਤ

(ਬਾਕੀ ਅਗਲੇ ਸਫੇ 'ਤੇ)

# ਬਾਮਸੇਫ ਇਕ ਜਾਣਕਾਰੀ

ਕਰਨ ਦੀ ਸਾਡੀ ਸਮਰੱਥਾ ਵੀ ਹੋਣੀ ਚਾਹੀਦੀ ਹੈ। ਇਸਤੋਂ ਉਪਰੰਤ ਹੀ ਇਹ ਘੱਟ ਤੋਂ ਘੱਟ ਸੰਗਠਕ ਵੱਧ ਤੋਂ ਵੱਧ ਪ੍ਰਾਪਤੀਆਂ ਕਰਨ ਲਈ ਕੋਸਿਸ ਕਰ ਸਕਦੇ ਹਨ।।

**ਅ. ਵਿਆਪਕਤਾ :**

ਹੁਣ ਇਹ ਇਕ ਲੱਖ ਮੁਲਾਜ਼ਮ ਭਾਰਤ ਦੇ 40 ਵੱਡੇ ਸ਼ਹਿਰਾਂ ਵਿਚ ਸੰਗਠਿਤ ਕੀਤੇ ਜਾ ਸਕਦੇ ਹਨ। ਪ੍ਰੰਤੂ ਇਹ ਸਾਡੀਆਂ ਜ਼ਰੂਰਤਾਂ ਦੇ ਮੁਤਾਬਕ ਨਹੀਂ ਹੋਵੇਗਾ। ਇਸ ਕਰਕੇ ਇਹ ਬਹੁਤ ਹੀ ਜ਼ਰੂਰੀ ਹੈ ਕਿ ਘੱਟੋ ਘੱਟ ਇਕ ਲੱਖ ਜਾਂ ਇਸ ਤੋਂ ਵੱਧ ਮੁਲਾਜ਼ਮਾਂ ਦੀ ਗਿਣਤੀ ਸਾਰੇ ਭਾਰਤ ਵਿਚ ਬਰਾਬਰ ਫੈਲੀ ਹੋਣੀ ਚਾਹੀਦੀ ਹੈ। ਇਹ ਸਾਡੀ ਚੇਸ਼ਟਾ ਹੋਣੀ ਚਾਹੀਦੀ ਹੈ ਕਿ ਦੇਸ਼ ਦੇ ਹਰ ਕੋਨੇ ਤੱਕ ਪਹੁੰਚਿਆ ਜਾਵੇ ਪ੍ਰੰਤੂ 50 ਫੀਸਦੀ ਤੋਂ ਜ਼ਿਆਦਾ ਰਾਜ ਤੇ ਕੇਂਦਰੀ ਸ਼ਾਸ਼ਿਤ ਇਲਾਕਿਆਂ ਵਿਚ 50 ਫੀਸਦੀ ਤੋਂ ਜ਼ਿਆਦਾ ਜ਼ਿਲ੍ਹਿਆਂ ਤੱਕ ਦੀ ਪਹੁੰਚ ਨਾਲ ਵੀ ਇਕ ਸਮੁੱਚਾ ਵਿਆਪਕ ਸੰਗਠਨ ਬਣ ਸਕਦਾ ਹੈ।

**ੲ. ਸਿੱਖਿਅਤ ਕਾਰਜ-ਕਰਤਾ :**

ਸੰਗਠਨ ਨੂੰ ਬਹੁਗਿਣਤੀ ਅਤੇ ਵਿਆਪਕ ਕਿਸਮ ਦਾ ਬਣਾਉਣ ਨਾਲ ਵੀ ਇਹ ਪੂਰੀ ਤਰ੍ਹਾਂ ਅਸਰਦਾਰ ਕੰਮ ਨਹੀਂ ਕਰ ਸਕਦਾ। ਇਸ ਲਈ ਇਹ ਬਹੁਤ ਜ਼ਰੂਰੀ ਹੈ ਕਿ ਸੂਝਵਾਨ ਕਾਰਜ-ਕਰਤਾਵਾਂ ਦੀ ਲੜੀ ਤਿਆਰ ਕੀਤੀ ਜਾਵੇ, ਜਿਹਨਾਂ ਨੂੰ ਸੰਗਠਨ ਦੀ ਗੁੰਝਲਦਾਰ ਬਣਤਰ ਦੀ ਪੂਰੀ ਜਾਣਕਾਰੀ ਹੋਵੇ ਅਤੇ ਉਹਨਾਂ ਦੀ ਸਮਰੱਥਾ ਸੰਗਠਨ ਨੂੰ ਚਲਾਉਣ ਅਤੇ ਇਸ ਤੋਂ ਚੰਗੇ ਨਤੀਜੇ ਪ੍ਰਾਪਤ ਕਰਨ ਦੀ ਵੀ ਹੋਣੀ ਚਾਹੀਦੀ ਹੈ। ਗਿਣਤੀ ਦੇ ਪੱਖੋਂ ਸਿੱਖਿਅਤ ਕਾਰਜ-ਕਰਤਾਵਾਂ ਦੀ ਗਿਣਤੀ ਜਿੰਨੀ ਜ਼ਿਆਦਾ ਹੋਵੇ, ਉਨੀ ਥੋੜ੍ਹੀ ਹੈ। ਪ੍ਰੰਤੂ ਸਾਰੇ ਮੈਂਬਰਾਂ ਦਾ 5 ਫੀਸਦੀ ਜ਼ਰੂਰ ਹੀ ਸਿੱਖਿਅਤ ਕਾਰਜ-ਕਰਤਾ ਹੋਣਾ ਚਾਹੀਦਾ ਹੈ। ਸਿੱਖਿਅਤ ਕਾਰਜ-ਕਰਤਾ ਵੀ ਕੁਝ ਇਕ ਸਥਾਨਾਂ ਦੀ ਬਜਾਏ ਸਾਰੇ ਭਾਰਤ ਵਿਚ ਇਕ ਸਾਰ ਫੈਲੇ ਹੋਏ ਹੋਣੇ ਚਾਹੀਦੇ ਹਨ। ਇਸ ਤਰ੍ਹਾਂ ਇਹਨਾਂ ਤਿੰਨਾਂ ਮੂਲ ਤੱਤਾਂ ਦਾ ਯਾਨਿ ਕਿ ਬਹੁਗਿਣਤੀ, ਵਿਆਪਕਤਾ ਤੇ ਸਿੱਖਿਅਤ ਕਾਰਜ-ਕਰਤਾ ਨਾਲ ਇਕ ਅਸਰਦਾਰ ਅਤੇ ਤਾਕਤਵਰ ਮੂਲ ਢਾਂਚਾ ਬਣ ਸਕਦਾ ਹੈ ਜੋ ਕਿ ਇਕ ਸੰਗਠਨ ਦੀ ਜਾਨ ਹੈ।

**(2) ਸਕੱਤਰੇਤ:**

ਬਾਮਸੇਫ ਦੇ ਮੁੱਖ ਕਰਤੱਵ ਹਨ- (ੳ) ਨਿਯਮ, ਰੈਗੂਲੇਸ਼ਨ ਤੇ ਕਾਨੂੰਨ ਨੂੰ ਲਾਗੂ ਕਰਵਾਉਣਾ (ਅ) ਪੱਛੜੀਆਂ ਸ਼੍ਰੇਣੀਆਂ ਤੇ ਘੱਟ ਗਿਣਤੀ ਸਮੁਦਾਵਾਂ ਵਾਸਤੇ ਵੱਖਰੀਆਂ-ਵੱਖਰੀਆਂ ਕੇਂਦਰੀ, ਰਾਜ ਸਰਕਾਰਾਂ ਤੇ ਹੋਰ ਅਦਾਰਿਆਂ ਵੱਲੋਂ ਬਣਾਏ ਗਏ ਪ੍ਰੋਗਰਾਮ, ਯੋਜਨਾਵਾਂ, ਪ੍ਰਾਜੈਕਟ ਅਤੇ ਬਜਟਾਂ ਨੂੰ ਪੂਰੀ ਤਰ੍ਹਾਂ ਅਤੇ ਵਫ਼ਾਦਾਰੀ ਨਾਲ ਲਾਗੂ ਕਰਾਉਣਾ। ਇਸ ਕਰਕੇ ਸਾਡੀਆਂ ਜ਼ਰੂਰਤਾਂ ਮੁਤਾਬਕ ਉਪਰੋਕਤ ਕੰਮ ਕਰਵਾਉਣ ਲਈ ਬਾਮਸੇਫ ਦਾ ਆਪਣਾ ਸਕੱਤਰੇਤ ਹੋਣਾ ਚਾਹੀਦਾ ਹੈ। ਸਕੱਤਰੇਤ ਦਾ ਆਕਾਰ ਸਰਬ ਭਾਰਤ ਵਿਚ ਫੈਲੇ ਹੋਏ ਬੇਅੰਤ ਲੋਕਾਂ ਦੀਆਂ ਲੋੜਾਂ ਪੂਰੀਆਂ ਕਰਨ ਦੀ ਸਾਡੀ ਤਮੰਨਾ ਦੇ ਅਨੁਸਾਰ ਹੋਣਾ ਚਾਹੀਦਾ ਹੈ। ਸਕੱਤਰੇਤ ਦੇ ਆਕਾਰ ਤੋਂ ਭਾਵ ਇਸਨੂੰ ਉਸ ਸੰਸਥਾ ਦੇ ਸਮਾਨੰਤਰ ਚੱਲਣਾ ਚਾਹੀਦਾ ਹੈ, ਜਿਸਦੇ ਨਿਯਮ, ਰੈਗੂਲੇਸ਼ਨ ਅਤੇ ਯੋਜਨਾਵਾਂ ਇਸਨੇ ਲਾਗੂ ਕਰਵਾਉਣੇ ਹਨ ਜਾਂ ਜਿਸ ਮਹਿਕਮੇ ਦੇ ਪ੍ਰੋਗਰਾਮ, ਪਲਾਨ, ਪ੍ਰਾਜੈਕਟ ਅਤੇ ਬਜਟਾਂ ਨੂੰ ਵਫ਼ਾਦਾਰੀ ਅਤੇ ਪੂਰੀ ਤਰ੍ਹਾਂ ਲਾਗੂ ਕਰਾਉਣਾ ਹੈ। ਇਸ ਤੋਂ ਇਲਾਵਾ ਇਸ ਸਕੱਤਰੇਤ ਨੇ ਦਲਿਤ ਤੇ ਸ਼ੋਸ਼ਿਤ ਵਰਗ ਦੇ ਮੁਲਾਜ਼ਮਾਂ, ਵਿਦਿਆਰਥੀਆਂ, ਨੌਜਵਾਨਾਂ, ਔਰਤਾਂ, ਮਜ਼ਦੂਰਾਂ ਅਸਲ ਵਿਚ ਸਾਰੇ ਵਰਗਾਂ ਦੀ ਸੇਵਾ ਕਰਨੀ ਹੈ। ਇਸ ਲਈ ਸਕੱਤਰੇਤ ਦਾ ਰੂਪ ਅਤੇ ਆਕਾਰ ਇਹਨਾਂ ਲੋੜਾਂ ਦੇ ਮੁਤਾਬਕ ਹੋਣਾ ਚਾਹੀਦਾ ਹੈ।

**(3) ਸੰਗਠਨਾਤਮਕ ਢਾਂਚਾ :**

ਸੰਗਠਨ ਦਾ ਸਕੱਤਰੇਤ ਕੇਂਦਰ ਤੋਂ ਰਾਜ ਅਤੇ ਅੱਗੇ ਜ਼ਿਲ੍ਹੇ ਵੱਲ ਉੱਤਰਦਾ ਹੈ, ਪ੍ਰੰਤੂ ਸੰਗਠਨਾਤਮਕ ਢਾਂਚਾ ਇਸ ਦੇ ਪ੍ਰਤੀਕੂਲ ਹੋਣਾ ਚਾਹੀਦਾ ਹੈ। ਇਸ ਲਈ ਇਸ ਨੂੰ ਜ਼ਿਲ੍ਹੇ ਤੋਂ ਰਾਜ ਅਤੇ ਅੱਗੋਂ ਕੇਂਦਰ ਵੱਲ ਵਧਣਾ ਚਾਹੀਦਾ ਹੈ। ਇਸ ਤਰ੍ਹਾਂ ਜ਼ਿਲ੍ਹਾ ਇਕਾਈ ਬਾਮਸੇਫ ਦੇ ਸੰਗਠਨਾਤਮਕ ਢਾਂਚੇ ਦੀ ਮੂਲ ਇਕਾਈ ਹੈ। ਇਸ ਲਈ ਬਾਮਸੇਫ ਦੀ ਮੈਂਬਰਸ਼ਿਪ ਜ਼ਿਲ੍ਹਾ ਪੱਧਰ ਤੇ ਬਣਾਈ ਜਾਵੇਗੀ ਅਤੇ ਇਸ ਮੈਂਬਰਸ਼ਿਪ ਦੇ ਆਧਾਰ ਤੇ ਸਾਰੇ ਜ਼ਿਲ੍ਹਿਆਂ, ਰਾਜਾਂ ਅਤੇ ਕੇਂਦਰ ਦਾ ਢਾਂਚਾ ਤਿਆਰ ਹੋਵੇਗਾ। ਦੂਜੇ ਲਫ਼ਜ਼ਾਂ ਵਿਚ ਸਾਰਾ ਧਨ ਅਤੇ ਕਾਰਜ-ਕਰਤਾ ਜ਼ਿਲ੍ਹਾ ਪੱਧਰ 'ਤੇ ਇਕੱਠੇ ਹੋਣਗੇ ਅਤੇ ਸਾਡੇ ਮਿਸ਼ਨ ਦੀ ਲੋੜ ਅਨੁਸਾਰ ਇਹਨਾਂ ਦੀ ਵਰਤੋਂ ਰਾਜ ਅਤੇ ਕੇਂਦਰੀ ਪੱਧਰ 'ਤੇ ਕੀਤੀ ਜਾਵੇਗੀ। ਭਾਵੇਂ ਸੰਗਠਨ ਦਾ ਢਾਂਚਾ ਜ਼ਿਲ੍ਹਾ ਰਾਜ ਅਤੇ ਕੇਂਦਰ ਪੱਧਰ 'ਤੇ ਹੈ ਪਰ ਫਿਰ ਵੀ ਸੰਗਠਨ ਦੇ ਮਾਮਲਿਆਂ ਨੂੰ ਤੁਰੰਤ ਅਤੇ ਅਸਰਦਾਰ ਤਰੀਕਿਆਂ ਨਾਲ ਨਜਿੱਠਣ ਲਈ ਦੂਜੇ ਤੱਤ ਜਿਵੇਂ ਕਿ ਖੰਡ (ਜ਼ੋਨ) ਆਦਿਕ ਬਾਮਸੇਫ ਦੇ ਸੰਗਠਨਾਤਮਕ ਢਾਂਚੇ ਵਿਚ (7) ਵਾਧਾ ਕੀਤਾ ਗਿਆ ਹੈ। ਹੇਠਾਂ ਵੱਲ ਜ਼ਿਲ੍ਹੇ ਦੀ ਮੂਲ ਇਕਾਈ ਤਹਿਸੀਲ, ਬਲਾਕ ਅਤੇ ਹਰ ਪਿੰਡ ਤੱਕ ਪਹੁੰਚੇਗੀ।

**(4) ਦਿੱਲੀ ਵਿਚ ਕੇਂਦਰੀ ਦਫ਼ਤਰ ਅਤੇ ਲਗਭਗ 100 ਹੋਰ ਦਫ਼ਤਰਾਂ ਦਾ ਜਾਲ:**

ਭਾਵੇਂ ਬਾਮਸੇਫ ਦਾ ਢਾਂਚਾ ਜ਼ਿਲ੍ਹਾ, ਰਾਜ ਅਤੇ ਕੇਂਦਰ ਪੱਧਰ 'ਤੇ ਹੈ ਪ੍ਰੰਤੂ ਇਸਨੂੰ ਬਹੁਤ ਹੀ ਅਸਰਦਾਰ ਅਤੇ ਤੇਜ਼ੀ ਨਾਲ ਚਲਾਉਣ ਲਈ ਸਾਰੇ ਦੇਸ਼ ਵਿਚ ਖਾਸ ਢੰਗ ਨਾਲ ਬਣਾਏ ਗਏ 100 ਦਫ਼ਤਰਾਂ ਦੇ ਜਾਲ ਦਾ ਹੋਣਾ ਬਹੁਤ ਜ਼ਰੂਰੀ ਹੈ। ਲਗਭਗ 100 ਦਫ਼ਤਰ ਕਾਇਮ ਕਰਨ ਲਈ ਹੇਠ ਲਿਖੇ ਤੱਤ ਧਿਆਨ ਵਿਚ ਰੱਖੇ ਗਏ ਹਨ-

(ੳ) ਸਾਰੇ ਰਾਜਾਂ ਅਤੇ ਕੇਂਦਰੀ ਪ੍ਰਸ਼ਾਸਿਤ ਇਲਾਕੇ ਦੀਆਂ ਰਾਜਧਾਨੀਆਂ ਵਿਚ ਦਫ਼ਤਰ ਹੋਣੇ ਚਾਹੀਦੇ ਹਨ।

(ਅ) ਭਾਰਤ ਦੇ ਸਾਰੇ ਕਾਰਪੋਰੇਸ਼ਨਾਂ ਵਾਲੇ ਸ਼ਹਿਰਾਂ ਵਿਚ ਦਫ਼ਤਰ ਹੋਣੇ ਚਾਹੀਦੇ ਹਨ।

(ੲ) ਢਾਂਚੇ ਨੂੰ ਹੋਰ ਅਸਰਦਾਰ ਬਣਾਉਣ ਲਈ ਵੱਡੇ ਵੱਡੇ ਸ਼ਹਿਰਾਂ ਨੂੰ ਮਿਲਾਉਣ ਵਾਲੇ ਛੋਟੇ ਕਸਬਿਆਂ ਵਿਚ ਵੀ ਦਫ਼ਤਰ ਹੋਣੇ ਚਾਹੀਦੇ ਹਨ।

(ਸ) ਭਾਰਤ ਦੇ ਸਨਅਤੀ ਵਿਕਾਸ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ ਵੱਡੇ ਸਨਅਤੀ ਕੇਂਦਰਾਂ ਵਿਚ ਵੀ ਦਫ਼ਤਰ ਹੋਣੇ ਚਾਹੀਦੇ ਹਨ।

ਇਹ ਸਾਰੇ ਲਗਭਗ 100 ਦਫ਼ਤਰ ਦਿੱਲੀ, ਕੇਂਦਰ ਤੋਂ ਕੰਟਰੋਲ ਹੋਣਗੇ।

**(5) ਬਾਮਸੇਫ ਭਾਈਚਾਰਾ**
**ਅਤੇ**
**(6) ਬਾਮਸੇਫ ਅਡਾਪਸ਼ਨ**

ਬਾਮਸੇਫ ਨਾਮੀ ਸੰਗਠਨ ਦੇ ਬਾਮਸੇਫ ਭਾਈਚਾਰਾ ਅਤੇ ਬਾਮਸੇਫ ਅਡਾਪਸ਼ਨ ਦੇ ਬਹੁਤ ਵੱਡੇ ਅੰਗ ਹਨ। ਬਾਮਸੇਫ ਭਾਈਚਾਰਾ ਭਾਰਤ ਦੀ ਸਾਰੀ ਸ਼ਹਿਰੀ ਵਸੋਂ ਅਤੇ ਬਾਮਸੇਫ ਅਡਾਪਸ਼ਨ ਸਾਰੀ ਪੇਂਡੂ ਵੱਸੋਂ ਨਾਲ ਸਬੰਧਤ ਹੈ। ਭਾਵੇਂ ਸਾਡੇ ਸੰਗਠਨ ਦੇ ਇਹ ਦੋਵੇਂ ਬਹੁਤ ਵੱਡੇ ਅਤੇ ਅਲੱਗ ਅਲੱਗ ਅੰਗ ਹਨ ਪਰ ਚੰਗੀ ਜਾਣਕਾਰੀ ਲਈ ਇਹ ਜ਼ਰੂਰੀ ਸਮਝਿਆ ਗਿਆ ਹੈ ਕਿ ਦੋਹਾਂ ਤੇ ਇਕੱਠੀ ਵਿਚਾਰ ਕੀਤੀ ਜਾਵੇ। ਇਹ ਇਸ ਕਰਕੇ ਜ਼ਰੂਰੀ ਹੈ ਕਿਉਂਕਿ ਬਹੁਤ ਸਾਰੀ ਪੇਂਡੂ ਵੱਸੋਂ ਸ਼ਹਿਰਾਂ ਵਿਚ ਜਾ ਵੱਸੀ ਹੈ ਅਤੇ ਭਵਿੱਖ ਵਿਚ ਇਹ ਤਬਦੀਲੀ ਹੋਰ ਵੀ ਜ਼ਿਆਦਾ ਪੱਧਰ 'ਤੇ ਹੋਣ ਦੀ ਆਸ ਹੈ।

ਆਪਣੀ ਸੰਗਠਨ ਦੇ ਇਹਨਾਂ ਦੋ ਵੱਡੇ ਅਨੁਭਾਗਾਂ ਤੇ ਵਿਚਾਰ ਕਰਨ ਤੋਂ ਪਹਿਲਾਂ ਹੇਠ ਲਿਖੇ ਤਿੰਨਾਂ ਤੱਥਾਂ ਨੂੰ ਸਮਝਣਾ ਬਹੁਤ ਜ਼ਰੂਰੀ ਹੈ।

(ੳ) ਵੱਖਰੇ ਵੱਸੋਂ ਖੇਤਰ (ਅ) ਮੰਦਹਾਲੀ ਵਿਚ ਨਿਵਾਸ ਤਬਦੀਲੀ (ੲ) ਖੁਸ਼ਹਾਲੀ ਲਈ ਨਿਵਾਸ ਤਬਦੀਲੀ।

**(ੳ) ਵੱਖਰੇ ਵਸੋਂ ਖੇਤਰ-**

ਲਗਭਗ 40 ਸਾਲ ਪਹਿਲਾਂ ਜਦੋਂ ਬਾਬਾ ਸਾਹਿਬ ਡਾ. ਬੀ. ਆਰ. ਅੰਬੇਡਕਰ ਸਮਾਜ ਦੇ ਦਲਿਤ ਤੇ ਸ਼ੋਸ਼ਿਤ ਵਰਗ ਖਾਸ ਕਰਕੇ ਅਨੁਸੂਚਿਤ ਜਾਤੀਆਂ ਦੀਆਂ ਸਮੱਸਿਆਵਾਂ ਨੂੰ ਗੰਭੀਰਤਾ ਨਾਲ ਸੋਚ ਰਹੇ ਸਨ ਤਾਂ ਉਹਨਾਂ ਨੇ ਇਕ ਸਕੀਮ ਤਿਆਰ ਕੀਤੀ, ਜਿਸ ਨੂੰ ਕਿ 'ਵੱਖਰੇ ਵਸੋਂ ਖੇਤਰ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਕਾਫੀ ਗੰਭੀਰ ਸੋਚ ਵਿਚਾਰ ਤੇ ਕੋਸ਼ਿਸ਼ਾਂ ਦੇ ਬਾਅਦ ਜੁਲਾਈ 1942 ਵਿਚ ਨਾਗਪੁਰ ਵਿਚ ਉਹਨਾਂ ਨੇ ਇਸ ਬਾਰੇ ਵਿਸਥਾਰ ਵਿਚ ਵਰਣਨ ਕੀਤਾ। ਜਿਹੜੇ ਇਸ ਸਕੀਮ ਬਾਰੇ ਵਿਸਥਾਰ ਵਿਚ ਜਾਣਕਾਰੀ ਚਾਹੁੰਦੇ ਹਨ, ਉਹਨਾਂ ਨੂੰ ਸਬੰਧਤ ਕਾਰਜ ਅਤੇ ਦਸਤਾਵੇਜ਼ ਵਾਚਣੇ ਚਾਹੀਦੇ ਹਨ। ਇੱਥੇ ਹੁਣ ਅਸੀਂ ਸਿਰਫ ਉਹਨਾਂ ਦੇ ਮੁੱਖ ਤੱਥਾਂ ਬਾਰੇ ਵਰਣਨ ਕਰਦੇ ਹਾਂ, ਜਿਹੜੇ ਕਿ ਇਸ ਸਕੀਮ ਨੂੰ ਤਿਆਰ ਕਰਨ ਵੇਲੇ ਅਪਣਾਏ ਗਏ। ਇਹ ਸੰਭਾਵਿਤ ਤੱਥ ਹਨ:-

(1) ਭਾਰਤ ਵਿਚ ਅਨੁਸੂਚਿਤ ਜਾਤੀਆਂ ਦੀ ਹਾਲਤ ਬਹੁਤ ਨਿ-ਰਾਸ਼ਾਜਨਕ, ਦੂਜਿਆਂ 'ਤੇ ਆਧਾਰਿਤ ਅਤੇ ਨਿੱਘਰੀ ਹੋਈ ਹੈ।

(2) ਲਗਭਗ ਭਾਰਤ ਦੇ ਸਾਰੇ ਪਿੰਡਾਂ ਵਿਚ ਅਨੁਸੂਚਿਤ ਜਾਤੀਆਂ ਦੀ ਵਸੋਂ ਘੱਟ ਗਿਣਤੀ ਵਿਚ ਹੈ।

ਇਹਨਾਂ ਦੋਹਾਂ ਤੱਥਾਂ ਨੂੰ ਧਿਆਨ ਵਿਚ ਰੱਖਦੇ ਹੋਏ ਵੱਖਰੀ ਸੈਟਲਮੈਂਟ ਸਕੀਮ ਦੁਆਰਾ ਅਨੁਸੂਚਿਤ ਜਾਤੀਆਂ ਦੀ ਹਾਲਤ ਸੁਧਾਰਨ ਲਈ ਇਸ ਨੂੰ ਲਾਗੂ ਕਰਨਾ ਬਹੁਤ ਹੀ ਜ਼ਰੂਰੀ ਸਮਝਿਆ ਗਿਆ। ਇਸ ਤਰ੍ਹਾਂ ਇਹ ਜਾਤੀਆਂ ਹਰ ਵੱਖਰੀ ਬਸਤੀ ਵਿਚ ਵੱਧ ਗਿਣਤੀ ਵਿਚ ਹੋਣਗੀਆਂ। ਜਿਸ ਦੀ ਲੋਕਤੰਤਰੀ ਪ੍ਰਣਾਲੀ ਵਿਚ ਬਹੁਤ ਜ਼ਰੂਰਤ ਹੈ। ਭਾਵੇਂ ਇਹ ਸਕੀਮ ਭਾਰਤੀ ਅਨੁਸੂਚਿਤ ਜਾਤੀਆਂ ਵਾਸਤੇ ਬਹੁਤ ਜ਼ਰੂਰੀ ਅਤੇ ਲਾਭਦਾਇਕ ਸੀ ਪ੍ਰੰਤੂ ਮੰਦੇ ਭਾਗੀਂ ਅਤੇ ਬਹੁਤ ਸਾਰੇ ਹੋਰ ਕਾਰਨਾਂ ਕਰਕੇ ਖਾਸ ਕਰਕੇ 15 ਅਗਸਤ 1947 ਨੂੰ ਭਾਰਤ ਵਿਚੋਂ ਅੰਗਰੇਜ਼ੀ ਰਾਜ ਖਤਮ ਹੋਣ ਕਰਕੇ ਇਹ ਸਕੀਮ ਨੇਪਰੇ ਨਾ ਚੜ੍ਹ ਸਕੀ।

**(ਅ) ਮੰਦਹਾਲੀ ਵਿਚ ਨਿਵਾਸ ਤਬਦੀਲੀ-**

ਵੱਖਰੀ ਸੈਟਲਮੈਂਟ ਲਾਗੂ ਹੋਵੇ ਜਾਂ ਨਾ ਪ੍ਰੰਤੂ ਸਤਾਏ ਹੋਏ ਅਛੂਤਾਂ ਨੇ ਭਾਰੀ ਗਿਣਤੀ ਵਿਚ ਪਿੰਡਾਂ ਨੂੰ ਛੱਡਣਾ ਸ਼ੁਰੂ ਕਰ ਦਿੱਤਾ। ਇਹਨਾਂ ਲੋਕਾਂ ਨੇ ਵੱਡੇ-ਵੱਡੇ ਸ਼ਹਿਰਾਂ ਅਤੇ ਸ਼ਹਿਰੀ ਬਸਤੀਆਂ ਵਿਚ ਜਿੱਥੇ ਕਿ ਉਦਯੋਗੀਕਰਨ ਨਾਲ ਵੱਡੀਆਂ ਵੱਡੀਆਂ ਬਸਤੀਆਂ ਬਣ ਰਹੀਆਂ ਸਨ, ਵਿਚ ਆਪਣੇ ਆਪ ਨੂੰ ਭੁੱਖਮਰੀ ਤੋਂ ਬਚਾਉਣ ਲਈ ਅਤੇ ਆਪਣੀ ਕਿਸਮਤ ਚਮਕਾਉਣ ਲਈ ਆਪਣੀਆਂ ਬਸਤੀਆਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ। ਗਰੀਬ ਅਤੇ ਸਤਾਏ ਹੋਏ ਲੋਕਾਂ ਦਾ ਇਸ ਤਰ੍ਹਾਂ ਦਾ ਉਜਾੜਾ ਮੰਦਹਾਲੀ ਵਿਚ ਨਿਵਾਸ ਤਬਦੀਲੀ (ਡਿਸਟਰੈਸ ਮਾਈਗ੍ਰੇਸ਼ਨ) ਅਖਵਾਉਂਦਾ ਹੈ।

**(ੲ) ਖੁਸ਼ਹਾਲੀ ਲਈ ਨਿਵਾਸ ਤਬਦੀਲੀ-**

ਸੰਵਿਧਾਨ ਦੀਆਂ ਧਾਰਾਵਾਂ ਖਾਸ ਕਰਕੇ ਅਨੁਛੇਦ 15 (4) ਅਤੇ 16 (4) ਦਾ ਲਾਭ ਉਠਾ ਕੇ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਨੇ ਵਿੱਦਿਆ ਦੇ ਖੇਤਰ ਵਿਚ ਚੋਖੀ ਗਿਣਤੀ ਪੈਦਾ ਕੀਤੀ, ਜਿਸ ਕਰਕੇ ਅਫ਼ਸਰਸ਼ਾਹੀ ਢਾਂਚੇ ਵਿਚ ਵੀ ਉਹ ਚੌਖੀ ਗਿਣਤੀ ਵਿਚ ਦਾਖਲ ਹੋ ਗਏ। ਸੰਵਿਧਾਨ ਤੋਂ ਲਾਭ ਪ੍ਰਾਪਤ ਇਹ ਵਰਗ ਸ਼ਹਿਰਾਂ ਅਤੇ ਉਦਯੋਗਿਕ ਸਥਾਨਾਂ 'ਤੇ ਵੀ ਕੰਮ ਅਤੇ ਪ੍ਰਬੰਧਕੀ ਮਾਮਲਿਆਂ ਲਈ ਜਾਣ ਲੱਗ ਪਏ। ਇਸ ਕਿਸਮ ਦੀ ਥਾਂ-ਬਦਲੀ, ਖੁਸ਼ਹਾਲੀ ਲਈ ਨਿਵਾਸ ਤਬਦੀਲੀ ਆਖੀ ਜਾ ਸਕਦੀ ਹੈ। ਮੰਦਹਾਲੀ ਵਿਚ ਨਿਵਾਸ ਤਬਦੀਲੀ ਕਰੋੜਾਂ ਦੀ ਗਿਣਤੀ ਵਿਚ ਹੋਈ ਪਰ ਖੁਸ਼ਹਾਲੀ ਲਈ ਨਿਵਾਸ ਤਬਦੀਲੀ ਦਾ 20 ਲੱਖ ਤੋਂ ਵੱਧ ਗਿਣਤੀ ਤੱਕ ਦਾ ਅਨੁਮਾਨ ਹੈ।

ਹੁਣ ਅਸੀਂ ਬਾਮਸੇਫ ਭਾਈਚਾਰਾ ਅਤੇ ਬਾਮਸੇਫ ਅਡਾਪਸ਼ਨ ਵੱਲ ਵਾਪਸ ਆਉਂਦੇ ਹਾਂ। ਉਪਰੋਕਤ ਦੱਸੇ ਤਿੰਨਾਂ ਤੱਥਾਂ ਨੂੰ ਸਮਝਣ ਤੋਂ ਬਾਅਦ ਭਾਰਤ ਦੀ ਪੇਂਡੂ ਤੇ ਸ਼ਹਿਰੀ ਵਸੋਂ ਦੇ ਅਧਿਐਨ ਨਾਲ ਬਾਮਸੇਫ ਦੇ ਇਹਨਾਂ ਦੋ ਵੱਡੇ ਅੰਗਾਂ ਨੂੰ ਸਮਝਣ ਵਿਚ ਮਦਦ ਮਿਲੇਗੀ। ਬਾਮਸੇਫ ਭਾਈਚਾਰਾ ਸਾਡੀ ਦਲਿਤ ਸ਼ੋਸ਼ਿਤ ਸ਼ਹਿਰੀ ਵਸੋਂ ਨਾਲ ਸਬੰਧਤ ਹੈ। ਇਸ ਅੰਗ ਦੀ ਪਹਿਲੀ ਜ਼ਰੂਰਤ ਇਹ ਹੈ ਕਿ ਉਹਨਾਂ ਦਲਿਤ ਅਤੇ ਸ਼ੋਸ਼ਿਤ ਭਾਰਤੀਆਂ ਨੂੰ ਜਿਹਨਾਂ ਨੇ ਮੰਦਹਾਲੀ ਸਥਿਤੀ ਵਿਚ ਜਾਂ ਖੁਸ਼ਹਾਲੀ ਲਈ ਸ਼ਹਿਰਾਂ ਵਿਚ ਜ਼ਮੀਨ ਖਰੀਦੀ, ਉਹਨਾਂ ਨੂੰ ਇਕ ਥਾਂ ਇਕੱਤਰ ਕਰਨਾ। ਇਹਨਾਂ ਦੋਹਾਂ ਕਿਸਮ ਦੇ ਪ੍ਰਵਾਸੀਆਂ ਨੂੰ ਨੇੜੇ ਲਿਆ ਕੇ ਬਾਮਸੇਫ ਭਾਈਚਾਰੇ ਦਾ ਮੁਢਲਾ ਕੰਮ ਪੂਰਾ ਹੋ ਜਾਂਦਾ ਹੈ। ਪ੍ਰੰਤੂ ਮੁੱਖ ਕੰਮ ਤਾਂ ਹੀ ਪੂਰਾ ਹੋ ਸਕਦਾ ਹੈ ਜੇ ਸਮਾਜ ਦੇ ਇਸ ਗਰੀਬ ਤਬਕੇ ਲਈ ਬਣਾਏ:

(1) ਨਿਯਮ, ਰੈਗੂਲੇਸ਼ਨਜ਼ ਤੇ ਕਾਨੂੰਨ ਲਾਗੂ ਕਰਵਾਏ ਜਾਣ,

(2) ਯੋਜਨਾਵਾਂ, ਪ੍ਰੋਗਰਾਮ, ਪ੍ਰਾਜੈਕਟ ਅਤੇ ਬਜਟ ਪੂਰੀ ਤਰ੍ਹਾਂ ਵਫ਼ਾਦਾਰੀ ਨਾਲ ਲਾਗੂ ਕਰਵਾਏ ਜਾਣ।

ਚੰਗੇ ਨਤੀਜੇ ਪ੍ਰਾਪਤ ਕਰਨ ਲਈ ਇਹ ਜ਼ਰੂਰੀ ਹੈ ਕਿ ਵੱਖ-ਵੱਖ ਵਿਭਾਗਾਂ ਦੇ ਨਿਯਮ, ਰੈਗੂਲੇਸ਼ਨਜ਼ ਕਾਨੂੰਨ, ਯੋਜਨਾਵਾਂ, ਪ੍ਰੋਗਰਾਮ, ਪ੍ਰਾਜੈਕਟ ਤੇ ਬਜਟ, ਕਿਤਾਬਾਂ ਦੇ ਰੂਪ ਵਿਚ ਤਿਆਰ ਕੀਤੇ ਜਾਣ। ਇਹ ਗੁੰਝਲਦਾਰ ਅਤੇ ਔਖਾ ਕੰਮ ਸਿਰਫ ਪੜ੍ਹੇ ਲਿਖੇ ਕਰਮਚਾਰੀ ਹੀ ਨੇਪਰੇ ਚਾੜ੍ਹ ਸਕਦੇ ਹਨ। ਨਹੀਂ ਤਾਂ ਸਾਡੇ ਸਮਾਜ ਦੇ ਇਸ ਦਲਿਤ ਅਤੇ ਸ਼ੋਸ਼ਿਤ ਵਰਗ ਨੂੰ ਜੋ ਕਿ ਸ਼ਹਿਰਾਂ ਦੀ ਗੰਦਗੀ ਵਿਚ ਕਰੋੜਾਂ ਦੀ ਗਿਣਤੀ ਵਿਚ ਉੱਭਰ ਰਹੇ ਹਨ, ਬਿਨਾਂ ਛੂਹਿਆਂ ਹੀ ਇਹ ਸਕੀਮਾਂ ਸਿਰਫ ਕਾਗ਼ਜ਼ਾਂ ਵਿਚ ਹੀ ਰਹਿ ਜਾਣਗੀਆਂ। ਹੁਣ ਬਾਮਸੇਫ ਅਡਾਪਸ਼ਨ ਵਾਲੇ ਪਾਸੇ ਆਉਂਦੇ ਹਾਂ। ਇਹ ਅੰਗ ਭਾਰਤ ਦੀ ਪੇਂਡੂ ਗਰੀਬ ਵਸੋਂ ਦੀਆਂ ਸਮੱਸਿਆਵਾਂ ਨਾਲ ਸਬੰਧਤ ਹੈ। ਜੇ ਇਹ ਵੇਖਿਆ ਜਾਵੇ ਕਿ ਭਾਰਤ ਦੇ ਕੁਝ ਹਜ਼ਾਰ ਸ਼ਹਿਰੀ ਕੇਂਦਰਾਂ ਵਿਚ ਪੜ੍ਹੇ ਲਿਖੇ ਕਰਮਚਾਰੀਆਂ ਦੀ ਵੱਡੀ ਗਿਣਤੀ ਮਿਲ ਜਾਂਦੀ ਹੈ ਤਾਂ ਬਾਮਸੇਫ ਅਡਾਪਸ਼ਨ ਦੇ ਮੁਕਾਬਲੇ ਬਾਮਸੇਫ ਭਾਈਚਾਰੇ ਦਾ ਕੰਮ ਆਸਾਨ ਜਾਪਦਾ ਹੈ। ਪ੍ਰੰਤੂ ਜਦੋਂ ਅਸੀਂ ਭਾਰਤ ਦੇ ਸਾਰੇ ਇਲਾਕੇ ਵਿਚ ਫੈਲੇ ਹੋਏ 5,76,000 ਪਿੰਡਾਂ ਬਾਰੇ ਸੋਚਦੇ ਹਾਂ ਤਾਂ ਬਾਮ-ਸੇਫ ਅਡਾਪਸ਼ਨ ਦਾ ਕੰਮ ਬਹੁਤ ਜ਼ਿਆਦਾ ਔਖਾ ਜਾਪਦਾ ਹੈ। ਭਾਰਤ ਦੇ ਪਿੰਡਾਂ ਵਿਚ ਪੜ੍ਹੇ-ਲਿਖੇ ਕਰਮਚਾਰੀਆਂ ਦੀ ਘੱਟ ਗਿਣਤੀ ਨਿਸ਼ਚੇ ਹੀ ਇਸ ਕੰਮ ਨੂੰ ਔਖਾ ਬਣਾਉਂਦੀ ਹੈ। ਇਸ ਲਈ ਸਾਡੇ ਕੋਲ ਇਹ ਚੋਣ ਹੀ ਰਹਿ ਜਾਂਦੀ ਹੈ ਕਿ ਸਿਰਫ ਜ਼ਿਲ੍ਹੇ ਦੇ ਕੁਝ ਚੋਣਵੇਂ ਪਿੰਡਾਂ ਨੂੰ ਹੀ ਅਡਾਪਸ਼ਨ ਕੇਂਦਰ ਬਣਾਇਆ ਜਾਵੇ। ਇਸ ਕਰਕੇ ਇਸ ਦਾ ਨਾਂ ਬਾਮਸੇਫ ਅਡਾਪਸ਼ਨ ਰੱਖਿਆ ਗਿਆ ਹੈ। ਬਾਮਸੇਫ ਅਡਾਪਸ਼ਨ ਦੇ ਕਾਰਜ ਦਾ ਢੰਗ 'ਬਾਮਸੇਫ ਭਾਈਚਾਰੇ' ਨਾਲ ਲਗਭਗ ਮਿਲਦਾ ਜੁਲਦਾ ਹੈ। ਇਸ ਦੇ ਵੀ ਉਹੀ ਦੋ ਮੁੱਖ ਕੰਮ ਹਨ। (1) ਨਿਯਮ ਰੈਗੂਲੇਸ਼ਨਜ਼ ਅਤੇ ਕਾਨੂੰਨਾਂ ਨੂੰ ਲਾਗੂ ਕਰਵਾਉਣਾ। (2) ਵੱਖ ਵੱਖ ਵਿਭਾਗਾਂ ਦੇ ਪੇਂਡੂ ਵਸੋਂ ਲਈ ਯੋਜਨਾਵਾਂ, ਪ੍ਰੋਗਰਾਮ, ਪ੍ਰਾਜੈਕਟ ਅਤੇ ਬਜਟ ਪੂਰਨ ਤੌਰ 'ਤੇ ਅਤੇ ਵਫ਼ਾਦਾਰੀ ਨਾਲ ਲਾਗੂ ਕਰਵਾਉਣੇ। 'ਬਾਮਸੇਫ ਭਾਈਚਾਰੇ' ਵਾਂਗ ਹੀ ਇਹਨਾਂ ਸਬੰਧੀ ਨਿਯਮਾਂ ਦੇ ਸੰਗ੍ਰਹਿ ਤਿਆਰ ਕਰਾਉਣੇ ਇਸ ਅੰਗ ਲਈ ਵੀ ਜ਼ਰੂਰੀ ਹਨ।

**(7) ਡਾਕਟਰੀ ਸਹਾਇਤਾ ਅਤੇ ਸਲਾਹ**

ਸੰਵਿਧਾਨ ਦੀਆਂ ਕਮਜ਼ੋਰ ਵਰਗਾਂ ਲਈ ਰੱਖੀਆਂ ਧਾਰਾਵਾਂ ਤੋਂ ਲਾਭ ਉਠਾਉਂਦਿਆਂ ਦਲਿਤ ਅਤੇ ਸ਼ੋਸ਼ਿਤ ਭਾਰਤੀਆਂ ਖਾਸ ਕਰਕੇ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਨੇ ਵਿੱਦਿਆ ਅਤੇ ਨੌਕਰੀ ਦੇ ਖੇਤਰ ਵਿਚ ਰਾਖਵਾਂਕਰਨ ਹੋਣ ਕਰਕੇ ਅਫ਼ਸਰਸ਼ਾਹੀ ਢਾਂਚੇ ਦੀਆਂ ਵੱਖ-ਵੱਖ ਸ਼ਾਖਾਵਾਂ ਵਿਚ ਪਦਵੀਆਂ ਪ੍ਰਾਪਤ ਕੀਤੀਆਂ। ਇਹ ਖੁਸ਼ੀ ਦੀ ਗੱਲ ਹੈ ਕਿ ਡਾਕਟਰੀ ਵਿੱਦਿਆ ਦੇ ਖੇਤਰ ਵਿਚ ਵੀ ਇਹਨਾਂ ਨੇ ਕਾਫੀ ਪ੍ਰਗਤੀ ਕੀਤੀ। ਇਸ ਦੇ ਫਲਸਰੂਪ ਅਸੀਂ ਦੇਖਦੇ ਹਾਂ ਕਿ ਹਜ਼ਾਰਾਂ ਦੀ ਗਿਣਤੀ ਵਿਚ ਡਾਕਟਰ ਲਗਭਗ ਸਾਰੇ ਹਸਪਤਾਲਾਂ ਵਿਚ ਪਾਏ ਜਾਂਦੇ ਹਨ। ਕਈਆਂ ਨੇ ਆਪਣੇ ਹਸਪਤਾਲ ਵੀ ਖੋਲ੍ਹੇ ਹੋਏ ਹਨ। ਮੈਡੀਕਲ ਕਾਲਜਾਂ ਵਿਚ ਅਨ-ਸੂਚਿਤ ਜਾਤਾਂ, ਅਨੁਸੂਚਿਤ ਕਬੀਲਿਆਂ ਦੇ ਵਿੱਦਿਆ ਪ੍ਰਾਪਤ ਕਰ ਰਹੇ ਵਿਦਿਆਰਥੀ ਭਵਿੱਖ ਦੀ ਖੁਸ਼ਹਾਲੀ ਵੱਲ ਇਸ਼ਾਰਾ ਹਨ। ਇਸ ਖੇਤਰ ਵਿਚ ਹੋ ਰਹੀ ਪ੍ਰਗਤੀ ਨੂੰ ਧਿਆਨ ਵਿਚ ਰੱਖਦਿਆਂ ਇਹ ਸੋਚਿਆ ਗਿਆ ਕਿ ਜੋ ਡਾਕਟਰੀ ਪੇਸ਼ਾ ਲੋਕ ਆਪਣੇ ਦਲਿਤ ਅਤੇ ਸ਼ੋਸ਼ਿਤ ਭਰਾਵਾਂ ਲਈ ਕੰਮ ਕਰਨ ਦੀ ਇੱਛਾ ਰੱਖਦੇ ਹਨ, ਉਹਨਾਂ ਲਈ ਇਕ ਅਲੱਗ ਅੰਗ ਤਿਆਰ ਕੀਤਾ ਜਾਵੇ। ਸਾਡੇ ਡਾਕਟਰਾਂ ਦੀ ਸੁਚੱਜੀ ਸਲਾਹ ਅਤੇ ਸਹਾਇਤਾ ਨਾਲ ਬਾਮਸੇਫ ਸਮਾਜ ਦੇ ਕਮਜ਼ੋਰ ਵਰਗ ਦੀ ਸੇਵਾ ਕਰ ਸਕਦੀ ਹੈ। ਖਾਸ ਕਰਕੇ ਉਹਨਾਂ ਲਈ ਡਾਕਟਰੀ ਸੇਵਾ ਪ੍ਰਾਪਤ ਕਰਕੇ ਉਹਨਾਂ ਦੀ ਮਦਦ ਕਰ ਸਕਦੀ ਹੈ। ਇਸ ਤੋਂ ਵੀ ਵੱਧ ਇਹ ਸਮਾਜਿਕ ਸੇਵਾ ਨਾਲ ਸਮਾਜ ਦੇ ਸਾਰੇ ਦਲਿਤ ਤੇ ਸ਼ੋਸ਼ਿਤ ਵਰਗ ਨੂੰ ਆਪਸ ਵਿਚ ਜੋੜਨ ਅਤੇ ਭਰਾਤਰੀ ਸਬੰਧ ਬਣਾਏ ਰੱਖਣ ਵਿਚ ਮਦਦ ਕਰੇਗੀ। ਲੋਕਰਾਜੀ ਢਾਂਚੇ ਵਿਚ ਆਪਸ ਵਿਚ ਮਿਲ ਕੇ ਰਹਿਣਾ ਸਾਡੇ ਲਈ ਬਹੁਤ ਜ਼ਰੂਰੀ ਹੈ।

**(8) ਸਾਹਿਤਕ ਅਨੁਭਾਗ**

ਦਲਿਤ ਤੇ ਸ਼ੋਸ਼ਿਤ ਵਰਗ ਦੇ ਪੜ੍ਹੇ-ਲਿਖੇ ਕਰਮਚਾਰੀ ਮਨੁੱਖੀ ਚੇਸ਼ਟਾ ਦੇ ਲਗਭਗ ਹਰ ਖੇਤਰ ਵਿਚ ਦਿਲਚਸਪੀ ਵਿਖਾ ਰਹੇ ਹਨ। ਸਾਹਿਤਕ ਖੇਤਰ ਵਿਚ ਵੀ ਉਹਨਾਂ ਦੀ ਦਿਲਚਸਪੀ ਠੋਸ ਰੂਪਮਾਨ ਹੋਈ ਹੈ। ਪੜ੍ਹੇ ਲਿਖੇ ਕਰਮਚਾਰੀਆਂ ਦੀ ਇਕ ਵੱਡੀ ਗਿਣਤੀ ਸਾਹਿਤਕ ਖੇਤਰ ਵਿਚ ਅੱਗੇ ਆ ਰਹੀ ਹੈ। ਲਗਭਗ ਸਾਰੀਆਂ ਭਾਸ਼ਾਵਾਂ ਵਿਚ ਦਲਿਤ ਲੇਖਕਾਂ ਵੱਲੋਂ ਰਚਿਆ ਦਲਿਤ-ਸਾਹਿਤ ਵੇਖਿਆ ਜਾ ਸਕਦਾ ਹੈ। ਭਾਰਤ ਦੀਆਂ ਲਗਭਗ ਸਾਰੀਆਂ ਭਾਸ਼ਾਵਾਂ ਉਪਰ ਦਲਿਤ ਕਰਮਚਾਰੀਆਂ ਦੀ ਸਾਹਿਤਕ ਖੇਤਰ ਦੀਆਂ ਸਰਗਰਮੀਆਂ ਵਿਚ ਦਿਲਚਸਪੀ ਦਾ ਇਕ ਲਹਿਰ ਵਰਗਾ ਪ੍ਰਭਾਵ ਪਿਆ ਹੈ। ਇਸ ਹਾਲਤ ਦਾ ਲਾਭ ਉਠਾਉਂਦਿਆਂ ਹੋਇਆਂ ਇਹ ਆਸ ਕੀਤੀ ਜਾਂਦੀ ਹੈ ਕਿ ਜੇ ਸਾਰੀਆਂ ਭਾਸ਼ਾਵਾਂ ਦੇ ਦਲਿਤ ਲੇਖਕਾਂ ਨੂੰ ਢੰਗ ਅਨੁਸਾਰ ਇਕੱਠਾ ਕੀਤਾ ਜਾਵੇ ਤਾਂ ਉਹਨਾਂ ਵੱਲੋਂ ਰਚੇ ਗਏ ਦਲਿਤ ਸਾਹਿਤ ਨਾਲ ਇਕ ਚੋਖੀ ਸਾਹਿਤਕ ਲਹਿਰ ਪੈਦਾ ਕੀਤੀ ਜਾ ਸਕਦੀ ਹੈ। ਇਸ ਲਈ ਇਕ ਵੱਖਰਾ ਭਾਗ 'ਸਾਹਿਤਕ ਅਨੁਭਾਗ' ਦੇ ਨਾਂ ਨਾਲ ਤਿਆਰ ਕੀਤਾ ਗਿਆ ਹੈ। ਇਹ ਸਾਰੇ ਹੀ ਦੇਸ਼ ਵਿਚ ਬਹੁਤ ਵੱਡੀ ਪੱਧਰ 'ਤੇ ਤਿਆਰ ਕੀਤਾ ਜਾ ਰਿਹਾ ਹੈ।

**(9) ਖੋਜ ਅਤੇ ਪੜਤਾਲ ਭਾਗ:**

ਅੱਜ ਦੇ ਆਧੁਨਿਕ ਅਤੇ ਗੁੰਝਲਦਾਰ ਸਮਾਜਿਕ ਢਾਂਚੇ ਵਿਚ ਹਮੇਸ਼ਾ ਲਈ ਕੋਈ ਵੀ ਵਿਚਾਰ ਸਥਿਰ ਨਹੀਂ ਹੈ। ਜੋ ਇਕ ਗੁੰਝਲਦਾਰ ਅਤੇ ਤੇਜ਼ ਰਫ਼ਤਾਰ ਸਮਾਜ ਨਾਲ ਰਲ ਕੇ ਚੱਲਣਾ ਚਾਹੁੰਦੇ ਹਨ, ਉਹਨਾਂ ਨੂੰ ਆਪਣੀਆਂ ਸਮੱਸਿਆਵਾਂ ਹਰ ਪੱਖ ਤੋਂ ਘੋਖਣੀਆਂ ਚਾਹੀਦੀਆਂ ਹਨ ਅਤੇ ਉਹਨਾਂ ਦਾ ਢੁਕਵਾਂ ਹੱਲ ਲੱਭਣਾ ਚਾਹੀਦਾ ਹੈ। ਇਸ ਲਈ ਇਸ ਪੇਚੀਦਾ ਅਤੇ ਆਧੁਨਿਕ ਸੰਸਾਰ ਵਿਚ ਸਾਡਾ ਵੀ ਕੋਈ ਯੋਗ ਢਾਂਚਾ ਹੋਣਾ ਚਾਹੀਦਾ ਹੈ ਜੋ ਕਿ ਚੰਗੀ ਤਰ੍ਹਾਂ ਖੋਜ ਪੜਤਾਲ ਕਰਕੇ ਸਾਡੀਆਂ ਸਮੱਸਿਆਵਾਂ ਦਾ ਢੁਕਵਾਂ ਹੱਲ ਲੱਭ ਕੇ ਦੇ ਸਕੇ। ਦੂਜੇ ਸ਼ਬਦਾਂ ਵਿਚ ਸਾਡੇ ਲਈ ਖੋਜ ਤੇ ਪ੍ਰਗਤੀ ਬਾਰੇ ਇਕ ਢੁਕਵਾਂ ਪ੍ਰਯੋਗ ਕੇਂਦਰ ਹੋਣਾ ਚਾਹੀਦਾ ਹੈ। ਇਹੋ ਜਿਹਾ ਪ੍ਰਯੋਗ ਕੇਂਦਰ ਜਿਸਦਾ ਨਾਂ ਖੋਜ ਪੜਤਾਲ ਭਾਗ ਹੈ ਅਤੇ ਜੋ ਬਾਮਸੇਫ ਦਾ ਇਕ ਬਹੁਤ ਜ਼ਰੂਰੀ ਅੰਗ ਹੈ, ਸਾਡੇ ਲਈ ਤਿਆਰ ਕੀਤਾ ਗਿਆ ਹੈ। ਇਸ ਅਨੁਭਾਗ ਦਾ ਕੰਮ ਸਰਵੇਖਣ, ਸੈਮੀਨਾਰ ਅਤੇ ਵਿਚਾਰ ਗੋਸ਼ਟੀ ਰਾਹੀਂ ਹਾਲਤ ਅਤੇ ਸਮੱਸਿਆ ਦਾ ਕ੍ਰਮ ਅਨੁਸਾਰ ਵਿਗਿਆਨਕ ਵਿਸ਼ਲੇਸ਼ਣ ਕਰਨਾ ਹੋਵੇਗਾ। ਇਸ ਪੜਤਾਲ ਲਈ ਉੱਚੇ ਦਿਮਾਗੀ ਅਤੇ ਤਿਆਗੀ ਬੰਦੇ ਜਿੰਨੇ ਵੀ ਮਿਲ ਸਕਦੇ ਹੋਏ, ਇਸ ਭਾਗ ਲਈ ਨਿਯੁਕਤ ਕੀਤੇ ਜਾਣਗੇ। ਇਸ ਲਈ ਜਦੋਂ ਅਸੀਂ ਕਹਿੰਦੇ ਹਾਂ ਕਿ ਬਾਮਸੇਫ ਇਕ ਦਿਮਾਗੀ ਬੈਂਕ ਕਰਕੇ ਜਾਣੀ ਜਾਂਦੀ ਹੈ ਤਾਂ ਇਸਦਾ ਇਹ ਖੋਜ ਪੜਤਾਲ ਵਿਭਾਗ ਦਿਮਾਗੀ ਬੈਂਕ ਦਾ ਦਿਮਾਗ ਕਿਹਾ ਜਾ ਸਕਦਾ ਹੈ।

**(10) ਬੀ. ਵੀ. ਐਫ.- ਬਾਮਸੇਫ ਵਲੰਟੀਅਰ ਫੋਰਸ**

ਬੀ. ਵੀ. ਐਫ. ਬਾਮਸੇਫ ਵਲੰਟੀਅਰ ਫੋਰਸ ਦਾ ਛੋਟਾ ਨਾਂ ਹੈ। ਆਪਣੇ ਸੰਗਠਨ ਦਾ ਵੱਡਾ ਆਕਾਰ ਵੇਖਦਿਆਂ ਹੋਇਆਂ, ਇਸਦੇ ਜਲਸੇ ਅਤੇ ਹੋਰ ਕਾਰਜਾਂ ਨੂੰ ਕਾਮਯਾਬੀ ਅਤੇ ਅਸਰਦਾਰ ਢੰਗ ਨਾਲ ਨੇਪਰੇ ਚੜ੍ਹਾਉਣ ਲਈ ਵਲੰਟੀਅਰ ਫੋਰਸ ਦੀ ਲੋੜ ਮਹਿਸੂਸ ਕੀਤੀ ਗਈ। ਸੰਗਠਨ ਦੀ ਭਵਿੱਖ ਵਿਚ ਪ੍ਰਗਤੀ ਲਈ ਅਤੇ ਪ੍ਰੋਗਰਾਮਾਂ ਨੂੰ ਕਾਮਯਾਬੀ ਨਾਲ ਚਲਾਉਣ ਅਤੇ ਕਾਬੂ ਰੱਖਣ ਲਈ ਇਹੋ ਜਿਹੇ ਵਿਭਾਗ ਦੀ ਜ਼ਰੂਰਤ ਮਹਿਸੂਸ ਹੁੰਦੀ ਹੈ। ਅਸੀਂ ਅੰਦਾਜ਼ਾ ਲਗਾਉਂਦੇ ਹਾਂ ਕਿ ਜਦੋਂ ਬਾਮਸੇਫ ਪੂਰੀ ਤਰ੍ਹਾਂ ਉਨਤ ਹੋ ਜਾਵੇਗੀ ਤਾਂ ਇਸਨੂੰ ਸਾਲ ਦੇ 365 ਦਿਨਾਂ ਵਿਚ ਸਾਰੇ ਭਾਰਤ ਵਿਚ ਕੁੱਲ ਲਗਭਗ 6000 ਸਮਾਰੋਹ ਕਰਨੇ ਪੈਣਗੇ। ਸਭ ਤੋਂ ਛੋਟਾ ਸਮਾਰੋਹ ਐਤਵਾਰ ਲੜੀ ਜੋ ਕਿ ਸਾਰੇ 100 ਦਫ਼ਤਰਾਂ ਵੱਲੋਂ ਸਾਲ ਦੇ 52 ਐਤਵਾਰਾਂ ਨੂੰ ਕੀਤਾ ਜਾਵੇਗਾ, ਤੋਂ ਸ਼ੁਰੂ ਕਰਕੇ ਉਪਰ ਵੱਲ ਨੂੰ ਜ਼ਿਲ੍ਹਾ, ਰਾਜ, ਖੇਤਰੀ ਕਾਨਫਰੰਸ ਅਤੇ ਕੌਮੀ ਸੰਮੇਲਨ- ਜੋ ਸਾਲ ਵਿਚ ਇਕ ਵਾਰੀ ਕੀਤੇ ਜਾਣੇ ਹਨ, ਤੱਕ ਵੇਖਦਿਆਂ ਵਲੰਟੀਅਰ ਫੋਰਸ ਦੀ ਜ਼ਰੂਰਤ ਨੂੰ ਸਮਝਿਆ ਜਾ ਸਕਦਾ ਹੈ। ਇਹਨਾਂ ਪ੍ਰਚੱਲਿਤ ਸਮ-ਾਰੋਹਾਂ ਬਿਨਾਂ ਕੇਡਰ ਕੈਂਪਾਂ ਦਾ ਪ੍ਰਬੰਧ ਅਤੇ ਹੋਰ ਇਸ ਤਰ੍ਹਾਂ ਦੇ ਸਮਾਰੋਹ ਕਰਨ ਦੀ ਜ਼ਿੰਮੇਵਾਰੀ ਵੀ ਵਲੰਟੀਅਰ ਫੋਰਸ ਦੀ ਹੋਵੇਗੀ। ਇਸ ਲਈ ਬਾਮਸੇਫ ਦੇ ਇਸ ਅੰਗ ਨੂੰ ਸਾਡੀ ਬਹੁਤ ਵੱਡੀ ਅਤੇ ਪੇਚੀਦਾ ਸੰਗਠਨ ਦੇ ਵੱਖ-ਵੱਖ ਤਰ੍ਹਾਂ ਦੇ ਸਮਾਰੋਹ ਕਾਮਯਾਬੀ ਨਾਲ ਚਲਾਉਣ ਅਤੇ ਕਾਬੂ ਕਰਨ ਲਈ ਇਕ ਖਾਸ ਸਿਖਲਾਈ ਯੁਕਤ ਅੰਗ ਆਖਿਆ ਜਾ ਸਕਦਾ ਹੈ। ਬੀ. ਵੀ. ਐਫ. ਬਾਰੇ ਗੰਭੀਰਤਾ ਨਾਲ ਸੋਚਦਿਆਂ ਇਹ ਫੈਸਲਾ ਕੀਤਾ ਗਿਆ ਹੈ ਕਿ ਚੰਡੀਗੜ੍ਹ ਵਿਚ ਹੋ ਰਹੇ ਤੀਜੇ ਰਾਸ਼ਟਰੀ ਸੰਮੇਲਨ ਵਿਚ ਵਲੰਟੀਅਰ ਵਰਦੀਆਂ ਪਹਿਨਣ ਅਤੇ ਇਸ ਸਮਾਰੋਹ ਨੂੰ ਆਪ ਚਲਾਉਣ ਅਤੇ ਕੰਟਰੋਲ ਕਰਨ। ਸੰਗਠਨ ਵਿਚ ਵਾਧੇ ਦੇ ਨਾਲ ਨਾਲ ਇਸੇ ਅਨੁਪਾਤ ਵਿਚ ਇਸ ਅਨੁਭਾਗ ਦੇ ਵਲੰਟੀਅਰਾਂ ਦੀ ਗਿਣਤੀ ਵਿਚ ਵਾਧਾ ਹੁੰਦਾ ਰਹੇਗਾ।

**VI. ਢਾਂਚੇ ਦੀ ਕਾਰਜ ਵਿਧੀ:**

ਬਾਮਸੇਫ ਦਾ ਢਾਂਚਾ ਪੇਚੀਦਾ ਹੋਣ ਕਾਰਨ ਕਾਰਜ-ਕਰਤਾਵਾਂ ਲਈ ਇਹ ਜ਼ਰੂਰੀ ਹੈ ਕਿ ਇਸ ਦੀ ਡੂੰਘਾਈ ਨੂੰ ਸਮਝਣ। ਬਾਮਸੇਫ ਦੇ ਢਾਂਚੇ ਦਾ ਅਧਿਐਨ ਕਰਨ ਵੇਲੇ ਅਸੀਂ ਵੇਖਿਆ ਹੈ ਕਿ ਬਾਮਸੇਫ ਦੇ ਪਹਿਲਾਂ 10 ਮੁੱਖ ਅੰਗ ਤਿਆਰ ਕੀਤੇ ਗਏ ਅਤੇ ਫਿਰ ਉਹਨਾਂ ਨੂੰ ਸੰਗਠਨ ਦੇ ਢਾਂਚੇ ਵਿਚ ਠੀਕ ਤਰ੍ਹਾਂ ਫਿੱਟ ਕਰਕੇ ਬਾਮਸੇਫ ਤਿਆਰ ਕੀਤੀ ਗਈ। ਇਸ ਲਈ ਇਹ ਜ਼ਰੂਰੀ ਹੈ ਕਿ ਸੰਗਠਨ ਦੇ ਸਾਰੇ ਅੰਗਾਂ ਦੀ ਠੀਕ ਸਮਝ ਅਤੇ ਉਹਨਾਂ ਦੇ ਆਪਸੀ ਸਬੰਧਾਂ ਦੀ ਜਾਣਕਾਰੀ ਹੋਣੀ ਚਾਹੀਦੀ ਹੈ। ਇਸ ਨੂੰ ਧਿਆਨ ਵਿਚ ਰੱਖਦਿਆਂ ਕਾਰਜ-ਕਰਤਾਵਾਂ ਲਈ ਕੈਡਰ ਕੈਂਪ ਤਿਆਰ ਕੀਤੇ ਗਏ ਹਨ। ਸਭ ਤੋਂ ਹੇਠਲੀ ਪੱਧਰ ਦੇ ਕਾਰਜ-ਕਰਤਾਵਾਂ ਨੂੰ 10 ਮੁੱਖ ਅੰਗਾਂ ਬਾਰੇ ਠੀਕ ਜਾਣਕਾਰੀ ਅਤੇ ਉਹਨਾਂ ਦਾ ਸੰਗਠਨ ਦੇ ਘੇਰੇ ਵਿਚ ਆਪਸੀ ਸਬੰਧ ਪਤਾ ਹੋਣਾ ਚਾਹੀਦਾ ਹੈ। ਪ੍ਰੰਤੂ ਉੱਚੀ ਪੱਧਰ ਦੇ ਕਾਰਜ-ਕਰਤਾਵਾਂ ਨੂੰ ਪੂਰੇ ਸੰਗਠਨ ਬਾਰੇ ਡੂੰਘੀ ਅਤੇ ਸੰਪੂਰਨ ਜਾਣਕਾਰੀ ਹੋਣੀ ਚਾਹੀਦੀ ਹੈ। ਇਸ ਨੂੰ ਧਿਆਨ ਵਿਚ ਰੱਖਦਿਆਂ ਇਹ ਜ਼ਰੂਰੀ ਹੈ ਕਿ ਕਾਰਜ-ਕਰਤਾਵਾਂ ਨੂੰ ਕੋਈ ਅਹੁਦਾ ਸੰਭਾਲਣ ਤੋਂ ਪਹਿਲਾਂ ਕੇਡਰ ਕੈਂਪ ਵਿਚ ਸਿਖਲਾਈ ਲੈਣੀ ਚਾਹੀਦੀ ਹੈ ਤਾਂ ਜੋ ਉਹ ਉਸ ਅਹੁਦੇ ਦੀ ਜ਼ਰੂਰਤ ਅਨੁਸਾਰ ਪੂਰਾ ਉਤਰ ਸਕੇ।

ਸੰਗਠਨ ਦੇ ਮੰਤਵ ਦੀ ਪੂਰਤੀ ਲਈ ਬਾਮਸੇਫ ਦਾ ਢਾਂਚਾ ਤਿਆਰ ਕੀਤਾ ਗਿਆ ਹੈ। ਇਸ ਲਈ ਕਾਰਜ-ਕਰਤਾਵਾਂ ਨੂੰ ਬਾਮਸੇਫ ਦੀ ਬਣਤਰ ਦੇ ਨਾਲ ਨਾਲ ਇਸਦੇ ਮੰਤਵ ਬਾਰੇ ਵੀ ਜਾਣਕਾਰੀ ਹੋਣੀ ਚਾਹੀਦੀ ਹੈ। ਇਸ ਤੋਂ ਵੱਧ ਸਗੋਂ ਕਾਰਜ-ਕਰਤਾਵਾਂ ਨੂੰ ਇਹਨਾਂ ਮੰਤਵਾਂ ਦੀ ਪੂਰਤੀ ਲਈ ਅਪਣਾਏ ਢੰਗਾਂ ਤੇ ਕਾਰਜਾਂ ਦਾ ਵੀ ਪਤਾ ਹੋਣਾ ਚਾਹੀਦਾ ਹੈ। ਜਿਵੇਂ ਕਿ ਅਸੀਂ ਪਹਿਲਾਂ ਅਧਿਐਨ ਕਰ ਚੁੱਕੇ ਹਾਂ ਕਿ ਬਾਮਸੇਫ ਦੇ ਕਾਰਜ ਕਰਨ ਦਾ ਢੰਗ ਹੈ (ੳ) ਨਿਯਮ, ਰੈਗੂਲੇਸ਼ਨਜ਼ ਅਤੇ ਕਾਨੂੰਨ ਲਾਗੂ ਕਰਾਉਣੇ, (ਅ) ਵੱਖ ਵੱਖ ਵਿਭਾਗਾਂ ਵੱਲੋਂ

**(ਬਾਕੀ ਅਗਲੇ ਸਫੇ 'ਤੇ)**

# ਬਾਮਸੇਫ ਇਕ ਜਾਣਕਾਰੀ

ਪੱਛੜੀਆਂ ਤੇ ਘੱਟ ਗਿਣਤੀ ਸਮੁਦਾਵਾਂ ਲਈ ਬਣਾਈਆਂ ਯੋਜਨਾਵਾਂ, ਪ੍ਰੋਗਰਾਮ, ਪ੍ਰਾਜੈਕਟ ਅਤੇ ਬਜਟ ਪੂਰੀ ਤਰ੍ਹਾਂ ਅਤੇ ਵਫ਼ਾਦਾਰੀ ਨਾਲ ਲਾਗੂ ਕਰਾਉਣੇ। ਇਸ ਲਈ ਕਾਰਜ-ਕਰਤਾਵਾਂ ਨੂੰ ਉਹਨਾਂ ਨਿਯਮਾਂ, ਰੈਗੂਲੇਸਨਜ਼ ਅਤੇ ਕਾਨੂੰਨਾਂ ਦੀ ਪੂਰੀ ਜਾਣਕਾਰੀ ਹੋਣੀ ਚਾਹੀਦੀ ਹੈ ਜੋ ਉਹਨਾਂ ਨੇ ਲਾਗੂ ਕਰਵਾਉਣੇ ਹਨ। ਇਸੇ ਤਰ੍ਹਾਂ ਲਾਗੂ ਕਰਾਉਣ ਵਾਲੀਆਂ ਯੋਜਨਾਵਾਂ, ਪ੍ਰੋਗਰਾਮ ਤੇ ਪ੍ਰਾਜੈਕਟ ਅਤੇ ਬਜਟ ਬਾਰੇ ਵੀ ਜਾਣਕਾਰੀ ਹੋਣੀ ਚਾਹੀਦੀ ਹੈ। ਇਸ ਲਈ ਅਸੀਂ ਵੇਖ ਸਕਦੇ ਹਾਂ ਕਿ ਕਾਰਜ-ਕਰਤਾਵਾਂ ਨੂੰ ਬਾਮਸੇਫ ਦੇ ਮੰਤਵਾਂ ਦੀ ਪੂਰਤੀ ਦੇ ਘੇਰੇ ਵਿਚ ਆਏ ਹੋਰ ਬਹੁਤ ਸਾਰੇ ਤੱਤਾਂ ਬਾਰੇ ਸੰਪੂਰਨ ਤੇ ਕਾਫੀ ਜਾਣਕਾਰੀ ਹੋਣੀ ਚਾਹੀਦੀ ਹੈ। ਸਿਰਫ ਇਹੋ ਜਿਹੇ ਜਾਣਕਾਰੀ ਭਰਪੂਰ ਅਤੇ ਤਿਆਗ ਭਾਵਨਾ ਵਾਲੇ ਕਾਰਜ-ਕਰਤਾ ਹੀ ਬਾਮਸੇਫ ਦੇ ਢਾਂਚੇ ਨੂੰ ਚਲਾ ਸਕਦੇ ਹਨ ਅਤੇ ਮੰਤਵ ਦੀ ਪੂਰਤੀ ਤੱਕ ਲਿਜਾ ਸਕਦੇ ਹਨ। ਇਹੋ ਜਿਹੇ ਜਾਣਕਾਰੀ ਭਰਪੂਰ ਕਾਰਜ-ਕਰਤਾ ਹੀ ਬਾਮਸੇਫ ਦੇ ਕਿਸੇ ਸਬੰਧਤ ਭਾਗ ਵੱਲੋਂ ਕਿਸੇ ਅਧਿਕਾਰੀ ਤੱਕ ਪਹੁੰਚ ਕਰਨ ਵੇਲੇ ਲੋੜੀਂਦੇ ਪੱਧਰ ਤੇ ਆਪਣੇ ਆਪ ਵੱਲੋਂ ਨਿਰਣਾ ਲੈ ਸਕਣ ਦੇ ਕਾਬਲ ਹੋ ਸਕਦੇ ਹਨ। ਢਾਂਚੇ ਨੂੰ ਚਲਾਉਣ ਲਈ ਕਾਰਜ-ਕਰਤਾਵਾਂ ਨੂੰ ਹੋਰ ਸਬੰਧਤ ਤੇ ਵਿਸਥਾਰ ਪੂਰਵਕ ਜਾਣਕਾਰੀ ਕੇਡਰ ਕੈਂਪਾਂ ਰਾਹੀਂ ਦਿੱਤੀ ਜਾਂਦੀ ਹੈ ਜੋ ਕਿ ਵੱਖ ਵੱਖ ਕਿਸਮ ਦੇ ਕਾਰਜ-ਕਰਤਾਵਾਂ ਲਈ ਲਾਏ ਜਾਂਦੇ ਹਨ।

### VII. ਬਾਮਸੇਫ ਨੂੰ ਜ਼ਰੂਰੀ ਤੌਰ ਤੇ ਧਰਮ ਨਿਰਪੱਖ, ਸੰਘਰਸ਼ ਰਹਿਤ ਅਤੇ ਗੈਰ-ਰਾਜਨੀਤਿਕ ਰਹਿਣਾ ਚਾਹੀਦਾ ਹੈ।

ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਬਾਮਸੇਫ ਦਲਿਤ ਤੇ ਸ਼ੋਸ਼ਿਤ ਵਰਗ ਦੇ ਉਹਨਾਂ ਪੜ੍ਹੇ-ਲਿਖੇ ਮੁਲਾਜ਼ਮਾਂ ਦੀ ਜਥੇਬੰਦੀ ਹੈ ਜੋ ਆਪਣੇ ਨਾਲ ਸਬੰਧਤ ਸਮਾਜ ਨੂੰ ਕੁਝ ਇਵਜ਼ਾਨਾ ਮੋੜਨਾ ਚਾਹੁੰਦੇ ਹਨ। ਇਹ ਪੜ੍ਹੇ ਲਿਖੇ ਮੁਲਾਜ਼ਮਾਂ ਦੀ ਜਮਾਤ ਹੁਣੇ ਜਿਹੇ ਹੀ ਹੋਂਦ ਵਿਚ ਆਈ ਹੈ ਅਤੇ ਇਹ ਸਾਰੇ ਸਰਕਾਰੀ ਨੌਕਰੀਆਂ ਦੇ ਫੰਦੇ ਵਿਚ ਫਸੇ ਹੋਏ ਹਨ। ਇਹਨਾਂ ਮੁਲਾਜ਼ਮਾਂ ਕੋਲ ਆਪਣੇ ਕਿੱਤੇ, ਸਿੱਖਿਆ, ਵਿੱਦਿਆ, ਤਜਰਬਾ ਅਤੇ ਉਪਲਬਧ ਹੁਨਰ ਕਾਰਨ ਆਪਣੇ ਵਰਗ ਦੀ ਸੇਵਾ ਕਰਨ ਦੇ ਬਹੁਤ ਮੌਕੇ ਹਨ। ਪ੍ਰੰਤੂ ਦੂਜੇ ਪਾਸੇ ਉਹਨਾਂ ਦੀਆਂ ਕੋਸ਼ਿਸ਼ਾਂ ਸਿਵਲ ਸੇਵਾ ਪ੍ਰਸ਼ਾਸਨ ਨਿਯਮਾਂ ਦੇ ਦਾਇਰੇ ਵਿਚ ਕੈਦ ਕਰ ਦਿ-ੱਤੀਆਂ ਹਨ। ਸਿਵਲ ਸੇਵਾ ਪ੍ਰਸ਼ਾਸਨ ਨਿਯਮਾਂ ਦੀਆਂ ਹੱਦ ਬੰਦੀਆਂ ਕਾਰਨ ਉਹ ਕੋਈ ਸੰਘਰਸ਼ ਨਹੀਂ ਕਰ ਸਕਦੇ ਕਿਉਂਕਿ ਉਹਨਾਂ ਨੂੰ ਗ੍ਰਿਫਤਾਰ ਕਰ ਕੇ 48 ਘੰਟਿਆਂ ਤੋਂ ਵੱਧ ਕੈਦ ਵਿਚ ਰੱਖਿਆ ਜਾ ਸਕਦਾ ਹੈ। ਸੰਘਰਸ਼ਸ਼ੀਲਤਾ ਦੇ ਨਾਲ ਨਾਲ ਉਹ ਕਿਸੇ ਰਾਜਨੀਤਿਕ ਸਰਗਰਮੀ ਵਿਚ ਵੀ ਹਿੱਸਾ ਨਹੀਂ ਲੈ ਸਕਦੇ। ਇਸ ਲਈ ਸਾਡੇ ਵਾਸਤੇ ਇਹ ਅਤੀ ਜ਼ਰੂਰੀ ਹੈ ਕਿ ਬਾਮਸੇਫ ਦੀਆਂ ਗਤੀਵਿਧੀਆਂ ਸਿਵਲ ਸੇਵਾ ਪ੍ਰਸ਼ਾਸਨ ਨਿਯਮਾਂ ਦੀ ਹੱਦਾਂ ਦੀ ਚਾਰਦੀਵਾਰੀ ਦੇ ਘੇਰੇ ਵਿਚ ਹੀ ਸੀਮਤ ਰੱਖੀਆਂ ਜਾਣ। ਇਸ ਤਰ੍ਹਾਂ ਬਾਮਸੇਫ ਦਾ ਸੁਭਾਅ ਸੰਘਰਸ਼ ਰਹਿਤ ਅਤੇ ਗੈਰ ਰਾਜਨੀ-ਤਿਕ ਰਹਿਣਾ ਚਾਹੀਦਾ ਹੈ।

ਬਾਮਸੇਫ ਦਾ ਨਾਮਕਰਨ ਇਹ ਦੱਸਦਾ ਹੈ ਕਿ ਇਸ ਵਿਚ ਅਨੁਸੂਚਿਤ ਜਾਤਾਂ, ਅਨੁਸੂਚਿਤ ਕਬੀਲੇ, ਦੂਜੀਆਂ ਪੱਛੜੀਆਂ ਸ਼੍ਰੇਣੀਆਂ, ਧਾਰਮਿਕ ਘੱਟ ਗਿਣਤੀ ਸਮੁਦਾਵਾਂ ਸ਼ਾਮਲ ਹਨ। ਇਸ ਲਈ ਇਸ ਨੂੰ ਬਾਹਰਲੀ ਦਿੱਖ ਅਤੇ ਕਾਰਜ ਵੱਲੋਂ ਧਰਮ ਨਿਰਪੱਖ ਰਹਿਣਾ ਚਾਹੀਦਾ ਹੈ। ਪ੍ਰੰਤੂ ਇਸਦਾ ਭਾਵ ਇਹ ਨਹੀਂ ਕਿ ਬਾਮਸੇਫ ਦੇ ਮੈਂਬਰ ਜਾਂ ਕਾਰਜਕਰਤਾ ਨੂੰ ਕਿਸੇ ਧਰਮ ਵਿਚ ਯਕੀਨ ਕਰਨਾ ਜਾਂ ਮੰਨਣਾ ਨਹੀਂ ਚਾਹੀਦਾ। ਅਸਲ ਵਿਚ ਬਾਮਸੇਫ ਦੇ ਮੈਂਬਰ ਆਪਣੀ ਮਰਜ਼ੀ ਅਨੁਸਾਰ ਚਾਹੇ ਜਨਮ ਪੱਖੋਂ ਜਾਂ ਨਿੱਜੀ ਚੋਣ ਕਰਕੇ ਕੋਈ ਵੀ ਧਰਮ ਅਪਣਾ ਸਕਦੇ ਹਨ। ਇਹੀ ਨਹੀਂ ਉਹ ਆਪਣੀ ਮਰਜ਼ੀ ਅਨੁਸਾਰ ਕਿਸੇ ਵੀ ਧਾਰਮਿਕ ਸੰਸਥਾ ਦੇ ਸਰਗਰਮ ਕਾਰਜ-ਕਰਤਾ ਵੀ ਬਣ ਸਕਦੇ ਹਨ। ਉਹਨਾਂ ਦਾ ਧਾਰਮਿਕ ਵਿਸ਼ਵਾਸ ਅਤੇ ਨਿਸ਼ਠਾ ਸੰਗਠਨ ਦੇ ਕਿਸੇ ਦੂਜੇ ਮੈਂਬਰ ਤੇ ਨਹੀਂ ਠੋਸੀ ਜਾਣੀ ਚਾਹੀਦੀ। ਬਾਮਸੇਫ ਦੇ ਮੈਂ-ਬਰਾਂ ਦੀ ਇਸ ਧਾਰਮਿਕ ਆਜ਼ਾਦੀ ਦਾ ਇਹ ਮਤਲਬ ਨਹੀਂ ਕਿ ਉਹ ਬ੍ਰਾਹਮਣਵਾਦ ਜੋ ਕਿ ਗੈਰ ਬਰਾਬਰੀ ਭਾਵਨਾ ਦੀ ਜੜ੍ਹ ਹੈ, ਤੋਂ ਪ੍ਰਭਾਵਿਤ ਹੋਣ ਜਾਂ ਦੂਜਿਆਂ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕਰਨ। ਅਸਲ ਵਿਚ ਤਾਂ ਬਾਮਸੇਫ ਦੇ ਸਾਰੇ ਮੈਂਬਰਾਂ ਨੂੰ ਗੈਰ ਬਰਾਬਰੀ ਭਾਵਨਾ ਵਾਲੇ ਬ੍ਰਾਹਮਣਵਾਦ ਨੂੰ ਜੜ੍ਹੋਂ ਪੁੱਟਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਸ ਤਰ੍ਹਾਂ ਇਹ ਸਭ ਨੂੰ ਸਪਸ਼ਟ ਹੋ ਜਾਣਾ ਚਾਹੀਦਾ ਹੈ ਕਿ ਬਾਮਸੇਫ ਨੂੰ ਨੀਤੀ ਨਿਰਦੇਸ਼ਕ ਕਾਰਨਾਂ ਕਰਕੇ ਗੈਰ ਧਾਰਮਿਕ ਰਹਿਣਾ ਚਾਹੀਦਾ ਹੈ ਅਤੇ ਕਾਨੂੰਨੀ ਕਾਰਨਾਂ ਕਰਕੇ ਸੰਘਰਸ਼ ਰਹਿਤ ਅਤੇ ਗੈਰ ਰਾਜਨੀਤਿਕ ਰਹਿਣਾ ਚਾਹੀਦਾ ਹੈ।

### VIII. ਬਾਮਸੇਫ ਪ੍ਰੇਰਨਾ:

ਪਿਛਲੇ ਅਧਿਆਏ ਵਿਚ ਅਸੀਂ ਵੇਖਿਆ ਕਿ ਬਾਮਸੇਫ ਨੂੰ ਸੁਭਾਅ ਤੇ ਕਾਰਜ ਪੱਖੋਂ ਧਰਮ ਨਿਰਪੱਖ, ਸੰਘਰਸ਼ ਰਹਿਤ ਅਤੇ ਗੈਰ ਰਾਜਨੀਤਿਕ ਰਹਿਣਾ ਚਾਹੀਦਾ ਹੈ। ਇਸ ਦਾ ਮਤਲਬ ਇਹ ਹੋਇਆ ਕਿ ਇਸ ਨੂੰ ਸਮਾਜਿਕ ਉਨਤੀ ਲਈ ਚੰਗੀ ਤਰ੍ਹਾਂ ਵਰਤਿਆ ਜਾ ਸਕਦਾ ਹੈ। ਬਾਮਸੇਫ ਬਾਬਾ ਸਾਹਿਬ ਡਾ. ਬੀ. ਆਰ. ਅੰਬੇਡਕਰ ਦੇ ਜੀਵਨ ਤੇ ਮਿਸ਼ਨ ਤੋਂ ਉਤਸ਼ਾਹ ਪ੍ਰਾਪਤ ਕਰਦੀ ਹੈ। ਪ੍ਰੰਤੂ ਬਾਬਾ ਸਾਹਿਬ ਡਾ. ਬੀ. ਆਰ. ਅੰਬੇਡਕਰ ਨੇ ਸਾਨੂੰ ਦੱਸਿਆ ਹੈ ਕਿ ਸਮੁੱਚੀ ਸਮਾਜਿਕ ਉਨਤੀ ਦੀ ਕੁੰਜੀ ਰਾਜਨੀਤਿਕ ਤਾਕਤ ਵਿਚ ਹੈ। ਇਹ ਆਮ ਜਾਣੀ ਜਾ ਸਕਣ ਵਾਲੀ ਗੱਲ ਵੀ ਹੈ ਕਿ ਕਿਸੇ ਕਾਮਯਾਬੀ ਖਾਸ ਕਰਕੇ ਰਾਜਨੀਤਿਕ ਕਾਮਯਾਬੀ ਲਈ ਸੰਘਰਸ਼ਤਮਕ ਘੋਲ ਬੜਾ ਜ਼ਰੂਰੀ ਹੈ। ਇਸ ਲਈ ਬਾਬਾ ਸਾਹਿਬ ਵੱਲੋਂ ਦਿੱਤੇ ਇਸ਼ਾਰੇ ਅਨੁਸਾਰ ਦਲਿਤ ਤੇ ਸ਼ੋਸ਼ਿਤ ਸਮਾਜ ਦੇ ਲੋਕਾਂ ਨੂੰ ਸਮਾਜਿਕ ਉਨਤੀ ਲਈ ਵੀ ਆਪਣੇ ਆਪ ਨੂੰ ਸੰਘਰਸ਼ ਲਈ ਤਿਆਰ ਕਰਨਾ ਚਾਹੀਦਾ ਹੈ। ਦੂਜੇ ਪਾਸੇ ਅਸੀਂ ਇਹ ਵੀ ਚੰਗੀ ਤਰ੍ਹਾਂ ਜਾਣਦੇ ਹਾਂ ਕਿ ਬਾਮਸੇਫ ਜੋ ਪੜ੍ਹੇ-ਲਿਖੇ ਮੁਲਾਜ਼ਮਾਂ ਦੀ ਜਥੇਬੰਦੀ ਹੈ, ਉਸਨੂੰ ਸੰਘਰਸ਼ ਅਤੇ ਰਾਜਨੀਤਿਕ ਕਾਰਜ ਜਾਂ ਪਹੁੰਚ ਤੋਂ ਕਾਨੂੰਨੀ ਤੌਰ 'ਤੇ ਮਨਾਹੀ ਹੈ।

ਫਿਰ ਇਸ ਦਾ ਹੱਲ ਕੀ ਹੈ? ਇਸ ਦਾ ਹੱਲ ਇਸ ਅਸਲੀਅਤ ਤੋਂ ਸਹਿਜੇ ਹੀ ਕੱਢਿਆ ਜਾ ਸਕਦਾ ਹੈ ਕਿ ਦਲਿਤ ਤੇ ਸ਼ੋਸ਼ਿਤ ਵਰਗ ਦੇ ਪੜ੍ਹੇ-ਲਿਖੇ ਮੁਲਾਜ਼ਮ ਆਪਣੀ ਕੁੱਲ ਗਿਣਤੀ ਦਾ 1.5 ਫੀਸਦੀ ਹਨ। ਇਸ ਲਈ ਇਹ ਪੜ੍ਹੇ ਲਿਖੇ ਮੁਲਾਜ਼ਮ ਆਸਾਨੀ ਨਾਲ ਆਪ ਸੰਘਰਸ਼ ਅਤੇ ਰਾਜਨੀਤੀ ਤੇ ਖੇਤਰ ਨੂੰ ਛੱਡ ਕੇ ਇਹ ਕੰਮ ਆਪਣੇ ਸਮਾਜ ਦੇ ਦੂਜੇ 98.5 ਫੀਸਦੀ ਹਿੱਸੇ ਲਈ ਛੱਡ ਸਕਦੇ ਹਨ। ਹੁਣ ਤੱਕ ਦਲਿਤ ਅਤੇ ਸ਼ੋਸ਼ਿਤ ਵਰਗ ਦੇ ਆਗੂਆਂ ਨਾਲ ਸੰਘਰਸ਼ ਅਤੇ ਰਾਜਨੀਤੀ ਦੇ ਖੇਤਰ ਵਿਚ ਕਾਮਯਾਬੀ ਅੱਖ ਮਿਚੋਲੀ ਖੇਡਦੀ ਰਹੀ ਹੈ। ਦਲਿਤ ਅਤੇ ਸ਼ੋਸ਼ਿਤ ਵਰਗ ਦੇ ਆਗੂ ਆਪਣੇ ਆਪ ਨੂੰ ਸੰਗਠਿਤ ਕਰਕੇ ਸਮਾਜ ਨੂੰ ਲਾਭ ਨਹੀਂ ਪਹੁੰਚਾ ਸਕੇ। ਇਸ ਲਈ ਉਹ ਸਵਰਨ ਹਿੰਦੂਆਂ ਦੀਆਂ ਵੱਖ-ਵੱਖ ਰਾਜਨੀਤਿਕ ਪਾਰਟੀਆਂ ਦੀ ਅਗਵਾਈ ਹੇਠ ਉਹਨਾਂ ਦੀਆਂ ਕਠਪੁਤਲੀਆਂ ਬਣੇ ਰਹੇ।

ਸਮੁੱਚੇ ਹਾਲਾਤ ਦਾ ਡੂੰਘਾ ਵਿਸ਼ਲੇਸ਼ਣ ਇਹ ਦੱਸਦਾ ਹੈ ਕਿ ਜਿਸ ਵਰਗ ਦੀਆਂ ਗੈਰ ਰਾਜਨੀਤਿਕ ਜੜ੍ਹਾਂ ਮਜ਼ਬੂਤ ਹਨ, ਸਿਰਫ ਉਹ ਹੀ ਸੰਘਰਸ਼ ਅਤੇ ਰਾਜਨੀਤੀ ਵਿਚ ਸਫਲ ਹੁੰਦਾ ਹੈ। ਬਦਕਿਸਮਤੀ ਨਾਲ ਸ਼ਾਇਦ ਦਲਿਤ ਅਤੇ ਸ਼ੋਸ਼ਿਤ ਵਰਗ ਦੇ ਲੀਡਰ ਜੀਵਨ ਦੀ ਇਸ ਠੋਸ ਸਚਾਈ ਤੋਂ ਨਾਵਾਕਫ਼ ਹਨ। ਇਹੀ ਕਾਰਨ ਹੈ ਕਿ ਉਹਨਾਂ ਨੇ ਦਲਿਤ ਸ਼ੋਸ਼ਿਤ ਸਮਾਜ, ਜਿਸ ਨਾਲ ਉਹ ਸਬੰਧਤ ਹਨ ਅਤੇ ਜਿਸਦੀ ਉਨ੍ਹਾਂ ਨੂੰ ਅਗਵਾਈ ਕਰਨੀ ਚਾਹੀਦੀ ਸੀ, ਉਸ ਦੀਆਂ ਗੈਰ-ਸਿਆਸੀ ਜੜ੍ਹਾਂ ਮਜਬੂਤ ਕਰਨ ਲਈ ਕੋਸ਼ਿਸ਼ ਨਹੀਂ ਕੀਤੀ। ਇਸ ਲਈ ਜਾਂ ਤਾਂ ਉਹ ਆਪਣੀ ਅਗਿਆਨਤਾ ਕਰਕੇ ਜਾਂ ਫਿਰ ਆਪਣੇ ਸਮਾਜ ਦੀਆਂ ਗੈਰ ਰਾਜਨੀਤਿਕ ਜੜ੍ਹਾਂ ਮਜ਼ਬੂਤ ਕਰਨਾ ਇਕ ਔਖਾ ਕੰਮ ਸਮਝ ਕੇ, ਉਹ ਆਸਾਨ ਚੋਣ ਕਰਕੇ ਸਵਰਨ ਹਿੰਦੂਆਂ ਰਾਹੀਂ ਚਲਾਈਆਂ ਗਈਆਂ ਪਾਰਟੀਆਂ ਵਿਚ ਕਠਪੁਤਲੀਆਂ ਬਣ ਗਏ।

ਇਸ ਕਰਕੇ ਅਸੀਂ ਬਾਮਸੇਫ ਨੂੰ ਦਲਿਤ ਅਤੇ ਸ਼ੋਸ਼ਿਤ ਸਮਾਜ ਲਈ ਲਾਭਦਾਇਕ ਮੰਨਦੇ ਹਾਂ। ਆਪਣੇ ਵੱਖ-ਵੱਖ ਅੰਗਾਂ ਰਾਹੀਂ ਪੂਰੀ ਕਾਰਜ ਵਿਧੀ ਨਾਲ ਬਾਮਸੇਫ ਉਸ ਦੇ ਆਪਣੇ ਸਬੰਧਤ ਦਲਿਤ ਅਤੇ ਸ਼ੋਸ਼ਿਤ ਸਮਾਜ ਦੀਆਂ ਗੈਰ-ਰਾਜਨੀਤਿਕ ਜੜ੍ਹਾਂ ਮਜ਼ਬੂਤ ਕਰਨ ਲਈ ਬਹੁਤ ਵੱਡੀ ਸਹਾਇਤਾ ਕਰ ਸਕਦੀ ਹੈ। ਜੇ ਬਾਮਸੇਫ ਇਕ ਵਾਰੀ ਆਪਣੇ ਜੜ੍ਹਾਂ ਰਹਿਤ ਸਮਾਜ ਲਈ ਜੜ੍ਹਾਂ ਬਣਾਉਣ ਯੋਗ ਤੇ ਸਮਾਜ ਦੀ ਗੈਰ ਰਾਜਨੀਤਿਕ ਜੜ੍ਹਾਂ ਨੂੰ ਮਜ਼ਬੂਤ ਕਰਨ ਯੋਗ ਹੋ ਜਾਵੇ ਤਾਂ ਫਿਰ ਰਾਜਨੀਤਿਕ ਅਤੇ ਸੰਘਰਸ਼ਾਤਮਕ ਕਾਮਯਾਬੀ ਕੁਦਰਤੀ ਪਰਿਣਾਮ ਹੋ ਜਾਵੇਗਾ। ਗੈਰ ਰਾਜਨੀਤਿਕ ਜੜ੍ਹਾਂ ਮਜ਼ਬੂਤ ਕਰਨ ਵਿਚ ਪ੍ਰਾਪਤ ਕਾਮਯਾਬੀ ਦਲਿਤ ਅਤੇ ਸ਼ੋਸ਼ਿਤ ਵਰਗ ਵਿਚ ਉਤਸ਼ਾਹ ਦੀ ਇਕ ਲਹਿਰ ਪੈਦਾ ਕਰ ਦੇਵੇਗੀ। ਇਸ ਤਰ੍ਹਾਂ ਦਲਿਤ ਅਤੇ ਸ਼ੋਸ਼ਿਤ ਸਮਾਜ ਦੀ 98.5 ਫੀਸਦੀ ਵਸੋਂ ਬਾਮਸੇਫ ਤੋਂ ਉਤਸ਼ਾਹ ਲੈ ਕੇ ਆਪਣੇ ਆਪ ਨੂੰ ਸੰਘਰਸ਼ ਅਤੇ ਰਾਜਨੀਤਿਕ ਮਤਲਬ ਲਈ ਸੰਗਠਿਤ ਕਰ ਸਕਦੀ ਹੈ।

ਸਾਡਾ ਇਹ ਖਿਆਲੀ ਅਨੁਮਾਨ ਕਿਸੇ ਹੱਦ ਤੱਕ ਅੱਜ ਪ੍ਰਗਟ ਵੀ ਹੈ। ਬਾਮਸੇਫ ਦੀਆਂ ਗਤੀਵਿਧੀਆਂ ਨਾਲ ਇਹ ਸਾਡੇ ਸਾਰਿਆਂ ਲਈ ਹੋਰ ਵੀ ਸਪਸ਼ਟ ਹੁੰਦਾ ਜਾਵੇਗਾ। ਅਸਲ ਵਿਚ ਜੱਦੋ-ਜਹਿਦ ਲਈ ਕਾਰਜ ਪਹਿਲਾਂ ਹੀ ਆਰੰਭ ਕੀਤਾ ਜਾ ਚੁੱਕਾ ਹੈ। ਦਲਿਤ ਅਤੇ ਸ਼ੋਸ਼ਿਤ ਸਮਾਜ ਲਈ ਕਾਮਯਾਬੀ ਭਰਪੂਰ ਜੱਦੋ ਜਹਿਦ ਦਾ ਆਰੰਭ ਸੰਗਠਨ ਦੇ ਤੌਰ ਤੇ ਕਿਸੇ ਵੇਲੇ ਵੀ ਉਭਰ ਸਕਦਾ ਹੈ। ਅਸਲੀਅਤ ਇਹ ਹੈ ਕਿ ਬਾਮਸੇਫ ਦੀ ਪ੍ਰੇਰਨਾ ਨਾਲ ਸੰਗਠਨ ਦੇ ਕੁਝ ਇਹੋ ਜਿਹੇ ਅੰਗ ਪਹਿਲਾਂ ਹੀ ਵਿਕਸਤ ਕੀਤੇ ਜਾ ਚੁੱਕੇ ਹਨ। ਦਲਿਤ ਅਤੇ ਸ਼ੋਸ਼ਿਤ ਵਰਗ ਦੇ ਉਤਸ਼ਾਹਿਤ ਲੋਕ ਜੋ ਕਿ ਸਰਕਾਰੀ ਕਰਮਚਾਰੀ ਨਾ ਹੋਣ ਕਰਕੇ ਸਿਵਲ ਸੇਵਾ ਪ੍ਰਸ਼ਾਸਨ ਨਿਯਮਾਂ ਦੇ ਘੇਰੇ ਵਿਚ ਨਹੀਂ ਆਉਂਦੇ, ਬਾਮਸੇਫ ਤੋਂ ਪ੍ਰੇਰਨਾ ਲੈ ਕੇ ਆਪ ਸੰਗਠਿਤ ਹੋਣ ਦਾ ਪਹਿਲਾਂ ਹੀ ਪੱਕਾ ਵਿਚਾਰ ਬਣਾ ਚੁੱਕੇ ਹਨ। ਜੱਦੋ-ਜਹਿਦ ਚਲਾਉਣ ਵਾਲੇ ਕੁਝ ਅੰਗਾਂ ਦੀ ਭੂਮਿਕਾ ਤੇ ਚਰਿੱਤਰ ਦਾ ਸੰਖੇਪ ਵਿਚ ਵਰਣਨ ਹੇਠਾਂ ਦਿੱਤਾ ਜਾਂਦਾ ਹੈ।

ਸੰਗਠਨ ਦੇ ਸਮਾਜਿਕ ਸੰਘਰਸ਼ ਲਈ ਬਣਾਏ ਗਏ 10 ਅੰਗਾਂ ਦੀ ਜਿਹਨਾਂ ਦਾ ਹਾਲੇ ਨਾਂ ਨਹੀਂ ਰੱਖਿਆ ਗਿਆ ਹੇਠਾਂ ਸੂਚੀ ਦਿੱਤੀ ਜਾਂਦੀ ਹੈ;

(1) ਜਾਗਰਿਤੀ ਜਥੇ
(2) ਬਾਮਸੇਫ ਸਹਿਕਾਰਤਾ
(3) ਸਮਾਚਾਰ ਸੇਵਾ ਤੇ ਪ੍ਰਕਾਸ਼ਨ
(4) ਸੰਸਦੀ ਸੰਪਰਕ ਭਾਗ
(5) ਕਾਨੂੰਨੀ ਸਹਾਇਤਾ ਅਤੇ ਸਲਾਹ
(6) ਵਿਦਿਆਰਥੀ
(7) ਨੌਜਵਾਨ
(8) ਇਸਤਰੀਆਂ
(9) ਸਨਅਤੀ ਕਾਮੇ
(10) ਖੇਤੀ ਮਜ਼ਦੂਰ

ਸਮਾਜਿਕ ਸੰਘਰਸ਼ ਲਈ ਬਣਾਏ ਇਹਨਾਂ 10 ਅੰਗਾਂ ਦੀ ਹੇਠਾਂ ਸੰਖੇਪ ਜਾਣਕਾਰੀ ਦਿੱਤੀ ਜਾਂਦੀ ਹੈ।

**(1) ਜਾਗ੍ਰਤੀ ਜਥੇ:**

ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲੇ, ਦੂਜੀਆਂ ਪੱਛੜੀਆਂ ਸ਼੍ਰੇਣੀਆਂ ਪ੍ਰਚੱਲਿਤ ਬ੍ਰਾਹਮਣਵਾਦ ਢਾਂਚੇ ਤੋਂ ਪੀੜਤ ਹਨ। ਇਹ ਪੀੜਤ ਸਦੀਆਂ ਤੋਂ ਇਸੇ ਬਦਨਾਮ ਸਮਾਜਿਕ ਢਾਂਚੇ ਦੇ ਦਬਾਅ ਅਤੇ ਅਸਰ ਥੱਲੇ ਦੁੱਖ ਸਹਿ ਰਹੇ ਹਨ। ਸਦੀਆਂ ਲੰਬੀਆਂ ਔਕੜਾਂ ਦੀ ਝਾਲ ਨੇ ਉਹਨਾਂ ਵਿਚ ਮਾਨਸਿਕ ਗੁਲਾਮੀ ਭਰ ਦਿੱਤੀ ਹੈ। ਜੇ ਇਹਨਾਂ ਪੀੜਤ ਲੋਕਾਂ ਨੂੰ ਸਮਾਜਿਕ ਸੰਘਰਸ਼ ਅਤੇ ਸਮਾਜਿਕ ਤਬਦੀਲੀ ਲਈ ਤਿਆਰ ਕਰਨਾ ਹੈ ਤਾਂ ਇਹ ਜ਼ਰੂਰੀ ਹੈ ਕਿ ਇਹਨਾਂ ਨੂੰ ਜੁੱਗਾਂ ਪੁਰਾਣੀ ਗੁਲਾਮੀ ਤੋਂ ਛੁਟਕਾਰਾ ਦਿਵਾਇਆ ਜਾਵੇ। ਬਾਬਾ ਸਾਹਿਬ ਡਾ. ਬੀ. ਆਰ. ਅੰਬੇਡਕਰ ਨੇ ਠੀਕ ਕਿਹਾ ਸੀ ਕਿ ਜੇ ਇਕ ਗੁਲਾਮ ਨੂੰ ਦੱਸਿਆ ਜਾਵੇ ਕਿ ਉਹ ਗੁਲਾਮ ਹੈ ਤਾਂ ਉਹ ਇਸ ਪ੍ਰਤੀ ਬਗਾਵਤ ਕਰ ਉਠੇਗਾ।

ਜਾਗ੍ਰਿਤੀ ਜਥੇ ਇਹੀ ਕੁਝ ਕਰਨ ਲਈ ਤਿਆਰ ਕੀਤੇ ਗਏ ਹਨ। ਜਾਗ੍ਰਿਤੀ ਜਥੇ ਦਾ ਕੰਮ ਦਲਿਤ ਲੋਕਾਂ ਲਈ ਮਨੋਰੰਜਨ ਕਰਨ ਦੇ ਨਾਲ ਨਾਲ ਸਿੱਖਿਆ ਦੇਣੀ ਅਤੇ ਉਹਨਾਂ ਨੂੰ ਜਾਗਰਿਤ ਕਰਨਾ ਹੋਵੇਗਾ। ਇਸ ਦਿਸ਼ਾ ਵੱਲ ਦਲਿਤ ਅਤੇ ਸ਼ੋਸ਼ਿਤ ਸਮਾਜ ਲਈ ਵਿੱਦਿਆ, ਜਾਗਰਿਤੀ, ਗਿਆਨ-ਰੋਸ਼ਨੀ, ਜੋਸ਼ ਜਗਾਉਣ ਆਦਿਕ ਲਈ ਸਾਰੇ ਉਪਲਬਧ ਸਾਧਨਾਂ ਨੂੰ ਰਿਕਾਰਡ ਕਰਕੇ ਉਸ ਦੀ ਵਰਤੋਂ ਤੋਂ ਲਾਭ ਉਠਾਇਆ ਜਾਵੇਗਾ।

**(2) ਬਾਮਸੇਫ ਸਹਿਕਾਰਤਾ:**

ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲੇ, ਦੂਜੀਆਂ ਪੱਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀ ਸਮੁਦਾਵਾਂ ਦੇ ਲੋਕ ਸਭ ਤੋਂ ਵੱਧ ਸੰਪਤੀ ਰਹਿਤ ਲੋਕ ਹਨ। ਭਾਰਤ ਦੀ ਸਭ ਤੋਂ ਹੇਠਲੀ ਆਰਥਿਕ ਪੱਧਰ ਦੀ 20 ਫੀਸਦੀ ਵਸੋਂ ਦੀ ਕੁੱਲ ਪੂੰਜੀ ਇਕੱਲੇ ਬਿਰਲੇ ਦੀ ਪੂੰਜੀ ਤੋਂ ਵੀ ਘੱਟ ਹੈ। ਅੰਗਰੇਜ਼ਾਂ ਦੇ ਭਾਰਤ ਛੱਡਣ ਤੋਂ ਬਾਅਦ ਅਮੀਰ ਤੇ ਗਰੀਬ ਵਿਚ ਇਹ ਪਾੜਾ ਲਗਾਤਾਰ ਵੱਧ ਰਿਹਾ ਹੈ ਅਤੇ ਤਾਕਤ ਬ੍ਰਾਹਮਣ, ਬਾਣੀਆਂ ਅਤੇ ਵੱਡੇ ਜ਼ਿਮੀਦਾਰ ਦੀ ਤਿੱਕੜੀ ਦੇ ਹੱਥ ਵਿਚ ਇਕੱਠੀ ਹੁੰਦੀ ਜਾ ਰਹੀ ਹੈ। ਬਦਕਿਸਮਤੀ ਨਾਲ ਇਹ ਅਮੀਰ ਅਤੇ ਗਰੀਬ ਵਿਚ ਪਾੜਾ ਅੱਜ ਵੀ ਬੜੀ ਤੇਜ਼ੀ ਨਾਲ ਵਧਦਾ ਜਾ ਰਿਹਾ ਹੈ ਅਤੇ ਭਵਿੱਖ ਵਿਚ ਵੀ ਇਸ ਦੇ ਰੁਕਣ ਦੀ ਬਹੁਤ ਘੱਟ ਆਸ ਹੈ। ਇਹ ਅਸਮਾਨਤਾ ਪ੍ਰਚੱਲਿਤ ਲੋਕਰਾਜੀ ਢਾਂਚੇ ਵਿਚ ਹੋਰ ਵੀ ਵੱਧ ਖਤਰਨਾਕ ਹੈ, ਜਿੱਥੇ ਅਮੀਰ ਦਾ ਪੈਸਾ ਚਲਾਕੀ ਨਾਲ ਗਰੀਬ ਦੀ ਵੋਟ ਖਰੀਦਦਾ ਹੈ।

ਜੇ ਭਾਰਤ ਦੇ ਦਲਿਤ ਤੇ ਸ਼ੋਸ਼ਿਤ ਵਰਗ ਆਪਣੀ ਲੁੱਟ-ਖਸੁੱਟ ਦਾ ਖਾਤਮਾ ਕਰਨਾ ਚਾਹੁੰਦੇ ਹਨ ਤਾਂ ਉਹਨਾਂ ਨੂੰ ਆਪਣੀ ਆਰਥਿਕਤਾ ਉਸਾਰਨੀ ਪਵੇਗੀ। ਆਪਣੀ ਆਰਥਿਕਤਾ ਆਪ ਉਸਾਰਨ ਦਾ ਕੰਮ ਬਹੁਤ ਔਖਾ ਹੈ। ਪਰ ਇਸ ਤੱਥ ਨੂੰ ਵੇਖਦਿਆਂ ਕਿ ਇਹ 85 ਫੀਸਦੀ ਦਲਿਤ ਤੇ ਸ਼ੋਸ਼ਿਤ ਭਾਰਤੀ ਇਕ ਬਹੁਤ ਵੱਡੇ ਉਪਭੋਗ-ਕਰਤਾ ਹਨ, ਆਸ ਦੀ ਝਲਕ ਨਜ਼ਰ ਪੈਂਦੀ ਹੈ। ਜੋ ਕੁਝ ਉਹ ਕਮਾਉਂਦੇ ਹਨ ਉਹ ਬਿਨਾਂ ਕੁਝ ਪੂੰਜੀ ਬਚਾਏ ਸਾਰਾ ਹੀ ਖਰਚ ਕਰ ਦਿੰਦੇ ਹਨ। ਸਿਰਫ ਇਸ ਉਪਭੋਗ ਅਤੇ ਬਚਤ ਰਹਿਤ ਪੂੰਜੀ ਦੇ ਆਧਾਰ ਤੇ ਉਹ ਆਪਣੀ ਆਰਥਿਕਤਾ ਦੀ ਉਸਾਰੀ ਕਰ ਸਕਦੇ ਹਨ। ਬਾਮਸੇਫ ਸਹਿਕਾਰਤਾ ਇਹੀ ਕੁਝ ਕਰਨ ਲਈ ਬਣਾਈ ਗਈ ਹੈ।

**(3) ਸਮਾਚਾਰ ਸੇਵਾ ਅਤੇ ਪ੍ਰਕਾਸ਼ਨ :**

ਤਾਕਤ ਦੇ ਹੋਰ ਸਾਧਨਾਂ ਦੀ ਤਰ੍ਹਾਂ ਸਮਾਚਾਰ ਸੇਵਾ ਵੀ ਸਵਰਨ ਹਿੰਦੂ ਖਾਸ ਕਰਕੇ ਬ੍ਰਾਹਮਣ ਤੇ ਬਾਣੀਏ ਦੇ ਹੱਥ ਵਿਚ ਹੈ। ਉਹ ਸਮਾਚਾਰ ਸੇਵਾ ਦੀ ਤਾਕਤ ਨੂੰ ਪੱਛੜੇ ਅਤੇ ਘੱਟ ਗਿਣਤੀ ਵਰਗ ਨੂੰ ਦਬਾਉਣ ਅਤੇ ਪ੍ਰਚੱਲਿਤ ਸਮਾਜਿਕ ਢਾਂਚੇ ਨੂੰ ਕਾਇਮ ਰੱਖਣ ਲਈ ਵਰਤ ਰਹੇ ਹਨ। ਅਸੀਂ ਵੇਖਿਆ ਹੈ ਕਿ ਭੂਤਕਾਲ ਵਿਚ ਦਲਿਤ ਸ਼ੋਸ਼ਿਤ ਭਾਰਤੀਆਂ ਦੀ ਆਜ਼ਾਦੀ ਦੀ ਲਹਿਰ ਦੀਆਂ ਖ਼ਬਰਾਂ ਨੂੰ ਇਸ ਬ੍ਰਾਹਮਣ-ਬਾਣੀਆਂ ਸਮਾਚਾਰ ਸੇਵਾ ਨੇ ਬਿਲਕੁਲ ਲੁਪਤ ਰੱਖਿਆ।

ਸਿਰਫ ਇਹੀ ਨਹੀਂ ਜਦੋਂ ਸਾਡੀ ਜੱਦੋ ਜਹਿਦ ਵਧਦੀ ਹੈ ਤਾਂ ਇਹ ਬ੍ਰਾਹਮਣ ਬਾਣੀਆ ਸਮਾਚਾਰ ਸੇਵਾ ਬਲੈਕ-ਮੇਲ ਵੀ ਕਰ ਸਕਦੀ ਹੈ। ਇਸ ਲਈ ਆਪਣੇ ਵਿਚਾਰ ਦੱਸਣ ਲਈ ਆਪਣੇ ਮਿਸ਼ਨ ਨੂੰ ਵਧਾਉਣ ਲਈ ਬ੍ਰਾਹਮਣ-ਬਾਣੀਆ ਸਮਾਚਾਰ ਸੇਵਾ ਵੱਲੋਂ ਕੀਤੀ ਜਾਣ ਵਾਲੀ ਬਲੈਕਮੇਲ ਅਤੇ ਬਲੈਕਆਊਟ ਵਿਰੁੱਧ ਸੰਘਰਸ਼ ਕਰਕੇ ਇਸਨੂੰ ਖਤਮ ਕਰਨ ਲਈ ਇਹ ਬਹੁਤ ਹੀ ਜ਼ਰੂਰੀ ਹੈ ਕਿ ਦਲਿਤ ਅਤੇ ਸ਼ੋਸ਼ਿਤ ਭਾਰਤੀ ਆਪਣੀ ਸਮਾਚਾਰ ਸੇਵਾ ਦੀ ਤਾਕਤ ਆਪ ਪੈਦਾ ਕਰਨ। ਸਮਾਚਾਰ ਸੇਵਾ ਅਤੇ ਪ੍ਰਕਾਸ਼ਨ ਵਿਭਾਗ ਇਹੀ ਕੁਝ ਕਰਨ ਲਈ ਤਿਆਰ ਕੀਤਾ ਗਿਆ ਹੈ। ਪਿਛਲੇ ਇਕ ਸਾਲ ਵਿਚ ਇਸਨੇ ਕੁਝ ਉਨਤੀ ਕੀਤੀ ਹੈ ਅਤੇ ਆਉਣ ਵਾਲੇ 10 ਸਾਲਾਂ ਵਿਚ ਇਹ ਪੂਰਨ ਰੂਪ ਵਿਚ ਵਿਕਸਿਤ ਹੋ ਜਾਵੇਗਾ।

**(4) ਸੰਸਦੀ ਸੰਪਰਕ ਭਾਗ :**

ਜਦੋਂ ਅਸੀਂ ਅੱਜ ਦੇ ਸੰਸਦੀ ਢਾਂਚੇ ਵਿਚ ਵਿਸ਼ਵਾਸ ਰੱਖਣ ਦਾ ਫੈਸਲਾ ਕਰ ਹੀ ਲਿਆ ਹੈ ਤਾਂ ਇਹ ਜ਼ਰੂਰੀ ਹੈ ਕਿ ਪਾਰਲੀਮੈਂਟ ਅਤੇ ਰਾਜਕੀ ਲੈਜਿਸਲੇਟਰ ਵਿਚ ਸਾਡੇ ਆਪਣੇ ਸੰਸਦੀ ਮੈਂਬਰ ਅਤੇ ਰਾਜਾਂ ਦੀ ਲੈਜਿਸਲੇਟਰ ਅਸੈਂਬਲੀਆਂ ਦੇ ਮੈਂਬਰ ਹੋਣ। ਕਿਉਂਕਿ ਇਹ ਹਾਲੇ ਕੁਝ ਔਖਾ ਜਾਪਦਾ ਹੈ, ਇਸ ਲਈ ਦਲਿਤ ਸ਼ੋਸ਼ਿਤ ਭਾਰਤੀਆਂ ਨੂੰ ਵਰਤਮਾਨ ਸੰਸਦੀ ਮੈਂਬਰਾਂ ਅਤੇ ਰਾਜਾਂ ਦੀ ਲੈਜਿਸਲੇਟਿਵ ਅਸੈਂਬਲੀਆਂ ਦੇ ਮੈਂਬਰਾਂ ਦੇ ਗਰੁੱਪ ਨਾਲ ਹੀ ਸਬੰਧ ਰੱਖਣੇ ਚਾਹੀਦੇ ਹਨ। ਇਹ ਇਕ ਠੋਸ ਸਚਾਈ ਹੈ ਕਿ ਲੈਜਿਸਲੇਟਰਾਂ ਨੂੰ ਆਪਣੀ ਪਾਰਟੀ ਦੇ ਜ਼ਾਬਤੇ ਦੇ ਘੇਰੇ ਵਿਚ ਰਹਿਣਾ ਪੈਂਦਾ ਹੈ।

ਇਸ ਲਈ ਜੋ ਮਿਲਵਰਤਣ ਵੀ ਉਹਨਾਂ ਤੋਂ ਲੈਣੀ ਹੈ, ਉਹ ਇਸਦੀਆਂ ਹੱਦਾਂ ਦੇ ਅੰਦਰ ਹੀ ਹੋਣੀ ਚਾਹੀਦੀ ਹੈ। ਜਿਵੇਂ ਪੜ੍ਹੇ-ਲਿਖੇ ਮੁਲਾਜ਼ਮਾਂ ਤੋਂ ਸਿਵਲ ਸੇਵਾ ਪ੍ਰਸ਼ਾਸਨ ਨਿਯਮਾਂ ਦੇ ਘੇਰੇ ਵਿਚ ਰਹਿੰਦਿਆਂ ਕੁਝ ਕੰਮ ਲਿਆ ਜਾ ਸਕਦਾ ਹੈ, ਬਿਲਕੁਲ ਉਸੇ ਤਰ੍ਹਾਂ ਹੀ ਲੈਜਿਸਲੇਟਰ ਅਤੇ ਸੰਸਦੀ ਮੈਂਬਰ ਵੀ ਆਪਣੀ ਪਾਰਟੀ ਜ਼ਾਬਤੇ ਦੇ ਘੇਰੇ ਵਿਚ ਰਹਿੰਦਿਆਂ ਆਪਣੇ ਦਲਿਤ ਅਤੇ ਸ਼ੋਸ਼ਿਤ ਭਰਾਵਾਂ ਲਈ ਕੁਝ ਚੰਗਾ ਕੰਮ ਕਰ ਸਕਦੇ ਹਨ। ਸੰਸਦੀ ਸੰਪਰਕ ਭਾਗ ਤੋਂ ਇਸ ਢੰਗ ਨਾਲ ਕੰਮ ਕਰਨ ਦੀ ਆਸ ਕੀਤੀ ਜਾਂਦੀ ਹੈ।

**(5) ਕਾਨੂੰਨੀ ਸਹਾਇਤਾ ਤੇ ਸਲਾਹ :**

ਸਮਾਜ ਦੇ ਕਮਜ਼ੋਰ ਵਰਗ ਨੂੰ ਚੰਗੇ ਨਿਯਮਾਂ, ਉਪਨਿਯਮਾਂ ਅਤੇ ਕਾਨੂੰਨਾਂ ਦੀ ਕੋਈ ਕਮੀ ਨਹੀਂ। ਸਾਡਾ ਸੰਵਿਧਾਨ ਵੀ ਅਜਿਹੀਆਂ ਚੰਗੀਆਂ ਅਤੇ ਮਦਦਗਾਰ ਧਾਰਾਵਾਂ ਨਾਲ ਭਰਿਆ ਪਿਆ ਹੈ। ਸੰਵਿਧਾਨ ਲਾਗੂ ਹੋਣ ਤੋਂ ਬਾਅਦ ਵੀ ਕਈ ਚੰਗੇ ਐਕਟ ਅਤੇ ਕਾਨੂੰਨ ਪਾਸ ਹੋਏ ਹਨ। ਪ੍ਰੰਤੂ ਬਦਕਿਸਮਤੀ ਨਾਲ ਉਹ ਸਾਰੇ ਕਾਗਜ਼ਾਂ ਵਿਚ ਹੀ ਰਹਿ ਗਏ ਹਨ। ਨਿਯਮ, ਉਪਨਿਯਮ, ਕਾਨੂੰਨ ਅਤੇ ਸੰਵਿਧਾਨਕ ਧਾਰਾਵਾਂ ਦੇ ਹੁੰਦਿਆਂ ਹੋਇਆਂ ਵੀ ਕਮਜ਼ੋਰ ਵਰਗ ਔਕੜਾਂ ਸਹਿ ਰਹੇ ਹਨ। ਇਹਨਾਂ ਚੰਗੇ ਨਿਯਮਾਂ, ਉਪਨਿਯਮਾਂ ਨੂੰ ਲਾਗੂ ਕਰਾਉਣ ਅਤੇ ਚੰਗੇ ਕਾਨੂੰਨਾਂ ਅਤੇ ਸੰਵਿਧਾਨਕ ਧਾਰਾਵਾਂ ਨੂੰ ਜ਼ੋਰ ਨਾਲ ਲਾਗੂ ਕਰਵਾਉਣ ਲਈ ਸਮਾਜ ਦੇ ਕਮਜ਼ੋਰ ਵਰਗ ਨੂੰ ਕਾਨੂੰਨੀ ਮਦਦ ਦੀ ਬਹੁਤ ਲੋੜ ਹੈ। ਕਾਨੂੰਨੀ ਸਹਾਇਤਾ ਅਤੇ ਸਲਾਹ ਭਾਗ ਤੋਂ ਇਹ ਕੁਝ ਕੀਤੇ ਜਾਣ ਦੀ ਆਸ ਕੀਤੀ ਜਾਂਦੀ ਹੈ।

(6) ਵਿਦਿਆਰਥੀ
(7) ਨੌਜਵਾਨ
(8) ਇਸਤਰੀਆਂ

ਸੂਚੀ ਦੀ ਲੜੀ ਨੰ; 6, 7 ਅਤੇ 8 ਵਿਚ ਦਿੱਤੇ ਗਏ ਵਿਦਿਆਰਥੀ, ਨੌਜਵਾਨ ਅਤੇ ਮਹਿਲਾ ਭਾਗ ਨੂੰ ਥਾਂ ਦੀ ਥੁੜ ਕਰਕੇ ਇਕੱਠਿਆਂ ਹੀ ਅਧਿਐਨ ਕੀਤਾ ਜਾ ਰਿਹਾ ਹੈ। ਵਿਦਿਆਰਥੀ, ਨੌਜਵਾਨ ਅਤੇ ਮਹਿਲਾ ਪੜ੍ਹੇ ਲਿਖੇ ਮੁਲਾਜ਼ਮਾਂ ਦੇ ਪਰਿਵਾਰਾਂ ਵਿਚ ਆਮ ਮਿਲ ਜਾਂਦੇ ਹਨ। ਪੜ੍ਹੇ ਲਿਖੇ ਮੁਲਾਜ਼ਮ ਸਿਵਲ ਸੇਵਾ ਪ੍ਰਸ਼ਾਸਨ ਨਿਯਮਾਂ ਵਿਚ ਬੱਧੇ ਹੋਏ ਹਨ ਪਰ ਉਹਨਾਂ ਦੇ ਪਰਿਵਾਰ ਬੱਧੇ ਹੋਏ ਨਹੀਂ ਹਨ। ਇਸ ਲਈ ਪੜ੍ਹੇ ਲਿਖੇ ਮੁਲਾਜ਼ਮਾਂ ਦੀ ਜਥੇਬੰਦੀ ਬਾਮਸੇਫ ਜੇ ਸਮਾਜ ਨੂੰ ਉਤਸ਼ਾਹ ਦੇਣਾ ਚਾਹੁੰਦੀ ਹੈ ਤਾਂ ਇਸਨੂੰ ਸਭ ਤੋਂ ਵੱਧ ਪੜ੍ਹੇ-ਲਿਖੇ ਮੁਲਾਜ਼ਮਾਂ ਦੇ ਪਰਿਵਾਰਾਂ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ। ਪੜ੍ਹੇ ਲਿਖੇ ਮੁਲਾਜ਼ਮਾਂ ਦੇ ਪਰਿਵਾਰਾਂ ਨਾਲ ਸਬੰਧਤ ਵਿਦਿਆਰਥੀ, ਨੌਜਵਾਨ ਅਤੇ ਔਰਤਾਂ ਸਿਵਲ ਸੇਵਾ ਪ੍ਰਸ਼ਾਸਨ ਨਿਯਮਾਂ ਦੇ ਘੇਰੇ ਤੋਂ ਬਾਹਰ ਹਨ, ਇਸ ਲਈ ਉਹ ਕੋਈ ਵੀ ਸਮਾਜਿਕ ਜੱਦੋ ਜਹਿਦ ਅਤੇ ਸੰਘਰਸ਼ ਕਰਨ ਲਈ ਆਜ਼ਾਦ ਹਨ। ਇਹਨਾਂ ਤਿੰਨਾਂ ਅੰਗਾਂ ਤੋਂ ਅਜਿਹਾ ਕੀਤੇ ਜਾਣ ਦੀ ਆਸ ਕੀਤੀ ਜਾਂਦੀ ਹੈ।

**(9) ਸਨਅਤੀ ਕਾਮੇ**

**(10) ਖੇਤ ਮਜ਼ਦੂਰ**

ਇਹ ਦੋਵੇਂ ਸਨਅਤੀ ਕਾਮੇ ਅਤੇ ਖੇਤੀ ਮਜ਼ਦੂਰ ਅੰਗ ਸਿਵਲ ਸੇਵਾ ਪ੍ਰਸ਼ਾਸਨ ਨਿਯਮਾਂ ਦੇ ਘੇਰੇ ਤੋਂ ਬਿਲਕੁਲ ਬਾਹਰ ਹਨ। ਸਨਅਤੀ ਕਾਮੇ ਅਤੇ ਖੇਤੀ ਮਜ਼ਦੂਰਾਂ ਦੇ ਇਸ ਬਹੁਗਿਣਤੀ ਵਾਲੇ ਵਰਗ ਨੂੰ ਜੇ ਬਾਮਸੇਫ ਦੀਆਂ ਗਤੀਵਿਧੀਆਂ ਨਾਲ ਉਤਸ਼ਾਹਿਤ ਕੀਤਾ ਜਾਵੇ ਤਾਂ ਉਹ ਸਮਾਜਿਕ ਸੰਘਰਸ਼ ਅਤੇ ਜੱਦੋ ਜਹਿਦ ਲਈ ਬਹੁਤ ਲਾਭਦਾਇਕ ਸਿੱਧ ਹੋ ਸਕਦੇ ਹਨ। ਇਹ ਆਸ ਕੀਤੀ ਜਾਂਦੀ ਹੈ ਕਿ ਭਵਿੱਖ ਵਿਚ ਬਾਮਸੇਫ ਦੀ ਪ੍ਰੇਰਨਾ ਨਾਲ ਸਮਾਜਿਕ ਜੱਦੋ-ਜਹਿਦ ਲਈ ਇਹ ਦੋਵੇਂ ਅੰਗ ਸੰਗਠਿਤ ਕੀਤੇ ਜਾਣਗੇ।

### (IX) ਅਪਮਾਨ ਅਤੇ ਹਾਨੀ ਲਈ ਹਰ ਵੇਲੇ ਤਿਆਰ ਰਹੋ:

ਭੂਤਕਾਲ ਦਾ ਤਜਰਬਾ ਇਹ ਦੱਸਦਾ ਹੈ ਕਿ ਜੋ ਆਪਣੇ ਦਲਿਤ ਅਤੇ ਸ਼ੋਸ਼ਿਤ ਸਮਾਜ ਲਈ ਕੁਝ ਚੰਗਾ ਕਰਨਾ ਚਾਹੁੰਦੇ ਹਨ, ਉਹਨਾਂ ਨੂੰ ਕਈ ਤਰ੍ਹਾਂ ਨਾਲ ਅਪਮਾਨ ਅਤੇ ਸੱਟਾਂ ਸਹਿਣੀਆਂ ਪਈਆਂ। ਜੋ ਅਪਮਾਨ ਅਤੇ ਹਾਨੀ ਮਹਾਤਮਾ ਜਯੋਤੀਬਾ ਫੂਲੇ ਅਤੇ ਬਾਬਾ ਸਾਹਿਬ ਡਾ. ਬੀ. ਆਰ. ਅੰਬੇਡਕਰ ਨੂੰ ਸਹਿਣੀ ਪਈ, ਉਹ ਅਸੀਂ ਸਾਰੇ ਜਾਣਦੇ ਹਾਂ। ਇਸ ਤੋਂ ਇਹ ਸਬਕ ਸਿੱਖਣਾ ਚਾਹੀਦਾ ਹੈ ਕਿ ਜਦੋਂ ਮਹਾਤਮਾ ਫੂਲੇ ਅਤੇ ਬਾਬਾ ਸਾਹਿਬ ਡਾ. ਬੀ. ਆਰ. ਅੰਬੇਡਕਰ ਵਰਗੀਆਂ ਮਹਾਨ ਹਸਤੀਆਂ ਨੂੰ ਇੰਨਾ ਅਪਮਾਨ ਅਤੇ ਹਾਨੀ ਸਹਿਣ ਕਰਨੀ ਪਈ ਤਾਂ ਇਸ ਦਾ ਭਲੀ-ਭਾਂਤ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਉਨ੍ਹਾਂ ਤੋਂ ਹੇਠਾਂ ਵਾਲੇ ਲੋਕਾਂ ਨਾਲ ਕੀ ਵਤੀਰਾ ਹੋਵੇਗਾ। ਇਸ ਦਿਸ਼ਾ ਵਿਚ ਪਿਛਲੇ ਕੁਝ ਸਮੇਂ ਤੋਂ ਸਾਡਾ ਤਜਰਬਾ ਵੀ ਇਹੋ ਕੁਝ ਦਰਸਾਉਂਦਾ ਹੈ।

ਸਾਰੰਸ਼ ਇਹ ਹੈ ਕਿ ਇਸੇ ਕਾਰਨ ਕਰਕੇ ਹੀ ਅਸੀਂ ਬਾਬਾ ਸਾਹਿਬ ਡਾਕਟਰ ਬੀ. ਆਰ. ਅੰਬੇਡਕਰ ਦੇ ਸਮਾਜਿਕ ਕਾਰਜ-ਕਰਤਾਵਾਂ ਲਈ ਦਿੱਤੇ ਉਪਦੇਸ਼ ਅਨੁਸਾਰ ਚੱਲਣਾ ਚਾਹੁੰਦੇ ਹਾਂ। ਇਹ ਉਪਦੇਸ਼ ਹਮੇਸ਼ਾ ਬਾਮਸੇਫ ਦੇ ਕਲੰਡਰਾਂ ਤੇ ਲਿਖਿਆ ਹੁੰਦਾ ਹੈ ਅਤੇ ਉਹਨਾਂ ਕਾਰਜ-ਕਰਤਾਵਾਂ ਦੇ ਉਪਯੋਗ ਲਈ ਇੱਥੇ ਦੁਬਾਰਾ ਫਿਰ ਦਿੱਤਾ ਜਾਂਦਾ ਹੈ, ਜਿਹਨਾਂ ਨੂੰ ਅਪਮਾਨ ਅਤੇ ਹਾਨੀ ਸਹਿਣ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ।

"ਤੁਹਾਨੂੰ ਆਪਣੀ ਮੰਜ਼ਿਲ ਦੀ ਪਵਿੱਤਰਤਾ ਵਿਚ ਅਟੁੱਟ ਵਿਸ਼ਵਾਸ ਹੋਣਾ ਚਾਹੀਦਾ ਹੈ। ਤੁਹਾਡਾ ਮੰਤਵ ਉੱਤਮ ਅਤੇ ਤੁਹਾਡਾ ਮਿਸ਼ਨ ਗੌਰਵਮਈ ਤੇ ਸ਼ਾਨਦਾਰ ਹੈ। ਉਹ ਧੰਨ ਹਨ ਜੋ ਉਹਨਾਂ ਲੋਕਾਂ ਲਈ ਆਪਣੇ ਕਰਤੱਵ ਪ੍ਰਤੀ ਸੁਚੇਤ ਹਨ ਜਿਹਨਾਂ ਵਿਚ ਉਹਨਾਂ ਨੇ ਜਨਮ ਲਿਆ। ਉਹ ਮਹਾਨ ਹਨ ਜੋ ਗੁਲਾਮੀ ਦੇ ਖ਼ਾਤਮੇ ਲਈ ਆਪਣਾ ਸਮਾਂ, ਹੁਨਰ ਅਤੇ ਸਭ ਕੁਝ ਸਮਰਪਣ ਕਰਦੇ ਹਨ। ਉਹ ਲੋਕ ਵੀ ਧੰਨ ਹਨ, ਜਿਹੜੇ ਕਿ ਦੱਬੇ-ਕੁਚਲੇ ਲੋਕਾਂ ਨੂੰ ਮਨੁੱਖੀ ਅਧਿਕਾਰ ਦਿਵਾਉਣ ਤੇ ਭਾਰੀਆਂ ਔਕੜਾਂ, ਅਪਮਾਨ ਝੱਖੜ ਅਤੇ ਖ਼ਤਰਿਆਂ ਦੇ ਬਾਵਜੂਦ ਵੀ ਗੁਲਾਮੀ ਦੇ ਖ਼ਾਤਮੇ ਲਈ ਜੱਦੋ-ਜਹਿਦ ਜਾਰੀ ਰੱਖਦੇ ਹਨ।"

ਅਤੇ ਅਖੀਰ ਵਿਚ ਦਲਿਤ ਅਤੇ ਸ਼ੋਸ਼ਿਤ ਭਾਰਤੀਆਂ ਦੇ ਦੁਸ਼ਮਣ ਵੱਲੋਂ ਸੰਗਠਨ ਨੂੰ ਪਹੁੰਚਾਏ ਜਾ ਸਕਣ ਵਾਲੇ ਨੁਕਸਾਨ ਅਤੇ ਤਬਾਹੀ ਪ੍ਰਤੀ ਚਿਤਾਵਨੀ ਦਿੱਤੀ ਜਾ ਰਹੀ ਹੈ। ਇਹ ਨੁਕਸਾਨ ਜਾਂ ਤਬਾਹੀ ਘੁਸਪੈਠ ਰਾਹੀਂ ਜਾਂ ਕਾਰਜ-ਕਰਤਾਵਾਂ ਨੂੰ ਖਰੀਦ ਲੈਣ ਨਾਲ ਕੀਤੀ ਜਾ ਸਕਦੀ ਹੈ। ਇਸ ਦਾ ਮੈਨੂੰ ਡਰ ਹੈ ਕਿ ਬਾਮਸੇਫ ਲਈ ਹਾਲਤ ਬੜੀ ਤੇਜ਼ੀ ਨਾਲ ਨਾਜ਼ੁਕਤਾ ਵੱਲ ਵੱਧ ਰਹੇ ਹਨ।

ਇਸ ਲਈ ਮੇਰੀ ਸਾਰੇ ਮੈਂਬਰਾਂ, ਕਾਰਜ-ਕਰਤਾਵਾਂ, ਹਿਤੈਸ਼ੀਆਂ ਅਤੇ ਬਾਮਸੇਫ ਦੇ ਨਿਰਮਾਤਾਵਾਂ, ਜਿਹਨਾਂ ਨੇ ਇੰਨੇ ਲੰਮੇ ਸਮੇਂ ਤੱਕ ਬਾਮਸੇਫ ਦੇ ਨਿਰਮਾਣ ਲਈ ਦੁਖ ਝੱਲੇ, ਨੂੰ ਇਹ ਚਿਤਾਵਨੀ ਹੈ ਕਿ ਉਹ ਇਸ ਦੀ ਰੱਖਿਆ ਅਤੇ ਲੰਮੀ ਉਮਰ ਲਈ ਜਰੂਰ ਪ੍ਰਬੰਧ ਕਰਨ।

Read more: www.ambedkartimes.com

# HAPPY BAZAAR

HAPPY BAZAAR

INDIAN, PAKISTANI & FIJJIAN GROCERIES

WE ARE OPEN
7 DAYS A WEEK
9:00am to 8:30pm

RENT DVDS & BUY CLOTHES
ENJOY YOUR DAY WITH HOPES

CALL US
Ph: (209) 478-0285
Fax: (209) 477-3206

We sell Air Tickets ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES

1304 E Hammer Lane # 7 Stockton CA 95212
EMAIL: indiabazaar08@yahoo.com




# Kash FABRICS

ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ


ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।



ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।

KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138





# Raja

SWEETS & CATERING

AUTHORIZED CATERER FOR
MAJOR 5-STAR HOTELS



ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on: facebook. rajasweetsandcatering
Follow us on Twitter rajasweets



# INDIA MARKET

SWEETS & SPICES

CHAAT PAPDI, SAMOSA, CHAAT, PANI PURI
DAHI VADA, BHEL PURI CHAAT

ਤੁਹਾਡਾ ਆਪਣਾ ਮਨਭਾਉਂਦਾ ਸਟੋਰ

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ

WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..



ਕਸ਼ਮੀਰ ਸਿੰਘ ਹੀਰਾ


ਬਰਿੰਦਰ ਬੈਂਗੜ

Super Eyebrow Threading Now Open

Eyebrow Threading & Henna Tattoo

7 times, Get 8th one free!



Inside India Market

SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME

ROSEVILLE
1265 PLEASANT GROVE BLVD.
# 100 ROSEVILLE, CA 95747
916- 786-7666

Cell : 916-798-8142

Email: IndiaMarketRoseville@gmail.com



# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

## K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

## CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ
ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

**NEW & USED TIRES**
**WASH, LUBE, BRAKES**

Call:
650-642-0697

**3525 Highway 99, West Corning, CA 96021**
Across the Street from TA Truck Stop